# ਸਮਾਜਿਕ ਵਿਗਿਆਨ

## (ਸੱਤਵੀਂ ਸ਼੍ਰੇਣੀ)

C3G6A2


### ਭੂਗੋਲ ਭਾਗ

ਲੇਖਕ

ਸੁਰਜੀਤ ਕੌਰ ਗਿੱਲ/ਸੰਧੂ

ਵਿਸ਼ਾ ਕੋਆਰਡੀਨੇਟਰ ਤੇ ਸੰਪਾਦਕ

ਰਾਮਿੰਦਰ ਜੀਤ ਸਿੰਘ ਵਾਸੂ,
ਵਿਸ਼ਾ ਮਾਹਿਰ

ਸੋਧਕ

ਅਰੁਣਾ ਡੋਗਰਾ ਸ਼ਰਮਾ

### ਇਤਿਹਾਸ ਭਾਗ

ਲੇਖਕ

ਦਲਜੀਤ ਕੌਰ ਕਾਰਖਲ
ਸੀਨੀ. ਪ੍ਰੋਜੈਕਟ ਅਫ਼ਸਰ (ਰਿਟਾ:), ਪੰ.ਸ.ਸਿੱ ਬੋਰਡ

ਵਿਸ਼ਾ ਕੋਆਰਡੀਨੇਟਰ

ਸੀਮਾ ਚਾਵਲਾ
ਵਿਸ਼ਾ ਮਾਹਿਰ (ਇਤਿਹਾਸ)

ਪਰੂਫ਼ ਰੀਡਿੰਗ

ਬਲਜਿੰਦਰ ਸਿੰਘ
ਐੱਸ.ਐੱਸ. ਮਾਸਟਰ
ਸ.ਸ.ਸ.ਸ. ਕੋਟਬੁੱਢਾ, ਤਰਨਤਾਰਨ

### ਨਾਗਰਿਕ ਸ਼ਾਸਤਰ ਭਾਗ

ਲੇਖਕ

ਕੰਵਲਜੀਤ ਕੌਰ ਸੇਖੋਂ/ਹੁੰਦਲ
ਵਿਸ਼ਾ ਮਾਹਿਰ (ਰਿਟਾ:), ਪੰ.ਸ.ਸਿੱ ਬੋਰਡ

ਚਿੱਤਰਕਾਰ

ਗੁਰਮੇਲ ਸਿੰਘ


ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ


ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2022........................ 2,22,300 ਕਾਪੀਆਂ

All rights, including those of translation, reproduction
and annotation etc., are reserved by the
Punjab Government

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ-ਸਾਜੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਨੋਵਾ ਪਬਲੀਕੇਸ਼ਨਜ਼, ਸੀ- 51, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਨਵੀਂ ਸਿੱਖਿਆ ਨੀਤੀ ਅਧੀਨ ਨਵੇਂ ਪਾਠਕ੍ਰਮ ਅਤੇ ਉਸ ਤੇ ਆਧਾਰਿਤ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। ਸਮਾਜਿਕ ਵਿਗਿਆਨ ਦੀ ਇਹ ਪੁਸਤਕ ਭਾਰਤ ਸਰਕਾਰ ਦੇ ਮਨੁੱਖੀ ਸਾਧਨ ਵਿਕਾਸ ਦੀਆਂ ਸਿਫ਼ਾਰਸ਼ਾਂ ਤੇ ਆਧਾਰਿਤ, 2005 ਵਿੱਚ ਸੋਧੇ ਗਏ ਰਾਸ਼ਟਰੀ ਪਾਠਕ੍ਰਮ ਦੇ ਅਨੁਸਾਰ ਤਿਆਰ ਕੀਤੀ ਗਈ ਹੈ, ਤਾਂ ਜੋ ਪੰਜਾਬ ਦੇ ਵਿਦਿਆਰਥੀ ਰਾਸ਼ਟਰੀ ਪਾਠਕ੍ਰਮ ਤੋਂ ਵਾਂਝੇ ਨਾ ਰਹਿ ਜਾਣ। ਇਸ ਪੁਸਤਕ ਦੀ ਵਿਸ਼ਾ ਵਸਤੂ PCF-2013 ਦੀਆਂ ਸੇਧਾਂ ਦੀ ਲੋਅ ਵਿੱਚ ਵਿਚਾਰਕੇ ਇਸ ਨੂੰ ਸੰਖੇਪ, ਵਧੇਰੇ ਅਰਥ-ਭਰਪੂਰ, ਵਿਦਿਆਰਥੀ ਕੇਂਦਰਿਤ ਅਤੇ ਸੂਬਾਈ ਲੋੜਾਂ ਦੇ ਅਨੁਸਾਰ ਬਣਾਇਆ ਗਿਆ ਹੈ। ਇਸ ਵਿੱਚ ਸਾਡਾ ਵਾਤਾਵਰਨ, ਸਾਡਾ ਅਤੀਤ, ਸਮਾਜਿਕ ਅਤੇ ਰਾਜਨੀਤੀ ਜੀਵਨ (ਲੋਕਤੰਤਰ ਅਤੇ ਸਮਾਨਤਾ) ਵਿਸ਼ਿਆਂ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਬੱਚਿਆਂ ਦੇ ਮਾਨਸਿਕ ਪੱਧਰ ਅਨੁਸਾਰ ਢਾਲ ਕੇ ਪੁਸਤਕ ਦਾ ਹਿੱਸਾ ਬਣਾਇਆ ਗਿਆ ਹੈ।

ਹਥਲੀ ਪੁਸਤਕ ਸੱਤਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਹੈ। ਭਾਰਤ ਅਤੇ ਵਿਸ਼ਵ ਇਸ ਪੁਸਤਕ ਦਾ ਮੁੱਖ ਕੇਂਦਰ ਹੈ। ਇਸ ਉਦੇਸ਼ ਅਧੀਨ ਇਸ ਨੂੰ ਤਿੰਨ ਭਾਗਾਂ (1) ਸਾਡਾ ਵਾਤਾਵਰਨ, (2) ਸਾਡਾ ਅਤੀਤ-II ਅਤੇ (3) ਲੋਕਤੰਤਰ ਅਤੇ ਸਮਾਨਤਾ ਵਿੱਚ ਵੰਡਿਆ ਗਿਆ ਹੈ। ਭਾਗ-1 ਜੋ ਵਾਤਾਵਰਨ ਨਾਲ ਸੰਬੰਧਤ ਹੈ, ਵਿੱਚ ਕੁਦਰਤੀ ਅਤੇ ਮਨੁੱਖੀ ਵਾਤਾਵਰਨ ਦੋਹਾਂ ਦਾ ਅਧਿਐਨ ਕਰਦੇ ਹੋਏ ਇਹਨਾਂ ਦੇ ਆਪਸੀ ਪ੍ਰਭਾਵ ਦਾ ਪੱਖ ਵੀ ਪ੍ਰਤੱਖ ਰੂਪ ਵਿੱਚ ਦਰਸਾਇਆ ਗਿਆ ਹੈ। ਜਿਸ ਦੇ ਸਿੱਟੇ ਵਜੋਂ ਕੁਝ ਕੁ ਸਥਾਨਾਂ ਦਾ ਬਿਰਤਾਂਤ ਸ਼ਾਮਿਲ ਹੈ। ਭਾਗ-2 ਵਿੱਚ ਮਨੁੱਖੀ ਜੀਵਨ ਦੇ ਅਤੀਤ ਬਾਰੇ ਗਿਆਨ ਅਤੇ ਉਸ ਦਾ ਮਹੱਤਵ ਸਮਝਣ ਅਤੇ ਭਾਗ-3 ਵਿੱਚ ਆਧੁਨਿਕ ਲੋਕਤੰਤਰੀ ਰਾਜ ਦੀਆਂ ਸੰਸਥਾਵਾਂ ਵਿੱਚ ਸਮਾਨਤਾ ਦੇ ਮਹੱਤਵ ਅਤੇ ਆਰਥਿਕ ਵਿਕਾਸ ਦੇ ਤੱਥਾਂ ਨੂੰ ਸਮਝਣ ਬਾਰੇ, ਗਿਆਨ ਸ਼ਾਮਿਲ ਹੈ।

ਇਹ ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਵਿੱਚ ਕੰਮ ਕਰ ਰਹੇ ਵਿਸ਼ਾ ਮਾਹਿਰਾਂ/ਪ੍ਰੋਜੈਕਟ ਅਫ਼ਸਰਾਂ ਅਤੇ ਖੇਤਰ ਦੇ ਮਾਹਿਰਾਂ ਦੁਆਰਾ ਲਿਖੀ ਗਈ ਹੈ। ਪਾਠ ਪੁਸਤਕ ਨੂੰ ਰੋਚਕ ਬਣਾਉਣ ਲਈ ਇਸ ਵਿੱਚ ਦਿੱਤੇ ਨਕਸ਼ੇ, ਚਿੱਤਰ ਅਤੇ ਡਿਜ਼ਾਇਨ ਬੋਰਡ ਦੇ ਆਰਟਿਸਟਾਂ ਦੁਆਰਾ ਤਿਆਰ ਕੀਤੇ ਗਏ ਹਨ। ਪੁਸਤਕ ਦੇ ਉਦੇਸ਼ਾਂ ਦੀ ਪੂਰਤੀ ਲਈ ਹਰ ਸੰਭਵ ਯਤਨ ਕੀਤਾ ਗਿਆ ਹੈ। ਖੇਤਰ ਵਿੱਚੋਂ ਆਏ ਯੋਗ ਸੁਝਾਅ ਧੰਨਵਾਦ ਸਹਿਤ ਪ੍ਰਵਾਨ ਕੀਤੇ ਜਾਣਗੇ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਵਿਸ਼ਾ ਸੂਚੀ


| ਲੜੀ ਨੰ. | ਪਾਠ | ਪੰਨਾ ਨੰ: |
|---|---|---|
| | **ਭਾਗ (ਯੂਨਿਟ)-I ਸਾਡਾ ਵਾਤਾਵਰਨ** | |
| 1. | ਵਾਤਾਵਰਨ | 3–8 |
| 2. | ਧਰਤੀ ਦਾ ਅੰਦਰੂਨੀ ਅਤੇ ਬਾਹਰਲਾ ਰੂਪ | 9–23 |
| 3. | ਵਾਯੂਮੰਡਲ ਅਤੇ ਤਾਪਮਾਨ | 24–33 |
| 4. | ਮਹਾਂਸਾਗਰ | 34–50 |
| 5. | ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵ | 51–61 |
| 6. | ਮਨੁੱਖੀ ਵਾਤਾਵਰਨ-ਬਸਤੀਆਂ, ਆਵਾਜਾਈ ਅਤੇ ਸੰਚਾਰ | 62–69 |
| | **ਭਾਗ (ਯੂਨਿਟ)-II ਸਾਡੇ ਅਤੀਤ-2** | |
| 7. | ਭਾਰਤ ਅਤੇ ਸੰਸਾਰ (ਕਦੋਂ, ਕਿੱਥੇ ਅਤੇ ਕਿਵੇਂ) | 72–80 |
| 8. | ਨਵੇਂ ਰਾਜ ਅਤੇ ਰਾਜੇ | 81–90 |
| 9. | ਦੱਖਣੀ ਭਾਰਤ ਵਿੱਚ ਰਾਜਨੀਤਿਕ ਪ੍ਰਗਤੀਆਂ (700-1200 ਈ:) | 91–99 |
| 10. | ਦਿੱਲੀ ਸਲਤਨਤ | 100–116 |
| 11. | ਮੁਗ਼ਲ ਸਾਮਰਾਜ | 117–133 |
| 12. | ਸਮਾਰਕ ਨਿਰਮਾਣ ਕਲਾ | 134–146 |
| 13. | ਨਗਰ, ਵਪਾਰੀ ਅਤੇ ਕਾਰੀਗਰ | 147–152 |
| 14. | ਕਬੀਲੇ, ਖਾਨਾਬਦੋਸ਼ ਅਤੇ ਸਥਿਰ ਭਾਈਚਾਰੇ | 153–158 |
| 15. | ਧਾਰਮਿਕ ਵਿਕਾਸ | 159–174 |
| 16. | ਖੇਤਰੀ ਸਭਿਆਚਾਰ ਦਾ ਵਿਕਾਸ | 175–183 |
| 17. | 18ਵੀਂ ਸਦੀ ਵਿੱਚ ਭਾਰਤ | 184–195 |

## ਭਾਗ (ਯੂਨਿਟ)-III ਲੋਕਤੰਤਰ ਅਤੇ ਸਮਾਨਤਾ


| | | |
|---|---|---|
| 18. | ਲੋਕਤੰਤਰ ਅਤੇ ਸਮਾਨਤਾ | 198–206 |
| 19. | ਲੋਕਤੰਤਰ-ਸੰਸਥਾਤਮਕ ਪ੍ਰਤਿਨਿਧਤਾ | 207–216 |
| 20. | ਰਾਜ ਸਰਕਾਰ | 217–231 |
| 21. | ਜਨਤਕ ਸੰਚਾਰ (Media) ਅਤੇ ਲੋਕਤੰਤਰ | 232–241 |

ਯੂਨਿਟ-I ਭੂਗੋਲ

# ਸਾਡਾ ਵਾਤਾਵਰਨ



# ਸਾਡਾ ਵਾਤਾਵਰਨ

ਪੁਸਤਕ ਦੇ ਇਸ ਭਾਗ ਵਿੱਚ ਵਾਤਾਵਰਨ ਦਾ ਸਮੁੱਚੇ ਰੂਪ ਵਿੱਚ ਅਧਿਐਨ ਦੇ ਨਾਲ-ਨਾਲ ਕੁਦਰਤੀ ਅਤੇ ਮਨੁੱਖੀ ਵਾਤਾਵਰਨ ਦੀ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਜਾਣਕਾਰੀ ਦਿਤੀ ਗਈ ਹੈ। ਜਿਸ ਵਿਚ ਵਾਤਾਵਰਨ ਦੇ ਪ੍ਰਮੁੱਖ ਚਾਰ ਪਰਿਮੰਡਲਾਂ; ਥਲ-ਮੰਡਲ, ਜਲ-ਮੰਡਲ, ਵਾਯੂਮੰਡਲ ਅਤੇ ਜੀਵ-ਮੰਡਲ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ।

'ਥਲ ਮੰਡਲ' ਦੇ ਅਧਿਐਨ ਵਿੱਚ ਧਰਤੀ ਦੇ ਅੰਦਰੂਨੀ ਅਤੇ ਬਾਹਰੀ ਪਰਤਾਂ ਦੀ ਜਾਣਕਾਰੀ ਸ਼ਾਮਿਲ ਹੈ। ਅੰਦਰੂਨੀ ਜਾਣਕਾਰੀ ਵਿੱਚ ਧਰਤੀ ਦੀਆਂ ਅੰਦਰੂਨੀ ਪਰਤਾਂ, ਧਰਤੀ ਦੀ ਹਿਲਜੁਲ, ਇਸਦੇ ਪ੍ਰਭਾਵ ਆਦਿ ਬਾਰੇ ਦਸਿਆ ਗਿਆ। ਧਰਤੀ ਦੀਆਂ ਅੰਦਰਲੀ ਸ਼ਕਤੀਆਂ, ਜਿਨ੍ਹਾਂ ਕਰਕੇ ਭੂਚਾਲ ਅਤੇ ਸੁਨਾਮੀ ਆਦਿ ਆਫਤਾਂ ਆਉਂਦੀਆਂ ਹਨ, ਉਨ੍ਹਾਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਧਰਤੀ ਦੀ ਬਦਲਦੀ ਨੁਹਾਰ ਵਿੱਚ ਸਹਾਈ ਬਾਹਰਲੀਆਂ ਸ਼ਕਤੀਆਂ ਬਾਰੇ ਵੀ ਵਿਦਿਆਰਥੀਆਂ ਨੂੰ ਦਸਿਆ ਗਿਆ ਹੈ। ਜਿਨ੍ਹਾਂ ਦੇ ਫਲਸਰੂਪ ਧਰਤੀ ਤੇ ਪਹਾੜ, ਪਠਾਰ, ਝੀਲਾਂ, ਮੈਦਾਨ ਆਦਿ ਥਲ ਰੂਪ ਹੋਂਦ ਵਿੱਚ ਆਏ ਹਨ।

'ਜਲਮੰਡਲ' ਵਿੱਚ ਸੰਸਾਰ ਦੇ ਮਹਾਂਸਾਗਰਾਂ ਅਤੇ ਉਨ੍ਹਾਂ ਵਿੱਚ ਉਤਪੰਨ ਧਾਰਾਵਾਂ ਅਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਜਾਣਕਾਰੀ ਦਿਤੀ ਗਈ ਹੈ। ਇਸੇ ਤਰ੍ਹਾਂ ਹੀ ਵਾਯੂਮੰਡਲ ਦੇ ਅਧਿਐਨ ਵਿੱਚ ਇਸ ਦੀਆਂ ਤਹਿਆਂ, ਜਲਵਾਯੂ ਦੇ ਤੱਤਾਂ ਦਾ ਅਧਿਐਨ ਕੀਤਾ ਗਿਆ ਹੈ। ਜਲਵਾਯੂ ਦੇ ਭਿੰਨ ਭਿੰਨ ਤੱਤਾ ਦੇ ਪ੍ਰਭਾਵ ਸਦਕਾ ਸੰਸਾਰ ਵਿਚ ਅਲਗ-ਅਲਗ ਜਲਵਾਯੂ ਖੰਡ ਕਿਵੇਂ ਹੋਂਦ ਵਿੱਚ ਆਉਂਦੇ ਹਨ, ਬਾਰੇ ਵੀ ਦਸਿਆ ਗਿਆ ਹੈ। ਅਜੋਕੀ ਵਧ ਰਹੀ ਪ੍ਰਦੂਸ਼ਣ ਦੀ ਸਮਸਿਆਂ ਬਾਰੇ ਵੀ ਜਾਗਰੂਕ ਕੀਤਾ ਗਿਆ ਹੈ ਤਾਂ ਕਿ ਵਿਦਿਆਰਥੀ ਇਸ ਸੰਬੰਧੀ ਸੁਚੇਤ ਰਹਿਣ।

ਤਿੰਨਾਂ ਮੰਡਲਾਂ ਦੇ ਸੁਮੇਲ ਸਦਕਾ ਬਣੇ ਚੌਥੇ ਮੰਡਲ 'ਜੀਵ ਮੰਡਲ' ਦੀ ਜਾਣਕਾਰੀ ਵਿੱਚ, ਜਲਵਾਯੂ ਅਤੇ ਥਲ ਦੇ ਆਧਾਰ ਤੇ ਸੰਸਾਰ ਦੇ ਵੱਖ ਵੱਖ ਖੇਤਰਾਂ ਵਿੱਚ ਵੱਖ-ਵੱਖ ਪ੍ਰਕਾਰ ਦੀ ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਨ ਬਾਰੇ ਦਸਿਆ ਗਿਆ ਹੈ। ਇਨ੍ਹਾਂ ਦੀ ਸੁਰੱਖਿਆ ਅਤੇ ਸੰਭਾਲ ਦੀ ਲੋੜ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਹੈ।

ਮਨੁੱਖੀ ਵਾਤਾਵਰਨ ਵਿੱਚ, ਮਨੁੱਖੀ ਬਸਤੀਆਂ ਦਾ ਵਿਕਾਸ, ਸੰਸਾਰ ਅਤੇ ਭਾਰਤ ਦੇ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਆਦਿ ਬਾਰੇ ਸੰਖੇਪ ਜਾਣਕਾਰੀ ਦਿਤੀ ਗਈ ਹੈ। ਕੁਦਰਤੀ ਅਤੇ ਮਨੁੱਖੀ ਵਾਤਾਵਰਨ ਦੇ ਆਪਸੀ ਪ੍ਰਭਾਵ ਸਦਕਾ ਕੁਝ ਪ੍ਰਮੁੱਖ ਕੁਦਰਤੀ ਖੇਤਰਾਂ ਬਾਰੇ ਅਧਿਐਨ ਵੀ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਉਨ੍ਹਾਂ ਖੇਤਰਾਂ ਦੇ ਧਰਾਤਲ, ਜਲਵਾਯੂ, ਆਰਥਿਕ ਅਤੇ ਸਭਿਆਚਾਰਕ ਪੱਖ ਬਾਰੇ ਜਾਣਕਾਰੀ ਦਿਤੀ ਗਈ ਹੈ।

**ਵਿਸ਼ਾ ਸੰਪਾਦਕ (ਭੂਗੋਲ)**



# ਪਾਠ 1 ਵਾਤਾਵਰਨ

ਵਾਤਾਵਰਨ ਤੋਂ ਅਰਥ, ਧਰਤੀ ਦੇ ਆਲ਼ੇ-ਦੁਆਲ਼ੇ ਤੋਂ ਹੈ। ਧਰਤੀ ਦੀ ਸਤ੍ਹਾ ਉੱਤੇ ਕੰਮ ਕਰਦੀਆਂ ਅਨੇਕ ਕੁਦਰਤੀ ਸ਼ਕਤੀਆਂ ਤੋਂ ਹੈ, ਜਿਸ ਕਰਕੇ ਹਰੇਕ ਥਾਂ ਦੇ ਆਲ਼ੇ-ਦੁਆਲ਼ੇ ਵਿੱਚ ਅੰਤਰ ਹੁੰਦਾ ਹੈ। ਇਸ ਕਰਕੇ ਹੀ ਮਨੁੱਖ ਦਾ ਆਪਣੇ ਆਲ਼ੇ-ਦੁਆਲ਼ੇ ਨਾਲ਼ ਸੰਬੰਧ ਹਰੇਕ ਜਗ੍ਹਾਂ ਤੇ ਇੱਕੋ ਜਿਹਾ ਨਹੀਂ ਹੁੰਦਾ। ਵਾਤਾਵਰਨ ਦੇ ਤੱਤ ਜਿਵੇਂ ਕਿ ਧਰਾਤਲ, ਤਾਪਮਾਨ ਅਤੇ ਵਰਖਾ ਹਰੇਕ ਜਗ੍ਹਾਂ ਇਕੋ ਜਿਹੇ ਨਾ ਹੋਣ ਕਰਕੇ ਬਨਸਪਤੀ, ਜੀਵ-ਜੰਤੂ ਅਤੇ ਧਰਤੀ ਦੀ ਹੋਰ ਪੈਦਾਵਾਰ ਵੱਖੋਂ ਵੱਖਰੀ ਹੋ ਜਾਂਦੀ ਹੈ। ਇਨ੍ਹਾਂ ਤੱਥਾਂ ਸਦਕਾ ਮਨੁੱਖੀ ਕੰਮ-ਧੰਦੇ ਵੀ ਬਦਲ ਜਾਂਦੇ ਹਨ। ਮਹਾਂਦੀਪਾਂ ਉੱਤੇ ਰਹਿਣ ਵਾਲ਼ੇ ਮਨੁੱਖ ਜਿਵੇਂ ਆਮ ਕਰਕੇ ਖੇਤੀ-ਬਾੜੀ, ਪਸ਼ੂ ਪਾਲਣ ਅਤੇ ਜੰਗਲਾਂ ਨਾਲ਼ ਸਬੰਧਤ ਧੰਦਿਆਂ ਅਤੇ ਸਮੁੰਦਰ ਦੇ ਕੰਢੇ ਜਾਂ ਟਾਪੂਆਂ ਦੇ ਵਸਨੀਕ ਮੱਛੀਆਂ ਫ਼ੜਣ ਦੇ ਕੰਮਾਂ ਵਿੱਚ ਰੁੱਝੇ ਹੋਏ ਹੁੰਦੇ ਹਨ। ਧਰਤੀ, ਪਾਣੀ ਅਤੇ ਜਲਵਾਯੂ ਦੇ ਆਧਾਰ ਤੇ ਇਕ ਵਿਸ਼ੇਸ਼ ਜੀਵ-ਜਗਤ ਅਤੇ ਪੇੜ-ਪੌਦਿਆਂ ਦਾ ਵਾਤਾਵਰਨ ਪੈਦਾ ਹੁੰਦਾ ਹੈ। ਮਨੁੱਖ ਵਾਂਗ ਪੇੜ-ਪੌਦੇ ਅਤੇ ਜੀਵਨ ਵੀ ਆਪਣੇ ਵਾਤਾਵਰਨ ਤੇ ਨਿਰਭਰ ਅਤੇ ਅਧਾਰਿਤ ਹੁੰਦੇ ਹਨ। ਜਿਸ ਨੂੰ HABITAT ਜਾਂ ਆਵਾਸ ਆਖਦੇ ਹਨ।

**ਪਤਾ ਕਰੋ :** ਵਾਤਾਵਰਨ ਦਿਵਸ ਕਿਸ ਦਿਨ ਮਨਾਇਆ ਜਾਂਦਾ ਹੈ?

ਧਰਤੀ ਦੇ ਭੂ-ਮੱਧ ਖੇਤਰੀ ਭਾਗਾਂ ਨੂੰ ਭਾਵੇਂ ਸੰਘਣੇ ਜੰਗਲਾਂ ਕਰਕੇ ਜਾਣਿਆ ਜਾਂਦਾ ਹੈ ਫਿਰ ਵੀ ਮਹਾਂਦੀਪਾਂ ਦੇ ਵਿੱਚਕਾਰਲੇ ਖੁਸ਼ਕ ਭਾਗਾਂ ਵਿੱਚ ਕੇਵਲ ਘਾਹ ਹੀ ਪੈਦਾ ਹੁੰਦਾ ਹੈ। ਧਰਤੀ ਦੇ ਧਰੁਵੀ ਭਾਗ ਸਦੀਵੀਂ ਬਰਫ਼ ਨਾਲ਼ ਢਕੇ ਹੋਣ ਕਰਕੇ ਮਨੁੱਖ ਅਤੇ ਜੰਗਲਾਂ ਤੋਂ ਵਾਂਝੇ ਹੁੰਦੇ ਹਨ। ਭੌਂ, ਪਾਣੀ, ਹਵਾ ਅਤੇ ਸੂਰਜ ਦੀ ਗਰਮੀ, ਧਰਤੀ ਤੇ ਹਰ ਪ੍ਰਕਾਰ ਦੀ ਜੂਨੀ ਨੂੰ ਜਨਮ ਦਿੰਦੀ ਹੈ, ਜਿੱਥੇ ਇਨ੍ਹਾਂ ਸਾਰੇ ਤੱਥਾਂ ਦਾ ਆਪਸੀ ਤਾਲਮੇਲ ਹੁੰਦਾ ਹੈ ਉੱਥੇ ਹੀ ਇਹ ਸੰਭਵ ਹੈ। ਇਸ ਤਾਲਮੇਲ ਖੰਡ ਨੂੰ ਜੀਵ-ਮੰਡਲ (Biosphere) ਆਖਦੇ ਹਨ।

*ਕਿਸੇ ਥਾਂ ਦੇ ਜੀਵ-ਮੰਡਲ ਅਤੇ ਉਥੋਂ ਦੇ ਭੌਤਿਕ ਆਲ਼ੇ-ਦੁਆਲ਼ੇ ਨੂੰ ਉਸਦੀ ਪਰਿਸਥਿਤੀ (Ecology) ਆਖਦੇ ਹਨ।*


## ਬਦਲਦਾ ਵਾਤਾਵਰਨ

ਧਰਤੀ ਦੀ ਸਤ੍ਹਾ ਉੱਤੇ ਵਾਤਾਵਰਨ ਸਦਾ ਹੀ ਬਦਲਦਾ ਰਹਿੰਦਾ ਹੈ ਕਿਉਂਕਿ ਇਸ ਦੇ ਸਾਰੇ ਤੱਥ ਬਦਲਦੇ ਰਹਿੰਦੇ ਹਨ। ਇਹ ਤਬਦੀਲੀਆਂ ਛੇਤੀ ਅਤੇ ਹੌਲੀ-ਹੌਲੀ ਹੋਣ ਵਾਲੀਆਂ ਦੋਵੇਂ ਤਰ੍ਹਾਂ

ਦੀਆਂ ਹੁੰਦੀਆਂ ਹਨ। ਹੌਲੀ ਜਾਂ ਧੀਮੀ ਗਤੀ ਵਾਲੀਆਂ ਤਬਦੀਲੀਆਂ, ਧਰਤੀ ਦੀ ਸਤ੍ਹਾ ਉੱਤੇ ਅਪਰਦਨ ਕਾਰਕਾਂ ਜਿਵੇਂ ਦਰਿਆ, ਗਲੇਸ਼ੀਅਰ, ਹਵਾ, ਸਮੁੰਦਰਾਂ, ਛਿੱਜਣ ਆਦਿ ਦੁਆਰਾ ਹੁੰਦੀਆਂ ਹਨ। ਛੇਤੀ ਜਾਂ ਤੇਜ਼ ਗਤੀ ਵਾਲੀਆਂ ਤਬਦੀਲੀਆਂ ਧਰਤੀ ਦੇ ਥਲ ਦੇ ਨਿਘਰਨ ਜਾਂ ਉਭਰਨ ਦੁਆਰਾ ਪ੍ਰਤੀਕ ਹੁੰਦੀਆਂ ਹਨ। ਧਰਤੀ ਆਪ ਵੀ ਪਹਿਲਾਂ ਹਵਾਈ ਸਥਿਤੀ ਤੋਂ ਬਦਲ ਕੇ ਪਿਘਲੇ ਰੂਪ ਵਿੱਚ ਆਈ। ਫੇਰ ਹੌਲ਼ੀ-ਹੌਲ਼ੀ ਠੰਡੀ ਹੋ ਕੇ ਠੋਸ ਰੂਪ ਵਿੱਚ ਆਈ। ਇਹ ਪਰਿਵਰਤਨ ਬਹੁਤ ਹੌਲੀ-ਹੌਲੀ ਹੋਇਆ। ਹਵਾਈ ਤਥਾਂ ਨੇ ਵਾਯੂਮੰਡਲ, ਪਾਣੀ ਦੇ ਤੱਥਾਂ ਨੇ ਸਮੁੰਦਰ ਅਤੇ ਠੋਸ ਤੱਥਾਂ ਨੇ ਥਲ ਮੰਡਲ ਦਾ ਰੂਪ ਧਾਰਨ ਕੀਤਾ।

ਮਨੁੱਖ ਨੇ ਆਪ ਵੀ ਖੇਤੀ ਕਰਨ ਲਈ ਜੰਗਲ ਕੱਟ ਕੇ ਅਤੇ ਰਹਿਣ ਲਈ ਸ਼ਹਿਰ ਬਣਾ ਕੇ ਧਰਤੀ ਦੀ ਸਤ੍ਹਾ ਉੱਤੇ ਵੱਡੇ ਤੌਰ ਤੇ ਪਰਿਵਰਤਨ ਲਿਆਂਦਾ ਹੈ। ਦਰਿਆਵਾਂ ਉੱਤੇ ਬੰਨ ਬਣਾ ਕੇ ਅਤੇ ਉਨ੍ਹਾਂ ਦੇ ਪਾਣੀ ਨੂੰ ਨਹਿਰਾਂ ਦੁਆਰਾ ਖੁਸ਼ਕ ਮਾਰੂਥਲਾਂ ਵਿੱਚ ਸਿੰਚਾਈ ਲਈ ਵਰਤ ਕੇ ਹਰਿਆਲੀ ਲਿਆਂਦੀ ਹੈ। ਜਿਸ ਕਰਕੇ ਉਥੋਂ ਦੀ ਪਰਿਸਥਿਤੀ ਹੁਣ ਬਿਲਕੁਲ ਹੀ ਬਦਲ ਗਈ ਹੈ। ਭਾਰਤ ਵਿੱਚ ਥਾਰ ਮਾਰੂਥਲ ਦੇ ਕਈ ਭਾਗ ਬਹੁਤ ਹੱਦ ਤਕ ਹੁਣ ਖੁਸ਼ਕ ਅਤੇ ਬੰਜਰ ਖੇਤਰ ਨਹੀਂ ਰਹੇ। ਅਜਿਹਾ ਸੰਸਾਰ ਦੇ ਹੋਰ ਭਾਗਾਂ ਜਿਵੇਂ ਸਿੰਧ ਘਾਟੀ, ਨੀਲ ਘਾਟੀ ਅਤੇ ਹਵਾਂਗ ਹੋ ਘਾਟੀ ਵਿੱਚ ਵੀ ਹੋਇਆ ਹੈ। ਖਣਿਜ ਅਤੇ ਉਦਯੋਗਿਕ ਖੇਤਰਾਂ ਦਾ ਵਿਕਾਸ ਕਰਦਿਆਂ ਹੋਇਆ ਵੀ ਮਨੁੱਖ ਨੇ ਧਰਤੀ ਉੱਤੇ ਵਧੇਰੇ ਪਰਿਵਰਤਨ ਲਿਆਂਦੇ ਹਨ। ਇਸ ਕਰਕੇ ਕੁਦਰਤੀ ਅਤੇ ਮਨੁੱਖੀ ਤੱਥਾਂ ਵਿਚਕਾਰ ਘਣਾ ਸੰਬੰਧ ਹੈ। ਵਰਤਮਾਨ ਸਭਿਅਤਾ ਕੁਦਰਤੀ ਅਤੇ ਮਨੁੱਖੀ ਤੱਤਾ ਵਿਚਕਾਰ ਲੜੀਵਾਰ ਅਤੇ ਲਗਾਤਾਰ ਤਾਲਮੇਲ ਦਾ ਸਿੱਟਾ ਹੈ।


ਵਾਤਾਵਰਨ ਦੇ ਅੰਸ਼ : ਧਰਤੀ ਦੇ ਸਮੁੱਚੇ ਵਾਤਾਵਰਨ ਦੀ ਰਚਨਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਧਰਤੀ ਦੇ ਚਾਰ ਮੰਡਲਾਂ **ਵਾਯੂ ਮੰਡਲ, ਥਲ ਮੰਡਲ, ਜਲ ਮੰਡਲ** ਅਤੇ **ਜੀਵ ਮੰਡਲ** ਬਾਰੇ ਵਧੇਰੇ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਇਨ੍ਹਾਂ ਬਾਰੇ ਵਿਸਥਾਰ ਨਾਲ਼ ਅਸੀਂ ਪੁਸਤਕ ਦੇ ਅਗਲੇ ਪਾਠਾਂ ਵਿੱਚ ਪੜ੍ਹਾਂਗੇ। ਇਹਨਾਂ ਮੰਡਲਾਂ ਬਾਰੇ ਤੁਸੀਂ ਛੇਵੀਂ ਸ਼੍ਰੇਣੀ ਵਿੱਚ ਵੀ ਪੜ੍ਹਿਆ ਹੈ।




*ਚਿੱਤਰ 1.1*

## 1. ਵਾਯੂ ਮੰਡਲ

ਧਰਤੀ ਹਵਾ ਦੇ ਗਿਲਾਫ਼ (ਪਰਤ) ਨਾਲ਼ ਘਿਰੀ ਹੋਈ ਹੈ। ਇਸ ਹਵਾਈ ਗਿਲਾਫ਼ ਦਾ ਨਾਂ ਵਾਯੂਮੰਡਲ ਹੈ। ਸੂਰਜ ਪਰਿਵਾਰ ਦੇ ਹੋਰ ਗ੍ਰਹਿਆਂ (ਕੇਵਲ ਬੁੱਧ ਗ੍ਰਹਿ ਅਤੇ ਉਪਗ੍ਰਹਿਆਂ ਨੂੰ ਛੱਡ ਕੇ) ਦੇ ਦੁਆਲ਼ੇ ਵੀ ਵਾਯੂਮੰਡਲ ਹਨ। ਭਾਵੇਂ ਧਰਤੀ ਦੇ ਦੁਆਲ਼ੇ ਇਹ ਹਵਾ ਦਾ ਗਿਲਾਫ਼ ਲਗਭਗ 1600 ਕਿ.ਮੀ. ਤੱਕ ਹੈ ਪਰ 99% ਹਵਾ 32 ਕਿ.ਮੀ. ਤੱਕ ਦੇ ਘੇਰੇ ਵਿੱਚ ਹੀ ਹੈ। ਧਰਤੀ ਦੀ ਸਤ੍ਹਾ ਉੱਤੇ ਇਹ ਹਵਾ ਦਾ ਗਿਲਾਫ਼, ਜ਼ਮੀਨ ਅਤੇ ਪਾਣੀ ਨਾਲ਼ ਮਿਲਕੇ ਜੀਵ ਜਗਤ ਤੇ ਪੇੜ੍ਹ-ਪੌਦਿਆਂ ਦੀ ਉਤਪਤੀ ਅਤੇ ਪਾਲਣ ਪੋਸ਼ਣ ਦਾ ਕਾਰਜ ਕਰਦਾ ਹੈ। ਵਾਯੂ ਮੰਡਲ ਦੇ ਅੰਸ਼ਾਂ ਵਿੱਚ ਤਾਪਮਾਨ, ਨਮੀ, ਵਾਯੂ ਦਾਬ ਆਦਿ ਧਰਤੀ ਉੱਤੇ ਕੁਦਰਤੀ ਵਾਤਾਵਰਨ ਨੂੰ ਪ੍ਰਭਾਵਿਤ ਕਰਦੇ ਹਨ। ਵਾਤਾਵਰਨ ਦੇ ਅੰਸ਼ਾਂ ਵਿੱਚੋਂ ਵਾਯੂਮੰਡਲ ਵਿੱਚ ਸੱਭ ਤੋਂ ਵੱਧ ਅਦਲਾ ਬਦਲੀ ਹੁੰਦੀ ਹੈ।



*ਚਿੱਤਰ 1.2 ਧਰਤੀ ਤੇ ਜਲ ਅਤੇ ਥਲ ਦੀ ਵੰਡ*

## 2. ਥਲ ਮੰਡਲ

ਧਰਤੀ ਦੀ ਸਤ੍ਹਾ ਪਾਣੀ ਅਤੇ ਜ਼ਮੀਨ ਦੀ ਬਣੀ ਹੋਈ ਹੈ। ਜਿਸ ਦੇ 71% ਭਾਗ ਵਿੱਚ ਪਾਣੀ ਅਤੇ 29% ਵਿੱਚ ਜ਼ਮੀਨ ਹੈ। ਧਰਤੀ ਦਾ 2/3 ਜ਼ਮੀਨੀ ਭਾਗ ਉੱਤਰੀ ਗੋਲਾਰਧ ਵਿੱਚ ਹੈ। ਧਰਤੀ ਦੇ ਬਾਹਰਲੇ ਠੋਸ ਚਾਪੜ ਦੀ ਮੋਟਾਈ 80 ਤੋਂ 100 ਕਿਲੋਮੀਟਰ ਹੈ। ਇਹ ਮੋਟਾਈ ਹਰ ਜਗ੍ਹਾ ਇਕੋ ਜਿਹੀ ਨਹੀਂ। ਇਹ ਮੋਟਾਈ ਜ਼ਮੀਨੀ ਭਾਗਾਂ ਵਿੱਚ ਵੱਧ ਅਤੇ ਸਮੁੰਦਰੀ ਭਾਗ ਵਿੱਚ ਘੱਟ ਹੁੰਦੀ ਹੈ। ਧਰਤੀ ਦੀ ਧਰਤ ਕਈ ਪ੍ਰਕਾਰ ਦੀਆਂ ਚਟਾਨਾਂ ਦੀ ਬਣੀ ਹੋਈ ਹੈ। ਧਰਤੀ ਦੇ ਚਾਪੜ ਤੋਂ ਧੁਰ ਅੰਦਰੂਨੀ ਭਾਗਾਂ ਤੱਕ, ਧਰਤੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਸਮੁੱਚੇ ਤੌਰ ਤੇ ਧਰਤੀ ਦੇ ਤਿੰਨ ਖੋਲ ਹਨ। ਧਰਤੀ ਦਾ ਚਾਪੜ, ਮੈਂਟਲ ਅਤੇ ਕੇਂਦਰੀ ਭਾਗ।

ਸੱਭ ਤੋਂ ਉਪਰਲੀ ਪਰਤ ਨੂੰ ਸਿਆਲ (SIAL) ਆਖਦੇ ਹਨ ਜੋ ਕਿ ਵਧੇਰੇ ਕਰਕੇ ਸਿਲੀਕਾਨ ਅਤੇ ਐਲੂਮੀਨੀਅਮ ਤੱਤਾਂ ਦੀ ਬਣੀ ਹੈ। ਜਿਵੇਂ ਕਿ: (SIAL = Si + Al) ਇੱਥੇ Si = ਸੀਲੀਕਾਨ Al = ਐਲੂਮੀਨੀਅਮ। ਵਿਚਕਾਰਲੇ ਭਾਗ ਨੂੰ ਸੀਮਾਂ (SIMA) ਜਿਸ ਵਿੱਚ ਵਧੇਰੇ ਤੱਤ ਸੀਲੀਕਾਨ ਅਤੇ ਮੈਗਨੀਸ਼ੀਅਮ ਹੁੰਦੇ ਹਨ ਜਿਵੇਂ ਕਿ Si = ਸਿਲੀਕਾਨ Mg = ਮੈਗਨੀਸ਼ੀਅਮ। ਸੱਭ ਤੋਂ ਅੰਦਰੂਨੀ ਭਾਗ ਨੂੰ ਨਾਇਫ (Nife) ਆਖਦੇ ਹਨ, ਜਿਸ ਵਿੱਚ ਨਿੱਕਲ ਅਤੇ ਲੋਹੇ ਦੇ ਤੱਤ ਹੁੰਦੇ ਹਨ। ਜਿਵੇਂ ਕਿ (NiFe = Ni + Fe) Ni = ਨਿੱਕਲ, Fe = ਲੋਹਾ ਹਨ।

## 3. ਜਲ ਮੰਡਲ

ਧਰਤੀ ਦੇ ਪਾਣੀ ਨਾਲ਼ ਢੱਕੇ ਭਾਗ ਨੂੰ **ਜਲ ਮੰਡਲ** ਆਖਦੇ ਹਨ। ਜਲ ਮੰਡਲ ਨੇ ਵੱਡੇ ਅਤੇ

ਛੋਟੇ ਸਮੁੰਦਰਾਂ, ਖਾੜੀਆਂ, ਸਾਗਰਾਂ, ਝੀਲਾਂ ਆਦਿ ਦੀ ਸ਼ਕਲ ਵਿੱਚ ਵੱਡਾ ਖੇਤਰ ਘੇਰਿਆ ਹੋਇਆ ਹੈ। ਧਰਤੀ ਨੂੰ ਪਾਣੀ ਗ੍ਰਹਿ ਵੀ ਆਖਦੇ ਹਨ ਕਿਉਂਕਿ ਧਰਤੀ ਦੀ ਸਤਹ ਦਾ 71% ਭਾਗ ਪਾਣੀ ਨੇ ਮਲਿਆ ਹੈ। ਧਰਤੀ ਉਤੇ ਪੰਜ ਮਹਾਂਸਾਗਰ, ਅਨੇਕਾਂ, ਸਮੁੰਦਰ, ਦਰਿਆ, ਝੀਲਾਂ ਆਦਿ ਕਈ ਜਲ ਪਿੰਡ ਹਨ। ਧਰਤੀ ਦੇ ਪਾਣੀ ਖੇਤਰ ਅਨੇਕਾਂ ਸ਼ਕਤੀਆਂ ਦੁਆਰਾ ਬਣਾਏ ਡੂੰਘੇ ਖੇਤਰ ਹਨ, ਜਿਵੇਂ ਧਰਤੀ ਦਾ ਧਰਾਤਲ ਸਮੁੰਦਰ ਤਲ ਤੋਂ ਉੱਚਾ ਹੁੰਦਾ ਜਾਂਦਾ ਹੈ। ਉਸੇ ਤਰ੍ਹਾਂ ਸਮੁੰਦਰ ਆਪਣੇ ਕੰਢਿਆਂ ਤੋਂ ਆਪਣੇ ਅੰਦਰੂਨੀ ਭਾਗਾਂ ਵੱਲ ਨੂੰ ਡੂੰਘੇ ਹੁੰਦੇ ਚਲੇ ਜਾਂਦੇ ਹਨ।

ਸਮੁੰਦਰ ਦਾ ਸੱਭ ਤੋਂ ਵਧ ਪ੍ਰਭਾਵ ਧਰਤੀ ਉੱਤੇ ਜਲ-ਵਾਯੂ ਪੱਖੋਂ ਹੈ। ਇਹ ਪਾਣੀ ਦਾ ਸੋਮਾ ਹਨ, ਜਿਹੜਾ ਗਰਮ ਹੋਣ ਮਗਰੋਂ ਬਦਲਾਂ ਦਾ ਰੂਪ ਧਾਰਨ ਕਰਦਾ ਹੈ। ਜੋ ਹਵਾਵਾਂ ਦੇ ਨਾਲ਼-ਨਾਲ਼ ਵਰਖਾ ਕਰਦੇ ਹਨ। ਇਥੋਂ ਤੱਕ ਕਿ ਸਮੁੰਦਰਾਂ ਤੋਂ ਚਲਣ ਵਾਲੀਆਂ ਹਵਾਵਾਂ ਜਲ ਸਮੀਰ ਅਤੇ ਥਲ ਸਮੀਰ ਜਲਵਾਯੂ ਨੂੰ ਸੰਜਮੀ ਬਣਾ ਦਿੰਦੀਆਂ ਹਨ। ਸਮੁੰਦਰੀ ਧਾਰਾਵਾਂ ਅਤੇ ਜਵਾਰ-ਭਾਟਾ, ਨਾਲ਼ ਲੱਗਦੇ ਖੇਤਰਾਂ ਤੇ ਬਹੁਤ ਪ੍ਰਭਾਵ ਪਾਉਂਦੇ ਹਨ। ਇਹਨਾਂ ਦਾ ਵਪਾਰ ਤੇ ਜਹਾਜ਼ਰਾਨੀ ਤੇ ਬਹੁਤ ਪ੍ਰਭਾਵ ਪੈਂਦਾ ਹੈ। ਇਸ ਲਈ ਮਨੁੱਖ ਨੂੰ ਸਮੁੰਦਰਾਂ ਵੱਲ ਬਹੁਤ ਧਿਆਨ ਦੇਣਾ ਚਾਹੀਦਾ ਹੈ।

### 4. ਜੀਵ ਮੰਡਲ

ਉਪਰੋਕਤ ਤਿੰਨ ਮੰਡਲਾਂ ਤੋਂ ਇਲਾਵਾ ਧਰਤੀ ਦੀ ਸਤ੍ਹਾ ਉੱਤੇ ਇਕ ਅਜਿਹਾ ਸੱਭ ਤੋਂ ਮਹੱਤਵਪੂਰਨ ਮੰਡਲ ਹੈ। ਜਿੱਥੇ ਕੁਦਰਤੀ ਤੱਤਾਂ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਉਸ ਨੂੰ **ਜੀਵ-ਮੰਡਲ** ਆਖਦੇ ਹਨ। ਇਹ ਮੰਡਲ, ਤਿੰਨਾਂ ਮੰਡਲਾਂ (ਜਲਮੰਡਲ, ਥਲਮੰਡਲ ਅਤੇ ਵਾਯੂਮੰਡਲ) ਦੇ ਸੁਮੇਲ ਕਰਕੇ ਹੋਂਦ ਵਿੱਚ ਆਉਂਦਾ ਹੈ। ਜੀਵ ਮੰਡਲ ਵਿੱਚ ਕਈ ਜੀਵ-ਜੰਤੂ ਅਤੇ ਪੇੜ-ਪੌਦੇ ਹੁੰਦੇ ਹਨ, ਜਿਸ ਨੂੰ ਜੀਵ-ਜਗਤ ਆਖਦੇ ਹਨ।

*ਜੀਵ ਮੰਡਲ : ਵਾਯੂ ਮੰਡਲ, ਥਲ ਮੰਡਲ ਅਤੇ ਜਲ ਮੰਡਲ ਦੇ ਸਮੁੱਚੇ ਪ੍ਰਭਾਵ ਸਦਕਾ ਹੋਂਦ ਵਿੱਚ ਆਉਂਦਾ ਹੈ।*

*ਜੀਵ ਜਗਤ : ਜੀਵ ਮੰਡਲ ਵਿਚਲੇ ਅਨੇਕ ਕਿਸਮ ਦੇ ਜੀਵ-ਜੰਤੂਆਂ ਅਤੇ ਪੇੜ-ਪੌਦਿਆਂ ਨੂੰ ਜੀਵ-ਜਗਤ ਆਖਦੇ ਹਨ।*

## ਮਨੁੱਖੀ ਵਾਤਾਵਰਨ

ਸੰਸਾਰ ਦਾ ਵਰਤਮਾਨ ਭੂ-ਦ੍ਰਿਸ਼ ਕੇਵਲ ਕੁਦਰਤੀ ਸ਼ਕਤੀਆਂ ਦੇ ਪ੍ਰਭਾਵ ਸਦਕਾ ਹੀ ਨਹੀਂ, ਸਗੋਂ ਤਕਨੀਕੀ ਵਿਕਾਸ ਅਤੇ ਮਨੁੱਖੀ ਸੋਚ ਨੇ ਵੀ ਕੁਦਰਤੀ ਵਾਤਾਵਰਨ ਵਿੱਚ ਲੋੜ ਅਨੁਸਾਰ ਪਰਿਵਰਤਨ ਲਿਆਂਦਾ ਹੈ। ਮਨੁੱਖ, ਵਿਕਾਸ ਦੇ ਰਾਹ ਵਿੱਚੋਂ ਕਈ ਪੜਾਵਾਂ ਵਿੱਚੋਂ ਲੰਘਿਆ ਹੈ। ਅਰਥਾਤ ਪਹਿਲਾਂ ਮਨੁੱਖ ਕੇਵਲ ਸ਼ਿਕਾਰ ਕਰਦਾ ਸੀ, ਫਿਰ ਪਸ਼ੂ ਪਾਲਦਾ ਰਿਹਾ, ਉਸ ਤੋਂ ਬਾਅਦ ਖੇਤੀਬਾੜੀ ਅਤੇ ਖਣਿਜ ਕੱਢਣ ਵਿੱਚ ਰੁੱਝਾ ਰਿਹਾ, ਹੁਣ ਮਨੁੱਖ ਨੇ ਉਦਯੋਗ ਅਤੇ ਵਪਾਰ ਵਿੱਚ ਉੱਨਤੀ ਕਰ ਲਈ ਹੈ।

ਮਨੁੱਖ ਨੇ ਭੂ-ਮੱਧ ਰੇਖੀ ਖੇਤਰਾਂ ਦੇ ਜੰਗਲਾਂ ਨੂੰ ਸਾਫ਼ ਕਰਕੇ ਰਬੜ ਵਰਗੇ ਨਵੇਂ ਦਰੱਖਤ ਲਗਾਏ, ਆਵਾਜਾਈ ਅਤੇ ਢੋਆ-ਢੁਆਈ ਦੇ ਵਿਕਾਸ ਹੋਣ ਕਰਕੇ ਆਲੂ, ਮੱਕੀ, ਕਪਾਹ, ਗੰਨਾ, ਚਾਹ ਆਦਿ ਵਸਤਾਂ ਬਹੁਤ ਦੁਰੇਡੀਆਂ ਥਾਵਾਂ ਤੇ ਵੀ ਬੀਜੀਆਂ ਜਾਣ ਲਗੀਆਂ ਹਨ। ਸੰਸਾਰ ਇਕ ਵਿਸ਼ਵ-ਵਿਆਪੀ ਮੰਡੀ ਬਣ ਗਿਆ ਹੈ। ਅਰਥਾਤ ਜੇ ਕਿਸੇ ਦੇਸ਼ ਵਿੱਚ ਆਲੂ ਦੀ ਪੈਦਾਵਾਰ ਬਹੁਤ ਹੈ ਤਾਂ ਲੋੜ ਅਨੁਸਾਰ ਦੂਸਰੇ ਸਥਾਨ ਤੇ ਅਸਾਨੀ ਨਾਲ਼ ਉਸ ਦੀ ਖਪਤ ਮੰਡੀ ਬਣ ਸਕਦੀ ਹੈ। ਇਸੇ ਤਰ੍ਹਾਂ ਮਨੁੱਖ ਨੇ ਦੂਸਰੇ ਦੇਸ਼ਾਂ ਦੇ ਵਧੀਆ ਕਿਸਮ ਦੇ ਬੀਜ ਅਤੇ ਪਸ਼ੂ ਨਸਲਾਂ ਲਿਆ ਦੇ ਸੁਧਾਰ ਕੀਤਾ ਹੈ।

ਮਨੁੱਖ ਨੇ ਪਹਾੜਾਂ ਵਿੱਚੋਂ ਦੀ ਸੁਰੰਗਾਂ ਬਣਾ ਕੇ, ਨਹਿਰਾਂ ਰਾਹੀ ਜਹਾਜ਼ਰਾਨੀ; ਜਿਵੇਂ ਪਨਾਮਾ ਅਤੇ ਸੁਏਜ਼ ਨਹਿਰਾਂ ਦਰਿਆਵਾਂ ਦੇ ਬਹਾਉ ਨੂੰ ਮੋੜਕੇ ਉਸ ਨੂੰ ਸਿੰਚਾਈ ਲਈ ਵਰਤਕੇ, ਖਣਿਜ ਪਦਾਰਥਾਂ ਦਾ ਉਤਪਾਦਨ ਕਰਕੇ ਅਤੇ ਉਦਯੋਗਿਕ ਕੇਂਦਰ ਬਣਾ ਕੇ ਕੁਦਰਤੀ ਸ਼ਕਤੀਆਂ ਉੱਤੇ ਕਾਬੂ ਪਾਇਆ ਹੈ। ਮਨੁੱਖ ਦੇ ਉੱਦਮ ਸਦਕਾ ਸਾਰਾ ਸੰਸਾਰ ਇੱਕ 'ਗਲੋਬਲ ਪਿੰਡ' (Global Village) ਬਣ ਗਿਆ ਹੈ ਜਿਸ ਦਾ ਹਰੇਕ ਮਨੁੱਖੀ ਕਿੱਤੇ ਉਤੇ ਪ੍ਰਭਾਵ ਪਿਆ ਹੈ। ਅਰਥਾਤ ਮਨੁੱਖ ਨੇ ਆਪਣੀਆਂ ਲੋੜਾਂ ਅਨੁਸਾਰ ਕੁਦਰਤੀ ਸਾਧਨਾਂ ਦੀ ਵਰਤੋਂ ਕਰਨ ਦਾ ਹੁਨਰ ਪ੍ਰਾਪਤ ਕਰ ਲਿਆ ਹੈ।

### ਯਾਦ ਰੱਖਣ ਯੋਗ ਨੁਕਤੇ

1. ਵਾਤਾਵਰਨ ਤੋਂ ਭਾਵ ਧਰਤੀ ਦੇ ਆਲੇ-ਦੁਆਲੇ ਤੋਂ ਹੈ ਅਤੇ ਇਸ ਵਿਚ ਧਰਾਤਲ ਤੇ ਜਲਵਾਯੂ ਵਰਗੇ ਤੱਤ ਸ਼ਾਮਲ ਹੁੰਦੇ ਹਨ।
2. ਵਾਤਾਵਰਨ ਦੇ ਅੰਸ਼ਾਂ ਵਿੱਚ ਵਾਯੂਮੰਡਲ, ਥਲ ਮੰਡਲ, ਜਲ ਮੰਡਲ ਤੇ ਜੀਵ ਮੰਡਲ ਸ਼ਾਮਲ ਹੁੰਦੇ ਹਨ।
3. ਮਨੁੱਖ ਵੱਲੋਂ ਸੰਸਾਰ ਭਰ ਵਿੱਚ ਕੁਦਰਤੀ ਸ਼ਕਤੀਆਂ ਉਤੇ ਕਾਬੂ ਪਾ ਕੇ ਆਪਣੇ ਹੱਕ ਵਿਚ ਵਰਤੇ ਜਾਣ ਦੇ ਸਾਂਝੇ ਉਦਮ ਨਾਲ ਇਹ ਸੰਸਾਰ 'ਗਲੋਬਲ ਪਿੰਡ' ਜਿਹਾ ਨਜ਼ਰ ਆਉਣ ਲੱਗਾ ਹੈ।

## ਅਭਿਆਸ

**(ੳ) ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ।**

1. ਵਾਤਾਵਰਨ ਤੋਂ ਕੀ ਭਾਵ ਹੈ?
2. ਵਾਤਾਵਰਨ ਦੇ ਮੁੱਖ ਮੰਡਲ ਕਿਹੜੇ ਹਨ ?
3. ਮਨੁੱਖ, ਵਾਤਾਵਰਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?
4. ਧਰਤੀ ਦੀਆਂ ਪਰਤਾਂ ਦੇ ਨਾਂ ਲਿਖੋ।

(ਅ) ਖਾਲੀ ਥਾਂਵਾਂ ਭਰੋ :

1. ਵਾਤਾਵਰਨ ਨੂੰ .................. ਮੰਡਲਾਂ ਵਿੱਚ ਵੰਡਿਆਂ ਜਾਂਦਾ ਹੈ।
2. ਧਰਤੀ ਦੀ ਸਿਆਲ ਪਰਤ, ਉਨ੍ਹਾਂ ਚਟਾਨਾਂ ਦੀ ਬਣੀ ਹੈ ਜਿਸ ਵਿੱਚ .................. ਅਤੇ .................. ਤੱਤ ਵਧੇਰੇ ਹੁੰਦੇ ਹਨ।
3. ਧਰਤੀ ਦੀ ਨਾਈਫ ਪਰਤ ਵਿੱਚ .................. ਅਤੇ .................. ਤੱਤ ਜ਼ਿਆਦਾ ਮਾਤਰਾ ਵਿੱਚ ਹੁੰਦੇ ਹਨ।
4. ਜੀਵ ਮੰਡਲ ਦੇ ਅਨੇਕ ਕਿਸਮਾਂ ਦੇ ਜੀਵ-ਜੰਤੂਆਂ ਨੂੰ .................. ਆਖਦੇ ਹਨ।
5. ਧਰਤੀ ਦੀ ਸਤ੍ਹਾ ਦਾ .................. ਭਾਗ ਪਾਣੀ ਨੇ ਘੇਰਿਆ ਹੋਇਆ ਹੈ।

**ਗਤੀਵਿਧੀ**

ਵਾਤਾਵਰਨ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਸੂਚੀ ਬਣਾਓ।




# ਪਾਠ 2 ਧਰਤੀ ਦਾ ਅੰਦਰੂਨੀ ਅਤੇ ਬਾਹਰਲਾ ਰੂਪ


ਪਿਛਲੀ ਸ਼੍ਰੇਣੀ ਵਿੱਚ ਅਸੀਂ ਸੂਰਜ ਪਰਿਵਾਰ ਵਿੱਚ ਸਾਡੀ ਧਰਤੀ ਇਕ ਗ੍ਰਹਿ ਦੇ ਰੂਪ ਵਿੱਚ ਅਧਿਐਨ ਕੀਤਾ ਹੈ, ਜਿਸ ਵਿੱਚ ਅਸੀਂ ਧਰਤੀ ਦੇ ਆਕਾਸ਼ (Space) ਵਿੱਚੋਂ ਲਏ ਗਏ ਚਿੱਤਰਾਂ ਨੂੰ ਵੇਖਿਆ। ਉਸ ਦੀਆਂ ਗਤੀਆਂ ਬਾਰੇ ਪੜ੍ਹਿਆ ਹੈ। ਰਾਤ ਤੋਂ ਦਿਨ ਅਤੇ ਗਰਮੀ ਦੇ ਮੌਸਮ ਤੋਂ ਸਰਦੀਆਂ ਦੇ ਮੌਸਮ ਆਦਿ ਤਬਦੀਲੀਆਂ ਬਾਰੇ ਪੜ੍ਹਿਆ ਹੈ। ਇਸ ਪੁਸਤਕ ਵਿੱਚ ਅਸੀਂ ਧਰਤੀ ਦੀ ਪਰਤ ਦੀ ਬਣਤਰ ਅਤੇ ਧਰਤੀ ਦੇ ਅੰਦਰੂਨੀ ਭਾਗ ਅਤੇ ਇਸ ਵਿੱਚ ਸਮਾਏ ਖਣਿਜ ਪਦਾਰਥਾਂ ਬਾਰੇ ਅਧਿਐਨ ਕਰਾਂਗੇ।

ਸੱਭ ਤੋਂ ਪਹਿਲਾਂ ਅਸੀਂ ਧਰਤੀ ਦੇ ਅੰਦੂਰਨੀ ਭਾਗ ਬਾਰੇ ਪੜ੍ਹਾਂਗੇ। ਜਿਵੇਂ ਕਿ ਪਿਛਲੇ ਪਾਠ ਵਿੱਚ ਵੀ ਅਸੀਂ ਪੜ੍ਹਿਆ ਹੈ। ਧਰਤੀ ਦੇ ਸਮੁੱਚੇ ਤੌਰ ਤੇ ਤਿੰਨ ਖੋਲ-ਥਲ-ਮੰਡਲ-ਧਰਤੀ ਦਾ ਚਾਪੜ, ਮੈਂਟਲ ਅਤੇ ਕੇਂਦਰੀ ਭਾਗ ਹਨ। ਜਿੰਨਾਂ ਨੂੰ ਆਮ ਕਰਕੇ 'ਸਿਆਲ' (SIAL) 'ਸੀਮਾ' (SIMA) ਅਤੇ 'ਨਾਈਫ' (NIFE) ਤਹਿਆਂ ਆਖਦੇ ਹਨ।

ਥਲ-ਮੰਡਲ, ਇਸ ਵਿੱਚ ਧਰਤੀ ਦਾ ਚਾਪੜ ਜਾਂ ਪੇਪੜੀ, ਜਿਸ ਨੂੰ ਸਿਆਲ ਆਖਦੇ ਹਨ। ਇਸ ਭਾਗ




ਚਿੱਤਰ 2.1 ਧਰਤੀ ਦੇ ਅੰਦਰੂਨੀ ਭਾਗ




ਚਿੱਤਰ 2.2 ਧਰਤੀ ਦੇ ਅੰਦਰੂਨੀ ਭਾਗ ਦਾ ਚਿੱਤਰ

ਦੀ ਆਮ ਮੋਟਾਈ 100 ਕਿਲੋਮੀਟਰ ਲਗਪਗ ਹੈ। ਇਸ ਵਿੱਚ ਸਿਲੀਕਾਨ ਅਤੇ ਐਲੂਮੀਨੀਅਮ ਦੇ ਵਧੇਰੇ ਤੱਤ ਹੁੰਦੇ ਹਨ। ਇਸ ਕਰਕੇ ਹੀ ਇਸਨੂੰ 'ਸਿਆਲ' ਦੇ ਨਾਂ ਨਾਲ਼ ਜਾਣਦੇ ਹਨ। ਜਿਵੇਂ ਸਿਆਲ (SIAL) ਦਾ ਸ਼ਾਬਦਿਕ ਅਰਥ Si = Silicon, Al = Aluminium ਹੁੰਦੇ ਹਨ। ਇਸਦੀ ਉਪਰਲੀ ਪਰਤ ਜਿਸਦੀ ਮੋਟਾਈ ਸਮੁੰਦਰ ਤਲ ਤੇ 4-7 ਕਿਲੋਮੀਟਰ, ਮਹਾਂਦੀਪੀ ਭਾਗ ਤੇ ਔਸਤਨ 35 ਕਿਲੋਮੀਟਰ ਅਤੇ ਪਹਾੜਾਂ ਤੇ ਇਸ ਦੀ ਪਰਤ 70 ਕਿਲੋਮੀਟਰ ਹੁੰਦੀ ਹੈ। ਇਸ ਦੀ ਸੱਭ ਤੋਂ ਉਪਰਲੀ ਪਰਤ ਚਟਾਨਾਂ ਅਤੇ ਮਿੱਟੀ ਦੀ ਬਣੀ ਹੋਈ ਹੈ।

**ਮੈਂਟਲ ਭਾਗ —** ਧਰਤੀ ਦੀ ਉਪਰਲੀ ਪਰਤ ਦੇ ਹੇਠਾਂ ਵਲ ਮੈਂਟਲ ਭਾਗ ਹੈ। ਜਿਸਦੀ ਔਸਤਨ ਮੋਟਾਈ 2900 ਕਿਲੋਮੀਟਰ ਹੈ। ਅਰਥਾਤ ਇਹ ਧਰਤੀ ਦੇ ਧੁਰ ਅੰਦਰ 2900 ਕਿਲੋਮੀਟਰ ਦੀ ਦੂਰੀ ਤੱਕ ਹੈ। ਧਰਤੀ ਦੀ ਇਹ ਪਰਤ ਵੀ ਸਾਰੇ ਸਥਾਨਾਂ ਤੇ ਇਕੋ ਜਿਹੀ ਮੋਟੀ ਨਹੀਂ ਹੈ। ਇਸਨੂੰ ਵੀ ਅੱਗੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ– ਉਪਰਲਾ ਮੈਂਟਲ ਭਾਗ ਅਤੇ ਹੇਠਲਾ ਮੈਂਟਲ ਭਾਗ। ਉਪਰਲਾ ਮੈਂਟਲ ਭਾਗ ਧਰਤੀ ਦੇ ਅੰਦਰ 700 ਕਿਲੋਮੀਟਰ ਤੱਕ ਦੀ ਦੂਰੀ ਤੱਕ ਹੈ। ਇਸ ਮੈਂਟਲ ਭਾਗ ਨੂੰ ਸੀਮਾ (SIMA) ਆਖਦੇ ਹਨ। ਧਰਤੀ ਦੀ ਇਸ ਪਰਤ ਵਿੱਚ ਸੀਲੀਕਾਨ ਅਤੇ ਮੈਗਨੀਸ਼ੀਅਮ ਦੇ ਤੱਤ ਵਧੇਰੇ ਹੋਣ ਕਰਕੇ ਇਸਨੂੰ 'ਸੀਮਾ' (SIMA) ਆਖਦੇ ਹਨ, ਕਿਉਂਕਿ ਸੀਮਾ (SIMA) ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ SI = Silicon, Mg = Magnesium.

**ਕੇਂਦਰੀ ਭਾਗ —** ਧਰਤੀ ਦਾ ਸਭ ਤੋਂ ਅੰਦਰੂਨੀ ਭਾਗ, ਕੇਂਦਰੀ ਭਾਗ ਅਖਵਾਉਂਦਾ ਹੈ। ਇਸ ਦੀ ਮੋਟਾਈ ਲਗਪਗ 3470 ਕਿਲੋਮੀਟਰ ਤੱਕ ਹੈ। ਇਸਦੇ ਵੀ ਦੋ ਭਾਗ ਹਨ - ਬਾਹਰਲਾ ਕੇਂਦਰੀ ਭਾਗ ਅਤੇ ਅੰਦਰਲਾ ਕੇਂਦਰੀ ਭਾਗ। ਇਸ ਕੇਂਦਰੀ ਭਾਗ ਨੂੰ 'ਨਾਈਫ' ਆਖਦੇ ਹਨ। ਇਸ ਵਿੱਚ ਨਿਕੱਲ ਅਤੇ ਲੋਹ ਤੱਤ ਵਧੇਰੇ ਮਾਤਰਾ ਵਿੱਚ ਪਾਏ ਜਾਂਦੇ ਹਨ। ਜਦੋਂ ਲਾਵਾ ਜ਼ਮੀਨੀ ਭਾਗ ਤੇ ਬਾਹਰ ਨਿਕਲਦਾ ਹੈ ਤਾਂ ਪਹਾੜ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਵੇਂ, ਜਾਪਾਨ ਦਾ ਫਿਊਜੀਯਾਮਾ ਪਹਾੜ ਇਸਦੀ ਇਕ ਵਧੀਆ ਉਦਾਹਰਨ ਹੈ।



*ਚਿੱਤਰ 2.3 ਫਿਊਜੀਯਾਮਾ ਪਹਾੜ (ਜਾਪਾਨ)*

**ਚਟਾਨ** : ਉਨ੍ਹਾਂ ਸਾਰੇ ਪਦਾਰਥਾਂ ਨੂੰ ਜਿਨ੍ਹਾਂ ਤੋਂ ਧਰਤੀ ਦਾ ਚਾਪੜ ਬਣਿਆ ਹੋਇਆ ਉਸਨੂੰ ਚਟਾਨ ਆਖਦੇ ਹਨ।

ਧਰਤੀ ਦੀ ਪਰਤ ਕਈ ਚੱਟਾਨਾਂ ਅਤੇ ਖਣਿਜ ਪਦਾਰਥਾਂ ਦੀ ਬਣੀ ਹੈ। ਆਉ, ਹੁਣ ਅਸੀਂ ਇਨ੍ਹਾਂ ਚਟਾਨਾਂ ਬਾਰੇ ਜਾਣਕਾਰੀ ਪ੍ਰਾਪਤ ਕਰੀਏ।

**ਚਟਾਨਾਂ ਦਾ ਵਰਗੀਕਰਨ —** ਚਟਾਨਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ। ਇਨ੍ਹਾਂ ਦਾ ਵਰਗੀਕਰਨ ਵੀ ਕਈ ਆਧਾਰਾਂ ਤੇ ਕੀਤਾ ਜਾਂਦਾ ਹੈ।

**ਨਿਰਮਾਣ ਦੇ ਆਧਾਰ ਤੇ** : ਸੱਭ ਤੋਂ ਮਹੱਤਵਪੂਰਨ ਅਤੇ ਪ੍ਰਚਲਤ ਵਰਗੀਕਰਨ ਚਟਾਨਾਂ ਦੇ ਨਿਰਮਾਣ ਦੇ ਆਧਾਰ ਤੇ ਕੀਤਾ ਜਾਂਦਾ ਹੈ। ਇਸ ਆਧਾਰ ਤੇ ਚਟਾਨਾਂ ਹੇਠ ਲਿਖੇ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ।

(ੳ) ਅਗਨੀ ਚਟਾਨਾਂ – Igneous Rocks
(ਅ) ਤਹਿਦਾਰ ਚਟਾਨਾਂ – Sedimentary Rocks
(ੲ) ਰੂਪਾਂਤਰਿਤ ਚਟਾਨਾਂ – Metamorphic Rocks

**(ੳ) ਅਗਨੀ ਚਟਾਨਾਂ (Igneous Rocks)** - ਅਗਨੀ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਇਗਨੀਸ, ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ 'ਅੱਗ'। ਇਥੇ ਅਗਨੀ ਸ਼ਬਦ ਤੋਂ ਭਾਵ ਉੱਚੇ ਤਾਪਮਾਨ ਤੋਂ ਹੈ। ਇਸ ਤਰ੍ਹਾਂ ਅਗਨੀ ਚਟਾਨਾਂ ਉਹ ਚਟਾਨਾਂ ਹਨ, ਜਿਨ੍ਹਾਂ ਦਾ ਨਿਰਮਾਣ ਪ੍ਰਿਥਵੀ ਦੇ ਅੰਦਰੂਨੀ ਭਾਗ ਵਿੱਚ ਮਿਲਦੇ ਅਤਿਅੰਤ ਗਰਮ ਅਤੇ ਪਿਘਲੇ ਹੋਏ ਤਰਲ (ਲਾਵੇ) ਦੇ **ਠੰਢਾ** ਹੋ ਕੇ ਠੋਸ ਹੋਣ ਨਾਲ਼ ਹੋਇਆ ਹੈ। ਇਸ ਗਰਮ ਤਰਲ ਨੂੰ ਮੈਗਮਾਂ ਆਖਦੇ ਹਨ। ਇਹ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :—

(I) ਅੰਤਰਵੇਧੀ ਅਗਨੀ ਚਟਾਨਾਂ (Intrusive Igneous Rocks)
(II) ਬਾਹਰ ਵੇਧੀ ਅਗਨੀ ਚਟਾਨਾਂ (Extrusive Igneous Rocks)

**(I) ਅੰਤਰਵੇਧੀ ਅਗਨੀ ਚਟਾਨਾਂ (Intrustive Igneous Rocks)** : ਜਦੋਂ ਇਹ ਗਰਮ ਤਰਲ ਪਦਾਰਥ ਧਰਤੀ ਤੇ ਸਤਹ ਦੇ ਉੱਤੇ ਆ ਜਾਂਦਾ ਹੈ ਤਾਂ ਇਸ ਨੂੰ ਲਾਵਾ ਆਖਦੇ ਹਨ। ਮੈਗਮਾ ਦੇ ਧਰਤੀ ਦੇ ਅੰਦਰ ਹੀ ਹੌਲੀ-ਹੌਲੀ **ਠੰਢਾ** ਹੋ ਕੇ ਬਨਣ ਵਾਲੀ ਚਟਾਨਾਂ ਨੂੰ ਅੰਤਰਵੇਧੀ (Intrusive) ਅਗਨੀ ਚਟਾਨਾਂ ਆਖਦੇ ਹਨ।

**ਅੰਤਰਵੇਦੀ ਅਗਨੀ ਚਟਾਨਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :—**

(i) ਪਾਤਾਲੀ ਅਗਨੀ ਚਟਾਨਾਂ (ii) ਮੱਧਵਰਤੀ ਅਗਨੀ ਚਟਾਨਾਂ

**(i) ਪਾਤਾਲੀ ਅਗਲੀ ਚਟਾਨਾਂ** - ਜਦੋਂ ਪ੍ਰਿਥਵੀ ਦਾ ਗਰਮ ਮੈਗਮਾ ਪ੍ਰਿਥਵੀ ਦੇ ਅੰਦਰ ਬਹੁਤ ਡੂੰਘਾਈ ਤੇ ਹੌਲ਼ੀ-ਹੌਲ਼ੀ **ਠੰਢਾ** ਹੋ ਕੇ ਸਖ਼ਤ ਰੂਪ ਧਾਰਨ ਕਰ ਲੈਂਦਾ ਹੈ ਤਾਂ ਪਾਤਾਲੀ ਅਗਨੀ ਚਟਾਨਾਂ ਦਾ ਨਿਰਮਾਣ ਹੁੰਦਾ ਹੈ। ਗ੍ਰੇਨਾਈਟ ਅਤੇ ਗੈਬਰੋ ਇਸ ਦੀਆਂ ਪ੍ਰਸਿੱਧ ਉਦਾਹਰਨਾਂ ਹਨ। ਪ੍ਰਿਥਵੀ ਦੀਆਂ ਅੰਦਰੂਨੀ ਹਲਚਲਾਂ ਦੇ ਕਾਰਨ ਹੀ ਇਹ ਚਟਾਨਾਂ ਧਰਤੀ ਦੀ ਸਤਹ ਤੋਂ ਬਾਹਰ ਆ ਜਾਂਦੀਆਂ ਹਨ। ਭਾਰਤ ਵਿੱਚ ਰਾਂਚੀ ਦਾ ਪਠਾਰ ਅਤੇ ਸਿੰਘਭੂਮ ਦੀਆਂ ਚਟਾਨਾਂ ਗ੍ਰੇਨਾਈਟ ਚਟਾਨਾਂ ਦੀਆਂ ਵਧੀਆ ਉਦਾਹਰਨਾਂ ਹਨ।

(ii) ਮੱਧਵਰਤੀ ਅਗਨੀ ਚਟਾਨਾਂ - ਕਦੀ-ਕਦੀ ਪ੍ਰਿਥਵੀ ਦੇ ਅੰਦਰਲਾ ਮੈਗਮਾ ਭੂ-ਸਤਹ ਤੇ ਨਾ ਆ ਕੇ ਸਗੋਂ ਅੰਦਰ ਹੀ ਧਰਤੀ ਦੀਆਂ ਤਰੇੜਾਂ ਵਿੱਚ ਠੰਢਾ ਹੋ ਕੇ ਜੰਮ ਜਾਂਦਾ ਹੈ। ਇਸ ਤਰ੍ਹਾਂ ਬਣੀਆਂ ਚਟਾਨਾਂ ਮੱਧਵਰਤੀ ਅਗਨੀ ਚਟਾਨਾਂ ਅਖਵਾਉਂਦੀਆਂ ਹਨ। ਜਿਵੇਂ ਡਾਈਕ, ਸਿਲ, ਡੋਲੇਰਾਈਟ ਆਦਿ।

(II) ਬਾਹਰ ਵੇਧੀ ਅਗਨੀ ਚਟਾਨਾਂ (Extrusive Igneous Rocks) - ਜਦੋਂ ਧਰਤੀ ਅੰਦਰਲਾ ਮੈਗਮਾ ਬਹੁਤ ਜ਼ਿਆਦਾ ਹੋ ਜਾਂਦਾ ਹੈ ਤਾਂ ਧਰਤੀ ਦੀ ਪੋਲੀ ਸਤਹ ਤੋਂ ਬਾਹਰ ਵਲ ਜ਼ੋਰ ਨਾਲ਼ ਨਿਕਲਦਾ ਹੈ। ਇਹ ਮੈਗਮਾ ਬਾਹਰ ਧਰਤੀ ਦੀ ਸਤਿਹ ਤੇ ਠੰਢਾ ਹੋ ਜਾਂਦਾ ਹੈ। ਇਸ ਤਰ੍ਹਾਂ ਬਣਨ ਵਾਲੀਆਂ ਚਟਾਨਾਂ ਨੂੰ ਬਾਹਰ ਵੇਧੀ ਅਗਨੀ (ਜਵਾਲਾਮੁਖੀ) ਚਟਾਨਾਂ ਆਖਦੇ ਹਨ। ਬੇਸਾਲਟ ਅਤੇ ਰਾਉਲਾਈਟ ਪ੍ਰਸਿੱਧ ਅਗਨੀ (ਜੁਆਲਾਮੁਖੀ) ਚਟਾਨਾਂ ਹਨ। ਭਾਰਤ ਵਿੱਚ ਦੱਖਣੀ ਪਠਾਰ ਅਗਨੀ (ਜੁਆਲਾਮੁਖੀ) ਚਟਾਨਾਂ ਤੋਂ ਬਣੀ ਹੈ।

ਸਾਰੀਆਂ ਅਗਨੀ ਚਟਾਨਾਂ ਰਵੇਦਾਰ ਪਿੰਡਾਂ ਵਿੱਚ ਪਾਈਆਂ ਜਾਂਦੀਆਂ ਹਨ। ਇਸ ਲਈ ਇਨ੍ਹਾਂ ਵਿੱਚ ਤਹਿਆਂ ਜਾਂ ਪਰਤਾਂ ਨਹੀਂ ਹੁੰਦੀਆਂ। ਅਗਨੀ ਚਟਾਨਾਂ ਨੂੰ ਪ੍ਰਾਥਮਿਕ ਚਟਾਨਾਂ ਕਿਹਾ ਜਾਂਦਾ ਹੈ। ਕਿਉਂਕਿ ਪ੍ਰਿਥਵੀ ਤੇ ਸੱਭ ਤੋਂ ਪਹਿਲਾਂ ਇਨ੍ਹਾਂ ਦਾ ਨਿਰਮਾਣ ਹੋਇਆ ਸੀ। ਇਨ੍ਹਾਂ ਚਟਾਨਾਂ ਵਿੱਚ ਬਨਸਪਤੀ ਅਤੇ ਜੀਵ ਜੰਤੂਆਂ ਦੇ ਅਵਸ਼ੇਸ਼ ਵੀ ਨਹੀਂ ਪਾਏ ਜਾਂਦੇ। ਅਗਨੀ ਚਟਾਨਾਂ ਪ੍ਰਿਥਵੀ ਦੀ ਬਾਹਰਲੀ ਪਰਤ (Crust) ਦਾ ਲਗਪਗ 2/3 (ਦੋ-ਤਿਹਾਈ) ਹਿੱਸਾ ਬਣਾਉਂਦੀਆਂ ਹਨ।

(ਅ) ਤਹਿਦਾਰ ਜਾਂ ਤਲਛਟੀ ਚਟਾਨਾਂ (Sedimentary Rocks) - ਇਹ ਚਟਾਨਾਂ ਅਨੁਛਾਦਨ (Denudation) ਦੇ ਕਾਰਕਾਂ ਜਿਵੇਂ :- ਵਹਿੰਦਾ ਪਾਣੀ, ਹਵਾ, ਹਿਮਨਦੀ ਆਦਿ ਦੁਆਰਾ ਲਿਆਂਦੀ ਗਈ ਸੱਮਗਰੀ ਦੇ ਨੀਵੀਆਂ ਥਾਵਾਂ ਉੱਤੇ ਪਰਤਾਂ ਦੇ ਰੂਪ ਵਿੱਚ ਜਮ੍ਹਾਂ ਹੋਣ ਨਾਲ਼ ਬਣਦੀਆਂ ਹਨ। ਇਹ ਜਮਾਉ ਆਮ ਕਰਕੇ ਨੀਵੀਆਂ ਥਾਵਾਂ ਜਿਵੇਂ ਝੀਲਾਂ, ਨਦੀਆਂ, ਮਹਾਂਦੀਪਾਂ ਦੇ ਨਾਲ਼ ਲਗਦੇ ਸਮੁੰਦਰਾਂ ਆਦਿ ਦੀ ਸਤਿਹ ਤੇ ਹੁੰਦਾ ਹੈ। ਜਮਾਉ ਦੀ ਇਹ ਕਿਰਿਆ ਲੱਖਾਂ ਸਾਲ ਚਲਦੀ ਰਹਿੰਦੀ ਹੈ। ਜਿਸ ਨਾਲ਼ ਇਹ ਚਟਾਨੀ ਮਾਦਾ ਪਰਤ ਦਰ ਪਰਤ ਜਮ੍ਹਾਂ ਹੁੰਦਾ ਜਾਂਦਾ ਹੈ ਅਤੇ ਅਤਿਅੰਤ ਦਬਾਉ ਦੇ ਕਾਰਨ ਕਠੋਰ ਹੋ ਕੇ, ਆਂਤਰਿਕ ਜਾਂ ਰਸਾਇਣਿਕ ਕਿਰਿਆਵਾਂ ਦੁਆਰਾ ਤਹਿਦਾਰ ਚਟਾਨਾਂ ਨੂੰ ਜਨਮ ਦਿੰਦਾ ਹੈ। ਜਿਵੇਂ :- ਭਾਰਤ ਵਿੱਚ ਗੰਗਾ ਸਤਲੁਜ ਦਾ ਮੈਦਾਨ।

(ੲ) ਰੂਪਾਂਤਰਿਤ ਚਟਾਨਾਂ (Metamorphic Rocks)

"ਮੈਟਾਮਾਰਫਿਕ" ਸ਼ਬਦ ਗ੍ਰੀਕ ਭਾਸ਼ਾ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ— ਮੈਟਾ ਭਾਵ ਬਦਲਾਵ ਅਤੇ ਮਾਰਫ ਅਰਥਾਤ ਰੂਪ। ਇਸ ਤਰ੍ਹਾਂ ਇਸ ਵਰਗ ਵਿੱਚ ਉਹ ਚਟਾਨਾਂ ਆਉਂਦੀਆਂ ਹਨ, ਜੋ ਆਪਣੇ ਅਸਲ ਰੂਪ ਤੋਂ ਬਦਲ ਚੁੱਕੀਆਂ ਹਨ। ਧਰਤੀ ਵਿੱਚ ਪਾਏ ਜਾਣ ਵਾਲੇ ਤਾਪ ਅਤੇ ਦਬਾਉ ਜਾਂ ਦੋਨਾਂ ਦੇ ਸੰਯੁਕਤ ਪ੍ਰਭਾਵ ਦੇ ਕਾਰਨ ਅਗਨੀ ਅਤੇ ਤਹਿਦਾਰ ਚਟਾਨਾਂ ਦੇ ਰੰਗ, ਰੂਪ, ਸਰੰਚਨਾ, ਕਠੋਰਤਾ ਆਦਿ ਵਿੱਚ ਬਦਲਾਵ ਆ ਜਾਂਦੇ ਹਨ। ਇਨ੍ਹਾਂ ਪਰਿਵਰਤਨਾਂ ਦੇ ਕਾਰਨ ਮੂਲ ਰੂਪ ਤੋਂ ਬਦਲੀਆਂ ਹੋਈਆਂ, ਇਨ੍ਹਾਂ ਚਟਾਨਾਂ ਨੂੰ ਰੂਪਾਂਤਰਿਤ ਚਟਾਨਾਂ ਆਖਦੇ ਹਨ। ਰੂਪਾਂਤਰਨ ਦੋ ਪ੍ਰਕਾਰ ਦਾ ਹੁੰਦਾ ਹੈ, ਤਾਪੀ ਅਤੇ ਖੇਤਰੀ।

(i) ਤਾਪੀ ਰੂਪਾਂਤਰਨ — ਜਦੋਂ ਮੈਗਮਾ ਦਰਾਰਾਂ ਅਤੇ ਨਾਲ਼ੀਆਂ ਆਦਿ ਵਿੱਚ ਵਹਿੰਦਾ ਹੋਇਆ, ਚਟਾਨਾਂ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਆਪਣੇ ਉੱਚੇ ਤਾਪਮਾਨ ਦੇ ਕਾਰਨ, ਉਨ੍ਹਾਂ ਨੂੰ ਪਕਾ ਦਿੰਦਾ ਹੈ। ਇਸ ਨੂੰ ਤਾਪੀ ਰੂਪਾਂਤਰਨ ਕਹਿੰਦੇ ਹਨ।

**(ii) ਖੇਤਰੀ ਰੂਪਾਂਤਰਨ —** ਕਿਸੇ ਵੱਡੇ ਖੇਤਰ ਵਿੱਚ ਉੱਪਰੀ ਚਟਾਨਾਂ ਦੇ ਅਤਿਅੰਤ ਦਬਾਓ ਦੇ ਕਾਰਨ ਚਟਾਨਾਂ ਦੇ ਮੂਲ ਰੂਪ ਵਿੱਚ ਜੋ ਬਦਲਾਅ ਹੁੰਦਾ ਹੈ। ਉਸਨੂੰ ਖੇਤਰੀ ਰੂਪਾਂਤਰਨ ਆਖਦੇ ਹਨ।

(ਰੂਪਾਂਤਰਿਤ) ਚਟਾਨਾਂ ਵਿੱਚ ਮੂਲ ਚਟਾਨਾਂ ਦੇ ਕੁਝ ਗੁਣ ਜ਼ਰੂਰ ਬਣੇ ਰਹਿੰਦੇ ਹਨ, ਜਿਵੇਂ ਪਰਤਦਾਰ ਮੂਲ ਚਟਾਨ ਤੋਂ ਬਣੀ ਰੂਪਾਂਤਰਿਤ ਚਟਾਨ ਪਰਤਦਾਰ ਹੀ ਰਹੇਗੀ। ਭਾਰਤ ਵਿੱਖੇ ਦੱਖਣੀ ਪਠਾਰ ਦੀਆਂ ਚਟਾਨਾਂ ਅਧਿਕਤਰ ਰੂਪਾਂਤਰਿਤ ਚਟਾਨਾਂ ਹੀ ਹਨ। ਰੂਪਾਂਤਰਿਤ ਚਟਾਨਾਂ ਦੇ ਕੁਝ ਮਹੱਤਵਪੂਰਨ ਉਦਾਹਰਨ ਹੇਠ ਲਿਖੇ ਹਨ।

| ਮੂਲ ਅਗਨੀ ਚਟਾਨ | ਰੂਪਾਂਤਰਿਤ ਚਟਾਨ |
|---|---|
| (ੳ) ਅਬਰਕ | ਸ਼ਿਸ਼ਟ |
| (ਅ) ਗ੍ਰੇਨਾਈਟ | ਨਾਈਸ |
| (ੲ) ਬਿਟੂਮਿਨਸ ਕੋਲਾ | ਐਂਥਰਾਸਾਈਟ ਕੋਲਾ |
| (ਸ) ਗੈਬਰੋ | ਸਰਪੈਨਟਾਈਨ |
| **ਮੂਲ ਤਹਿਦਾਰ ਚਟਾਨ** | **ਰੂਪਾਂਤਰਿਤ ਚਟਾਨ** |
| (ੳ) ਰੇਤ ਪੱਥਰ | ਕਵਾਰਟਜ਼ਾਇਟ |
| (ਅ) ਚੂਨਾ ਪੱਥਰ | ਸੰਗਮਰਮਰ |
| (ੲ) ਸ਼ੈਲ | ਸਲੇਟ |
| (ਸ) ਸਲੇਟ | ਫਾਈਲਾਈਟ |
| (ਹ) ਪੀਟ | ਕੋਲਾ |

ਇਸ ਪ੍ਰਕਾਰ ਜਿਹੜੀਆਂ ਰੂਪਾਂਤਰਿਤ ਚਟਾਨਾਂ ਅਗਨੀ ਚਟਾਨਾਂ ਤੋਂ ਬਣੀਆਂ ਹੁੰਦੀਆਂ ਹਨ ਉਨ੍ਹਾਂ ਦੇ ਗੁਣ ਅਗਨੀ ਚਟਾਨਾਂ ਵਰਗੇ ਹੁੰਦੇ ਹਨ। ਜਿਹੜੀਆਂ ਰੂਪਾਂਤਰਿਤ ਚਟਾਨਾਂ ਤਹਿਦਾਰ ਚਟਾਨਾਂ ਤੋਂ ਬਣੀਆਂ ਹੁੰਦੀਆਂ ਹਨ। ਉਨ੍ਹਾਂ ਦੇ ਗੁਣ ਤਹਿਦਾਰ ਚਟਾਨਾਂ ਵਰਗੇ ਹੁੰਦੇ ਹਨ।

## ਮਿੱਟੀ

ਮਿੱਟੀ ਇੱਕ ਬਹੁਤ ਮਹੱਤਵਪੂਰਨ ਭੂਮੀ ਸਾਧਨ ਹੈ। ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਹੀ ਇਸ ਦਾ ਮਹੱਤਵ ਹੈ। ਘੱਟ-ਉਪਜਾਊ ਮਿੱਟੀ ਦਾ ਬਹੁਤਾ ਲਾਭ ਨਹੀਂ। ਉਪਜਾਊ ਮਿੱਟੀ ਸਦਾ ਮਨੁੱਖ ਨੂੰ ਖਿੱਚ ਪਾਉਂਦੀ ਰਹੀ ਹੈ ਕਿਉਂਕਿ ਮਨੁੱਖ ਨੂੰ ਭੋਜਨ ਵਸਤਾਂ ਇਸੇ ਤੋਂ ਪ੍ਰਾਪਤ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਮਨੁੱਖ ਪ੍ਰਾਰੰਭ ਤੋਂ ਹੀ ਉਪਜਾਊ ਧਰਤੀਆਂ ਤੇ ਰਹਿਣਾ ਪਸੰਦ ਕਰਦਾ ਰਿਹਾ ਹੈ। ਪੁਰਾਤਨ ਸਭਿਅਤਾਵਾਂ ਦਾ ਜਨਮ ਅਤੇ ਵਿਕਾਸ ਸੰਸਾਰ ਦੀਆਂ ਉਪਜਾਊ ਨਦੀ ਘਾਟੀਆਂ ਵਿੱਚ ਹੀ ਹੋਇਆ। ਕੀ ਤੁਸੀਂ ਪੁਰਾਤਨ ਸਭਿਆਤਾਵਾਂ ਨਾਲ਼ ਸੰਬੰਧਤ ਨਦੀ ਘਾਟੀਆਂ ਦੇ ਨਾਂ ਦੱਸ ਸਕਦੇ ਹੋ? ਸਿੰਧ, ਨੀਲ, ਦਜਲਾ-ਫਰਾਤ, ਯੰਗਸੀ ਘਾਟੀਆਂ ਦੀ ਉਪਜਾਊ ਮਿੱਟੀ ਸਦਕਾ ਹੀ ਇਹਨਾਂ ਵਿੱਚ ਸਭਿਅਤਾਵਾਂ ਦਾ ਵਿਕਾਸ ਹੋਇਆ। ਅੱਜ ਵੀ ਅਸੀਂ ਵੇਖਦੇ ਹਾਂ ਕਿ ਉਪਜਾਊ ਨਦੀ ਘਾਟੀਆਂ ਅਤੇ ਮੈਦਾਨਾਂ ਵਿੱਚ ਹੀ ਵਸੋਂ ਦਾ ਸੰਕੇਂਦਰਨ ਵਧੇਰੇ ਹੈ ਅਤੇ ਵਿਕਾਸ ਵਿੱਚ ਇਹ ਅੱਗੇ ਹਨ। ਇਸ ਪ੍ਰਕਾਰ ਉਪਜਾਊ ਮਿੱਟੀ ਦੇਸ ਦੀ ਵੱਡੀ ਸੰਪਤੀ ਹੈ। ਜਿਨ੍ਹਾਂ ਦੇਸਾਂ ਕੋਲ ਉਪਜਾਊ ਮਿੱਟੀ ਦਾ ਸਾਧਨ ਹੈ ਉਹਨਾਂ ਵਿੱਚ ਖੇਤੀ ਦਾ ਵਧੇਰੇ ਵਿਕਾਸ ਹੋਇਆ ਹੈ, ਤੇ ਇਸ ਦੇ ਆਧਾਰ ਤੇ ਉਹ ਚੰਗੇ ਅਮੀਰ ਬਣ

ਗਏ ਹਨ। ਭਾਰਤ ਆਪਣੀ ਉਪਜਾਊ ਮਿੱਟੀ ਸਦਕਾ ਹੀ ਏਨੀ ਵੱਡੀ ਵਸੋਂ ਲਈ ਭੋਜਨ ਪੈਦਾ ਕਰਨ ਵਿੱਚ ਸਮਰੱਥ ਹੋ ਸਕਿਆ ਹੈ।

**ਮਿੱਟੀ ਦੀ ਰਚਨਾ —** ਪਰਿਭਾਸ਼ਾ ਅਨੁਸਾਰ ਮਿੱਟੀ ਧਰਾਤਲ ਉੱਤਲਾ ਉਹ ਭਾਗ ਹੈ, ਜਿਹੜਾ ਚਟਾਨਾਂ ਦੀ ਟੁਟ ਭੱਜ ਤੋਂ ਬਣਦਾ ਹੈ। ਇਸ ਦੇ ਕਣ ਬਹੁਤ ਬਾਰੀਕ, ਮੁਲਾਇਮ ਅਤੇ ਨਿਖੜਵੇਂ ਹੁੰਦੇ ਹਨ ਤਾਂ ਕਿ ਪੌਦਿਆਂ ਦੀਆਂ ਜੜ੍ਹਾਂ ਇਸ ਵਿੱਚ ਸੌਖ ਨਾਲ਼ ਵਧ ਸਕਣ। ਮਿੱਟੀ ਲੰਬੇ ਸਮੇਂ ਤੱਕ ਭੌਤਿਕ, ਰਸਾਇਣਿਕ ਅਤੇ ਜੈਵਿਕ ਕਿਰਿਆਵਾਂ ਰਾਹੀਂ ਬਣਦੀ ਹੈ। ਮਿੱਟੀ ਬਣਨ ਦੀ ਕਿਰਿਆ ਬੜੀ ਹੌਲੀ ਹੈ ਅਤੇ ਉਪਰਲੀ ਖੇਤੀ ਯੋਗ ਪਤਲੀ ਪਰਤ ਨੂੰ ਬਣਨ ਲਈ ਹਜ਼ਾਰਾਂ ਸਾਲ ਲਗ ਜਾਂਦੇ ਹਨ। ਚਟਾਨੀਂ ਪਦਾਰਥ ਤੋਂ ਇਲਾਵਾ ਮਿੱਟੀ ਵਿੱਚ ਗਲੀ ਸੜੀ ਬਨਸਪਤੀ, ਕੀਟਾਣੂੰ ਆਦਿ ਵੀ ਸ਼ਾਮਿਲ ਹੁੰਦੇ ਹਨ। ਪੌਦੇ ਤੇ ਪੱਤੇ ਅਤੇ ਪਸ਼ੂਆਂ ਦਾ ਮਲ-ਮੂਤਰ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੇ ਹਨ। ਇਸ ਪ੍ਰਕਾਰ ਮਿੱਟੀ ਵਿੱਚ ਦੋ ਪ੍ਰਕਾਰ ਦੇ ਤੱਤ ਹੁੰਦੇ ਹਨ। ਇੱਕ **ਖਣਿਜ ਪਦਾਰਥ** ਅਤੇ ਦੂਜੇ **ਮੱਲੜ੍ਹ**। ਮਿੱਟੀ ਵਿੱਚ ਖਣਿਜ ਪਦਾਰਥ ਕਾਫ਼ੀ ਮਾਤਰਾ ਵਿੱਚ ਹੁੰਦੇ ਹਨ ਜੋ ਇਸ ਨੂੰ ਮੂਲ ਚਟਾਨ ਤੋਂ ਪ੍ਰਾਪਤ ਹੁੰਦੇ ਹਨ। ਬਨਸਪਤੀ ਅਤੇ ਹੋਰ ਜੀਵ-ਜੰਤੂਆਂ ਦੇ ਗਲੇ ਸੜੇ ਪਦਾਰਥ ਨੂੰ ਮੱਲੜ੍ਹ ਕਿਹਾ ਜਾਂਦਾ ਹੈ।

## ਮਿੱਟੀ ਦੀ ਰਚਨਾ


**ਮਿੱਟੀ ਦੀਆਂ ਕਿਸਮਾਂ —** ਸੰਸਾਰ ਵਿੱਚ ਅਨੇਕ ਪ੍ਰਕਾਰ ਦੀ ਮਿੱਟੀ ਮਿਲਦੀ ਹੈ। ਇਹਨਾਂ ਦੀ ਵੰਡ ਉਤਪਤੀ, ਬਣਤਰ ਅਤੇ ਜਲਵਾਯੂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਅਸਲ ਵਿੱਚ ਇਹੀ ਕਾਰਕ ਹਨ ਜੋ ਮਿੱਟੀ ਦੇ ਨਿਰਮਾਣ ਵਿੱਚ ਸਹਾਇਕ ਹੁੰਦੇ ਹਨ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਬਣਾਉਂਦੇ ਹਨ। ਜਿਸ ਮੂਲ ਚਟਾਨ ਤੋਂ ਮਿੱਟੀ ਬਣੀ ਹੁੰਦੀ ਹੈ ਉਸ ਦੇ ਗੁਣ ਮਿੱਟੀ ਵਿੱਚ ਆ ਜਾਂਦੇ ਹਨ। ਇਸ ਲਈ ਮੂਲ ਚਟਾਨ ਦਾ ਬਹੁਤ ਮਹੱਤਵ ਹੈ। ਮੂਲ ਚਟਾਨ ਦੇ ਅੰਸ਼ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਨਿਰਧਾਰਤ ਕਰਨ ਵਿੱਚ ਹਿੱਸਾ ਪਾਉਂਦੇ ਹਨ। ਇਸ ਤਰ੍ਹਾਂ ਮੂਲ ਚਟਾਨ ਵੀ ਆਪਣੇ ਆਪ ਵਿੱਚ ਇੱਕ ਸਾਧਨ ਹੈ।

ਨਦੀਆਂ, ਹਿਮ ਨਦੀਆਂ ਅਤੇ ਹਵਾ ਕਿਸੇ ਥਾਂ ਦੀ ਮਿੱਟੀ ਨੂੰ ਬਣਾਉਣ ਵਿੱਚ ਹਿੱਸਾ ਪਾਉਂਦੀਆਂ ਹਨ। ਨਦੀਆਂ ਜਿਥੇ ਪਾਣੀ ਦਾ ਇੱਕ ਮਹੱਤਵਪੂਰਨ ਸੋਮਾ ਹਨ, ਉਥੇ ਇਹ ਮਿੱਟੀ ਦੇ ਨਿਰਮਾਣ ਵਿੱਚ ਵੀ ਸਹਾਇਕ ਹਨ। ਨਦੀ ਘਾਟੀਆਂ ਅਤੇ ਡੈਲਟਿਆਂ ਵਿੱਚ ਉਪਜਾਊ ਜਲੌੜ ਮਿੱਟੀ ਮਿਲਦੀ ਹੈ ਜੋ ਕਿਸੇ ਦੇਸ ਦਾ ਬਹੁਤ ਹੀ ਉੱਘਾ ਸਾਧਨ ਹੈ। ਇਹ ਮਿੱਟੀ ਸੰਸਾਰ ਦੀ ਵੱਡੀ ਵਸੋਂ ਲਈ ਭੋਜਨ ਪ੍ਰਦਾਨ ਕਰਦੀ ਹੈ।

ਤੁਸੀਂ ਜਾਣਦੇ ਹੋ ਕਿ ਜਲਵਾਯੂ ਨਾਲ਼ ਬਨਸਪਤੀ ਬਦਲ ਜਾਂਦੀ ਹੈ ਅਤੇ ਬਨਸਪਤੀ ਦੀ ਕਿਸਮ ਅੱਗੇ ਮਿੱਟੀ ਨੂੰ ਪ੍ਰਭਾਵਿਤ ਕਰਦੀ ਹੈ। ਭਿੰਨ-ਭਿੰਨ ਪ੍ਰਕਾਰ ਦੀ ਜਲਵਾਯੂ ਵਿੱਚ ਨਮੀ ਦੇ ਵਖਰੇਂਵੇਂ ਕਾਰਨ ਮਿੱਟੀ ਦੀ ਬਣਤਰ ਅਤੇ ਉਪਜਾਊ ਸ਼ਕਤੀ ਵਿੱਚ ਭਿੰਨਤਾ ਆ ਜਾਂਦੀ ਹੈ। ਇਸ ਆਧਾਰ ਤੇ ਬਹੁਤਾ ਸਮਾਂ ਬਰਫ਼ ਨਾਲ਼ ਢੱਕੀ ਰਹਿਣ ਵਾਲੀ ਟੁੰਡਰਾ ਦੀ ਮਿੱਟੀ, ਠੰਡੇ ਅਤੇ ਵਤਰੀਲੇ ਖੰਡਾਂ ਦੀ ਪੌਡਜੋਲ ਮਿੱਟੀ, ਸ਼ੀਤ ਊਸ਼ਣ ਘਾਹ ਖੇਤਰਾਂ ਦੀ ਕਾਲੀ ਮਿੱਟੀ ਜਾਂ ਚਰਨੋਜ਼ਮ ਮਿੱਟੀ, ਸ਼ੀਤ ਊਸ਼ਣ ਖੁਸ਼ਕ ਭਾਗਾਂ ਦੀ ਅਖਰੋਟ ਰੰਗੀ ਜਾਂ ਚੈਸਟਨਟ ਮਿੱਟੀ, ਖੁਸ਼ਕ ਰੇਤਲੇ ਖੇਤਰਾਂ ਦੀ ਮਾਰੂਥਲੀ ਮਿੱਟੀ, ਪੱਤਝੜੀ ਜੰਗਲਾਂ ਦੀ ਭੂਰੀ ਮਿੱਟੀ, ਊਸ਼ਣ ਖੰਡੀ ਲਾਲ ਮਿੱਟੀ ਆਦਿ ਮਿੱਟੀ ਦੀਆਂ ਮੁੱਖ ਕਿਸਮਾਂ ਹਨ। ਇਹਨਾਂ ਵਿੱਚੋਂ ਕਾਲੀ ਮਿੱਟੀ ਬਹੁਤ ਉਪਜਾਊ ਹੁੰਦੀ ਹੈ। ਭਾਰਤ ਦੇ ਰਾਜਸਥਾਨ ਪ੍ਰਾਂਤ ਵਿੱਚ ਗੰਗਾ ਨਗਰ ਖੇਤਰ ਵਿੱਚ ਨਹਿਰੀ ਪਾਣੀ ਪੁੱਜਣ ਨਾਲ਼ ਇਹ ਰੇਤਲਾ ਇਲਾਕਾ ਬਹੁਤ ਉਪਜਾਊ ਬਣ ਗਿਆ ਹੈ।

ਯੂਰੇਸ਼ੀਆ ਦੇ ਸਟੈਪੀ, ਉੱਤਰੀ ਅਮਰੀਕਾ ਦੇ ਪ੍ਰੈਅਰੀਜ਼ ਅਤੇ ਅਰਜਨਟੀਨਾ ਦੇ ਪੰਪਾਜ਼ ਖੇਤਰਾਂ ਦੀ ਮਿੱਟੀ ਦਾ ਇੱਕ ਸਾਧਨ ਵਜੋਂ ਮਹੱਤਵ ਉਸ ਸਮੇਂ ਤੋਂ ਹੋਇਆ ਹੈ ਜਦੋਂ ਖੇਤੀ ਦਾ ਮਸ਼ੀਨੀਕਰਨ ਵੱਡੀ ਪੱਧਰ ਤੇ ਆਰੰਭ ਹੋਇਆ ਹੈ। ਇਹ ਵਿਸ਼ਾਲ ਖੇਤਰ ਲੰਬੇ ਸਮੇਂ ਤੱਕ ਕੇਵਲ ਪਸ਼ੂ ਚਾਰਨ ਲਈ ਵਰਤੇ ਜਾਂਦੇ ਰਹੇ ਸਨ। ਅੱਜ ਇਹ ਅਨਾਜ ਦੇ ਬਹੁਤ ਵੱਡੇ-ਵੱਡੇ ਭੰਡਾਰ ਬਣ ਗਏ ਹਨ।

ਭਾਰਤ ਵਿੱਚ ਹੇਠ ਦਿੱਤੇ ਪ੍ਰਕਾਰ ਦੀਆਂ ਮਿੱਟੀਆਂ ਮਿਲਦੀਆਂ ਹਨ :-




*ਚਿੱਤਰ 2.4 ਭਾਰਤ ਦੀ ਮਿੱਟੀ*

## 1. ਜਲੋਢ ਮਿੱਟੀ

ਜਲ੍ਹੋਢ ਮਿੱਟੀ ਦਾ ਨਿਰਮਾਣ ਦਰਿਆਵਾਂ ਦੁਆਰਾ ਲਿਆਂਦੀ ਗਈ ਮਹੀਨ ਗਾਧ ਜਾਂ ਬਰੀਕ ਮਿੱਟੀ ਦੇ ਨਿਖੇਪਣ (Deposition) ਨਾਲ਼ ਹੁੰਦਾ ਹੈ। ਇਹ ਸੰਸਾਰ ਦੀਆਂ ਸਭ ਤੋਂ ਉਪਜਾਊ ਮਿੱਟੀ-ਕਿਸਮਾਂ ਵਿੱਚੋਂ ਇੱਕ ਹੈ। ਭਾਰਤ ਦੇ ਉੱਤਰੀ ਮੈਦਾਨ ਅਤੇ ਪ੍ਰਾਇਦੀਪੀ ਭਾਰਤ ਦੇ ਦਰਿਆਵਾਂ ਦੇ ਡੈਲਟਾ ਪ੍ਰਦੇਸ਼ਾਂ ਵਿੱਚ ਪਾਏ ਜਾਣ ਕਰਕੇ ਇਸ ਨੂੰ ਡੈਲਟਾਈ ਮਿੱਟੀ ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਭਾਰਤ ਦੇ ਲਗਪਗ 55 ਪ੍ਰਤੀਸ਼ਤ ਭਾਗ ਤੇ ਫੈਲੀ ਹੋਈ ਇਸ ਮਿੱਟੀ ਦਾ ਹਰ ਸਾਲ ਨਵੀਨੀਕਰਣ ਹੁੰਦਾ ਰਹਿੰਦਾ ਹੈ। ਗੰਗਾ-ਬ੍ਰਹਮਪੁੱਤਰ ਦਰਿਆਵਾਂ ਦੇ ਡੈਲਟਾ ਪ੍ਰਦੇਸ਼ ਜਾਂ ਹੜ੍ਹ ਦੇ ਮੈਦਾਨਾਂ ਵਿੱਚ ਤੁਲਨਾਤਮਕ ਤੌਰ ਤੇ ਨਵੀਂ ਜਲੋਢ ਦੁਆਰਾ ਨਿਰਮਿਤ ਮਿੱਟੀ ਨੂੰ ਖਾਡਰ, ਜਦਕਿ ਦਰਿਆਈ ਘਾਟੀਆਂ ਦੇ ਉਪਰੀ ਭਾਗਾਂ ਵਿੱਚ ਤੁਲਨਾਤਮਕ ਤੌਰ ਤੇ ਪੁਰਾਣੀ ਅਤੇ ਮੋਟੀ ਜਲੋਢੀ ਮਿੱਟੀ ਨੂੰ ਬਾਂਗਰ ਕਹਿੰਦੇ ਹਨ।

## 2. ਕਾਲ਼ੀ ਮਿੱਟੀ

ਇਸ ਨੂੰ ਰੇਗੜ (Regur) ਵੀ ਕਹਿੰਦੇ ਹਨ। ਇਸ ਦਾ ਨਿਰਮਾਣ ਜੁਆਲਾਮੁਖੀਆਂ ਨਾਲ਼ ਹੋਇਆ ਹੈ। ਇਹ ਡੂੰਘੀ ਅਤੇ ਮਹੀਨ ਕਣਾਂ ਵਾਲੀ ਕਾਲ਼ੇ ਰੰਗ ਦੀ ਹੁੰਦੀ ਹੈ ਅਤੇ ਨਮੀ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖ ਲੈਂਦੀ ਹੈ। ਕਪਾਹ ਦੀ ਖੇਤੀ ਲਈ ਢੁਕਵੀਂ ਅਤੇ ਲਾਹੇਵੰਦ ਹੋਣ ਕਰਕੇ ਇਸਨੂੰ 'ਕਪਾਹ ਵਾਲੀ ਮਿੱਟੀ' ਵੀ ਕਿਹਾ ਜਾਂਦਾ ਹੈ। ਮਹਾਰਾਸ਼ਟਰ, ਮੱਧਪ੍ਰਦੇਸ਼, ਗੁਜਰਾਤ ਅਤੇ ਤਮਿਲਨਾਡੂ ਵਰਗੇ ਗਰਮ ਅਤੇ ਖੁਸ਼ਕ ਖੇਤਰਾਂ ਵਿੱਚ ਕਾਲ਼ੀ ਮਿੱਟੀ ਪਾਈ ਜਾਂਦੀ ਹੈ।

## 3. ਲਾਲ ਮਿੱਟੀ

ਅਗਨੀ ਚਟਾਨਾਂ ਤੋਂ ਬਣੀ ਲਾਲ ਮਿੱਟੀ ਭਾਰਤੀ ਪ੍ਰਾਇਦੀਪ ਦੇ ਦੱਖਣੀ ਅਤੇ ਪੂਰਬੀ ਭਾਗਾਂ ਦੇ ਊਸ਼ਣ (ਗਰਮ) ਅਤੇ ਆਮ ਕਰਕੇ ਖੁਸ਼ਕ ਭਾਗਾਂ ਵਿੱਚ ਪਾਈ ਜਾਂਦੀ ਹੈ। ਲੋਹ-ਆਕਸਾਈਡ ਦੀ ਅਧਿਕਤਾ ਕਰਕੇ ਇਹ ਮਿੱਟੀ ਲਾਲ ਰੰਗ ਦੀ ਹੁੰਦੀ ਹੈ। ਇਹ ਮਿੱਟੀ ਘੱਟ ਉਪਜਾਊ ਹੁੰਦੀ ਹੈ ਲੇਕਿਨ ਖਾਦਾਂ ਦੀ ਸਹਾਇਤਾ ਨਾਲ ਇਸ ਵਿੱਚੋਂ ਚੰਗੀ ਪੈਦਾਵਾਰ ਲਈ ਜਾ ਸਕਦੀ ਹੈ ਅਤੇ ਓਡੀਸ਼ਾ (ਉੜੀਸਾ), ਪੂਰਬੀ ਮੱਧ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ ਦੀ ਪਠਾਰ ਅਤੇ ਪੱਛਮੀ ਮਹਾਰਾਸ਼ਟਰ ਵਿੱਚ ਪਾਈ ਜਾਂਦੀ ਹੈ।

## 4. ਲੈਟਰਾਈਟ ਮਿੱਟੀ

ਇਹ ਮਿੱਟੀ ਗਰਮ ਅਤੇ ਸਿੱਲ੍ਹੇ ਪ੍ਰਦੇਸ਼ਾਂ ਵਿੱਚ ਮਿਲਦੀ ਹੈ ਜਿੱਥੇ ਭਾਰੀ ਮੌਸਮੀ ਵਰਖਾ ਹੁੰਦੀ ਹੈ। ਭਾਰੀ ਵਰਖਾ ਅਤੇ ਉੱਚੇ ਤਾਪਮਾਨ ਵਜੋਂ ਮਿੱਟੀ ਦੀ ਉਪਰੀ ਤਹਿ ਦੇ ਪੌਸ਼ਟਿਕ ਤੱਤ ਘੁਲ ਕੇ ਨੀਚੇ ਚਲੇ ਜਾਂਦੇ ਹਨ। ਇਸ ਪ੍ਰਕ੍ਰਿਆ ਨੂੰ ਲੀਚਿੰਗ (Leaching) ਕਹਿੰਦੇ ਹਨ। ਲੋਹ-ਆਕਸਾਈਡ ਦੀ ਅਧਿਕ ਮਾਤਰਾ ਕਾਰਨ ਇਹ ਮਿੱਟੀ ਵੀ ਲਾਲ ਰੰਗ ਦੀ ਹੁੰਦੀ ਹੈ। ਲੈਟਰਾਈਟ ਮਿੱਟੀ ਖੇਤੀ ਲਈ ਬਹੁਤ ਉਪਯੋਗੀ ਨਹੀਂ ਹੁੰਦੀ ਲੇਕਿਨ ਭਵਨ ਨਿਰਮਾਣ ਲਈ ਇਹ ਬਹੁਤ ਲਾਭਦਾਇਕ ਹੁੰਦੀ ਹੈ। ਪੱਛਮੀ ਘਾਟ, ਛੋਟਾ ਨਾਗਪੁਰ ਦੀ ਪਠਾਰ ਅਤੇ ਉੱਤਰ-ਪੂਰਬੀ ਰਾਜਾਂ ਦੇ ਕੁਝ ਹਿੱਸਿਆਂ ਵਿੱਚ ਲੈਟਰਾਈਟ ਮਿੱਟੀ ਪਾਈ ਜਾਂਦੀ ਹੈ।

## 5. ਖੁਸ਼ਕ ਰੇਤੀਲੀ ਮਿੱਟੀ

ਰਾਜਸਥਾਨ ਅਤੇ ਗੁਜਰਾਤ ਦੇ ਮਾਰੂਥਲ ਖੇਤਰਾਂ ਵਿੱਚ ਮਿਲਣ ਵਾਲੀ ਇਸ ਮਿੱਟੀ ਨੂੰ ਰੇਗਿਸਤਾਨੀ ਜਾਂ ਬਾਲੂਈ ਮਿੱਟੀ ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਹਿਊਮਸ (ਗਲੀ-ਸੜੀ ਬਨਸਪਤੀ ਦੇ ਅੰਸ਼) ਦੀ ਮਾਤਰਾ ਘੱਟ ਹੋਣ ਕਰਕੇ ਇਹ ਮਿੱਟੀ ਖੇਤੀ ਲਈ ਉਪਜਾਊ ਨਹੀਂ ਹੁੰਦੀ।

## 6. ਪਰਬਤੀ ਮਿੱਟੀ

ਲੋਹ ਤੱਤਾਂ ਵਿੱਚ ਧਨੀ ਇਹ ਮਿੱਟੀ ਮੁੱਖ ਕਰਕੇ ਹਿਮਾਲਿਆਈ ਪ੍ਰਾਂਤਾਂ ਵਿੱਚ ਮਿਲਦੀ ਹੈ। ਇਹ ਘੱਟ ਡੂੰਘੀ ਅਤੇ ਪਤਲੀ ਤਹਿ ਵਾਲੀ ਹੁੰਦੀ ਹੈ। ਲੋੜੀਂਦੀ ਵਰਖਾ ਪ੍ਰਾਪਤ ਕਰਨ ਵਾਲੇ ਭਾਗਾਂ ਵਿੱਚ ਇਸ ਮਿੱਟੀ ਤੇ ਚਾਹ ਦੀ ਖੇਤੀ ਕੀਤੀ ਜਾਂਦੀ ਹੈ।

**ਭੌਂ-ਖੁਰਣ (SOIL EROSION) —** ਭੌਂ-ਖੁਰਣ ਇਕ ਗੰਭੀਰ ਸਮੱਸਿਆ ਹੈ। ਇਹ ਨਾ ਕੇਵਲ ਭਾਰਤ ਲਈ ਇਕ ਸਮੱਸਿਆ ਹੈ ਸਗੋਂ ਸੰਸਾਰ ਦੇ ਹੋਰਨਾਂ ਭਾਗਾਂ ਦੇ ਲਈ ਇਕ ਗੰਭੀਰ ਸਮੱਸਿਆ ਬਣੀ ਹੋਈ ਹੈ। ਗੈਰ ਵਿਗਿਆਨਕ ਢੰਗ ਨਾਲ਼ ਖੇਤੀ ਕਰਨਾ, ਦਰਖਤਾਂ ਦੇ ਲਗਾਤਾਰ ਕੱਟੇ ਜਾਣਾ, ਹਦੋਂ ਵੱਧ ਪਸ਼ੂ-ਚਰਾਈ, ਕੁਝ ਕੁ ਪ੍ਰਮੁੱਖ ਕਾਰਨ ਹਨ, ਜਿਨ੍ਹਾਂ ਕਰਕੇ ਭੌਂ-ਖੁਰਣ ਹੋ ਰਿਹਾ ਹੈ। ਭਾਰਤ ਵਿੱਚ ਭੌਂ-ਖੁਰਣ ਦੀ ਦਰ ਬਹੁਤ ਜ਼ਿਆਦਾ ਹੈ। ਇਸ ਲਈ ਭੂਮੀ-ਸੰਭਾਲ ਅੱਜ ਦੀ ਬਹੁਤ ਮਹੱਤਵਪੂਰਨ ਲੋੜ ਹੈ। ਇਸ ਨਾਲ ਭੂਮੀ ਸਾਧਨ ਨੂੰ ਹੋਰ ਬੋਦੀ (ਜ਼ਰਜ਼ਰ) ਹੋਣ ਤੋਂ ਬਚਾਇਆ ਜਾ ਸਕਦਾ ਹੈ। ਨਵੇਂ ਦਰਖ਼ਤ ਲਗਾਉਂਣ, ਖੇਤੀਬਾੜੀ ਦੇ ਚੰਗੇ ਢੰਗ ਅਪਨਾਉਣ ਅਤੇ ਪਸ਼ੂ ਚਰਾਈ ਘਟਾਉਣ ਨਾਲ਼ ਮਿੱਟੀ ਨੂੰ ਭੌਂ-ਖੁਰਣ ਤੋਂ ਬਚਾਇਆ ਜਾ ਸਕਦਾ ਹੈ।

**ਖਣਿਜ-ਪਦਾਰਥ —** ਅਸੀਂ ਚਟਾਨਾਂ ਦੀ ਉਤਪਤੀ ਨਾਲ਼ ਸਬੰਧਤ ਕਿਰਿਆਵਾਂ, ਇਨ੍ਹਾਂ ਦੀਆਂ ਕਿਸਮਾਂ ਬਾਰੇ ਪੜ੍ਹਿਆ ਹੈ। ਇਹ ਚਟਾਨਾਂ ਕਿਹੜੇ ਪਦਾਰਥ ਦੀਆਂ ਬਣਦੀਆਂ ਹਨ। ਚਟਾਨਾਂ ਬਣਾਉਣ ਵਾਲੇ ਪਦਾਰਥ ਨੂੰ ਖਣਿਜ ਪਦਾਰਥ ਆਖਦੇ ਹਨ। ਇਹ ਖਣਿਜ ਪਦਾਰਥ ਕਿਸੇ ਦੇਸ਼ ਦੀ ਆਰਥਿਕਤਾ ਦਾ ਮਾਪਦੰਡ ਹਨ। ਜਿਹੜੇ ਦੇਸ ਖਣਿਜ ਸੰਪਤੀ ਪੱਖੋਂ ਅਮੀਰ ਹਨ। ਉਹ ਆਰਥਿਕ ਤੌਰ ਤੇ ਮਜ਼ਬੂਤ ਹਨ। ਮਨੁੱਖੀ ਵਿਕਾਸ ਦੇ ਨਾਲ਼-ਨਾਲ਼ ਖਣਿਜ ਉੱਤਪਤੀ ਅਤੇ ਇਹਨਾਂ ਦੀ ਵਰਤੋਂ ਵਿੱਚ ਬਹੁਤ ਤਬਦੀਲੀ ਆਈ ਹੈ।

**ਇਨ੍ਹਾਂ ਖਣਿਜਾਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ।**

(1) ਧਾਤਵੀ ਖਣਿਜ — ਜਿਨ੍ਹਾਂ ਵਿੱਚ ਧਾਤ ਅੰਸ਼ ਹੁੰਦੇ ਹਨ ਜਿਵੇਂ; ਲੋਹਾ, ਤਾਂਬਾ, ਟਿਨ, ਐਲਮੀਨੀਅਮ, ਸੋਨਾ, ਚਾਂਦੀ ਆਦਿ।

(2) ਅਧਾਤਵੀ ਖਣਿਜ — ਜਿਨ੍ਹਾਂ ਵਿੱਚ ਧਾਤ ਅੰਸ਼ ਨਹੀਂ ਹੁੰਦਾ ਜਿਵੇਂ, ਸਲਫਰ, ਅਬਰਕ, ਜਿਪਸਮ, ਫ਼ਾਸਫੇਟ, ਪੋਟਾਸ਼ ਆਦਿ।

(3) ਸ਼ਕਤੀ ਖਣਿਜ — ਉਹ ਖਣਿਜ ਜਿਨ੍ਹਾਂ ਨਾਲ਼ ਬਾਲਣ ਸ਼ਕਤੀ, ਊਰਜਾ ਆਦਿ ਮਿਲਦੇ ਹਨ। ਅਰਥਾਤ ਜਿਨ੍ਹਾਂ ਨਾਲ਼ ਸਾਡੇ ਵੱਡੇ ਥਰਮਲ ਪਲਾਂਟ, ਫੈਕਟਰੀਆਂ, ਮੋਟਰਾਂ ਅਤੇ ਗੱਡੀਆਂ ਚਲਦੀਆਂ ਹਨ ਜਿਵੇਂ, ਕੋਲਾ, ਪੈਟਰੋਲੀਅਮ, ਕੁਦਰਤੀ ਗੈਸ, ਬਿਜਲੀ ਆਦਿ।

**ਲੋਹਾ —** ਲੋਹੇ ਦੀ ਵਰਤੋਂ ਇਕ ਛੋਟੇ ਕਿੱਲ ਤੋਂ ਲੈ ਕੇ ਵੱਡੇ-ਵੱਡੇ ਸਾਗਰੀ ਬੇੜਿਆਂ ਤੱਕ ਹੁੰਦੀ ਹੈ।

ਸਾਰੀ ਉਦਯੋਗਿਕ ਮਸ਼ੀਨਰੀ, ਮੋਟਰਕਾਰਾਂ, ਰੇਲਾਂ, ਖੇਤੀ ਲਈ ਮਸ਼ੀਨਰੀ ਦਾ ਨਿਰਮਾਣ ਆਦਿ ਇਸੇ ਖਣਿਜ ਤੇ ਆਧਾਰਿਤ ਹੈ। ਲੋਹੇ ਅਤੇ ਇਸਪਾਤ ਨੇ ਉਦਯੋਗਿਕ ਖੇਤਰ ਵਿੱਚ ਕ੍ਰਾਂਤੀ ਲੈ ਆਂਦੀ ਹੈ।

*ਲੋਹਾ ਸੰਸਾਰ ਦੇ ਲਗਪਗ ਸਾਰੇ ਮਹਾਦੀਪਾਂ ਵਿੱਚ ਪਾਇਆ ਜਾਂਦਾ ਹੈ। ਭਾਰਤ ਵਿੱਚ ਓਡੀਸ਼ਾ (ਉੜੀਸਾ), ਝਾਰਖੰਡ, ਬਿਹਾਰ, ਮੱਧਪ੍ਰਦੇਸ਼, ਛਤੀਸਗੜ੍ਹ, ਕਰਨਾਟਕ ਅਤੇ ਗੋਆ ਮੁੱਖ ਉਦਪਾਦਕ ਰਾਜ ਹਨ।*

**ਤਾਂਬਾ —** ਮਨੁੱਖੀ ਇਤਿਹਾਸ ਵਿੱਚ ਤਾਂਬਾ ਸਭ ਤੋਂ ਪਹਿਲਾਂ ਜਾਣਿਆ ਜਾਣ ਵਾਲਾ ਖਣਿਜ ਹੈ। ਉਦਯੋਗਿਕ ਪੱਖ ਤੋਂ ਧਾਤ ਵਿੱਚ ਲੋਹੇ ਤੋਂ ਬਾਅਦ ਤਾਂਬੇ ਦਾ ਨੰਬਰ ਆਉਂਦਾ ਹੈ। ਧਾਤ ਯੁੱਗ ਦਾ ਅਰੰਭ ਤਾਂਬੇ ਦੀ ਵਰਤੋਂ ਨਾਲ਼ ਹੀ ਹੋਇਆ। ਇਸ ਤੋਂ ਕਈ ਪ੍ਰਕਾਰ ਦੇ ਬਰਤਨ ਬਣਾਏ ਜਾਂਦੇ ਹਨ। ਅੱਜ ਦੇ ਯੁੱਗ ਵਿੱਚ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਇਸਦੀ ਵਰਤੋਂ ਬਿਜਲੀ ਦਾ ਸਮਾਨ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਨੂੰ ਬਿਜਲੀ ਦਾ ਸੁਚਾਲਕ ਮੰਨਿਆ ਜਾਂਦਾ ਹੈ। ਇਸੇ ਕਰਕੇ ਬਿਜਲੀ ਦੀਆਂ ਤਾਰਾਂ ਵਧੇਰੇ ਕਰਕੇ ਤਾਂਬੇ ਦੀਆਂ ਬਣਾਈਆਂ ਜਾਂਦੀਆਂ ਹਨ। ਟੈਲੀਫੋਨ-ਕੇਬਲ ਤਾਰਾਂ, ਰੇਲਵੇ ਇੰਜਨ, ਹਵਾਈ ਜਹਾਜ਼ ਤੇ ਘੜੀਆਂ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਚਿੱਲੀ (ਦੱਖਣੀ ਅਮਰੀਕਾ) ਸੰਸਾਰ ਵਿੱਚ ਸਭ ਤੋਂ ਵੱਧ ਤਾਂਬਾ ਪੈਦਾ ਕਰਦਾ ਹੈ। ਦੂਸਰੇ ਨੰਬਰ ਤੇ ਸੰਯੁਕਤ ਰਾਜ ਅਮਰੀਕਾ (ਯੂ.ਐਸ.ਏ) ਆਉਂਦਾ ਹੈ। ਅਫ਼ਰੀਕਾ ਮਹਾਂਦੀਪ ਵਿੱਚ ਤਾਂਬੇ ਦੇ ਕਾਫ਼ੀ ਖੇਤਰ ਹਨ।

*ਭਾਰਤ, ਜਾਪਾਨ, ਆਸਟਰੇਲੀਆ ਵਿੱਚ ਵੀ ਤਾਂਬੇ ਦਾ ਉਤਪਾਦਨ ਹੁੰਦਾ ਹੈ। ਭਾਰਤ ਵਿੱਚ ਝਾਰਖੰਡ, ਮੱਧਪ੍ਰਦੇਸ਼, ਆਂਧਰਾ ਪ੍ਰਦੇਸ਼, ਰਾਜਸਥਾਨ ਪ੍ਰਾਂਤਾਂ ਵਿੱਚ ਤਾਂਬੇ ਦੇ ਭੰਡਾਰ ਹਨ।*

**ਬਾਕਸਾਈਟ (Bauxite) —** ਬਾਕਸਾਈਟ ਤੋਂ ਐਲੂਮੀਨਿਅਮ ਪ੍ਰਾਪਤ ਕੀਤਾ ਜਾਂਦਾ ਹੈ। ਐਲੂਮੀਨਿਅਮ ਇੱਕ ਹਲਕੇ ਭਾਰ ਵਾਲੀ ਧਾਤ ਹੈ। ਜਿਸ ਦੀ ਵਧੇਰੇ ਵਰਤੋਂ ਹਵਾਈ ਜ਼ਹਾਜ ਬਣਾਉਣ ਵਿੱਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਰੇਲ ਗੱਡੀਆਂ, ਮੋਟਰਾਂ, ਬਸਾਂ, ਕਾਰਾਂ ਅਤੇ ਬਿਜਲੀ ਦੀਆਂ ਤਾਰਾਂ ਬਣਾਉਣ ਵਿੱਚ ਵੀ ਕੀਤੀ ਜਾਂਦੀ ਹੈ। ਇਸ ਤੋਂ ਬਣੀਆਂ ਵਸਤਾਂ ਨੂੰ ਜੰਗਾਲ ਨਹੀਂ ਲੱਗਦਾ। ਇਸ ਕਰਕੇ ਇਹ ਵਸਤਾਂ ਬਹੁਤ ਦੇਰ ਤਕ ਵਰਤੀਆਂ ਜਾ ਸਕਦੀਆਂ ਹਨ। ਇਸਦੇ ਬਰਤਨ ਵੀ ਬਣਾਏ ਜਾਂਦੇ ਹਨ।

*ਸੰਸਾਰ ਵਿੱਚ ਸੱਭ ਤੋਂ ਵੱਧ ਬਾਕਸਾਈਟ ਆਸਟਰੇਲੀਆ ਵਿੱਚ ਕੱਢਿਆ ਜਾਂਦਾ ਹੈ। ਭਾਰਤ ਵਿੱਚ ਬਾਕਸਾਈਟ, ਮਹਾਰਾਸ਼ਟਰ, ਮੱਧ ਪ੍ਰਦੇਸ਼, ਛਤੀਸਗੜ ਅਤੇ ਝਾਰਖੰਡ ਵਿੱਚ ਕੱਢਿਆ ਜਾਂਦਾ ਹੈ।*

**ਮੈਂਗਨੀਜ਼ (Manganese) —** ਮੈਂਗਨੀਜ਼ ਵੀ ਇਕ ਬਹੁਤ ਮਹੱਤਵਪੂਰਨ ਖਣਿਜ ਹੈ। ਇਸਦੀ ਜ਼ਿਆਦਾ ਵਰਤੋਂ ਕੱਚੇ ਲੋਹੇ (ਜੋ ਕਿ ਧਰਤੀ ਵਿੱਚੋਂ ਮਿਲਦਾ ਹੈ) ਤੋਂ ਸਟੀਲ ਬਣਾਉਣ ਵਿੱਚ ਕੀਤੀ ਜਾਂਦੀ ਹੈ। ਇਹ ਬਲੀਚਿੰਗ ਪਾਊਡਰ, ਕੀੜੇਮਾਰ ਦਵਾਈਆਂ, ਰੰਗ-ਰੋਗਨ ਤੇ ਸ਼ੀਸ਼ਾ ਬਨਾਉਣ ਲਈ ਵਰਤਿਆ ਜਾਂਦਾ ਹੈ।

*ਰੂਸ, ਜਾਰਜੀਆ, ਯੂਕਰੇਨ, ਕਜ਼ਾਖਿਸਤਾਨ ਵਿੱਚ ਮੈਂਗਨੀਜ਼ ਦੇ ਭੰਡਾਰ ਹਨ। ਇਨ੍ਹਾਂ ਤੋਂ ਇਲਾਵਾ ਦੱਖਣੀ ਅਫ਼ਰੀਕਾ, ਬਰਾਜ਼ੀਲ (ਦੱਖਣੀ ਅਮਰੀਕਾ) ਅਤੇ ਭਾਰਤ ਵੀ ਮੈਂਗਨੀਜ਼ ਦੇ ਮੁੱਖ ਉਤਪਾਦਕ ਦੇਸ਼ ਹਨ। ਭਾਰਤ ਵਿੱਚ ਮੱਧ-ਪ੍ਰਦੇਸ਼ ਵਿੱਚ ਸੱਭ ਤੋਂ ਵੱਧ ਮੈਂਗਨੀਜ਼ ਪ੍ਰਾਪਤ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਆਂਧਰਾ ਪ੍ਰਦੇਸ਼, ਕਰਨਾਟਕ, ਓਡੀਸ਼ਾ (ਉੜੀਸਾ) ਅਤੇ ਝਾਰਖੰਡ ਵਿੱਚ ਵੀ ਮੈਂਗਨੀਜ਼ ਮਿਲਦਾ ਹੈ।*

**ਅਬਰਕ —** ਅਬਰਕ ਇਕ ਅਧਾਤਵੀਂ ਖਣਿਜ ਹੈ। ਇਸ ਦੇ ਵੀ ਕਈ ਲਾਭ ਹਨ ਜਿਸ ਕਰਕੇ ਇਹ ਇਕ ਮਹੱਤਵਪੂਰਨ ਖਣਿਜ ਬਣ ਗਿਆ ਹੈ। ਇਸ ਖਣਿਜ ਦੀ ਵਧੇਰੇ ਵਰਤੋਂ ਬਿਜਲੀ ਦਾ ਸਾਮਾਨ ਬਣਾਉਣ ਵਿੱਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋਂ ਲੈਂਪ ਦੀਆਂ ਚਿਮਨੀਆਂ, ਰੰਗ-ਰੋਗਨ, ਰਡਾਰ, ਰਬੜ, ਕਾਗਜ਼, ਹਵਾਈ ਜਹਾਜ਼, ਮੋਟਰਾਂ, ਪਾਰਦਰਸ਼ੀ ਚਾਦਰਾਂ ਆਦਿ ਬਣਾਉਣ ਵਿੱਚ ਕੀਤੀ ਜਾਂਦੀ ਹੈ। ਅਬਰਕ ਦੀਆਂ ਪਤਲੀਆਂ ਸ਼ੀਟਾਂ, ਬਿਜਲੀ ਦੀਆਂ ਮੋਟਰਾਂ ਅਤੇ ਗਰਮ ਕਰਨ ਵਾਲੀਆਂ ਵਸਤਾਂ ਵਿੱਚ ਤਾਪ ਨਸ਼ਟ ਹੋਣ ਅਤੇ ਕਰੰਟ ਲਗਣ ਤੋਂ ਰੋਕਣ ਲਈ ਪਾਈਆਂ ਜਾਂਦੀਆਂ ਹਨ। ਭਾਰਤ ਵਿੱਚ ਅਬਰਕ ਦੇ ਵਿਸ਼ਾਲ ਭੰਡਾਰ ਹਨ। ਇਸ ਪੱਖੋਂ ਭਾਰਤ ਦਾ ਸੰਸਾਰ ਭਰ ਵਿੱਚ ਪਹਿਲਾ ਦਰਜਾ ਹੈ। ਭਾਰਤ ਵਿੱਚ ਮਿਲਣ ਵਾਲਾ ਅਬਰਕ ਵਧੀਆ ਕਿਸਮ ਦਾ ਹੈ। ਅਬਰਕ ਪੈਦਾ ਕਰਨ ਵਾਲੇ ਮੁੱਖ ਪ੍ਰਾਂਤ ਝਾਰਖੰਡ, ਬਿਹਾਰ, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਹਨ। ਭਾਰਤ ਬਹੁਤ ਸਾਰਾ ਅਬਰਕ ਦੂਸਰੇ ਦੇਸ਼ਾਂ ਨੂੰ ਭੇਜਦਾ ਹੈ ਅਤੇ ਵਿਦੇਸ਼ੀ ਮੁਦਰਾ (ਪੈਸਾ) ਕਮਾਉਂਦਾ ਹੈ।

*ਭਾਰਤ ਤੋਂ ਇਲਾਵਾ, ਰੂਸ, ਯੂ.ਐਸ.ਏ., ਬਰਾਜ਼ੀਲ, ਅਰਜਨਟੀਨਾਂ, ਕੈਨੇਡਾ ਆਦਿ ਦੇਸ਼ਾਂ ਵਿੱਚ ਵੀ ਅਬਰਕ ਪ੍ਰਾਪਤ ਹੁੰਦਾ ਹੈ ਪਰ ਇਹ ਵਧੀਆ ਕਿਸਮ ਦਾ ਨਹੀਂ ਹੁੰਦਾ।*

**ਸ਼ਕਤੀ ਖਣਿਜ —** ਧਰਤੀ ਅੰਦਰ ਸ਼ਕਤੀ ਖਣਿਜ ਜਿਵੇਂ ਕੋਲਾ, ਖਣਿਜ ਤੇਲ, ਕੁਦਰਤੀ ਗੈਸ ਅਤੇ ਬਿਜਲੀ ਵੀ ਬਹੁਤ ਮਾਤਰਾ ਵਿੱਚ ਪਾਏ ਜਾਂਦੇ ਹਨ। ਅੱਜ ਦੇ ਉਦਯੋਗਿਕ ਯੁੱਗ ਵਿੱਚ ਸ਼ਕਤੀ ਖਣਿਜਾਂ ਦੀ ਮਹੱਤਤਾ ਬਹੁਤ ਵੱਧ ਗਈ ਹੈ। ਹਰ ਉਦਯੋਗ ਵਿੱਚ ਸ਼ਕਤੀ ਦੀ ਲੋੜ ਪੈਂਦੀ ਹੈ। ਇਸ ਤੋਂ ਇਲਾਵਾ ਘਰਾਂ, ਹੋਟਲਾਂ, ਦੁਕਾਨਾਂ ਅਤੇ ਆਵਾਜਾਈ ਦੇ ਸਾਧਨਾਂ ਵਿੱਚ ਵੀ ਸ਼ਕਤੀ ਦੀ ਲੋੜ ਪੈਂਦੀ ਹੈ। ਜਿਨ੍ਹਾਂ ਦੇਸਾਂ ਕੋਲ ਇਹਨਾਂ ਸਾਧਨਾਂ ਦੀ ਘਾਟ ਹੈ ਅਤੇ ਘੱਟ ਵਰਤੋਂ ਹੁੰਦੀ ਹੈ, ਉਹ ਵਿਕਾਸ ਦੀ ਦੌੜ ਵਿੱਚ ਵੀ ਪਿਛੇ ਰਹਿ ਜਾਂਦੇ ਹਨ।

**ਕੋਲਾ —** ਕੋਲਾ ਪ੍ਰਮੁੱਖ ਸ਼ਕਤੀ ਖਣਿਜ ਹੈ, ਹੁਣ ਕੋਲੇ ਦੀ ਸਿੱਧੀ ਸ਼ਕਤੀ ਦੇ ਰੂਪ ਵਿੱਚ ਵਰਤੋਂ ਘੱਟ ਗਈ ਹੈ। ਅਰਥਾਤ ਇਸ ਨਾਲ਼ ਬਿਜਲੀ ਪੈਦਾ ਕਰਕੇ ਸ਼ਕਤੀ ਪ੍ਰਾਪਤ ਕਰਨ ਵੱਲ ਰੁਝਾਨ ਵੱਧ ਗਿਆ ਹੈ। ਇਕ ਥਾਂ ਕੋਲੇ ਤੋਂ ਬਿਜਲੀ ਪ੍ਰਾਪਤ ਕਰਕੇ ਦੂਸਰੀ ਜਗ੍ਹਾਂ ਆਸਾਨੀ ਨਾਲ਼ ਤਾਰਾਂ ਰਾਹੀਂ ਕਾਰਖ਼ਾਨਿਆਂ ਤੱਕ ਪਹੁੰਚਾਣੀ ਸੌਖੀ ਹੈ। ਇਸ ਉਦੇਸ਼ ਲਈ ਵਰਤਿਆ ਜਾਣ ਵਾਲਾ ਕੋਲਾ ਪਥਰੀ ਕੋਲਾ ਹੁੰਦਾ ਹੈ। ਜਿਹੜਾ ਪੁਰਾਣੇ ਸਮਿਆਂ ਵਿੱਚ ਜੰਗਲਾਂ ਦੇ ਧਰਤੀ ਦੀਆਂ ਡੂੰਘੀਆਂ ਪਰਤਾਂ ਵਿੱਚ ਦੱਬੇ ਰਹਿਣ, ਧਰਤੀ ਦੀ ਗਰਮੀ ਅਤੇ ਉਪਰਲੀਆਂ ਤਹਿਆਂ ਦੇ ਭਾਰ ਕਾਰਨ ਬਣਿਆ ਹੈ। ਇਸ ਪ੍ਰਕਿਰਿਆ ਨੂੰ ਕਰੋੜਾਂ ਸਾਲ ਲਗ ਜਾਂਦੇ ਹਨ। ਇਸ ਗਲ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕੋਲੇ ਦੀ ਬਹੁਤ ਜ਼ਿਆਦਾ ਵਰਤੋਂ ਕਰਨ ਨਾਲ਼ ਇਸ ਦੇ ਭੰਡਾਰ ਖਤਮ ਹੋ ਜਾਣਗੇ। ਨਵੇਂ ਭੰਡਾਰ ਬਣਨ ਨੂੰ ਕਰੋੜਾਂ ਸਾਲ ਲਗ ਜਾਣੇ ਹਨ। ਇਸ ਲਈ ਇਸ ਨੂੰ ਸਹਿਜ ਨਾਲ਼ ਵਰਤਣਾ ਚਾਹੀਦਾ ਹੈ।

*ਕੋਲੇ ਦਾ ਸੰਸਾਰ ਵਿੱਚ ਵਧੇਰੇ ਕਰਕੇ ਭੰਡਾਰ 35° ਤੋਂ 65° ਉੱਤਰ ਅਤੇ ਦੱਖਣੀ ਅਕਸ਼ਾਂਸ਼ਾਂ ਵਿਚਾਲੇ ਮਿਲਦੇ ਹਨ। ਸੰਸਾਰ ਵਿੱਚ ਕੋਲੇ ਦੇ 90% ਭੰਡਾਰ ਚੀਨ, ਯੂ.ਐਸ.ਏ., ਰੂਸ ਅਤੇ ਯੂਰਪੀ ਦੇਸ਼ਾਂ ਵਿੱਚ ਹਨ। ਇਹਨਾਂ ਤੋਂ ਇਲਾਵਾ ਦੱਖਣੀ ਅਮਰੀਕਾ, ਅਫਰੀਕਾ, ਉੱਤਰੀ ਅਮਰੀਕਾ ਅਤੇ ਏਸ਼ੀਆ ਮਹਾਂਦੀਪ ਵਿੱਚ ਵੀ ਕੋਲੇ ਦੇ ਵਿਸ਼ਾਲ ਭੰਡਾਰ ਹਨ। ਜਾਪਾਨ ਅਤੇ ਥਾਈਲੈਂਡ ਵਿੱਚ ਵੀ ਕੋਲਾ ਮਿਲਦਾ ਹੈ। ਭਾਰਤ, ਸੰਸਾਰ ਦਾ 5 ਪ੍ਰਤੀਸ਼ਤ ਕੋਲਾ ਉਤਪਾਦਨ ਕਰਦਾ ਹੈ। ਭਾਰਤ ਵਿੱਚ ਦਾਮੋਦਰ ਘਾਟੀ ਪ੍ਰਮੁੱਖ ਕੋਲਾ ਖੇਤਰ ਹੈ। ਇਸ ਤੋਂ ਇਲਾਵਾ ਬੰਗਾਲ ਅਤੇ ਮੱਧ ਪ੍ਰਦੇਸ਼ ਰਾਜਾਂ ਵਿੱਚ ਵੀ ਕੋਲਾ ਮਿਲਦਾ ਹੈ।*

**ਖਣਿਜ ਤੇਲ —** ਪੈਟਰੋਲੀਅਮ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਇਸ ਨੂੰ ਚਾਲਕ ਸ਼ਕਤੀ ਵੀ ਆਖਦੇ ਹਨ। ਖਣਿਜਾਂ ਦੀ ਤਰ੍ਹਾਂ ਇਹ ਵੀ ਕਿਉਂਕਿ ਧਰਤੀ ਵਿੱਚੋਂ ਕੱਢਿਆ ਜਾਂਦਾ ਹੈ, ਇਸ ਨੂੰ ਖਣਿਜ ਤੇਲ ਆਖਿਆ ਜਾਂਦਾ ਹੈ। ਅੱਜ ਕਲ ਇਸ ਦੀ ਵਰਤੋਂ ਐਨੀ ਵੱਧ ਗਈ ਹੈ ਕਿ ਇਸ ਨੂੰ ਤਰਲ ਸੋਨਾ ਵੀ ਆਖਿਆ ਜਾਂਦਾ ਹੈ। ਇਸ ਨੂੰ ਪੈਟਰੋਲੀਅਮ ਦਾ ਨਾਂ ਇਸ ਲਈ ਦਿੱਤਾ ਜਾਂਦਾ ਹੈ। ਜੋ ਕਿ ਦੋ ਸ਼ਬਦਾਂ, ਪੈਟਰੋ ਅਤੇ ਉਲੀਅਮ ਦੇ ਜੋੜ ਨਾਲ਼ ਬਣਿਆ ਹੈ। ਲਾਤੀਨੀ ਭਾਸ਼ਾ ਵਿੱਚ ਪੈਟਰਾ ਦਾ ਅਰਥ ਹੈ, ਚਟਾਨ ਅਤੇ ਉਲੀਅਮ ਦਾ ਅਰਥ ਹੈ, ਤੇਲ। ਇਸ ਤਰ੍ਹਾਂ ਪੈਟਰੋਲੀਅਮ ਦਾ ਸ਼ਾਬਦਿਕ ਅਰਥ ਚਟਾਨ ਤੋਂ ਪ੍ਰਾਪਤ ਖਣਿਜ ਤੇਲ ਹੈ। ਇਹ ਬਸਨਪਤੀ, ਮਰੇ ਹੋਏ ਜੀਵ ਜੰਤੂਆਂ ਦੇ ਪਰਤਦਾਰ ਚਟਾਨਾਂ ਵਿਚਾਲੇ ਦਬੇ ਜਾਣ ਨਾਲ਼ ਬਣਿਆ ਹੈ।

*ਚਾਲਕ ਸ਼ਕਤੀ — ਉਹ ਸ਼ਕਤੀ ਜਿਸ ਨਾਲ਼ ਸਾਡੀਆਂ ਮੋਟਰ-ਗੱਡੀਆਂ ਚੱਲਦੀਆਂ ਹਨ।*

ਜਿਹੜਾ ਪੈਟਰੋਲ ਜਾਂ ਡੀਜ਼ਲ, ਅਸੀਂ ਪੈਟਰੋਲ ਪੰਪਾਂ ਤੋਂ ਪ੍ਰਾਪਤ ਕਰਦੇ ਹਾਂ, ਉਹ ਸਾਨੂੰ ਧਰਤੀ ਹੇਠੋਂ ਇਸੇ ਸਥਿਤੀ ਵਿੱਚ ਵੀ ਪ੍ਰਾਪਤ ਨਹੀਂ ਹੁੰਦਾ। ਇਹ ਅਸ਼ੁੱਧ ਅਤੇ ਅਣਸੋਧਿਆ ਹੁੰਦਾ ਹੈ। ਇਸਨੂੰ ਕੱਚਾ ਤੇਲ ਵੀ ਕਿਹਾ ਜਾਂਦਾ ਹੈ। ਇਸ ਕੱਚੇ ਤੇਲ ਨੂੰ ਸੋਧਕ ਕਾਰਖਾਨਿਆਂ ਵਿੱਚ ਸਾਫ਼ ਕਰਕੇ ਇਸ ਤੋਂ ਕਈ ਵਸਤਾਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ ਜਿਵੇਂ, ਪੈਟਰੋਲ, ਡੀਜ਼ਲ, ਮਿੱਟੀ ਦਾ ਤੇਲ, ਗੈਸ, ਚਿਕਨਾਹਟ ਵਾਲੇ ਤੇਲ, ਗ੍ਰੀਸ, ਮੋਮ, ਵੈਸਲੀਨ ਆਦਿ।

*ਸੰਸਾਰ ਵਿੱਚ ਸੱਭ ਤੋਂ ਵੱਧ ਤੇਲ ਭੰਡਾਰ ਦੱਖਣ ਪੱਛਮੀ ਏਸ਼ੀਆ ਵਿੱਚ ਹਨ। ਇਸ ਖੇਤਰ ਵਿੱਚ ਸਾਊਦੀ ਅਰਬ, ਇਰਾਨ, ਇਰਾਕ, ਕੁਵੈਤ, ਯੂ.ਏ.ਈ. (ਯੂਨਾਇਟਿਡ ਅਰਬ ਅਮੀਰੀਟਸ (UAE)- ਜਿਸ ਵਿੱਚ ਆਬੂਧਾਬੀ, ਦੁੱਬਈ, ਸ਼ਾਰਜਾਹ, ਅਜਮਾਨ, ਫੁਜੇਰਾ, ਉਮਰ-ਅਲ-ਕੁਵੇਨ ਅਤੇ ਰਸਲ-ਅਲ-ਖੇਮਾ ਸੱਤ ਅਮੀਰੀਟਸ ਸ਼ਾਮਲ ਹਨ।)*

## ਯਾਦ ਰੱਖਣ ਯੋਗ ਨੁਕਤੇ

1. ਥਲ ਮੰਡਲ ਦੇ ਸਭ ਤੋਂ ਉਪਰੀ ਭਾਗ ਨੂੰ ਚਾਪੜ ਆਖਦੇ ਹਨ ਜੋ ਐਲੂਮੀਨੀਅਮ ਤੇ ਸਿਲੀਕਾਨ ਜਿਹੀਆਂ ਧਾਤਾਂ ਨਾਲ ਬਣਿਆ ਹੈ।
2. ਥਲ ਮੰਡਲ ਦੀ ਵਿਚਕਾਰਲੀ ਤਹਿ ਸਿਲੀਕਾਨ ਤੇ ਮੈਗਨੀਸ਼ੀਅਮ ਤੋਂ ਬਣੀ ਹੈ ਜਦੋਂ ਕਿ ਧੁਰ ਅੰਦਰਲੀ ਤਹਿ ਵਿਚ ਨਿਕਲ ਤੇ ਲੋਹ ਤੱਤ ਵਧੇਰੇ ਹਨ।
3. ਧਰਤੀ ਦਾ ਚਾਪੜ ਚਟਾਨਾਂ ਨਾਲ ਭਰਪੂਰ ਹੈ। ਇਹ ਚਟਾਨਾਂ ਨਿਰਮਾਣ ਦੇ ਆਧਾਰ 'ਤੇ ਅਗਨੀ, ਤਹਿਦਾਰ ਤੇ ਰੂਪਾਂਤਰਿਤ ਵਜੋਂ ਵੰਡੀਆਂ ਜਾ ਸਕਦੀਆਂ ਹਨ।
4. ਚਟਾਨਾਂ ਦੀ ਟੁੱਟ-ਭੱਜ ਤੋਂ ਜੋ ਤੱਤ ਪ੍ਰਾਪਤ ਹੁੰਦਾ ਹੈ, ਉਹ ਮਿੱਟੀ ਹੈ।
5. ਮਿੱਟੀ ਦੀਆਂ ਕਈ ਕਿਸਮਾਂ ਹਨ ਜੋ ਆਪੋ-ਆਪਣੇ ਗੁਣਾਂ ਕਾਰਨ ਪ੍ਰਸਿੱਧ ਵੀ ਹਨ ਤੇ ਗੁਣਕਾਰੀ ਵੀ।
6. ਖਣਿਜ ਪਦਾਰਥਾਂ ਦੇ ਭੰਡਾਰ ਹੀ ਕਿਸੇ ਵੀ ਦੇਸ਼ ਦਾ ਸਰਮਾਇਆ ਹਨ ਜੋ ਵਿਕਸਤ ਜੀਵਨ ਦਾ ਆਧਾਰ ਬਣਦੇ ਹਨ।

## ਅਭਿਆਸ

**(ੳ) ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ।**


1. ਧਰਤੀ ਦੇ ਕਿੰਨੇ ਖੋਲ ਹਨ ? ਇਨ੍ਹਾਂ ਦੇ ਨਾਂ ਦੱਸੋ।
2. ਧਰਤੀ ਤੇ ਕਿੰਨੇ ਪ੍ਰਕਾਰ ਦੀਆਂ ਚਟਾਨਾਂ ਪਾਈਆਂ ਜਾਂਦੀਆਂ ਹਨ ?
3. ਧਰਤੀ ਦੇ ਮੈਂਟਲ ਭਾਗ ਬਾਰੇ ਲਿਖੋ।
4. ਧਰਤੀ ਦੇ ਅੰਦਰੂਨੀ ਭਾਗ ਨੂੰ ਕੀ ਆਖਦੇ ਹਨ ? ਇਹ ਕਿਹੜੇ-ਕਿਹੜੇ ਤੱਤਾਂ ਦੀ ਬਣੀ ਹੈ ?
5. ਧਰਤੀ ਨੂੰ ਭੋਂ-ਖੁਰਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50-60 ਸ਼ਬਦਾਂ ਵਿੱਚ ਦਿਓ।**

1. ਅਗਨੀ ਚਟਾਨਾਂ ਕਿਸ ਨੂੰ ਆਖਦੇ ਹਨ ਇਹ ਕਿੰਨੇ ਪ੍ਰਕਾਰ ਦੀਆਂ ਹਨ ? ਅੰਤਰਵੇਧੀ ਚਟਾਨਾਂ ਬਾਰੇ ਲਿਖੋ।
2. ਤਹਿਦਾਰ ਚਟਾਨਾਂ ਕਿਸ ਨੂੰ ਆਖਦੇ ਹਨ ਅਤੇ ਇਹ ਕਿੰਨੇ ਪ੍ਰਕਾਰ ਦੀਆਂ ਹਨ ?
3. ਰੂਪਾਂਤਰਿਤ ਚਟਾਨਾਂ ਬਾਰੇ ਲਿਖੋ ਅਤੇ ਇਨ੍ਹਾਂ ਚਟਾਨਾਂ ਦੀਆਂ ਪ੍ਰਮੁੱਖ ਉਦਾਹਰਨਾਂ ਦਿਓ।
4. ਅਬਰਕ ਕਿਸ ਪ੍ਰਕਾਰ ਦਾ ਖਣਿਜ ਹੈ ? ਇਹ ਕਿਹੜੇ ਕੰਮ ਆਉਂਦਾ ਹੈ ?
5. ਤਰਲ ਸੋਨਾ ਕਿਸ ਨੂੰ ਆਖਦੇ ਹਨ ? ਇਸ ਬਾਰੇ ਸੰਖੇਪ ਜਾਣਕਾਰੀ ਦਿਓ।
6. ਧਰਤੀ ਤੇ ਮਿੱਟੀ ਦੀ ਕੀ ਮਹੱਤਤਾ ਹੈ ? ਇਸ ਦੇ ਬਾਰੇ ਲਿਖੋ।


### ਗਤੀਵਿਧੀ

1. ਧਰਤੀ ਦੀਆਂ ਪਰਤਾਂ ਨੂੰ ਦਰਸਾਉਂਦਾ ਹੋਇਆ ਧਰਤੀ ਦਾ ਮਾਡਲ ਬਣਾਓ।
2. ਕੀ 'ਭੋਂ-ਖੁਰਣ' ਇੱਕ ਗੰਭੀਰ ਸੱਮਸਿਆ ਹੈ ? ਇਸ ਵਿਸ਼ੇ ਤੇ ਕਲਾਸ ਵਿੱਚ ਚਰਚਾ ਕੀਤੀ ਜਾਵੇ।




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)

**INDIA** PHYSICAL AND ADJACENT COUNTRIES




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/2003)



# ਪਾਠ 3 ਵਾਯੂਮੰਡਲ ਅਤੇ ਤਾਪਮਾਨ

ਸਾਡੀ ਧਰਤੀ ਉਤੇ ਮਨੁੱਖ ਅਤੇ ਹੋਰ ਜੀਵਾਂ ਦਾ ਰਹਿਣਾ ਇਸ ਲਈ ਸੰਭਵ ਹੋ ਸਕਿਆ ਹੈ ਕਿਉਂਕਿ ਧਰਤੀ ਦੇ ਆਲ਼ੇ-ਦੁਆਲ਼ੇ ਹਵਾ ਦਾ ਗਿਲਾਫ਼ ਹੈ। ਹਵਾ ਦੇ ਇਸ ਗਿਲਾਫ਼ ਨੂੰ ਵਾਯੂਮੰਡਲ ਆਖਦੇ ਹਨ। ਇਹ ਗਿਲਾਫ਼ 1600 ਕਿਲੋਮੀਟਰ ਦੀ ਉਚਾਈ ਤੱਕ ਹੈ, ਪਰ 99% ਹਵਾ 32 ਕਿ.ਮੀ. ਤੱਕ ਦੇ ਘੇਰੇ ਵਿੱਚ ਹੀ ਹੈ। ਧਰਤੀ ਦੀ ਸਤ੍ਹਾ ਉੱਤੇ ਇਹ ਹਵਾ, ਜ਼ਮੀਨ (ਥਲਮੰਡਲ), ਪਾਣੀ (ਜਲਮੰਡਲ) ਨਾਲ਼ ਮਿਲ ਕੇ ਜੀਵਜਗਤ ਅਤੇ ਰੁੱਖਾਂ-ਪੌਦਿਆਂ ਦੀ ਉੱਤਪਤੀ ਅਤੇ ਪਾਲਣ ਪੋਸ਼ਣ ਦਾ ਕਾਰਜ ਕਰਦੀ ਹੈ। ਵਾਯੂਮੰਡਲ ਦੇ ਅੰਸ਼ ਜਿਵੇਂ ਤਾਪਮਾਨ, ਨਮੀ, ਵਾਯੂਦਾਬ, ਪੌਣਾਂ ਆਦਿ ਧਰਤੀ ਦੇ ਕੁਦਰਤੀ (ਭੌਤਿਕ) ਵਾਤਾਵਰਨ ਉਤੇ ਅਸਰ ਪਾਉਂਦੇ ਹਨ। ਵਾਤਾਵਰਨ ਦੇ ਅੰਸ਼ਾਂ ਵਿੱਚੋਂ ਵਾਯੂਮੰਡਲ ਵਿੱਚ ਸਭ ਤੋਂ ਵੱਧ ਅਦਲਾ-ਬਦਲੀ ਹੁੰਦੀ ਹੈ।

*ਕੁਦਰਤੀ ਵਾਤਾਵਰਨ ਦੇ ਅੰਸ਼ : ਥਲਮੰਡਲ (ਜ਼ਮੀਨ), ਜਲਮੰਡਲ (ਪਾਣੀ) ਅਤੇ ਵਾਯੂਮੰਡਲ (ਹਵਾ) ਕੁਦਰਤੀ ਵਾਤਾਵਰਨ ਦੇ ਅੰਸ਼ ਹਨ।*

*ਵਾਯੂ ਮੰਡਲ ਦੇ ਅੰਸ਼ : ਹਵਾ, ਤਾਪਮਾਨ, ਨਮੀ (ਹਵਾ ਵਿੱਚ ਪਾਣੀ ਦੀ ਮਾਤਰਾ), ਵਾਯੂਦਾਬ (ਹਵਾ ਦਾ ਭਾਰ) ਆਦਿ ਵਾਯੂਮੰਡਲ ਦੇ ਅੰਸ਼ ਹਨ।*

## ਵਾਯੂ ਮੰਡਲ ਦੀ ਬਣਤਰ

ਵਾਯੂ ਮੰਡਲ ਵਿੱਚ ਹਵਾ, ਜਲਵਾਸ਼ਪ ਅਤੇ ਧੂੜ-ਕਣ ਹੁੰਦੇ ਹਨ। ਧੂੜ-ਕਣ ਅਤੇ ਜਲਵਾਸ਼ਪ ਭਾਰੇ ਹੋਣ ਕਰਕੇ ਵਾਯੂ ਮੰਡਲ ਦੀਆਂ ਹੇਠਲੀਆਂ ਤਹਿਆਂ ਵਿੱਚ ਹੀ ਹੁੰਦੇ ਹਨ। ਹਵਾ ਗੈਸਾਂ ਦਾ ਮਿਸ਼ਰਨ ਹੈ। ਵਾਯੂ ਮੰਡਲ ਵਿੱਚ ਜਿਉਂ-ਜਿਉਂ ਉਚਾਈ ਵੱਲ ਜਾਈਏ ਗੈਸਾਂ ਦੀ ਘਣਤਾ ਘੱਟਦੀ ਜਾਂਦੀ ਹੈ। ਵਾਯੂਮੰਡਲ ਵਿਚ ਨਾਈਟਰੋਜਨ ਅਤੇ ਆਕਸੀਜਨ ਗੈਸਾਂ ਦੀ ਮਾਤਰਾ 99% ਹੈ ਤੇ ਬਾਕੀ ਸਾਰੀਆਂ ਗੈਸਾਂ 1% ਤੋਂ ਵੀ ਘੱਟ ਹਨ। ਜਲ-ਵਾਸ਼ਪ ਅਤੇ ਧੂੜ ਕਣਾਂ ਦੀ ਮਾਤਰਾ ਉਚਾਈ ਅਤੇ ਤਾਪਮਾਨ ਅਨੁਸਾਰ ਬਦਲਦੀ ਰਹਿੰਦੀ ਹੈ। ਵਾਯੂ-ਮੰਡਲ ਦੀ ਨਿਰੋਲ ਖੁਸ਼ਕ ਹਵਾ ਵਿੱਚ ਗੈਸਾਂ ਹੇਠ ਦੱਸੇ ਅਨੁਸਾਰ ਹੁੰਦੀਆਂ ਹਨ :

| ਗੈਸ | ਮਾਤਰਾ |
|---|---|
| ਨਾਈਟਰੋਜਨ | 78.03% |
| ਆਕਸੀਜਨ | 20.99% |
| ਆਰਗਨ | 0.94% |
| ਕਾਰਬਨ ਡਾਇਆਕਸਾਈਡ | 0.03% |
| ਹਾਈਡਰੋਜਨ | 0.01% |

**ਨਾਈਟਰੋਜਨ :** ਵਧੇਰੇ ਕਰਕੇ ਵਾਯੂਮੰਡਲ ਦੀਆਂ ਹੇਠਲੀਆਂ ਤਹਿਆਂ ਵਿੱਚ ਹੁੰਦੀ ਹੈ ਅਤੇ ਵੇਲ ਬੂਟਿਆਂ ਨੂੰ ਮਰਨ ਤੋਂ ਬਚਾਉਂਦੀ ਹੈ।

**ਆਕਸੀਜਨ :** ਦੂਜੀ ਮਹੱਤਵਪੂਰਨ ਗੈਸ ਹੈ, ਜੋ ਜੀਵ ਜੰਤੂਆਂ ਦੀ ਰੱਖਿਆ ਕਰਦੀ ਹੈ।

**ਕਾਰਬਨ ਡਾਇਆਕਸਾਈਡ :** ਤੀਸਰੀ ਮਹੱਤਵਪੂਰਨ ਗੈਸ ਹੈ। ਉਹ ਵੇਲ-ਬੂਟਿਆਂ ਦੀ ਉਸ ਤਰ੍ਹਾਂ ਹੀ ਪਾਲਣਾ ਕਰਦੀ ਹੈ, ਜਿਵੇਂ ਆਕਸੀਜਨ ਜੀਵ ਜਾਤੀ ਦੀ। ਇਹ ਧਰਤੀ ਦੇ ਦੁਆਲੇ ਇਕ ਕੰਬਲ ਦਾ ਕੰਮ ਕਰਦੀ ਹੈ ਅਤੇ ਵਾਯੂ ਮੰਡਲ ਤੋਂ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੀ।

**ਜਲ-ਕਣ :** ਵਾਯੂਮੰਡਲ ਵਿੱਚ ਜਲ ਕਣਾਂ ਦੀ ਮਹੱਤਵਪੂਰਨ ਥਾਂ ਹੈ। ਇਹ ਜਲਵਾਯੂ ਵਿੱਚ ਤਬਦੀਲੀ ਲਿਆਉਣ ਦਾ ਅਹਿਮ ਕੰਮ ਕਰਦੇ ਹਨ।


*ਸੰਵਹਿਨ : ਜਦੋਂ ਹਵਾ ਗਰਮ ਹੋ ਜਾਂਦੀ ਹੈ ਤਾਂ ਫੈਲਦੀ ਹੈ ਅਤੇ ਹਲਕੀ ਹੋ ਕੇ ਉਪਰ ਉੱਠਣੀ ਸ਼ੁਰੂ ਹੋ ਜਾਂਦੀ ਹੈ। ਠੰਢੀ ਹਵਾ ਭਾਰੀ ਹੋਣ ਕਰਕੇ ਥੱਲੇ ਬੈਠ ਜਾਂਦੀ ਹੈ। ਜਦੋਂ ਗਰਮ ਹਵਾ ਉਪਰ ਉਠਦੀ ਹੈ ਤਾਂ ਠੰਢੀ ਹਵਾ ਉਸਦਾ ਸਥਾਨ ਮਲ ਲੈਂਦੀ ਹੈ। ਇਸ ਤਰ੍ਹਾਂ ਹਵਾ ਗੇੜ ਸ਼ੁਰੂ ਹੋ ਜਾਂਦਾ ਹੈ। ਇਸ ਨੂੰ ਸੰਵਹਿਨ ਆਖਦੇ ਹਨ।*

ਇਹ ਸਾਰੀਆਂ ਗੈਸਾਂ ਧੂੜਕਣਾਂ, ਕਾਰਬਨ ਅਤੇ ਫੁੱਲਾਂ ਦੇ ਪਰਾਗ-ਕਣਾਂ (ਪੋਲਣ ਦਾਣੇ) ਨੂੰ ਵਾਯੂਮੰਡਲ ਦੀਆਂ ਹੇਠਲੀਆਂ ਤਹਿਆਂ ਵਿੱਚ ਰੋਕੀ ਰੱਖਦੀਆਂ ਹਨ।

### ਹਵਾ ਦਾ ਪ੍ਰਦੂਸ਼ਣ :

ਹਰੇਕ ਸਾਲ ਹਜ਼ਾਰਾਂ ਟਨ ਸਥੂਲ ਪਦਾਰਥ ਵਾਯੂਮੰਡਲ ਵਿੱਚ ਜਮ੍ਹਾਂ ਹੁੰਦੇ ਹੈ ਜਿਹੜੇ ਕੁਦਰਤੀ ਨਹੀਂ ਹੁੰਦੇ। ਵਾਯੂਮੰਡਲ ਵਿਚਲੀ ਇਸ ਬਨਾਵਟੀ (ਮਨੁੱਖ ਦੁਆਰਾ ਪੈਦਾ ਕੀਤੀ) ਸਥੂਲਤਾ ਨੂੰ **ਹਵਾ ਦਾ ਪ੍ਰਦੂਸ਼ਣ** ਆਖਦੇ ਹਨ। ਇਹ ਸਥੂਲਤਾ ਦੋ ਪ੍ਰਕਾਰ ਦੀ ਹੁੰਦੀ ਹੈ। ਠੋਸ ਅਤੇ ਗੈਸ। ਜਵਾਲਾਮੁਖੀ ਹਵਾ ਦੇ ਪ੍ਰਦੂਸ਼ਣ ਨੂੰ ਧੂੜ ਕਣਾਂ ਦੇ ਰੂਪ ਵਿੱਚ ਪ੍ਰਦੂਸ਼ਤ ਕਰਦੇ ਹਨ। ਖਾਸ ਕਰਕੇ ਸ਼ਹਿਰਾਂ ਵਿੱਚ ਮਨੁੱਖੀ ਗਤੀਵਿਧੀਆਂ ਬਹੁਤ ਸਾਰਾ ਠੋਸ ਗੰਦ ਹਵਾ ਵਿੱਚ ਛੱਡਦੀਆਂ ਹਨ। ਬਾਲਣ ਦੇ ਬਲਣ ਉਪਰੰਤ ਕਾਰਬਨ ਦੇ ਕਣ ਧੂੰਏਂ ਦੇ ਰੂਪ ਵਿੱਚ ਹਵਾ ਵਿੱਚ ਛੱਡੇ ਜਾਂਦੇ ਹਨ। ਫੈਕਟਰੀਆਂ ਵੱਖ-ਵੱਖ ਕਾਰਜਾਂ ਉਪਰੰਤ ਹਵਾ ਵਿੱਚ ਧੂੜ ਕਣ ਛੱਡਦੀਆਂ ਹਨ ਜਿਨ੍ਹਾਂ ਵਿੱਚੋਂ ਐਸਬੈਸਟੋਸ ਸਥੂਲ ਪ੍ਰਦੂਸ਼ਣ ਦਾ ਭਿਆਨਕ ਨਮੂਨਾ ਹੈ।

ਮੋਟਰਗੱਡੀਆਂ ਵੱਲੋਂ ਛੱਡਿਆ ਧੂੰਆਂ ਇੱਕ ਭਿਆਨਕ ਗੈਸੀ ਪ੍ਰਦੂਸ਼ਨ ਹੈ। ਵਾਹਨ ਬਹੁਤ ਜ਼ਿਆਦਾ ਟ੍ਰੈਫਿਕ ਵਾਲੇ ਸਥਾਨਾਂ ਤੇ ਜ਼ਹਿਰੀਲੀ ਗੈਸ ਕਾਰਬਨ ਮੋਨੋਆਕਸਾਈਡ ਛੱਡਦੇ ਹਨ।




*ਚਿੱਤਰ 3.1 ਹਵਾ ਪ੍ਰਦੂਸ਼ਣ*

ਅੱਜਕਲ ਸਮੋਗ (Smog) ਧੁੰਦ + ਧੂੰਆਂ (Smoke + Fog) ਨਾਮ ਦਾ ਪਦਾਰਥ ਵਾਤਾਵਰਨ ਵਿੱਚ ਬਹੁਤ ਹੁੰਦਾ ਹੈ। ਇਸ ਵਿੱਚ ਧੁੰਦ ਅਤੇ ਧੂੰਆਂ ਮਿਲਿਆ ਹੁੰਦਾ ਹੈ ਜਿਸ ਬਾਰੇ ਅਸੀਂ ਅਖਬਾਰਾਂ ਵਿੱਚ ਵੀ ਬਹੁਤ ਪੜ੍ਹਦੇ ਹਾਂ। ਧੂ-ਧੁੰਦ ਜਾਂ ਸਮੋਗ ਕੁਝ ਅਜਿਹੇ ਸਥੂਲਾਂ ਦਾ ਮਿਸ਼ਰਨ ਹੁੰਦਾ ਹੈ ਜਿਹੜਾ ਸਿਹਤ ਲਈ ਬਹੁਤ ਹਾਨੀਕਾਰਕ ਹੈ। ਹਵਾ ਦੇ ਪ੍ਰਦੂਸ਼ਣ ਦਾ ਮੁੱਖ ਕਾਰਨ ਹਵਾ ਵਿੱਚ ਓਜ਼ੋਨ ਗੈਸ ਦੀ ਘੱਟ ਮਾਤਰਾ ਹੈ ਜੋ ਕਿ ਜ਼ਿਆਦਾ ਵਾਹਨ-ਆਵਾਜਾਈ (Heavy Traffic) ਕਰਕੇ ਹੁੰਦਾ ਹੈ। ਖਾਸ ਕਰਕੇ ਉਹਨਾਂ ਥਾਵਾਂ ਤੇ ਜਿੱਥੇ ਬਹੁਤ ਸਾਰੀਆਂ ਫੈਕਟਰੀਆਂ ਹਨ ਅਤੇ ਲੋਕ ਉੱਥੇ ਵਾਹਨਾਂ ਰਾਹੀਂ ਕੰਮ ਕਰਨ ਲਈ ਜਾਂਦੇ ਹਨ।

ਸਰਕਾਰ ਦੁਆਰਾ ਭਾਵੇਂ ਹਵਾ ਗੰਧਲੀ ਕਰਨ ਵਾਲੇ **ਸਰੋਤਾਂ** ਨੂੰ ਕੰਟਰੋਲ ਕਰਨ ਲਈ ਕਈ ਨਿਯਮ ਬਣਾਏ ਗਏ ਹਨ ਪਰੰਤੂ ਸਾਨੂੰ ਆਪ ਹੀ ਇਨ੍ਹਾਂ ਨੂੰ ਕੰਟਰੋਲ ਕਰਨ ਲਈ ਉਪਰਾਲੇ ਕਰਨੇ ਚਾਹੀਦੇ ਹਨ।


## ਵਾਯੂ ਮੰਡਲ ਦਾ ਢਾਂਚਾ

ਪਿਛਲੇ ਕੁਝ ਦਹਾਕਿਆਂ ਵਿੱਚ ਵਾਯੂਮੰਡਲ ਸਬੰਧੀ ਬਹੁਤ ਜਾਣਕਾਰੀ ਇਕੱਠੀ ਕੀਤੀ ਗਈ ਹੈ। ਇਹ ਜਾਣਕਾਰੀ ਪੁਲਾੜ (Space) ਵਿੱਚ ਭੇਜੇ ਜਾਣ ਵਾਲੇ ਮਾਨਵਕ੍ਰਿਤ ਉਪਗ੍ਰਹਿਆਂ (Satellites) ਦੁਆਰਾ ਇਕੱਠੀ ਕੀਤੀ ਗਈ ਹੈ। ਉਸ ਦੇ ਆਧਾਰ ਤੇ ਵਾਯੂਮੰਡਲ ਨੂੰ ਹੇਠ ਲਿਖੀਆਂ ਤਹਿਆਂ ਵਿੱਚ ਵੰਡਿਆ ਗਿਆ ਹੈ।

(1) ਅਸ਼ਾਂਤੀ ਮੰਡਲ (Troposphere)
(2) ਸਮਤਾਪ ਮੰਡਲ (Stratosphere)
(3) ਮੱਧਵਰਤੀ ਮੰਡਲ (Mesophere)
(4) ਤਾਪ ਮੰਡਲ (Thermosphere)

### (1) ਅਸ਼ਾਂਤੀ ਮੰਡਲ (Troposphere)

ਵਾਯੂਮੰਡਲ ਦੀ ਸੱਭ ਤੋਂ ਹੇਠਲੀ ਪਰਤ ਨੂੰ ਅਸ਼ਾਂਤੀ ਮੰਡਲ ਆਖਦੇ ਹਨ। ਧਰਤੀ ਦੇ ਦੁਆਲੇ ਇਸ ਦਾ ਆਕਾਰ ਅੰਡੇ ਵਰਗਾ ਹੁੰਦਾ ਹੈ। ਇਸ ਦੀ ਔਸਤ ਉਚਾਈ 12 ਕਿਲੋਮੀਟਰ ਹੁੰਦੀ ਹੈ। ਭੂ-ਮੱਧ ਰੇਖਾ ਉੱਤੇ ਇਸ ਦੀ ਉਚਾਈ 16-18 ਕਿ.ਮੀ. ਅਤੇ ਧਰੁੱਵੀ ਖੇਤਰਾਂ ਵਿੱਚ 6 ਤੋਂ 8 ਕਿ.ਮੀ. ਦੇ ਲਗਪਗ ਹੁੰਦੀ ਹੈ। ਮੌਸਮ ਨਾਲ਼ ਸੰਬੰਧਤ ਕਿਰਿਆਵਾਂ ਜਿਵੇਂ ਮੀਂਹ, ਹਨੇਰੀ, ਬੱਦਲ, ਤੂਫ਼ਾਨ ਆਦਿ ਇਸ ਤਹਿ ਵਿੱਚ ਹੀ ਵਾਪਰਦੇ ਹਨ। ਜਲਕਣਾਂ ਦੀ ਜ਼ਿਆਦਾ ਮਾਤਰਾ ਵੀ ਇਸੇ ਪਰਤ ਵਿੱਚ ਹੁੰਦੀ ਹੈ। ਇਸ ਤਹਿ ਵਿੱਚ ਉਪਰ ਜਾਣ ਨਾਲ਼ ਤਾਪਮਾਨ ਘੱਟਦਾ ਜਾਂਦਾ ਹੈ। ਇਹ ਤਾਪਮਾਨ $5^0$ ਤੋਂ $6^0$ ਸੈਲਸੀਅਸ ਪ੍ਰਤੀ ਕਿਲੋਮੀਟਰ ਦੀ ਦਰ ਨਾਲ਼ ਘੱਟਦਾ ਹੈ। ਸਾਰੇ ਵਾਯੂਮੰਡਲ ਦੀ 75% ਹਵਾ ਇਸੇ ਪਰਤ ਵਿੱਚ ਪਾਈ ਜਾਂਦੀ ਹੈ।




ਚਿੱਤਰ 3.2 ਵਾਯੂ ਮੰਡਲ ਦੀਆਂ ਤਹਿਆਂ

## (2) ਸਮਤਾਪ ਮੰਡਲ (Stratosphere)

ਅਸ਼ਾਂਤੀ ਮੰਡਲ ਤੋਂ ਉਪਰਲੀ ਪਰਤ ਨੂੰ ਸਮਤਾਪ ਮੰਡਲ ਆਖਦੇ ਹਨ। ਇਸ ਪਰਤ ਦੀ ਉਚਾਈ ਮੌਸਮ ਅਤੇ ਵਿਥਕਾਰ ਅਨੁਸਾਰ ਬਦਲਦੀ ਹੈ। ਗਰਮੀ ਦੀ ਰੁੱਤ ਵਿੱਚ ਸਰਦੀਆਂ ਦੀ ਰੁੱਤ ਨਾਲ਼ੋਂ ਇਹ ਪਰਤ ਵਧੇਰੇ ਉਚਾਈ ਤੋਂ ਸ਼ੁਰੂ ਹੁੰਦੀ ਹੈ। ਭੂ-ਮੱਧ ਰੇਖਾ ਤੇ ਇਸ ਦੀ ਉਚਾਈ 15 ਕਿ.ਮੀ. ਅਤੇ $60^0$ ਵਿਥਕਾਰ ਉਤੇ 10 ਕਿ.ਮੀ. ਤੋਂ ਸ਼ੁਰੂ ਹੁੰਦੀ ਹੈ। ਇਸ ਭਾਗ ਦੀਆਂ ਮੁੱਖ ਵਿਸ਼ੇਸ਼ਤਾਂਵਾਂ ਹਨ; ਘੱਟ ਘਣਤਾ ਵਾਲੀ ਹਵਾ, ਨੀਵਾਂ ਪਰ ਬਰਾਬਰ ਬਣਿਆ ਰਹਿਣ ਵਾਲਾ ਤਾਪਮਾਨ ਅਤੇ ਬਦਲਾਂ ਦੀ ਅਣਹੋਂਦ ਅਰਥਾਤ ਆਕਾਸ਼ ਸਾਫ਼ ਰਹਿੰਦਾ ਹੈ। ਇਸੇ ਕਰਕੇ ਹਵਾ ਦੀਆਂ ਸੰਵਹਿਣ (ਗੇੜਖਾਣ ਵਾਲੀਆਂ) ਲਹਿਰਾਂ ਨਹੀਂ ਹੰਦੀਆਂ। ਸਮਤਾਪ ਮੰਡਲ ਆਮ ਕਰਕੇ 50 ਤੋਂ 55 ਕਿ.ਮੀ. ਤੱਕ ਫੈਲਿਆ ਹੁੰਦਾ ਹੈ। ਇਨ੍ਹਾਂ ਵਿਸ਼ੇਸਤਾਵਾਂ ਕਰਕੇ ਵਾਯੂ ਮੰਡਲ ਦਾ ਇਹ ਭਾਗ ਹਵਾਈ ਜਹਾਜ਼ਾਂ ਦੀ ਉਡਾਨ ਲਈ ਬਹੁਤ ਯੋਗ ਹੁੰਦਾ ਹੈ। ਇਸ ਭਾਗ ਵਿਚਲੀ ਓਜ਼ੋਨ (ozone) ਗੈਸ, ਸੂਰਜ ਤੋਂ ਆਉਣ ਵਾਲੀਆਂ ਪਰਾ-ਵੈਂਗਣੀ (ULTRAVIOLET) ਕਿਰਨਾਂ ਜਿਹੜੀਆਂ ਜੀਵ-ਜਗਤ ਲਈ ਹਾਨੀਕਾਰਕ ਹੁੰਦੀਆਂ ਹਨ, ਨੂੰ ਆਪਣੇ ਵਿੱਚ ਸਮਾ ਲੈਂਦੀ ਹੈ। ਇਸ ਮੰਡਲ ਦੀ ਉਪਰਲੀ ਸੀਮਾ ਨੂੰ ਸਮਤਾਪ ਸੀਮਾ (Tropapause) ਆਖਦੇ ਹਨ। ਇਹ ਆਮ ਕਰਕੇ ਵਾਯੂ ਮੰਡਲ ਦੀ 50 ਕਿ.ਮੀ. ਉੱਚਾਈ ਤੇ ਹੁੰਦੀ ਹੈ।

## (3) ਮੱਧਵਰਤੀ ਮੰਡਲ (Mesosphere)

ਸਮਤਾਪ ਮੰਡਲ ਦੀ ਉੱਤਲੀ ਵਾਯੂ ਮੰਡਲ ਦੀ ਪਰਤ ਨੂੰ ਮੱਧਵਰਤੀ ਮੰਡਲ ਆਖਦੇ ਹਨ। ਇਹ ਤਹਿ 50 ਤੋਂ 80 ਕਿ.ਮੀ. ਤੱਕ ਫੈਲੀ ਹੋਈ ਹੈ। ਇਸ ਪਰਤ ਵਿੱਚ ਉਚਾਈ ਨਾਲ਼ ਤਾਪਮਾਨ ਘਟਦਾ ਜਾਂਦਾ ਹੈ ਤੇ ਵਾਯੂ ਮੰਡਲ ਦੇ 80 ਕਿ.ਮੀ. ਤੇ $-90^0$ ਸੈਲਸੀਅਸ ਹੋ ਜਾਂਦਾ ਹੈ।

ਮੱਧਵਰਤੀ ਮੰਡਲ ਦੀ ਉਪਰਲੀ ਸੀਮਾ ਨੂੰ ਮਧਵਰਤੀ ਸੀਮਾ ਕਿਹਾ ਜਾਂਦਾ ਹੈ। ਇਸ ਸੀਮਾ ਤੋਂ ਅੱਗੇ ਤਾਪਮਾਨ ਉਪਰ ਵਲ ਫਿਰ ਵੱਧਣਾ ਸ਼ੁਰੂ ਹੋ ਜਾਂਦਾ ਹੈ।

## (4) ਤਾਪਮੰਡਲ (Thermosphere)

ਮਧਵਰਤੀ ਸੀਮਾਂ ਤੋਂ ਉਪਰ ਤਾਪਮਾਨ ਵੱਧਣਾ ਸ਼ੁਰੂ ਹੋ ਜਾਂਦਾ ਹੈ। ਇਸ ਕਰਕੇ, ਇਸ ਪਰਤ ਨੂੰ ਤਾਪਮੰਡਲ ਆਖਦੇ ਹਨ। ਇਸ ਮੰਡਲ ਵਿੱਚ ਗੈਸਾਂ ਦੀ ਮਾਤਰਾ ਘੱਟ ਹੁੰਦੀ ਹੈ।

ਤਾਪਮੰਡਲ ਵਿਚਲੀ ਸਭ ਤੋਂ ਹੇਠਲੀ ਪਰਤ ਨੂੰ **ਆਇਨ ਮੰਡਲ** ਆਖਦੇ ਹਨ ਜੋ ਕਿ ਵਾਯੂਮੰਡਲ ਦੇ 100 ਕਿਲੋਮੀਟਰ ਤੋਂ 300 ਕਿਲੋਮੀਟਰ ਤੱਕ ਦੀ ਉਚਾਈ ਤੱਕ ਹੈ। ਇਸ ਮੰਡਲ ਵਿੱਚ ਬਹੁਤ ਬਿਜਲਈ ਅਣੂ ਪਾਏ ਜਾਂਦੇ ਹਨ। ਜਿਹੜੇ ਰੇਡੀਓ ਤਰੰਗਾਂ (Radio Waves) ਨੂੰ ਧਰਤੀ ਤੇ ਵਾਪਸ ਮੁੜਨ ਵਿੱਚ ਸਹਾਇਤਾ ਕਰਦੇ ਹਨ। ਇਨ੍ਹਾਂ ਦੇ ਆਧਾਰ ਤੇ ਵਾਇਰਲੈਸ ਸੰਚਾਰ (Wireless Communication) ਪ੍ਰਣਾਲੀ ਕੰਮ ਕਰਦੀ ਹੈ।


ਵਾਯੂਮੰਡਲ ਦੀ ਬਾਹਰਲੀ ਪਰਤ ਨੂੰ ਬਾਹਰੀ ਮੰਡਲ (Exosphere) ਆਖਦੇ ਹਨ। ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਹੈ ਪਰ ਇੰਨਾ ਕੁ ਯਕੀਨੀ ਹੈ ਕਿ ਇਸ ਪਰਤ ਵਿੱਚ ਬਹੁਤ ਘੱਟ ਘਣਤਾ ਵਾਲੀਆਂ ਗੈਸਾਂ ਹਾਈਡਰੋਜਨ ਅਤੇ ਹੀਲੀਅਮ ਹੁੰਦੀਆਂ ਹਨ।

## ਤਾਪਮਾਨ

ਹਵਾ ਵਿਚਲੀ ਗਰਮੀ ਨੂੰ ਉਸਦਾ ਤਾਪਮਾਨ ਕਿਹਾ ਜਾਂਦਾ ਹੈ ਹਵਾ ਦੇ ਤਾਪਮਾਨ ਵਾਂਗ ਕਿਸੇ ਵਸਤੂ ਜਾਂ ਜੀਵ ਅੰਦਰਲੀ ਗਰਮੀ ਨੂੰ ਵੀ ਤਾਪਮਾਨ ਆਖਦੇ ਹਨ। ਤਾਪਮਾਨ ਘਟਦਾ ਵਧਦਾ ਰਹਿੰਦਾ ਹੈ। ਰਾਤ ਅਤੇ ਦਿਨ ਦੇ ਤਾਪਮਾਨ ਵਿੱਚ ਵੀ ਅੰਤਰ ਹੁੰਦਾ ਹੈ। ਇਸੇ ਪ੍ਰਕਾਰ ਮੌਸਮਾਂ ਮੁਤਾਬਕ ਤਾਪਮਾਨ ਬਦਲਦਾ ਹੈ। ਧਰਤੀ ਦੇ ਵੱਖ-ਵੱਖ ਹਿੱਸਿਆਂ ਵਿੱਚ ਵੀ ਇਕ ਸਮੇਂ ਤੇ ਅਲੱਗ-ਅਲੱਗ ਤਾਪਮਾਨ ਹੁੰਦਾ ਹੈ। ਇਸ ਕਰਕੇ ਕਿਸੇ ਜਗ੍ਹਾਂ ਦਾ ਮੌਸਮ ਦੂਸਰੇ ਜਗ੍ਹਾਂ ਦੇ ਮੌਸਮ ਤੋਂ ਭਿੰਨ ਹੁੰਦਾ ਹੈ। ਭਾਵੇਂ ਕਿਸੇ ਜਗ੍ਹਾਂ ਦੇ ਮੌਸਮ ਨੂੰ ਕਈ ਤੱਤ ਪ੍ਰਭਾਵਿਤ ਕਰਦੇ ਹਨ ਪਰ ਹਵਾ ਦਾ ਤਾਪਮਾਨ ਇੱਕ ਮੁੱਖ ਤੱਤ ਹੈ।

ਧਰਤੀ ਨੂੰ ਤਾਪਮਾਨ ਦੇਣ ਵਾਲੇ ਸਿਰਫ਼ ਦੋ ਹੀ ਸੋਮੇ ਹਨ। ਸੂਰਜ ਅਤੇ ਧਰਤੀ ਦਾ ਅੰਤਰੀਵ ਇਨ੍ਹਾਂ ਵਿੱਚੋਂ ਸੂਰਜ ਦੀ ਮਹਤੱਤਾ ਵਧੇਰੇ ਹੈ। ਸੂਰਜ ਵਲੋਂ ਮਿਲਣ ਵਾਲੀ ਗਰਮੀ, ਪਹਿਲਾਂ ਧਰਤੀ ਨੂੰ ਗਰਮ ਕਰਦੀ ਹੈ ਫਿਰ ਵਾਯੂ ਮੰਡਲ ਗਰਮ ਹੁੰਦਾ ਹੈ। ਕਿਸੇ ਜਗ੍ਹਾਂ ਦੇ ਤਾਪਮਾਨ ਤੇ ਬਹੁਤ ਸਾਰੇ ਤੱਤ ਅਸਰ ਪਾਉਂਦੇ ਹਨ। ਇਨ੍ਹਾਂ ਤੱਤਾਂ ਨੂੰ ਜਾਨਣ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਤਾਪਮਾਨ ਕਿਵੇਂ ਮਾਪਿਆ ਜਾਂਦਾ ਹੈ।




*ਚਿੱਤਰ 3.3 ਉੱਚਤਮ ਤੇ ਨਿਊਨਤਮ ਥਰਮਾਮੀਟਰ* *ਚਿੱਤਰ 3.4 ਗਿੱਲੀ ਅਤੇ ਸੁਕੀ ਗੋਲੀ ਦਾ ਥਰਮਾਮੀਟਰ*

ਤਾਪਮਾਨ ਨੂੰ ਉਪਰੋਕਤ ਥਰਮਾਮੀਟਰਾਂ ਰਾਹੀਂ ਮਾਪਿਆ ਜਾਂਦਾ ਹੈ ਅਤੇ ਡਿਗਰੀਆਂ ਵਿੱਚ ਦੱਸਿਆ ਜਾਂਦਾ ਹੈ। ਤਾਪਮਾਨ ਮਾਪਣ ਲਈ ਦੋ ਪੈਮਾਨੇ ਵਰਤੇ ਜਾਂਦੇ ਹਨ, ਇਕ ਸੈਲਸੀਅਸ ਅਤੇ ਦੂਜਾ ਫ਼ਾਰਨਹੀਟ। ਸੈਲਸੀਅਸ ਪੈਮਾਨੇ ਮੁਤਾਬਕ ਪਾਣੀ $0^0$ ਤੇ ਜੰਮ ਜਾਂਦਾ ਹੈ ਅਤੇ ਫਾਰਨਹੀਟ ਪੈਮਾਨੇ ਤੇ $32^0$ ਦੇ ਜੰਮਦਾ ਹੈ। ਸੈਲਸੀਅਸ ਮੁਤਾਬਕ ਪਾਣੀ $100^0$ ਤੇ ਉਬਲਦਾ ਹੈ ਤੇ ਫਾਰਨਹੀਟ ਪੈਮਾਨੇ ਮੁਤਾਬਕ $212^0$ ਤੇ ਉਬਲਦਾ ਹੈ।

**ਤਾਪਮਾਨ ਉਤੇ ਅਸਰ ਪਾਉਣ ਵਾਲੇ ਤੱਤ :** ਧਰਤੀ ਉੱਤੇ ਤਾਪਮਾਨ ਨੂੰ ਪ੍ਰਭਾਵਤ ਕਰਨ ਵਾਲੇ ਹੇਠ ਲਿਖੇ ਤੱਤ ਹਨ :-

**(ੳ) ਭੂ-ਮੱਧ ਰੇਖਾ ਤੋਂ ਦੂਰੀ :-** ਕਿਸੇ ਜਗ੍ਹਾਂ ਦਾ ਤਾਪਮਾਨ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉੱਥੇ ਕਿੰਨਾ ਸੂਰਜੀ ਤਾਪ ਪ੍ਰਾਪਤ ਹੁੰਦਾ ਹੈ। ਭੂ-ਮੱਧ ਰੇਖਾ ($0^0$ ਅਕਸ਼ਾਂਸ) ਤੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਣ ਕਰਕੇ, ਤਾਪਮਾਨ ਜ਼ਿਆਦਾ ਹੁੰਦਾ ਹੈ। ਜਿਉਂ-ਜਿਉਂ ਭੂ-ਮੱਧ ਰੇਖਾ ਤੋਂ ਧਰੁਵਾਂ ($0^0$–$90^0$ ਅਕਸ਼ਾਂਸ਼) ਵੱਲ ਜਾਂਦੇ ਹਾਂ ਤਾਂ ਤਾਪਮਾਨ ਘੱਟਦਾ ਜਾਂਦਾ ਹੈ ਕਿਉਂਕਿ ਸੂਰਜ ਦੀਆਂ ਕਿਰਨਾਂ ਧਰੁਵਾਂ ਤੇ ਟੇਢੀਆਂ ਪੈਂਦੀਆਂ ਹਨ। ਇਹ ਹੇਠ ਦਿਤੇ ਚਿੱਤਰ ਤੋਂ ਸਪਸ਼ਟ ਹੈ :-




*ਚਿੱਤਰ 3.5 ਸੂਰਜੀ ਕਿਰਨਾਂ ਦਾ ਕੋਣ*

**(ਅ) ਸਮੁੰਦਰ ਤਲ ਤੋਂ ਉਚਾਈ :** ਜਿਉਂ-ਜਿਉਂ ਅਸੀਂ ਉਪਰ ਜਾਂਦੇ ਹਾਂ ਤਾਪਮਾਨ ਘਟਦਾ ਜਾਂਦਾ ਹੈ। ਉਚਾਈ ਦੇ ਨਾਲ਼ ਤਾਪਮਾਨ ਘੱਟਣ ਦਾ ਕਾਰਨ, ਸੂਰਜ ਤੋਂ ਪ੍ਰਾਪਤ ਹੋਣ ਵਾਲੀ ਗਰਮੀ ਹੈ ਜੋ ਕਿ ਪਹਿਲਾਂ ਧਰਤੀ ਨੂੰ ਗਰਮ ਕਰਦੀ ਹੈ ਅਤੇ ਫਿਰ ਵਾਯੂਮੰਡਲ ਗਰਮ ਹੁੰਦਾ ਹੈ। ਇਸ ਲਈ ਧਰਤੀ ਦੀ ਸਤਹ ਦੇ ਨੇੜੇ ਦਾ ਵਾਯੂਮੰਡਲ ਜ਼ਿਆਦਾ ਗ਼ਰਮ ਹੋ ਜਾਂਦਾ ਹੈ ਅਤੇ ਉਪਰ ਵਾਲਾ ਘੱਟ। ਇਹੀ ਕਾਰਨ ਹੈ ਕਿ ਜਦੋਂ ਅਸੀਂ ਪਹਾੜ ਦੇ ਉੱਪਰ ਜਾਂਦੇ ਹਾਂ ਤਾਂ ਤਾਪਮਾਨ ਘਟਦਾ ਜਾਂਦਾ ਹੈ।

**(ੲ) ਸਮੁੰਦਰ ਤੋਂ ਦੂਰੀ :** ਸਮੁੰਦਰ ਦੇ ਨੇੜਲੀਆਂ ਥਾਂਵਾਂ ਤੇ ਤਾਪਮਾਨ ਨਾ ਹੀ ਬਹੁਤ ਜ਼ਿਆਦਾ ਹੁੰਦਾ ਹੈ ਅਤੇ ਨਾ ਹੀ ਬਹੁਤ ਘੱਟ। ਪਰ ਜਿਉਂ ਹੀ ਅਸੀਂ ਸਮੁੰਦਰ ਤੋਂ ਦੂਰ ਜਾਂਦੇ ਹਾਂ ਤਾਪਮਾਨ ਵਖਰੇਵਾਂ ਵਧਦਾ ਜਾਂਦਾ ਹੈ। ਧਰਾਤਲ ਦੇ ਮੁਕਾਬਲੇ ਪਾਣੀ ਦੇਰ ਨਾਲ਼ ਗਰਮ ਅਤੇ ਦੇਰ ਨਾਲ਼ ਠੰਢਾ ਹੁੰਦਾ ਹੈ। ਇਸ ਲਈ ਸਮੁੰਦਰਾਂ ਦੇ ਨੇੜੇ ਤਾਪਮਾਨ ਸੰਜਮੀ ਰਹਿੰਦਾ ਹੈ। ਇਸਦਾ ਇਕ ਕਾਰਨ ਸਮੁੰਦਰੀ ਤੱਟ ਨੇੜੇ ਜਲਸਮੀਰ ਤੇ ਥਲ ਸਮੀਰ ਦਾ ਚੱਲਣਾ ਵੀ ਹੈ।

**(ਸ) ਧਰਤੀ ਤੇ ਸਤਹ ਦੀ ਕਿਸਮ :** ਜ਼ਮੀਨ ਤੇ ਕਿਸ ਪ੍ਰਕਾਰ ਦੀ ਬਨਸਪਤੀ ਪਾਈ ਜਾਂਦੀ ਹੈ, ਧਰਤੀ ਦੀ ਸਤਹ ਤੇ ਬਰਫ਼ ਜੰਮੀ ਹੋਈ ਹੈ ਜਾਂ ਖੁਸ਼ਕ ਮਾਰੂਥਲ ਹੈ ਜਾਂ ਸੰਘਣੇ ਜੰਗਲਾਂ ਨਾਲ ਢੱਕੀ ਹੈ ਆਦਿ ਤੱਤ, ਤਾਪਮਾਨ ਦੀ ਵੰਡ ਉਤੇ ਅਸਰ ਪਾਉਂਦੇ ਹਨ। ਜਿੱਥੇ ਬਰਫ਼ ਜੰਮੀ ਹੁੰਦੀ ਹੈ, ਸੂਰਜ ਵਲੋਂ ਆਉਣ ਵਾਲੀ ਗਰਮੀ ਪਰਾਵਰਤਿਤ ਹੋ ਜਾਂਦੀ ਹੈ ਤੇ ਧਰਤੀ ਦਾ ਤਾਪਮਾਨ ਘੱਟ ਹੀ ਰਹਿੰਦਾ ਹੈ। ਖੁਸ਼ਕ ਮਾਰੂਥਲਾਂ ਵਿੱਚ ਤਾਪਮਾਨ ਦਿਨ ਵੇਲੇ ਜ਼ਿਆਦਾ ਹੁੰਦਾ ਹੈ ਕਿਉਂਕਿ ਰੇਤ ਜਲਦੀ ਗਰਮ ਹੋ ਜਾਂਦੀ ਹੈ। ਜਿੱਥੇ ਜ਼ਿਆਦਾ ਸੰਘਣੇ ਜੰਗਲ ਹੁੰਦੇ ਹਨ ਉੱਥੇ ਵੀ ਧਰਤੀ ਦਾ ਤਾਪਮਾਨ ਜ਼ਿਆਦਾ ਨਹੀਂ ਵਧਦਾ।

**(ਹ) ਢਲਾਣਾਂ ਦਾ ਰੁਖ :** ਜੇ ਢਲਾਣਾਂ ਦਾ ਰੁਖ ਸੂਰਜ ਵਾਲੇ ਪਾਸੇ ਹੋਵੇਗਾ ਤਾਂ ਉਹ ਜ਼ਿਆਦਾ ਗਰਮ ਹੋਣਗੀਆਂ। ਜਿਹੜੀਆਂ ਢਲਾਣਾਂ ਸੂਰਜ ਤੋਂ ਉਲਟ ਦਿਸ਼ਾ ਵਿੱਚ ਹੁੰਦੀਆਂ ਹਨ, ਉਥੇ ਸੂਰਜ ਦੀਆਂ ਕਿਰਨਾਂ ਟੇਢੀਆਂ ਪੈਂਦੀਆਂ ਹਨ। ਇਸ ਲਈ ਉਹ ਘੱਟ ਗਰਮ ਹੁੰਦੀਆਂ ਹਨ।

**(ਕ) ਬਦੱਲਵਾਈ ਤੇ ਵਰਖਾ :** ਜਦੋਂ ਆਕਾਸ਼ ਵਿੱਚ ਬੱਦਲ ਛਾਏ ਹੁੰਦੇ ਹਨ ਤਾਂ ਸੂਰਜ ਦੀ ਗਰਮੀ ਧਰਤੀ ਉਤੇ ਪਹੁੰਚਣ ਤੋਂ ਪਹਿਲਾਂ ਬੱਦਲਾਂ ਵਿੱਚ ਜਜ਼ਬ ਹੋ ਜਾਂਦੀ ਹੈ। ਨਤੀਜੇ ਵਜੋਂ ਧਰਤੀ ਦਾ ਤਾਪਮਾਨ ਨੀਵਾਂ ਰਹਿੰਦਾ ਹੈ। ਵਰਖਾ ਪੈਣ ਪਿੱਛੋਂ ਆਮਤੌਰ ਤੇ ਤਾਪਮਾਨ ਘੱਟ ਜਾਂਦਾ ਹੈ ਕਿਉਂਕਿ ਵਰਖਾ ਤੋਂ ਬਾਅਦ ਹਵਾ ਵਿੱਚ ਜਲਵਾਸ਼ਪ ਵੱਧ ਜਾਂਦੇ ਹਨ। ਇਹ ਜਲਵਾਸ਼ਪ ਬਹੁਤ ਸਾਰੀ ਗਰਮੀ ਨੂੰ ਜਜ਼ਬ ਕਰ ਲੈਂਦੇ ਹਨ।

**(ਖ) ਸਮੁੰਦਰੀ ਧਾਰਾਵਾਂ :** ਜਿਸ ਇਲਾਕੇ ਦੇ ਨੇੜੇ ਗਰਮ ਧਾਰਾਵਾਂ ਲੰਘਦੀਆਂ ਹਨ, ਉਹ ਇਲਾਕੇ ਗਰਮ ਹੋ ਜਾਂਦੇ ਹਨ ਅਤੇ ਜਿਥੋਂ ਠੰਢੀਆਂ ਧਾਰਾਵਾਂ ਲੰਘਦੀਆਂ ਹਨ ਉਹ ਇਲਾਕੇ ਠੰਢੇ ਹੋ ਜਾਂਦੇ ਹਨ। ਜਿਸ ਬਾਰੇ ਵਿਸਤ੍ਰਿਤ ਜਾਣਕਾਰੀ ਪੁਸਤਕ ਵਿੱਚ ਅੱਗੇ ਦਿੱਤੀ ਜਾਵੇਗੀ। ਸਮੁੰਦਰਾਂ ਅਤੇ ਮਹਾਂਸਾਗਰਾਂ ਸਬੰਧੀ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਜਾਣ ਜਾਓਗੇ ਕਿ ਇਹ ਕਿਵੇਂ ਸੰਭਵ ਹੈ।

## ਯਾਦ ਰੱਖਣ ਯੋਗ ਨੁਕਤੇ

1. ਕੁਦਰਤੀ ਵਾਤਾਵਰਨ ਦੇ ਤਿੰਨ ਅੰਸ਼ ਹਨ, ਜਲ ਮੰਡਲ, ਥਲ ਮੰਡਲ ਤੇ ਵਾਯੂ ਮੰਡਲ। ਵਾਯੂ ਮੰਡਲ ਦੇ ਅੰਸ਼ਾਂ ਵਿਚ ਹਵਾ, ਤਾਪਮਾਨ ਤੇ ਨਮੀ ਸ਼ਾਮਲ ਹੁੰਦੇ ਹਨ।
2. ਵਾਯੂਮੰਡਲ ਦੀ ਪ੍ਰਮੁੱਖ ਗੈਸ ਨਾਈਟ੍ਰੋਜ਼ਨ ਹੈ ਜੋ 78.03% ਹੈ ਜਦੋਂ ਕਿ ਆਕਸੀਜ਼ਨ ਦੀ ਮਾਤਰਾ 20.99%, ਆਰਗਨ ਦੀ 0.94%, ਕਾਰਬਨ ਡਾਇਆਕਸਾਈਡ 0.03% ਤੇ ਹਾਈਡਰੋਜ਼ਨ 0.01% ਹੈ।
3. ਵਾਯੂਮੰਡਲ ਦੇ ਸਭ ਤੋਂ ਹੇਠਲੇ ਭਾਗ ਨੂੰ ਅਸ਼ਾਤ ਮੰਡਲ ਉਸ ਤੋਂ ਉਪਰ ਸਮਤਾਪ ਮੰਡਲ, ਉਸ ਤੋਂ ਉਪਰ ਮਧਵਰਤੀ ਮੰਡਲ ਤੇ ਸਭ ਤੋਂ ਉਪਰ ਆਇਨ ਮੰਡਲ ਜਾਂ ਤਾਪ ਮੰਡਲ ਹੁੰਦਾ ਹੈ।
4. ਤਾਪਮਾਨ ਨਾਪਣ ਲਈ ਉਚਤਮ ਤੇ ਨਿਊਨਤਮ ਥਰਮਾਮੀਟਰ ਵਰਤਿਆ ਜਾਂਦਾ ਹੈ ਜਦੋਂ ਕਿ ਨਮੀ ਦੇ ਨਾਪ ਲਈ ਗਿੱਲੀ ਤੇ ਸੁੱਕੀ ਗੋਲੀ ਬਲਬ ਥਰਮਾਮੀਟਰ ਵਰਤਿਆ ਜਾਂਦਾ ਹੈ।
5. ਕਿਸੇ ਸਥਾਨ ਦੇ ਤਾਪਮਾਨ ਉਤੇ ਧਰਾਤਲੀ ਉਚਾਈ, ਸਮੁੰਦਰ ਤੋਂ ਦੂਰੀ, ਧਰਾਤਲ ਦੀ ਕਿਸਮ, ਵਰਖਾ ਤੇ ਸਾਗਰੀ ਧਾਰਾਵਾਂ ਅਸਰ ਪਾਊ ਤੱਤ ਹੁੰਦੇ ਹਨ।

# ਅਭਿਆਸ

**(ੳ) ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ।**

1. ਵਾਯੂਮੰਡਲ ਕਿਸ ਨੂੰ ਆਖਦੇ ਹਨ ?
2. ਭੂਗੋਲ ਵਿੱਚ ਅਸੀਂ ਵਾਯੂਮੰਡਲ ਦਾ ਅਧਿਐਨ ਕਿਉਂ ਕਰਦੇ ਹਾਂ ?
3. ਵਾਯੂਮੰਡਲ ਦੀਆਂ ਤਹਿਆਂ ਦੇ ਨਾਂ ਲਿਖੋ।
4. ਬਾਹਰੀ ਮੰਡਲ ਤੋਂ ਕੀ ਭਾਵ ਹੈ ?
5. ਵਾਯੂਮੰਡਲ ਵਿੱਚੋਂ ਗੈਸਾਂ ਤੋਂ ਇਲਾਵਾ ਹੋਰ ਕਿਹੜੇ ਅੰਸ਼ ਪਾਏ ਜਾਂਦੇ ਹਨ ?
6. ਹਵਾ ਦਾ ਪ੍ਰਦੂਸ਼ਣ ਕਿਸ ਨੂੰ ਆਖਦੇ ਹਨ ?
7. ਤਾਪਮਾਨ ਕੀ ਹੁੰਦਾ ਹੈ ਅਤੇ ਇਸ ਨੂੰ ਮਾਪਣ ਲਈ ਕਿਹੜੇ ਪੈਮਾਨੇ ਵਰਤੇ ਜਾਂਦੇ ਹਨ ?
8. ਭੂ-ਮੱਧ ਰੇਖਾ ਤੇ ਤਾਪਮਾਨ ਵੱਧ ਕਿਉਂ ਹੁੰਦਾ ਹੈ ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50-60 ਸ਼ਬਦਾਂ ਵਿੱਚ ਦਿਓ।**

1. ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਕਾਂ ਦੀ ਸੰਖੇਪ ਜਾਣਕਾਰੀ ਦਿਓ।
2. ਹਵਾ ਵਿਚਲੀਆਂ ਮੁੱਖ ਗੈਸਾਂ ਦੇ ਮਿਸ਼ਰਨ ਬਾਰੇ ਲਿਖੋ।
3. ਵਾਯੂਮੰਡਲ ਵਿੱਚ ਓਜ਼ੋਨ ਗੈਸ ਕਿਥੇ ਪਾਈ ਜਾਂਦੀ ਹੈ ਅਤੇ ਇਸ ਦੀ ਕੀ ਮਹਤੱਤਾ ਹੈ ?

**(ੲ) ਹੇਠ ਲਿਖਿਆਂ ਵਿੱਚ ਖਾਲੀ ਥਾਵਾਂ ਭਰੋ।**

1. ਜਿਉਂ-ਜਿਉਂ ਪਹਾੜਾਂ ਦੇ ਉਪਰ ਚੜ੍ਹਦੇ ਹਾਂ ਤਾਪਮਾਨ .............. ਜਾਂਦਾ ਹੈ।
2. ਧਰਤੀ ਤੇ ਤਾਪਮਾਨ ਦੇ ਮੁੱਖ ਸੋਮੇ .............. ਅਤੇ .............. ਹਨ।
3. ਓਜ਼ੋਨ ਗੈਸ .............. ਕਿਰਨਾਂ ਨੂੰ ਆਪਣੇ ਵਿੱਚ ਸਮਾ ਲੈਂਦੀ ਹੈ।
4. ਬਿਜਲੀ ਅਣੂ .............. ਮੰਡਲ ਵਿੱਚ ਪਾਏ ਜਾਂਦੇ ਹਨ।
5. ਵਾਇਰਲੈਸ ਸੰਚਾਰ ਪ੍ਰਣਾਲੀ .............. ਤਰੰਗਾਂ ਦੇ ਆਧਾਰ ਤੇ ਕੰਮ ਕਰਦਾ ਹੈ।
6. ਵਾਯੂਮੰਡਲ ਵਿੱਚ ਸਭ ਤੋਂ ਵੱਧ ਮਾਤਰਾ .............. ਗੈਸ ਦੀ ਹੁੰਦੀ ਹੈ।

## ਗਤੀਵਿਧੀ

1. ਹਵਾ ਦਾ ਪ੍ਰਦੂਸ਼ਣ ਰੋਕਣ ਲਈ ਸਾਨੂੰ ਕਿਹੜੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਚਾਰਟ ਤੇ ਲਿਖ ਕੇ ਕਲਾਸ ਵਿੱਚ ਲਗਾਓ।
2. ਵਾਯੂਮੰਡਲ ਦੇ ਭਿੰਨ-ਭਿੰਨ ਮੰਡਲਾਂ ਨੂੰ ਦਰਸਾਉਂਦਾ ਚਿੱਤਰ ਬਣਾਓ।




# ਪਾਠ 4 ਮਹਾਂਸਾਗਰ

ਪ੍ਰਿਥਵੀ ਉੱਪਰ ਜਲ ਤੇ ਥਲ ਦੀ ਵੰਡ ਬਰਾਬਰ ਨਹੀਂ। ਪ੍ਰਿਥਵੀ ਦੀ ਸਤਹ ਦਾ ਦੋ ਤਿਹਾਈ ਤੋਂ ਵੱਧ ਭਾਗ ਖਾਰੇ ਪਾਣੀ ਨੇ ਘੇਰਿਆ ਹੋਇਆ ਹੈ ਅਰਥਾਤ ਲਗਭਗ 71% ਖੇਤਰਫਲ ਉੱਪਰ ਜਲ ਹੈ। ਥਲ ਭਾਗ ਤਾਂ ਕੇਵਲ 29 ਪ੍ਰਤੀਸ਼ਤ ਹੀ ਹੈ। ਜਲ ਦੇ ਇਹਨਾਂ ਮਹਾਨ ਖੰਡਾਂ ਨੂੰ ਮਹਾਂਸਾਗਰ ਕਿਹਾ ਜਾਂਦਾ ਹੈ। ਜਲ ਦੇ ਛੋਟੇ ਟੁਕੜਿਆਂ (ਖੰਡਾਂ) ਨੂੰ ਸਾਗਰ ਦਾ ਨਾਂ ਦਿੱਤਾ ਜਾਂਦਾ ਹੈ। ਇਹ ਉਸੇ ਤਰ੍ਹਾਂ ਹੀ ਹੈ ਜਿਵੇਂ ਇੱਕ ਪਿੰਡ ਜਾਂ ਸ਼ਹਿਰ ਵਿੱਚ ਕਈ ਮੁਹੱਲੇ ਹੁੰਦੇ ਹਨ। ਮਹਾਂਸਾਗਰ ਇੱਕ ਮਹਾਨ ਸ਼ਹਿਰ ਵਾਂਗ ਹੈ ਜਦੋਂ ਕਿ ਛੋਟੇ ਟੁਕੜਿਆਂ ਜਾਂ ਮੁਹੱਲਿਆਂ ਨੂੰ ਸਾਗਰ ਕਹਿ ਦਿੱਤਾ ਜਾਂਦਾ ਹੈ। (ਅਰਥਾਤ ਆਮ ਕਰਕੇ ਵਿਸ਼ਾਲ ਜਲ ਭਾਗ ਨੂੰ ਮਹਾਂਸਾਗਰ ਕਹਿੰਦੇ ਹਨ ਅਤੇ ਸਾਗਰ ਜਲ ਦਾ ਸੀਮਿਤ ਭਾਗ ਹੁੰਦਾ ਹੈ। ਹਿੰਦ ਮਹਾਂਸਾਗਰ ਵਿੱਚ ਅਰਬ ਸਾਗਰ ਤੇ ਖਾੜੀ ਬੰਗਾਲ ਦੇ ਛੋਟੇ ਸਾਗਰ ਹਨ।

**ਸਾਡੀ ਪ੍ਰਿਥਵੀ ਉੱਪਰ ਚਾਰ ਮਹਾਂਸਾਗਰ ਹਨ :-**

ਸ਼ਾਂਤ ਮਹਾਂਸਾਗਰ, ਅੰਧ ਮਹਾਂਸਾਗਰ, ਹਿੰਦ ਮਹਾਂਸਾਗਰ ਅਤੇ ਉੱਤਰੀ ਧਰੁੱਵ ਜਾਂ ਆਰਕਟਿਕ (ਹਿਮ ਮਹਾਂਸਾਗਰ) ਇਹ ਸਾਰੇ ਮਹਾਂਸਾਗਰ ਇੱਕ ਦੂਜੇ ਨਾਲ਼ ਜੁੜੇ ਹੋਏ ਹਨ। ਇਹਨਾਂ ਦਾ ਪਾਣੀ ਇੱਕ ਦੂਜੇ ਵਿੱਚ ਰਲਦਾ ਰਹਿੰਦਾ ਹੈ। ਹੇਠਾਂ ਮਹਾਂਸਾਗਰਾਂ ਦਾ ਖੇਤਰਫਲ ਦਿੱਤਾ ਗਿਆ ਹੈ :—




*ਚਿੱਤਰ 4.1 ਧਰਤੀ ਤੇ ਜਲ-ਥਲ ਦੀ ਵੰਡ*

| ਮਹਾਂਸਾਗਰ | ਖੇਤਰਫਲ (ਕਰੋੜ ਵਰਗ ਕਿ.ਮੀ.) |
|---|---|
| 1. ਸ਼ਾਂਤ ਮਹਾਂਸਾਗਰ | 16.6 |
| 2. ਅੰਧ ਮਹਾਂਸਾਗਰ | 8.2 |
| 3. ਹਿੰਦ ਮਹਾਂਸਾਗਰ | 7.3 |
| 4. ਆਰਕਟਿਕ ਮਹਾਂਸਾਗਰ | 1.3 |

ਇਹਨਾਂ ਮਹਾਂਸਾਗਰਾਂ ਵਿੱਚੋਂ **ਸ਼ਾਂਤ ਮਹਾਂਸਾਗਰ** ਸਭ ਤੋਂ ਵੱਡਾ ਤੇ ਸਭ ਤੋਂ ਡੂੰਘਾ ਹੈ। ਇਹ ਏਨਾ ਡੂੰਘਾ ਹੈ ਕਿ ਸੰਸਾਰ ਦੀ ਸਭ ਤੋਂ ਉੱਚੀ ਪਰਬਤ ਚੋਟੀ ਮਾਊਂਟ ਐਵਰੈਸਟ ਵੀ ਇਸ ਵਿੱਚ ਡੁੱਬ ਸਕਦੀ ਹੈ। **ਅੰਧ ਮਹਾਂਸਾਗਰ** ਆਕਾਰ ਵਿੱਚ ਇਸ ਨਾਲੋਂ ਲਗਭਗ ਅੱਧਾ ਹੈ। **ਹਿੰਦ ਮਹਾਂਸਾਗਰ** ਦਾ ਨਾਂ ਸਾਡੇ ਦੇਸ਼ ਦੇ ਨਾਂ ਕਰਕੇ ਪਿਆ ਹੈ। ਕਿ ਭਾਰਤ ਇਕ ਉਪ-ਮਹਾਂਦੀਪ ਹੈ ਅਤੇ ਇਹ ਮਹਾਂਸਾਗਰ ਭਾਰਤ ਦੇ ਦੱਖਣ ਵਿੱਚ ਸਥਿਤ ਹੈ। ਸੱਭ ਤੋਂ ਛੋਟਾ ਮਹਾਂਸਾਗਰ **ਹਿਮ ਮਹਾਂਸਾਗਰ** (ਆਰਕਟਿਕ ਮਹਾਂਸਾਗਰ) ਹੈ। ਉੱਤਰੀ ਧਰੁਵ ਤੇ ਸਥਿਤ ਹੋਣ ਕਰਕੇ ਇਹ ਸਾਗਰ ਬਰਫ਼ ਵਾਂਗ ਜੰਮਿਆ ਰਹਿੰਦਾ ਹੈ। ਇਸ ਕਰਕੇ ਇਸ ਨੂੰ ਹਿਮ (ਬਰਫ਼) ਮਹਾਂਸਾਗਰ ਆਖਦੇ ਹਨ। ਅੰਟਾਰਕਟਿਕ ਮਹਾਂਸਾਗਰ ਵੀ ਜੰਮਿਆ ਰਹਿੰਦਾ ਹੈ ਤੇ ਅਸੀਂ ਇਸ ਨੂੰ ਮਹਾਂਦੀਪ ਵਜੋਂ ਪੜ੍ਹਦੇ ਹਾਂ। ਸਾਗਰੀ ਜਲ ਸਦਾ ਖਾਰਾ ਹੁੰਦਾ ਹੈ। ਇਸ ਵਿੱਚ ਅਨੇਕ ਖਣਿਜ ਲੂਣ ਘੁਲੇ ਹੁੰਦੇ ਹਨ।

**ਤਾਜ਼ਾ ਅਤੇ ਨਮਕੀਨ ਪਾਣੀ :** ਧਰਤੀ ਦੀ ਸਤਹ ਤੇ ਪਾਣੀ ਦਰਿਆਵਾਂ, ਨਹਿਰਾਂ, ਝੀਲਾਂ, ਸਾਗਰਾਂ ਅਤੇ ਮਹਾਸਾਗਰਾਂ ਦੇ ਰੂਪ ਵਿੱਚ ਮਿਲਦਾ ਹੈ। ਇਸ ਪਾਣੀ ਵਿੱਚ ਕਈ ਤਰ੍ਹਾਂ ਦੇ ਖਣਿਜ ਲੂਣ ਮਿਲੇ ਹੁੰਦੇ ਹਨ। ਜੋ ਕਿ ਜੀਵ ਜਗਤ ਅਤੇ ਵੇਲ-ਬੂਟਿਆਂ ਦੇ ਵਧਣ-ਫੁਲਣ ਲਈ ਬਹੁਤ ਜ਼ਰੂਰੀ ਹਨ। ਇਨ੍ਹਾਂ ਸੋਮਿਆਂ ਵਿੱਚ ਪਾਣੀ ਕਈ ਸਾਧਨਾਂ ਤੋਂ ਆਉਂਦਾ ਹੈ ਜਿਵੇਂ ਵਰਖਾ ਦੁਆਰਾ, ਉੱਚੀ ਬਰਫ਼ ਲਦੀਆਂ ਚੋਟੀਆਂ ਦੇ ਪਿਘਲਣ ਨਾਲ਼ ਪਾਣੀ ਦਰਿਆਵਾਂ ਰਾਹੀਂ ਮੈਦਾਨਾਂ ਵਿੱਚ ਪਹੁੰਚਦੇ ਹਨ। ਇਹ ਵਹਿੰਦਾ ਪਾਣੀ ਤਾਜ਼ਾ ਪਾਣੀ ਹੁੰਦਾ ਹੈ। ਇਸੇ ਤਰ੍ਹਾਂ ਕੁਝ ਪਾਣੀ ਧਰਤੀ ਦੇ ਅੰਦਰ ਰਿਸ ਜਾਂਦਾ ਹੈ। ਉਸਦੇ ਵਾਧੂ ਲੂਣ ਧਰਤੀ ਦੀ ਪਰਤ ਵਿੱਚ ਉੱਪਰ ਰਹਿ ਜਾਂਦੇ ਹਨ ਅਰਥਾਤ ਇਕ ਤਰ੍ਹਾਂ ਪਾਣੀ ਪੁਣਿਆ ਜਾਂਦਾ ਹੈ। ਇਸ ਪਾਣੀ ਨੂੰ ਟਿਊਬਵੈੱਲ ਅਤੇ ਪੰਪਾਂ ਰਾਹੀਂ ਧਰਤੀ ਹੇਠੋਂ ਉੱਪਰ ਲਿਆ ਕੇ ਟੂਟੀਆਂ ਅਤੇ ਨਲਕਿਆਂ ਰਾਹੀਂ ਵਰਤ ਲਿਆ ਜਾਂਦਾ ਹੈ।

> *ਤਾਜ਼ਾ ਪਾਣੀ : ਵਰਖਾ, ਪਿਘਲਦੀ ਬਰਫ਼, ਦਰਿਆਵਾਂ, ਨਹਿਰਾਂ, ਟਿਊਬਵੈੱਲਾਂ ਆਦਿ ਦੁਆਰਾ ਪ੍ਰਾਪਤ ਕੀਤਾ ਪਾਣੀ ਤਾਜ਼ਾ ਪਾਣੀ ਹੁੰਦਾ ਹੈ।*

ਧਰਤੀ ਦੇ ਪਾਣੀ ਦਾ, ਸੂਰਜ ਦੀ ਗਰਮੀ ਕਰਕੇ ਵਾਸ਼ਪੀਕਰਨ ਹੁੰਦਾ ਰਹਿੰਦਾ ਹੈ। ਪਾਣੀ ਦੇ ਸਥਿਰ ਸੋਮਿਆਂ ਝੀਲ, ਚੁਫੇਰਿਓਂ ਬੰਦ ਸਾਗਰਾਂ ਅਤੇ ਮਹਾਂਸਾਗਰਾਂ ਦੇ ਪਾਣੀ ਦੇ ਲਗਾਤਾਰ ਵਾਸ਼ਪੀਕਰਨ ਕਰਕੇ ਉਸ ਵਿੱਚ ਲੂਣਾਂ ਦੀ ਮਾਤਰਾ ਵੱਧ ਜਾਂਦੀ ਹੈ। ਇਸੇ ਕਰਕੇ ਹੀ ਕਈ ਸਾਗਰੀ ਕੰਢਿਆਂ ਉੱਤੇ ਖਾਣ ਵਾਲਾ ਲੂਣ-ਬਣਾਉਣ ਦਾ ਕਿੱਤਾ ਬਹੁਤ ਪ੍ਰਚਲਤ ਹੈ। ਸਮੁੰਦਰ ਵਿੱਚ ਲੂਣ ਦੀ ਮਾਤਰਾ ਵਧਣ ਦਾ ਇਕ ਕਾਰਨ ਹੈ ਕਿ ਉਸ ਵਿਚਲਾ ਕਾਰਬੋਨੇਟ ਮੱਛੀਆਂ ਅਤੇ ਸਮੁੰਦਰੀ ਜੀਵਾਂ ਦੀ ਖੁਰਾਕ ਬਣ ਜਾਂਦਾ ਹੈ। ਇਸ ਲਈ ਇਹ ਪਾਣੀ ਨਮਕੀਨ ਹੁੰਦਾ ਹੈ। ਆਮ ਕਰਕੇ ਖੁਲ੍ਹੇ ਸਮੁੰਦਰਾਂ ਵਿੱਚ ਲੂਣ ਦੀ ਮਾਤਰਾ 35% (ਇਕ ਲਿਟਰ ਪਾਣੀ ਵਿੱਚ 35 ਗ੍ਰਾਮ) ਤੱਕ ਹੁੰਦੀ ਹੈ।


> *ਨਮਕੀਨ ਪਾਣੀ : ਝੀਲਾਂ, ਬੰਦ ਸਾਗਰਾਂ, ਖੁਲ੍ਹੇ ਸਮੁੰਦਰਾਂ ਦਾ ਪਾਣੀ ਨਮਕੀਨ ਹੁੰਦਾ ਹੈ। ਸੱਭ ਤੋਂ ਵੱਧ ਲੂਣ ਦੀ ਮਾਤਰਾ ਮ੍ਰਿਤਸਾਗਰ ਵਿੱਚ ਹੈ। ਇਹ ਸਾਗਰ ਜ਼ਮੀਨ ਨਾਲ਼ ਸਾਰੇ ਪਾਸਿਆਂ ਤੋਂ ਘਿਰਿਆ ਹੋਇਆ ਹੈ।*
>
> *ਜਿਨ੍ਹਾਂ ਸਾਗਰਾਂ ਵਿੱਚ ਲੂਣ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਉਨ੍ਹਾਂ ਵਿੱਚ ਅਣਸਿੱਖਿਆ ਮਨੁੱਖ ਵੀ ਤੈਰ ਸਕਦਾ ਹੈ। ਹੈ ਨਾ ਹੈਰਾਨੀ ਵਾਲੀ ਗੱਲ!*

ਕਿਧਰੇ ਸਾਗਰ ਦੇ ਕੰਢੇ ਖੜ੍ਹੇ ਹੋ ਕੇ ਵੇਖੋ। ਸਾਗਰਾਂ ਦਾ ਪਾਣੀ ਕਦੀ ਵੀ ਸ਼ਾਂਤ ਨਹੀਂ ਰਹਿੰਦਾ। ਇਹ ਹਰ ਸਮੇਂ ਹਿਲਦਾ ਜੁਲਦਾ ਰਹਿੰਦਾ ਹੈ। ਇਸ ਦੀ ਅਸਥਿਰਤਾ ਵਿੱਚ ਹੀ ਇਸ ਦਾ ਜੀਵਨ ਹੈ। ਇਸ ਵਿੱਚ ਹਰ ਸਮੇਂ ਲਹਿਰਾਂ, ਤਰੰਗਾਂ ਤੇ ਛੱਲਾਂ ਆਉਂਦੀਆਂ ਰਹਿੰਦੀਆਂ ਹਨ। ਇਸ ਉਥਲ ਪੁਥਲ ਰਾਹੀਂ ਹੀ ਸਾਰੇ ਸਾਗਰਾਂ ਦਾ ਪਾਣੀ ਆਪੋ ਵਿੱਚ ਰਲਦਾ ਮਿਲਦਾ ਰਹਿੰਦਾ ਹੈ। ਮਹਾਂਸਾਗਰੀ ਜਲ ਦੀਆਂ ਤਿੰਨ ਗਤੀਆਂ ਹਨ :-

1. ਲਹਿਰਾਂ  2. ਸਾਗਰੀ ਧਾਰਾਵਾਂ  3. ਜਵਾਰ ਭਾਟਾ

## ਲਹਿਰਾਂ

ਸਾਗਰ ਦਾ ਪਾਣੀ ਸਦਾ ਉੱਚਾ ਨੀਵਾਂ ਹੁੰਦਾ ਰਹਿੰਦਾ ਹੈ। ਮੌਸਮ ਦੀ ਦਸ਼ਾ ਅਨੁਸਾਰ ਕਦੀ ਇਸ ਦੀ ਗਤੀ ਤੇਜ਼ ਹੋ ਜਾਂਦੀ ਹੈ ਕਦੀ ਮੰਦ ਪੈ ਜਾਂਦੀ ਹੈ। ਇਸ ਨਾਲ਼ ਲਹਿਰਾਂ ਜਾਂ ਤਰੰਗਾਂ ਪੈਦਾ ਹੁੰਦੀਆਂ ਹਨ। ਲਹਿਰਾਂ ਦਾ ਜਨਮ ਪੌਣ ਦੀ ਗਤੀ ਦੇ ਕਾਰਨ ਹੁੰਦਾ ਹੈ। ਜਲ ਕਣ ਹੇਠਾਂ ਉੱਪਰ ਦੌੜਦੇ ਹਨ ਜਿਸ ਨਾਲ਼ ਸਾਗਰ ਵਿੱਚ ਸਿਲਵਟਾਂ ਜਾਂ ਵੱਟ ਪਏ ਨਜ਼ਰ ਆਉਂਦੇ ਹਨ। ਚਿੱਤਰ 6.2 ਅਨੁਸਾਰ ਲਹਿਰ ਦੀ ਉਪਰਲੀ ਸਤਹ ਨੂੰ ਲਹਿਰ ਦਾ ਸਿਖਰ ਅਤੇ ਲਹਿਰ ਦੀ ਹੇਠਲੀ ਸਤਹ ਨੂੰ ਗਰਤ




ਚਿੱਤਰ 4.2 ਲਹਿਰਾਂ

ਆਖਦੇ ਹਨ। ਜੇ ਕਿਧਰੇ ਸਾਗਰ ਵਿੱਚ ਤੂਫਾਨ ਆ ਜਾਏ ਤਾਂ ਇਹ ਲਹਿਰਾਂ ਭਿਆਨਕ ਛੱਲਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਕਈ ਵਾਰੀ ਇਹ ਸਾਗਰੀ ਜਹਾਜ਼ਾਂ ਨੂੰ ਵੀ ਨਸ਼ਟ ਕਰ ਦਿੰਦੀਆਂ ਹਨ। ਲਹਿਰਾਂ ਕੰਢਿਆਂ ਦੀਆਂ ਚਟਾਨਾਂ ਨੂੰ ਖੋਰ ਖੋਰ ਕੇ ਸਾਗਰੀ ਫਰਸ਼ਾਂ ਤੱਕ ਪਹੁੰਚਾ ਦਿੰਦੀਆਂ ਹਨ।

## ਸਾਗਰੀ ਧਾਰਾਵਾਂ

ਜਦੋਂ ਸਾਗਰੀ ਜਲ ਕਿਸੇ ਨਿਸ਼ਚਤ ਦਿਸ਼ਾ ਵੱਲ ਚੱਲ ਪੈਂਦਾ ਹੈ ਤਾਂ ਉਸ ਨੂੰ ਮਹਾਂਸਾਗਰੀ ਧਾਰਾ ਕਿਹਾ ਜਾਂਦਾ ਹੈ। ਮਹਾਂਸਾਗਰਾਂ ਵਿੱਚ ਵੀ ਬੜੇ ਨਿਯਮਤ ਢੰਗ ਨਾਲ਼ ਪਾਣੀ ਇੱਕ ਥਾਂ ਨੂੰ ਛੱਡ ਕੇ ਕਿਸੇ ਦੂਜੀ ਥਾਂ ਵੱਲ ਚਲਦਾ ਰਹਿੰਦਾ ਹੈ। ਇਹਨਾਂ ਮਹਾਨ ਜਲ ਧਾਰਾਵਾਂ ਸਦਕਾ ਹੀ ਸਾਰੇ ਮਹਾਂਸਾਗਰਾਂ ਦਾ ਪਾਣੀ ਆਪੋ ਵਿੱਚ ਰਲਦਾ-ਮਿਲਦਾ ਰਹਿੰਦਾ ਹੈ। ਧਾਰਾ ਦੀ ਗਤੀ ਮੰਦ ਵੀ ਹੋ

ਸਕਦੀ ਹੈ ਤੇ ਤੇਜ਼ ਵੀ। ਆਮ ਕਰਕੇ ਇਹਨਾਂ ਦੀ ਗਤੀ ਦੋ ਕਿਲੋਮੀਟਰ ਤੋਂ ਲੈ ਕੇ 10 ਕਿਲੋਮੀਟਰ ਪ੍ਰਤਿ ਘੰਟਾ ਤੱਕ ਹੁੰਦੀ ਹੈ।

**ਮਹਾਂਸਾਗਰੀ ਧਾਰਾਵਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :-**

1. ਗਰਮ ਧਾਰਾਵਾਂ  2. ਠੰਢੀਆਂ ਧਾਰਾਵਾਂ


ਜੇਕਰ ਇਹ ਮਹਾਂਸਾਗਰੀ ਧਰਾਵਾਂ ਭੂ-ਮੱਧ ਰੇਖਾ ਵੱਲੋਂ ਜਾ ਰਹੀਆਂ ਹੋਣ ਤਾਂ ਉਹ ਭੂ-ਮੱਧ ਰੇਖਾ ਦਾ ਗਰਮ ਪ੍ਰਭਾਵ ਆਪਣੇ ਨਾਲ਼ ਲਿਜਾਏਗੀ ਪਰ ਜੇ ਕੋਈ ਧਾਰਾ ਧਰੁਵਾਂ ਵੱਲੋਂ ਆ ਰਹੀ ਹੋਵੇਗੀ ਤਾਂ ਉਹ ਆਪਣੇ ਨਾਲ਼ ਠੰਢੇ ਖੇਤਰਾਂ ਦਾ ਪ੍ਰਭਾਵ ਲਿਆਏਗੀ। ਇਸ ਤਰ੍ਹਾਂ ਗਰਮ ਤੇ ਠੰਢੀਆਂ ਜਲ ਧਾਰਾਵਾਂ ਹੋਂਦ ਵਿੱਚ ਆਉਂਦੀਆਂ ਹਨ।

*ਭੂ-ਮੱਧ ਰੇਖਾ ਵੱਲੋਂ ਜਾਣ ਵਾਲੀਆਂ ਧਾਰਾਵਾਂ ਗਰਮ ਪਰ ਧਰੁਵਾਂ ਵੱਲੋਂ ਆਉਣ ਵਾਲੀਆਂ ਧਾਰਾਵਾਂ ਸਦਾ ਠੰਢੀਆਂ ਹੁੰਦੀਆਂ ਹਨ।*

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਗਰਮ ਧਾਰਾ ਦਾ ਜਲ ਬਹੁਤ ਜ਼ਿਆਦਾ ਗਰਮ ਨਹੀਂ ਹੁੰਦਾ। ਇਹ ਕੇਵਲ ਪਾਸਿਆਂ ਦੇ ਪਾਣੀ ਨਾਲ਼ੋਂ ਕੁਝ ਨਿੱਘਾ ਜਿਹਾ ਹੁੰਦਾ ਹੈ। ਇਸੇ ਤਰ੍ਹਾਂ ਠੰਢੀ ਧਾਰਾ ਦਾ ਪਾਣੀ ਵੀ ਏਨਾ ਸ਼ੀਤ ਨਹੀਂ ਹੁੰਦਾ। ਇਹ ਕੇਵਲ ਆਪਣੇ ਨਿਕਟਵਰਤੀ ਪਾਣੀਆਂ ਨਾਲ਼ੋਂ ਠੰਢਾ ਅਨੁਭਵ ਹੁੰਦਾ ਹੈ। ਗਰਮ ਧਾਰਾ ਆਮ ਕਰਕੇ ਸਾਗਰੀ ਪਾਣੀ ਦੇ ਉੱਪਰ ਅਤੇ ਠੰਢੀ ਧਾਰਾ ਸਾਗਰੀ ਪਾਣੀ ਦੇ ਹੇਠਾਂ ਡੂੰਘੀ ਵਗਦੀ ਹੈ।

ਇਹ ਧਾਰਾਵਾਂ ਕਿਉਂ ਚਲਦੀਆਂ ਹਨ ? ਸਾਗਰ ਦੇ ਪਾਣੀ ਨੂੰ ਇੱਕ ਨਦੀ ਦਾ ਰੂਪ ਕੌਣ ਦਿੰਦਾ ਹੈ ? ਇਹਨਾਂ ਪ੍ਰਸ਼ਨਾਂ ਦਾ ਉੱਤਰ ਉਹਨਾਂ ਸਦੀਵੀ ਪੌਣਾਂ ਕੋਲ ਹੈ ਜਿਹੜੀਆਂ ਨਿਰੰਤਰ ਬਾਰਾਂ ਮਹੀਨੇ ਇੱਕੋ ਦਿਸ਼ਾ ਵਿੱਚ ਚਲਦੀਆਂ ਰਹਿੰਦੀਆਂ ਹਨ। ਵਪਾਰਕ ਤੇ ਪੱਛਮੀ ਪੌਣਾਂ ਸਾਗਰਾਂ ਉੱਪਰ ਨਿਰੰਤਰ ਇੱਕ ਦਿਸ਼ਾ ਵਿੱਚ ਚਲਣ ਕਰਕੇ ਆਪਣੇ ਨਾਲ਼ ਸਾਗਰੀ ਪਾਣੀ ਨੂੰ ਵੀ ਲੈ ਤੁਰਦੀਆਂ ਹਨ। ਇਸ ਤਰ੍ਹਾਂ ਇਹਨਾਂ ਪ੍ਰਚਲਤ ਪੌਣਾਂ ਦੀ ਦਿਸ਼ਾ ਦੇ ਨਾਲ਼ ਹੀ ਸਾਗਰੀ ਧਾਰਾਵਾਂ ਚੱਲ ਪੈਂਦੀਆਂ ਹਨ।

ਸਾਰੇ ਗਲੋਬ ਉੱਪਰ ਸੂਰਜ ਦੀ ਤਪਸ਼ ਇੱਕੋ ਜਿਹੀ ਨਹੀਂ ਪੈਂਦੀ। ਭੂ-ਮੱਧ ਰੇਖੀ ਖੇਤਰ ਉੱਪਰ ਤਾਪਮਾਨ ਨਿਰੰਤਰ ਉੱਚਾ ਰਹਿੰਦਾ ਹੈ ਪਰ ਜਿਉਂ-ਜਿਉਂ ਧਰੁਵਾਂ ਵੱਲ ਜਾਈਏ ਤਾਪਮਾਨ ਘੱਟਦਾ ਜਾਂਦਾ ਹੈ। ਤਾਪਮਾਨ ਦੇ ਇਸ ਵਖਰੇਵੇਂ ਸਦਕਾ ਵੀ ਮਹਾਂਸਾਗਰੀ ਧਾਰਾਵਾਂ ਦਾ ਜਨਮ ਹੋ ਜਾਂਦਾ ਹੈ। ਭੂ-ਮੱਧ ਰੇਖਾ ਦੇ ਖੇਤਰ ਵਿੱਚ ਸਾਗਰੀ ਪਾਣੀ ਗਰਮ ਹੋ ਕੇ ਹੌਲ਼ਾ ਹੋ ਜਾਂਦਾ ਹੈ। ਹੌਲ਼ਾ ਪਾਣੀ ਉੱਪਰ ਉਠਦਾ ਹੈ। ਠੰਢੇ ਖੇਤਰਾਂ ਦਾ ਪਾਣੀ ਭਾਰਾ ਹੋਣ ਕਰਕੇ ਹੇਠਾਂ ਇਸ ਖ਼ਾਲੀ ਥਾਂ ਦੀ ਪੂਰਤੀ ਕਰਨ ਲਈ ਗਰਮ ਖੇਤਰਾਂ ਵੱਲ ਚੱਲਣ ਲਗ ਪੈਂਦਾ ਹੈ।




*ਚਿੱਤਰ 4.3 ਧਾਰਾਵਾਂ ਕਿਵੇਂ ਉਤਪੰਨ ਹੁੰਦੀਆਂ ਹਨ*

ਸਦੀਵੀਂ ਪੌਣਾਂ ਅਤੇ ਤਾਪਮਾਨ ਦੀ ਭਿੰਨਤਾ ਤੋਂ ਇਲਾਵਾ ਮਹਾਂਸਾਗਰਾਂ ਦਾ ਖਾਰਾਪਣ ਵੀ ਮਹਾਂਸਾਗਰੀ ਧਾਰਾਵਾਂ ਨੂੰ ਜਨਮ ਦਿੰਦਾ ਹੈ। ਸਾਰੇ ਮਹਾਂਸਾਗਰਾਂ ਵਿੱਚ ਲੂਣ ਦੀ ਮਾਤਰਾ ਇੱਕੋ ਜਿਹੀ ਨਹੀਂ ਹੁੰਦੀ। ਜਿਨ੍ਹਾਂ ਮਹਾਂਸਾਗਰਾਂ ਵਿੱਚ ਲੂਣ ਬਹੁਤੇ ਹਨ ਉਹਨਾਂ ਦਾ ਪਾਣੀ ਭਾਰਾ ਹੋ ਜਾਂਦਾ ਹੈ। ਘੱਟ ਲੂਣ ਵਾਲੇ ਪਾਣੀ ਕੁਝ ਹੌਲ਼ੇ ਰਹਿ ਜਾਂਦੇ ਹਨ। ਇਸ ਤਰ੍ਹਾਂ ਹੌਲ਼ਾ ਤੇ ਭਾਰਾ ਪਾਣੀ ਹੋਂਦ ਵਿੱਚ ਆ ਜਾਂਦਾ ਹੈ। ਹੌਲਾ ਪਾਣੀ ਉੱਪਰ ਉੱਠਦਾ ਹੈ ਪਰ ਭਾਰਾ ਪਾਣੀ ਹੇਠਾਂ ਜਾਣ ਦਾ ਯਤਨ ਕਰਦਾ ਹੈ। ਇਸ ਗਤੀ ਨਾਲ਼ ਮਹਾਂਸਾਗਰੀ ਧਾਰਾਵਾਂ ਜਨਮ ਲੈਂਦੀਆਂ ਹਨ।


ਇਹ ਜਲ ਧਾਰਾਵਾਂ ਮਹਾਂਦੀਪੀ ਤੱਟਾਂ ਦੇ ਨਾਲ਼ ਚਲਦੀਆਂ ਹਨ। ਇਸ ਤਰ੍ਹਾਂ ਮਹਾਂਦੀਪਾਂ ਦੀ ਬਣਤਰ ਮਹਾਂਸਾਗਰੀ ਧਾਰਾਵਾਂ ਨੂੰ ਨਵੀਂ ਦਿਸ਼ਾ ਦਿੰਦੀ ਹੈ। ਪ੍ਰਿਥਵੀ ਦੀ ਦੈਨਿਕ ਚਾਲ ਵੀ ਇਹਨਾਂ ਧਾਰਾਵਾਂ ਦੀ ਗਤੀ ਨੂੰ ਪ੍ਰਭਾਵਤ ਕਰਦੀ ਹੈ।

ਸੰਸਾਰ ਦੇ ਮਾਨ ਚਿਤਰ ਵੱਲ ਵੇਖੋ। ਸਾਰੇ ਮਹਾਂਸਾਗਰਾਂ ਵਿੱਚ ਜਲ ਧਾਰਾਵਾਂ ਵਹਿੰਦੀਆਂ ਹਨ। ਇਹਨਾਂ ਧਾਰਾਵਾਂ ਨੂੰ ਹੁਣ ਅਸੀਂ ਮਹਾਂਸਾਗਰਾਂ ਅਨੁਸਾਰ ਹੀ ਪੜ੍ਹਾਂਗੇ।

## ਅੰਧ ਮਹਾਂਸਾਗਰ ਦੀਆਂ ਧਾਰਾਵਾਂ

ਸੰਸਾਰ ਦੇ ਨਕਸ਼ੇ ਵਿੱਚ ਅੰਧ ਮਹਾਂਸਾਗਰੀ ਧਾਰਾਵਾਂ ਦੇ ਚੱਕਰ ਨੂੰ ਵੇਖੋ। ਤੁਸੀਂ ਵੇਖੋਗੇ ਕਿ ਇਹਨਾਂ ਦੇ ਦੋ ਨਿਸਚਤ ਚੱਕਰ ਹਨ; ਇੱਕ ਭੂ-ਮੱਧ ਰੇਖਾ ਦੇ ਉੱਤਰ ਵਿੱਚ ਤੇ ਦੂਜਾ ਦੱਖਣ ਵਿੱਚ।

**(ੳ) ਉੱਤਰੀ ਅੰਧ-ਮਹਾਂਸਾਗਰੀ ਚੱਕਰ :** ਭੂ-ਮੱਧ ਰੇਖਾ ਦੇ ਖੇਤਰ ਵਿੱਚ ਵਪਾਰਕ ਪੌਣਾਂ ਚਲਦੀਆਂ ਹਨ। ਇਹ ਪੌਣਾਂ ਸਦਾ ਪੂਰਬ ਦਿਸ਼ਾ ਵਲੋਂ ਆਉਂਦੀਆਂ ਹਨ। ਇਹਨਾਂ ਦੇ ਨਾਲ਼ ਨਾਲ਼ ਹੀ ਭੂ-ਮੱਧ ਰੇਖਾ ਦੇ




*ਚਿੱਤਰ 4.4 ਸੰਸਾਰ ਦੀਆਂ ਪ੍ਰਮੁੱਖ ਮਹਾਂਸਾਗਰੀ ਧਾਰਾਵਾਂ*

ਉੱਤਰ ਦੇ ਦੱਖਣ ਵੱਲ ਮਹਾਂਸਾਗਰੀ ਪਾਣੀ ਪੂਰਬ ਤੋਂ ਪੱਛਮ ਵੱਲ ਚੱਲਣ ਲੱਗਦਾ ਹੈ ਉੱਤਰੀ ਭੂ-ਮੱਧ ਰੇਖਾ ਦੀ ਗਰਮ ਧਾਰਾ ਅਫ਼ਰੀਕਾ ਵੱਲੋਂ ਅਮਰੀਕਾ ਵੱਲ ਦੌੜਦੀ ਹੈ। ਉੱਤਰੀ ਅਮਰੀਕਾ ਦੇ ਪੂਰਬੀ ਤੱਟ ਦੇ ਨਾਲ਼ ਨਾਲ਼ ਇਹ ਉੱਤਰ ਪੱਛਮ ਵੱਲ ਜਾਂਦੀ ਦਿਸਦੀ ਹੈ। ਇੱਥੇ ਇਸ ਦਾ ਨਾਂ ਖਾੜੀ ਦੀ ਧਾਰਾ ਹੈ। ਅੰਗਰੇਜ਼ੀ ਵਿੱਚ ਇਸ ਨੂੰ ਗਲਫ਼ ਸਟ੍ਰੀਮ (Gulf Stream) ਕਿਹਾ ਜਾਂਦਾ ਹੈ।

**ਖਾੜੀ ਦੀ ਧਾਰਾ :** ਇਹ ਧਾਰਾ ਮੈਕਸੀਕੋ ਦੀ ਖਾੜੀ ਤੋਂ ਸ਼ੁਰੂ ਹੋ ਕੇ ਨਿਊਫ਼ਾਊਂਡਲੈਂਡ ਦੇ ਟਾਪੂਆਂ ਤੱਕ ਪੁੱਜਦੀ ਹੈ। ਇਹ ਸੰਸਾਰ ਦੀ ਸਭ ਤੋਂ ਮਹੱਤਵਪੂਰਨ ਗਰਮ ਜਲ ਧਾਰਾ ਹੈ। ਇਸ ਦੀ ਚੌੜਾਈ 400 ਕਿਲੋਮੀਟਰ ਤੱਕ ਹੈ। ਇਸ ਦਾ ਪਾਣੀ 5 ਕਿਲੋਮੀਟਰ ਪ੍ਰਤਿ ਘੰਟਾ ਦੀ ਗਤੀ ਨਾਲ਼ ਚਲਦਾ ਹੈ। ਇਸ ਦਾ ਨਿੱਘਾ ਪ੍ਰਭਾਵ ਸੰਯੁਕਤ ਰਾਜ ਅਮਰੀਕਾ ਦੇ ਪੂਰਬੀ ਤੱਟ ਦੀ ਜਲਵਾਯੂ ਉੱਪਰ ਪੈਂਦਾ ਹੈ। ਨਿਊਫਾਊਂਡਲੈਂਡ ਦੇ ਟਾਪੂਆਂ ਕੋਲ ਪੁੱਜ ਕੇ ਇਸ ਵਿੱਚ ਉੱਤਰ ਵੱਲੋਂ ਇੱਕ ਠੰਢੀ ਧਾਰਾ ਆ ਮਿਲਦੀ ਹੈ। ਇਸ ਦਾ ਨਾਂ **ਲੈਬਰੇਡੋਰ** ਦੀ ਧਾਰਾ ਹੈ। ਇਸ ਠੰਢੇ ਤੇ ਗਰਮ ਪਾਣੀ ਦੇ ਮਿਲਾਪ ਸਦਕਾ ਇੱਥੇ ਬੜੀ ਸੰਘਣੀ ਧੁੰਦ ਪੈਦਾ ਹੋ ਜਾਂਦੀ ਹੈ। ਉੱਤਰੀ ਧਰੁਵਾਂ ਵੱਲੋਂ ਆਉਂਦੇ ਬਰਫ਼ਾਨੀ ਟਿੱਲੇ ਖਾੜੀ ਦੀ ਧਾਰਾ ਕੋਲ ਪੁੱਜ ਕੇ ਪਿਘਲ ਜਾਂਦੇ ਹਨ। ਇਸ ਤਰ੍ਹਾਂ ਇਹ ਹੇਠਾਂ ਪੁੱਜ ਕੇ ਸਾਗਰੀ ਜਹਾਜ਼ਾਂ ਲਈ ਖਤਰਾ ਨਹੀਂ ਬਣਦੇ। ਪੂਰਬੀ ਗ੍ਰੀਨਲੈਂਡ ਵੱਲੋਂ ਵੀ ਇੱਕ ਠੰਢੀ ਧਾਰਾ ਵਿੱਚ ਆ ਰਲਦੀ ਹੈ।

ਹੁਣ ਇਹ ਧਾਰਾ ਪੱਛਮੀ ਪੌਣਾਂ ਦੇ ਪ੍ਰਭਾਵ ਅਧੀਨ ਪੂਰਬੀ ਦਿਸ਼ਾ ਧਾਰਨ ਕਰਦੀ ਹੈ। ਇਸ ਦਾ ਨਾਂ ਉੱਤਰੀ ਅੰਧ ਮਹਾਂਸਾਗਰ ਧਾਰਾ ਪੈ ਜਾਂਦਾ ਹੈ। ਇਹ ਗਰਮ ਧਾਰਾ ਬਰਤਾਨੀਆਂ ਦੇ ਉੱਤਰ ਪੱਛਮ ਵੱਲੋਂ ਹੁੰਦੀ ਦੂਰ ਨਾਰਵੇ, ਸਵੀਡਨ ਦੇ ਠੰਢੇ ਦੇਸ਼ਾਂ ਤੱਕ ਪੁੱਜਦੀ ਹੈ। ਇਸ ਦੇ ਨਿੱਘੇ ਪ੍ਰਭਾਵ ਸਦਕਾ ਹੀ ਨਾਰਵੇ ਦੇ ਮਛੇਰੇ ਦੂਰ ਤੱਕ ਮੱਛੀਆਂ ਫੜਨ ਜਾਂਦੇ ਹਨ। ਇਸੇ ਨਿੱਘੇ ਪ੍ਰਭਾਵ ਸਦਕਾ ਹੀ ਸਿਆਲ ਰੁੱਤ ਵਿੱਚ ਪੱਛਮੀ ਯੂਰਪੀ ਦੇਸ਼ਾਂ ਦੀਆਂ ਪੱਛਮੀਂ ਬੰਦਰਗਾਹਾਂ ਖੁਲ੍ਹੀਆਂ ਰਹਿੰਦੀਆਂ ਹਨ। ਜੇਕਰ ਇਹ ਧਾਰਾ ਨਾ ਹੁੰਦੀ ਤਾਂ ਪਾਣੀ ਜੰਮ ਜਾਣ ਸਦਕਾ ਇਹ ਬੰਦਰਗਾਹਾਂ ਬੰਦ ਹੋ ਜਾਣੀਆਂ ਸਨ।

ਯੂਰਪ ਦੇ ਕੋਲ਼ੋਂ ਇੱਕ ਧਾਰਾ ਦੱਖਣ ਵੱਲ ਚਲਦੀ ਹੈ। ਇਸ ਦਾ ਨਾਂ **ਕਨੇਰੀ ਦੀ ਧਾਰਾ** ਹੈ। ਇਹ ਠੰਢੇ ਪਾਣੀ ਦੀ ਧਾਰਾ ਹੈ ਜਿਹੜੀ ਉੱਤਰੀ ਅਫ਼ਰੀਕਾ ਦੇ ਉੱਤਰ-ਪੱਛਮੀ ਤੱਟ ਕੋਲ਼ੋਂ ਲੰਘਦੀ ਹੈ। ਇਹ ਧਾਰਾ ਭੂ-ਮੱਧ ਰੇਖਾ ਦੀ ਧਾਰਾ ਨਾਲ਼ ਮਿਲ ਕੇ ਚੱਕਰ ਪੂਰਾ ਕਰ ਦੇਂਦੀ ਹੈ। ਇਸ ਪ੍ਰਕਾਰ ਇਹ ਸਾਰਾ ਚੱਕਰ ਘੜੀ ਦੇ ਸੂਈ ਚੱਕਰ ਸਮਾਨ ਚਲਦਾ ਹੈ। ਇਸ ਚੱਕਰ ਦੇ ਵਿਚਾਲੇ ਮਹਾਂਸਾਗਰ ਦਾ ਜਿਹੜਾ ਭਾਗ ਆ ਜਾਂਦਾ ਹੈ, ਉਸ ਨੂੰ **ਸਾਰਾਗਾਸੋ ਸਾਗਰ** ਕਿਹਾ ਜਾਂਦਾ ਹੈ।

**(ਅ) ਦੱਖਣੀ ਅੰਧ ਮਹਾਂਸਾਗਰੀ ਚੱਕਰ :** ਇਸ ਪਾਸੇ ਵੀ ਉੱਤਰੀ-ਚੱਕਰ ਵਾਂਗ ਜਲ ਧਾਰਾਵਾਂ ਦਾ ਇੱਕ ਨਿਸ਼ਚਤ ਗੇੜਾ ਹੈ। ਇਹ ਚੱਕਰ ਘੜੀ ਦੇ ਚੱਕਰ ਦੇ ਉਲਟ ਚਲਦਾ ਹੈ। ਦੱਖਣੀ ਭੂ-ਮੱਧ ਰੇਖਾ ਦੀ ਧਾਰਾ ਜਦੋਂ ਪੂਰਬ ਤੋਂ ਪੱਛਮ ਵੱਲ ਵਧਦੀ ਹੈ ਤਾਂ ਦੱਖਣੀ ਅਮਰੀਕਾ ਦੇ ਵਧਾਅ ਨਾਲ਼ ਟਕਰਾ ਕੇ ਦੋ ਭਾਗਾਂ ਵਿੱਚ ਵੰਡੀ ਜਾਂਦੀ ਹੈ। ਇੱਕ ਭਾਗ ਤਾਂ ਉੱਤਰੀ ਚੱਕਰ ਨਾਲ਼ ਜਾ ਰਲਦਾ ਹੈ ਪਰ ਇੱਕ ਭਾਗ ਅਮਰੀਕੀ ਤੱਟ ਦੇ ਨਾਲ਼ ਨਾਲ਼ ਦੱਖਣ ਵੱਲ ਵਧਦਾ ਹੈ। ਇਹ **ਬ੍ਰਾਜ਼ੀਲ ਦੀ ਧਾਰਾ** ਹੈ। ਦੱਖਣ ਵੱਲੋਂ ਠੰਢੇ ਪਾਣੀ ਦੀ ਇੱਕ ਧਾਰਾ ਇਸ ਵਿੱਚ ਆ ਰਲਦੀ ਹੈ। ਇਸ ਨੂੰ **ਫ਼ਾਕਲੈਂਡ ਦੀ ਧਾਰਾ** ਕਿਹਾ ਜਾਂਦਾ ਹੈ। ਹੁਣ ਇਹ ਧਾਰਾ ਪੱਛਮੀ ਪੌਣਾਂ ਦੇ ਪ੍ਰਭਾਵ ਅਧੀਨ ਪੂਰਬ ਵੱਲ ਮੁੜਦੀ ਹੈ। ਇਸ ਨੂੰ **ਪੱਛਮੀ ਪੌਣਾਂ ਦੀ ਡ੍ਰਾਲ** ਕਿਹਾ ਜਾਂਦਾ ਹੈ। ਇਹ ਠੰਢੇ ਪਾਣੀ ਦੀ ਇੱਕ ਮਹਾਨ ਧਾਰਾ ਹੈ, ਜਿਹੜੀ ਸਾਰੇ ਗਲੋਬ ਦੁਆਲੇ ਹੀ ਚੱਕਰ ਕੱਢਦੀ ਹੈ। ਇਸ ਦਾ ਕਾਰਨ ਇਹ ਹੈ ਕਿ ਦੱਖਣੀ ਮਹਾਂਦੀਪਾਂ ਹੇਠਾਂ ਖੁੱਲ੍ਹਾ

ਮਹਾਂਸਾਗਰ ਹੈ ਤੇ ਕੋਈ ਵੀ ਰੁਕਾਵਟ ਨਹੀਂ ਇਸ ਝਾਲ ਵਿੱਚੋਂ ਹੀ ਇੱਕ ਠੰਢੀ ਧਾਰਾ ਦੱਖਣੀ ਅਫ਼ਰੀਕਾ ਦੇ ਪੱਛਮੀ ਤੱਟ ਦੇ ਨਾਲ਼ ਨਾਲ਼ ਉੱਤਰ ਵੱਲ ਜਾਂਦੀ ਹੈ। ਇਸ ਦਾ ਨਾਂ **ਵੈਂਜ਼ੂਏਲਾ ਦੀ ਧਾਰਾ** ਹੈ। ਉੱਤਰੀ **ਭੂ-ਮੱਧ ਰੇਖੀ ਧਾਰਾ** ਅਤੇ **ਦੱਖਣੀ ਭੂ-ਮੱਧ ਰੇਖੀ ਧਾਰਾ** ਦੇ ਵਿਚਾਲੇ **ਵਿਰੋਧੀ ਭੂ-ਮੱਧ ਰੇਖੀ ਧਾਰਾ** ਪੱਛਮ ਤੋਂ ਪੂਰਬ ਵੱਲ ਚਲਦੀ ਹੈ।

## ਸ਼ਾਂਤ ਮਹਾਂਸਾਗਰੀ ਧਾਰਾਵਾਂ


**ਇਹਨਾਂ ਧਾਰਾਵਾਂ ਦੇ ਵੀ ਦੋ ਚੱਕਰ ਹਨ :-**

**(ੳ) ਉੱਤਰੀ ਚੱਕਰ :** ਭੂ-ਮੱਧ ਰੇਖਾ ਦੇ ਨਾਲ਼ ਨਾਲ਼ ਵਪਾਰਕ ਪੌਣਾਂ ਦੇ ਅਧੀਨ ਪੂਰਬ ਤੋਂ ਪੱਛਮ ਵੱਲ ਉੱਤਰੀ ਭੂ-ਮੱਧ ਰੇਖਾ ਦੀ ਧਾਰਾ ਵਹਿੰਦੀ ਹੈ। ਪੂਰਬੀ ਦੀਪ ਸਮੂਹ ਕੋਲ ਪੁੱਜ ਕੇ ਇੱਕ ਗਰਮ ਧਾਰਾ ਉੱਤਰ ਵੱਲ ਵਧਦੀ ਹੈ। ਇਥੇ ਇਸ ਦਾ ਨਾਂ **ਕੁਰੋਸ਼ੀਵੋ ਦੀ ਧਾਰਾ** ਹੈ। ਇਸ ਨੂੰ ਜਾਪਾਨ ਦੀ ਧਾਰਾ ਵੀ ਕਿਹਾ ਜਾਂਦਾ ਹੈ। ਉੱਤਰ ਵੱਲੋਂ ਇੱਕ ਠੰਢੀ **ਕਾਮਚਟਕਾ ਦੀ ਧਾਰਾ** (ਓਖੋਤੋਸਕ ਦੀ ਧਾਰਾ) ਦੱਖਣ ਵੱਲ ਆਉਂਦੀ ਹੈ ਤੇ ਕੁਰੋਸ਼ੀਵੋ ਦੀ ਧਾਰਾ ਨਾਲ਼ ਜਾ ਰਲਦੀ ਹੈ। ਪੱਛਮੀ ਪੌਣਾਂ ਦੇ ਅਧੀਨ ਇਹ ਸਾਰਾ ਪ੍ਰਵਾਹ ਪੂਰਬ ਵੱਲ ਵਧਦਾ ਹੈ। ਇਸ ਨੂੰ **ਉੱਤਰੀ ਸ਼ਾਂਤ ਮਹਾਂਸਾਗਰੀ ਧਾਰਾ** ਕਿਹਾ ਜਾਂਦਾ ਹੈ। ਉੱਤਰੀ ਅਮਰੀਕਾ ਦੇ ਪੱਛਮੀ ਤੱਟ ਨਾਲ਼ ਟਕਰਾ ਕੇ ਇਹ ਦੱਖਣ ਵੱਲ ਮੁੜਦੀ ਹੈ। ਇਸ ਦਾ ਨਾਂ **ਕੈਲੇਫ਼ੋਰਨੀਆ ਦੀ ਧਾਰਾ** ਹੈ। ਧਰੁਵਾਂ ਵੱਲੋਂ ਆਉਣ ਕਰਕੇ ਇਹ ਠੰਢੇ ਪਾਣੀ ਦੀ ਧਾਰਾ ਹੈ।

**(ਅ) ਦੱਖਣੀ ਚੱਕਰ :** ਦੱਖਣੀ ਭੂ-ਮੱਧ ਰੇਖਾ ਦੀ ਧਾਰਾ ਵਪਾਰਕ ਪੌਣਾਂ ਦੇ ਅਧੀਨ ਦੱਖਣੀ ਅਮਰੀਕਾ ਤੋਂ ਆਸਟਰੇਲੀਆ ਦੇ ਪੂਰਬ ਵੱਲ ਵਧਦੀ ਹੈ। ਇਹ **ਪੂਰਬੀ ਆਸਟਰੇਲੀਆ** ਦੀ ਧਾਰਾ ਜਦੋਂ ਨਿਊਜ਼ੀਲੈਂਡ ਦੇ ਟਾਪੂਆਂ ਕੋਲ ਪੁਜਦੀ ਹੈ ਤਾਂ ਪੱਛਮੀ ਪੌਣਾਂ ਦੀ ਝਾਲ ਨਾਲ਼ ਜਾ ਰਲਦੀ ਹੈ। ਦੱਖਣੀ ਅਮਰੀਕਾ ਕੋਲ ਇਸ ਦੀ ਇੱਕ ਸ਼ਾਖਾ ਉੱਤਰ ਵੱਲ ਵਧਦੀ ਹੈ। ਏਥੇ ਇਸ ਦਾ ਨਾਂ **ਪੇਰੂ ਦੀ ਧਾਰਾ** ਹੈ। ਇਸ ਨੂੰ ਹੈਮਬੋਲਟ ਦੀ ਧਾਰਾ ਵੀ ਕਿਹਾ ਜਾਂਦਾ ਹੈ। ਇਹ ਠੰਢੇ ਪਾਣੀ ਦੀ ਧਾਰਾ ਹੈ। ਜਿਹੜੀ ਭੂ-ਮੱਧ ਰੇਖਾ ਦੀ ਧਾਰਾ ਨਾਲ਼ ਰਲ ਕੇ ਚੱਕਰ ਪੂਰਾ ਕਰ ਦਿੰਦੀ ਹੈ। ਸ਼ਾਂਤ ਮਹਾਂਸਾਗਰ ਵਿੱਚ ਵੀ ਵਿਰੋਧੀ ਭੂ-ਮੱਧ ਰੇਖੀ ਧਾਰਾ ਚਲਦੀ ਹੈ।


## ਹਿੰਦ ਮਹਾਂਸਾਗਰ ਦੀਆਂ ਧਾਰਾਵਾਂ

ਹਿੰਦ ਮਹਾਂਸਾਗਰ ਦੀਆਂ ਧਾਰਾਵਾਂ ਇੰਨੀਆਂ ਨਿਸਚਤ ਤੇ ਨਿਯਮਿਤ ਨਹੀਂ ਹਨ ਜਿਵੇਂ ਕਿ ਅੰਧ ਮਹਾਂਸਾਗਰ ਤੇ ਸ਼ਾਂਤ ਮਹਾਂਸਾਗਰ ਦੀਆਂ ਧਾਰਾਵਾਂ ਹਨ। ਇਸ ਦਾ ਮੁੱਖ ਕਾਰਨ ਹਿੰਦ ਮਹਾਂਸਾਗਰ ਵਿੱਚ ਚੱਲਣ ਵਾਲੀਆਂ ਪੌਣਾਂ ਮੌਸਮੀ ਹਨ। ਇਹ ਪੌਣਾਂ ਗਰਮੀਆਂ ਵਿੱਚ ਦੱਖਣ ਪੱਛਮੀ ਦਿਸ਼ਾ ਵੱਲੋਂ ਪਰ ਸਿਆਲ ਰੁੱਤ ਵਿੱਚ ਉੱਤਰ ਪੂਰਬੀ ਦਿਸ਼ਾ ਵੱਲੋਂ ਚਲਦੀਆਂ ਹਨ। ਇਸ ਪਰਿਵਰਤਨ ਸਦਕਾ ਸਾਗਰੀ ਧਾਰਾਵਾਂ ਵੀ ਰੁੱਤ ਅਨੁਸਾਰ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਦੱਖਣੀ ਅਰਧ ਗੋਲੇ ਵਿੱਚ ਧਾਰਾਵਾਂ ਵਧੇਰੇ ਨਿਸਚਤ ਹਨ। ਭੂ-ਮੱਧ ਰੇਖਾ ਦੀ ਗਰਮ ਧਾਰਾ ਪੂਰਬੀ ਦੀਪ ਸਮੂਹ ਕੋਲੋਂ ਅਫ਼ਰੀਕਾ ਦੇ ਪੂਰਬੀ ਤੱਟ ਵੱਲ ਵਧਦੀ ਹੈ। ਇਸ ਕੰਢੇ ਦੇ ਨਾਲ਼ ਨਾਲ਼ ਇਹ ਧਾਰਾ ਦੱਖਣ ਵੱਲ ਜਾਂਦੀ ਹੈ। ਇਥੇ ਇਸ ਦਾ ਨਾਂ **ਮੋਜ਼ੰਬੀਕ ਦੀ ਧਾਰਾ** ਹੈ। ਮੈਲਾਗਾਸੀ (ਮੈਡਗਾਸਕਰ) ਟਾਪੂ ਦੇ ਪੂਰਬ ਤੋਂ ਇੱਕ ਸ਼ਾਖਾ ਦੱਖਣ ਵੱਲ ਆਉਂਦੀ ਹੈ। ਇਸ ਦਾ ਨਾਂ **ਅਗੁਲਹਾਸ ਧਾਰਾ** ਹੈ। ਇਹ ਦੋਵੇਂ ਧਾਰਾਵਾਂ ਪੱਛਮੀ ਪੌਣਾਂ ਦੀ ਝਾਲ ਨਾਲ਼ ਰਲ ਕੇ ਪੂਰਬ





ਚਿੱਤਰ 4.5 ਸ਼ਾਂਤ-ਮਹਾਂਸਾਗਰ ਦੀਆਂ ਧਾਰਾਵਾਂ

ਵੱਲ ਵਧਦੀਆਂ ਹਨ। ਆਸਟਰੇਲੀਆ ਦੇ ਪੱਛਮੀ ਤੱਟ ਕੋਲੋਂ ਪੱਛਮੀ ਆਸਟਰੇਲੀਆ ਦੀ ਠੰਢੀ ਧਾਰਾ ਉੱਤਰ ਵੱਲ ਵੱਧ ਕੇ ਭੂ-ਮੱਧ ਰੇਖੀ ਧਾਰਾ ਨਾਲ਼ ਜਾ ਮਿਲਦੀ ਹੈ।




*ਚਿੱਤਰ 4.6 ਸਰਦੀਆਂ-ਹਿੰਦ ਮਹਾਂਸਾਗਰ ਦੀਆਂ ਧਾਰਾਵਾਂ*




*ਚਿੱਤਰ 4.7 ਗਰਮੀਆਂ-ਹਿੰਦ ਮਹਾਂਸਾਗਰ ਦੀਆਂ ਧਾਰਾਵਾਂ*

## ਧਾਰਾਵਾਂ ਦਾ ਜਲਵਾਯੂ ਉੱਪਰ ਪ੍ਰਭਾਵ

ਤੁਸੀਂ ਪੜ੍ਹਿਆ ਹੈ ਕਿ ਸਾਗਰੀ ਧਾਰਾਵਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ-ਗਰਮ ਤੇ ਠੰਢੀਆਂ। ਇਹ ਧਾਰਾਵਾਂ ਮਹਾਂਦੀਪਾਂ ਅਤੇ ਤੱਟਵਰਤੀ ਭਾਗਾਂ ਦੇ ਨਾਲ਼ ਨਾਲ਼ ਚਲਦੀਆਂ ਹਨ। ਇਹਨਾਂ ਧਾਰਾਵਾਂ ਦਾ ਪ੍ਰਭਾਵ ਗੁਆਂਢੀ ਧਰਤੀਆਂ ਦੀ ਜਲਵਾਯੂ ਉੱਪਰ ਪੈਂਦਾ ਹੈ। ਗਰਮ ਧਾਰਾਵਾਂ ਆਪਣੇ ਨਿਕਟਵਰਤੀ ਖੇਤਰਾਂ ਦੇ ਤਾਪਮਾਨ ਨੂੰ ਵਧਾ ਦਿੰਦੀਆਂ ਹਨ ਪਰ ਠੰਢੀਆਂ ਆਪਣੇ ਨੇੜੇ ਦੇ ਸਥਾਨਾਂ ਨੂੰ ਠੰਢਾ ਕਰ ਦਿੰਦੀਆਂ ਹਨ।

ਜਦੋਂ ਪੌਣਾਂ ਗਰਮ ਧਾਰਾਵਾਂ ਉੱਪਰੋਂ ਲੰਘਦੀਆਂ ਹਨ ਤਾਂ ਇਹ ਕਾਫ਼ੀ ਨਮੀ ਚੂਸ ਲੈਂਦੀਆਂ ਹਨ ਅਤੇ ਜਦੋਂ ਇਹ ਤੱਟਵਰਤੀ ਭਾਗਾਂ ਤੇ ਪੁੱਜਦੀਆਂ ਹਨ ਤਾਂ ਕਾਫ਼ੀ ਵਰਖਾ ਕਰਦੀਆਂ ਹਨ। ਪਰ ਜਦੋਂ ਕੋਈ ਪੌਣ ਠੰਢੀ ਧਾਰਾ ਉੱਪਰੋਂ ਲੰਘਦੀ ਹੈ ਤਾਂ ਇਹ ਠੰਢੀ ਤੇ ਖੁਸ਼ਕ ਹੋ ਜਾਂਦੀ ਹੈ। ਜਦੋਂ ਇਹ ਤੱਟਵਰਤੀ ਭਾਗਾਂ ਤੇ ਪੁੱਜਦੀ ਹੈ ਤਾਂ ਉਥੇ ਠੰਢ ਤੇ ਖੁਸ਼ਕੀ ਵਧਾ ਦਿੰਦੀ ਹੈ। ਸੰਸਾਰ ਵਿੱਚੋਂ ਜਿੱਥੇ-ਜਿੱਥੇ ਵੀ ਠੰਢੀਆਂ ਧਾਰਾਵਾਂ ਲੰਘਦੀਆਂ ਹਨ ਉਹਨਾਂ ਦੇ ਗੁਆਂਢ ਵਿੱਚ ਮਾਰੂਥਲ ਬਣ ਗਏ ਹਨ। ਇਹਨਾਂ ਮਾਰੂਥਲਾਂ ਦੇ ਨਾਂ ਲੱਭੋ।

ਜਿਸ ਸਥਾਨ ਤੇ ਗਰਮ ਤੇ ਠੰਢੀ ਧਾਰਾ ਆਪੋ ਵਿੱਚ ਮਿਲਦੀ ਹੈ ਉੱਥੇ ਸੰਘਣੀ ਧੁੰਦ ਪੈਦਾ ਹੋ ਜਾਂਦੀ ਹੈ। ਪ੍ਰਮਾਣ ਵਜੋਂ ਉੱਤਰੀ ਅਮਰੀਕਾ ਦੇ ਪੂਰਬੀ ਤੱਟ ਕੋਲ ਨਿਊਫ਼ਾਊਂਡਲੈਂਡ ਦੇ ਨੇੜੇ ਲੈਬਰੇਡਾਰ ਦੀ ਠੰਢੀ ਧਾਰਾ ਅਤੇ ਖਾੜੀ ਦੀ ਗਰਮ ਧਾਰਾ ਮਿਲ ਕੇ ਸੰਘਣੀ ਧੁੰਦ ਪੈਦਾ ਕਰਦੀਆਂ ਹਨ। ਜਿਸ ਕਿਸੇ ਸਥਾਨ ਉਤੇ ਗਰਮ ਤੇ ਠੰਢੀਆਂ ਧਾਰਾਵਾਂ ਰਲਦੀਆਂ ਹੋਣ ਉਥੇ ਪਾਣੀ ਵਿਚ ਪਲੈਂਕਟਿਨ ਨਾਮ ਦਾ ਪਦਾਰਥ ਬਣਦਾ ਹੈ ਜੋ ਮੱਛੀਆਂ ਦਾ ਭੋਜਨ ਹੁੰਦਾ ਹੈ ਤੇ ਅਜਿਹੇ ਸਥਾਨ ਮੱਛੀਆਂ ਫੜਨ ਵਾਲੇ ਆਰਥਕ ਖੇਤਰਾਂ ਵਜੋਂ ਵਿਕਸਤ ਹੋ ਜਾਂਦੇ ਹਨ। ਧਾਰਾਵਾਂ ਦੇ ਚਿੱਤਰ ਵਿੱਚ ਹੋਰ ਅਜਿਹੇ ਥਾਂ ਲੱਭੋ ਜਿੱਥੇ ਗਰਮ ਤੇ ਠੰਢੀਆਂ ਧਾਰਾਵਾਂ ਮਿਲਦੀਆਂ ਹਨ।


ਜਲਵਾਯੂ ਤੋਂ ਇਲਾਵਾ ਇਹ ਮਹਾਂਸਾਗਰੀ ਜਹਾਜ਼ਰਾਨੀ ਉੱਪਰ ਵੀ ਪ੍ਰਭਾਵ ਪਾਉਂਦੀਆਂ ਹਨ। ਸਾਗਰੀ ਬੇੜੇ ਆਮ ਕਰਕੇ ਧਾਰਾਵਾਂ ਦੀ ਦਿਸ਼ਾ ਵਿੱਚ ਚਲਦੇ ਹਨ। ਇਸ ਨਾਲ਼ ਉਹਨਾਂ ਦੀ ਗਤੀ ਵੱਧ ਜਾਂਦੀ ਹੈ ਅਤੇ ਬਾਲਣ ਵੀ ਘੱਟ ਲਗਦਾ ਹੈ।

ਗਰਮ ਧਾਰਾਵਾਂ ਵੱਡੇ-ਵੱਡੇ ਹਿਮ-ਟਿੱਲਿਆਂ ਨੂੰ ਵੀ ਪਿਘਲਾ ਦਿੰਦੀਆਂ ਹਨ। ਇਸ ਤਰ੍ਹਾਂ ਜਹਾਜ਼ਾਂ ਲਈ ਇਹ ਟਿੱਲੇ ਖਤਰਾ ਨਹੀਂ ਬਣਦੇ। ਗਰਮ ਧਾਰਾਵਾਂ ਕਾਰਨ ਸਰਦੀਆਂ ਦੀ ਰੁੱਤ ਵਿੱਚ ਬੰਦਰਗਾਹਾਂ ਖੁਲ੍ਹੀਆਂ ਰਹਿੰਦੀਆਂ ਹਨ ਅਤੇ ਉਥੇ ਬਰਫ਼ ਨਹੀਂ ਜੰਮਦੀ।

### ਜਵਾਰ ਭਾਟਾ

ਸਾਗਰੀ ਤੱਟ ਦੇ ਨੇੜੇ ਰਹਿਣ ਵਾਲੇ ਲੋਕ ਜਾਣਦੇ ਹਨ ਤੇ ਦੇਖਦੇ ਹਨ ਕਿ ਸਾਗਰ ਦਾ ਪਾਣੀ ਬੜੇ ਨੇਮ ਨਾਲ਼ ਦਿਨ ਵਿੱਚ ਦੋ ਵਾਰ ਚੜ੍ਹਦਾ ਹੈ ਤੇ ਦੋ ਵਾਰ ਹੀ ਉਤਰਦਾ ਹੈ। ਤੱਟਵਰਤੀ ਭਾਗਾਂ ਵਿੱਚ ਕੁਝ ਘੰਟਿਆਂ ਤਾਈਂ ਪਾਣੀ ਲਗਾਤਾਰ ਚੜ੍ਹਦਾ ਜਾਂਦਾ ਹੈ। ਇੱਕ ਨਿਸਚਤ ਉੱਚਾਈ ਪ੍ਰਾਪਤ ਕਰਨ ਪਿੱਛੋਂ ਇਹ ਉਤਰਨ ਲੱਗਦਾ ਹੈ। ਇਹ ਉਤਰਾਅ ਤੇ ਚੜ੍ਹਾਅ 24 ਘੰਟਿਆਂ ਵਿੱਚ ਦੋ ਵਾਰ ਹੁੰਦਾ ਹੈ। ਮਹਾਂਸਾਗਰ ਦੇ ਇਸ ਉਤਰਾਅ ਚੜ੍ਹਾਅ ਨੂੰ ਹੀ ਜਵਾਰ ਭਾਟਾ ਕਿਹਾ ਜਾਂਦਾ ਹੈ। ਜਦੋਂ ਪਾਣੀ ਚੜ੍ਹਦਾ ਹੈ ਤਾਂ ਉਸ ਨੂੰ **ਜਵਾਰ** ਤੇ ਜਦੋਂ ਉੱਤਰਦਾ ਹੈ ਤਾਂ ਉਸ ਨੂੰ **ਭਾਟਾ** ਕਿਹਾ ਜਾਂਦਾ ਹੈ।

ਸਾਡੀ ਪ੍ਰਿਥਵੀ ਉੱਪਰ ਬੜੇ ਵਿਸ਼ਾਲ ਸਾਗਰ ਹਨ। ਜਦੋਂ ਚੰਨ ਇਹਨਾਂ ਸਾਗਰਾਂ ਉੱਪਰ ਆਪਣੀ ਖਿੱਚ ਦਾ ਪ੍ਰਭਾਵ ਪਾਉਂਦਾ ਹੈ ਤਾਂ ਪਾਣੀ ਚੰਨ ਵਾਲੇ ਪਾਸੇ ਉਛਾਲ ਮਾਰਦਾ ਹੈ। ਵਿਗਿਆਨੀਆਂ ਦਾ ਵਿਚਾਰ ਹੈ ਕਿ ਸਾਗਰਾਂ ਵਿੱਚ ਜਵਾਰ ਭਾਟੇ ਦਾ ਕਾਰਨ ਚੰਨ ਦੀ ਆਕਰਸ਼ਣ ਸ਼ਕਤੀ ਹੈ। ਉਂਞ ਤਾਂ ਸੂਰਜ ਵੀ ਪਾਣੀ ਨੂੰ ਆਪਣੇ ਵੱਲ ਖਿੱਚਦਾ ਹੈ ਪਰ ਦੂਰੀ ਦੇ ਕਾਰਨ ਇਹ ਮਹਾਂਸਾਗਰ ਵਿੱਚ ਛੱਲਾਂ ਪੈਦਾ ਨਹੀਂ ਕਰ ਸਕਦਾ ਪਰ ਜੇ ਸੂਰਜ ਦੀ ਖਿੱਚ ਚੰਨ ਦੀ ਖਿੱਚ ਨਾਲ਼ ਰਲ ਜਾਏ ਤਾਂ ਇਹ ਛੱਲ ਬੜੀ ਵੱਡੀ ਹੋ ਜਾਂਦੀ ਹੈ।





*ਚਿੱਤਰ 4.8 ਛੋਟਾ ਜਵਾਰਭਾਟਾ*

ਜਵਾਰ ਭਾਟੇ ਦੀ ਉਚਾਈ ਸਦਾ ਇੱਕੋ ਜਿਹੀ ਨਹੀਂ ਰਹਿੰਦੀ। ਕਦੀ ਇਹ ਬਹੁਤ ਉੱਚੀ ਹੋ ਜਾਂਦੀ ਹੈ ਤੇ ਕਦੇ ਇਹ ਬਹੁਤ ਨੀਵੀਂ। ਜਦੋਂ ਉਚਾਈ ਸਭ ਤੋਂ ਵੱਧ ਹੋਵੇ ਤਾਂ ਉਸ ਨੂੰ **ਵੱਡਾ ਜਵਾਰ ਭਾਟਾ** ਕਿਹਾ ਜਾਂਦਾ ਹੈ, ਪਰ ਜਦੋਂ ਸਧਾਰਨ ਨਾਲ਼ੋਂ ਛੋਟਾ ਉਛਾਲ ਆਵੇ ਤਾਂ ਉਸ ਨੂੰ **ਛੋਟਾ ਜਵਾਰ ਭਾਟਾ** ਕਿਹਾ ਜਾਂਦਾ ਹੈ।

### ਵੱਡਾ ਜਵਾਰਭਾਟਾ

ਵੱਡੇ ਜਵਾਰ ਭਾਟਾ ਸਮੇਂ ਸਾਗਰੀ ਪਾਣੀ ਦਾ ਚੜ੍ਹਾਅ ਬਹੁਤ ਜ਼ਿਆਦਾ ਹੁੰਦਾ ਹੈ। ਅਜਿਹਾ ਮੱਸਿਆ ਤੇ ਪੁੰਨਿਆ ਸਮੇਂ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਦੋਹਾਂ ਸਥਿਤੀਆਂ ਵਿੱਚ ਸੂਰਜ, ਚੰਨ ਤੇ ਪ੍ਰਿਥਵੀ ਇੱਕ ਸੇਧ ਵਿੱਚ ਆ ਜਾਂਦੇ ਹਨ। ਇਸ ਸਥਿਤੀ ਵਿੱਚ ਸੂਰਜ ਤੇ ਚੰਨ ਦੋਵੇਂ ਰਲ ਕੇ ਮਹਾਂਸਾਗਰੀ ਪਾਣੀ ਨੂੰ ਆਪਣੇ ਵਲ ਖਿੱਚਦੇ ਹਨ। ਇਸ ਤਰ੍ਹਾਂ ਪੈ ਰਹੀ ਦੋਹਰੀ ਖਿੱਚ ਸਦਕਾ ਪਾਣੀ ਵਿੱਚ ਬਹੁਤ ਵੱਡਾ ਉਛਾਲਾ ਪੈਦਾ ਹੋ ਜਾਂਦਾ ਹੈ। ਜਿਸ ਨੂੰ ਵੱਡਾ ਜਵਾਰ ਭਾਟਾ ਕਿਹਾ ਜਾਂਦਾ ਹੈ।




*ਚਿੱਤਰ 4.9 ਵੱਡਾ ਜਵਾਰਭਾਟਾ*

### ਛੋਟਾ ਜਵਾਰ ਭਾਟਾ

ਇਹ ਜਵਾਰ ਭਾਟਾ ਸਧਾਰਨ ਉਛਾਲੇ ਨਾਲੋਂ ਨੀਵਾਂ ਹੁੰਦਾ ਹੈ। ਇਹ ਚੰਨ ਦੀ ਸੱਤਵੀਂ ਤੇ ਇੱਕੀਵੀਂ ਮਿਤੀ ਨੂੰ (ਭਾਵ ਚਾਨਣੀ ਤੇ ਹਨੇਰੀ ਅਸ਼ਟਮੀ ਨੂੰ) ਆਉਂਦਾ ਹੈ। ਇਸ ਸਥਿਤੀ ਵਿੱਚ ਚੰਨ, ਪ੍ਰਿਥਵੀ ਤੇ ਸੂਰਜ ਇੱਕ ਦੂਜੇ ਨਾਲ਼ $90^0$ ਦਾ ਕੋਣ ਬਣਾਉਂਦੇ ਹਨ। ਸੂਰਜ ਆਪਣੀ ਆਕਰਸ਼ਣ ਸ਼ਕਤੀ ਨਾਲ਼ ਪਾਣੀ ਨੂੰ ਆਪਣੇ ਵੱਲ ਖਿੱਚਦਾ ਹੈ ਤੇ ਚੰਨ ਆਪਣੇ ਵੱਲ ਖਿੱਚਦਾ ਹੈ। ਚੰਨ ਦੀ ਨੇੜਤਾ ਸਦਕਾ ਉਛਾਲਾ ਚੰਨ ਵੱਲ ਹੀ ਆਉਂਦਾ ਹੈ ਪਰ ਇਹ ਇੰਨਾ ਉੱਚਾ ਨਹੀਂ ਹੁੰਦਾ ਕਿਉਂਕਿ ਸੂਰਜ ਦੀ ਖਿੱਚ ਦੂਜੀ ਦਿਸ਼ਾ ਤੋਂ ਹੁੰਦੀ ਹੈ। ਜਿਵੇਂ ਕਿ ਚਿੱਤਰ 6.8 ਵਿੱਚ ਦਰਸਾਇਆ ਗਿਆ ਹੈ।

## ਮਨੁੱਖ ਤੇ ਜਵਾਰ ਭਾਟਾ

ਜਵਾਰਭਾਟਾ ਸਾਡੀ ਕਈ ਤਰ੍ਹਾਂ ਨਾਲ਼ ਸਹਾਇਤਾ ਵੀ ਕਰਦਾ ਹੈ। ਇਹਨਾਂ ਛੱਲਾਂ ਦੇ ਕਾਰਨ ਨਦੀਆਂ ਦੇ ਮੁਹਾਣਿਆਂ ਵਿੱਚੋਂ ਮਿੱਟੀ ਤੇ ਚਿੱਕੜ ਰੁੜ੍ਹਦਾ ਰਹਿੰਦਾ ਹੈ। ਇਸ ਤਰ੍ਹਾਂ ਇਹਨਾਂ ਕੰਢਿਆਂ ਉੱਪਰ ਸਥਿਤ ਬੰਦਰਗਾਹਾਂ ਵਿੱਚ ਮਿੱਟੀ ਨਹੀਂ ਜੰਮਦੀ ਤੇ ਜਹਾਜ਼ ਦੂਰ ਅੰਦਰ ਤੱਕ ਆ ਸਕਦੇ ਹਨ।

ਵੱਡੇ ਤੇ ਭਾਰੇ ਜਹਾਜ਼ ਦੂਰ ਗਹਿਰੇ ਸਾਗਰਾਂ ਵਿੱਚ ਖੜ੍ਹੇ ਇਸ ਉਛਾਲੇ ਨੂੰ ਉਡੀਕਦੇ ਰਹਿੰਦੇ ਹਨ। ਜਦੋਂ ਪਾਣੀ ਵਿੱਚ ਚੜ੍ਹਾਅ ਆਉਂਦਾ ਹੈ ਤਾਂ ਜਹਾਜ਼ ਉਸ ਦੇ ਨਾਲ਼ ਹੀ ਬੰਦਰਗਾਹਾਂ ਤੱਕ ਪੁੱਜ ਜਾਂਦੇ ਹਨ। ਬੰਦਰਗਾਹ ਉੱਪਰ ਮਾਲ ਉਤਾਰ ਕੇ ਉਹ ਫਿਰ ਉਛਾਲੇ ਨੂੰ ਉਡੀਕਦੇ ਰਹਿੰਦੇ ਹਨ ਤਾਂ ਜੋ ਸਾਗਰਾਂ ਵੱਲ ਮੋੜਾ ਪਾ ਸਕਣ।

ਕੋਲਕਾਤਾ ਦੀ ਬੰਦਰਗਾਹ ਹੁਗਲੀ ਨਦੀ ਦੇ ਕੰਢੇ ਉੱਪਰ ਸਾਗਰ ਤੋਂ ਕਾਫ਼ੀ ਦੂਰੀ ਤੇ ਹੈ। ਜੇ ਸਾਗਰਾਂ ਵਿੱਚ ਜਵਾਰਭਾਟਾ ਨਾ ਆਉਂਦਾ ਤਾਂ ਜਹਾਜ਼ ਕਦੀ ਵੀ ਕੋਲਕਾਤਾ ਤੱਕ ਨਾ ਪੁੱਜ ਸਕਦੇ।

ਇਸੇ ਤਰ੍ਹਾਂ ਲੰਡਨ ਬੰਦਰਗਾਹ ਵੀ ਟੇਮਜ਼ ਨਦੀ ਦੇ ਕੰਢੇ ਉੱਪਰ ਹੈ। ਏਥੇ ਵੀ ਜਹਾਜ਼ ਤਾਂ ਹੀ ਪੁੱਜਦੇ ਜਾਂ ਵਾਪਸ ਮੁੜਦੇ ਹਨ ਜਦੋਂ ਸਾਗਰ ਵਿੱਚ ਜਵਾਰ ਭਾਟਾ ਆਇਆ ਹੋਵੇ।

ਹੁਣ ਮਨੁੱਖ ਨੇ ਇਹਨਾਂ ਛੱਲਾਂ ਤੋਂ ਊਰਜਾ ਪ੍ਰਾਪਤੀ ਦੀ ਯੋਜਨਾ ਵੀ ਬਣਾ ਲਈ ਹੈ। ਸੰਸਾਰ ਵਿੱਚ ਘਟਦੀ ਸ਼ਕਤੀ ਦੀ ਪੂਰਤੀ ਲਈ ਹੁਣ ਸਾਨੂੰ ਸਾਗਰਾਂ ਵੱਲ ਦੇਖਣਾ ਹੀ ਪਵੇਗਾ।

**ਸੁਨਾਮੀ :** ਸੁਨਾਮੀ ਜਿਸਦਾ ਅੰਗ੍ਰੇਜ਼ੀ ਸ਼ਬਦ Tsunami ਹੈ ਜਿਸ ਨੂੰ Soo-nah-mee ਬੋਲਿਆ ਜਾਂਦਾ ਹੈ। ਇਹ ਜਾਪਾਨੀ ਸ਼ਬਦ ਹੈ ਜੋ ਕਿ ਦੋ ਸ਼ਬਦਾਂ Tsu ਦਾ ਅਰਥ ਕੰਢਾ ਅਤੇ nami ਦਾ ਅਰਥ ਪਾਣੀ ਦੇ ਸੁਮੇਲ ਨਾਲ਼ (Tsu+nami) ਬਣਿਆ ਹੈ। ਇਸ ਤਰ੍ਹਾਂ ਸੁਨਾਮੀ ਦਾ ਅਰਥ ਸਮੁੰਦਰ ਦੇ ਕੰਢਿਆਂ ਤੇ ਟਕਰਾਉਣ ਵਾਲੀਆਂ ਲੰਮੀਆਂ ਉੱਚੀਆਂ ਸਮੁੰਦਰੀ ਛਲਾਂ ਤੋਂ ਹੈ। ਇਹ ਛੱਲਾਂ ਸਮੁੰਦਰਾਂ ਦੇ ਫਰਸ਼ਾਂ ਤੇ ਆਉਣ ਵਾਲੇ ਭੂਚਾਲਾਂ ਸਦਕਾਂ ਪੈਦਾ ਹੁੰਦੀਆਂ ਹਨ। ਇਹ ਕੇਵਲ ਇੱਕੋ ਹੀ ਸਮੁੰਦਰੀ ਛੱਲ ਨਹੀਂ ਹੁੰਦੀ। ਸਗੋਂ ਇਕੱਠੀਆਂ ਸਮੁੰਦਰੀ ਛਲਾਂ ਜੋ ਕਿ ਲੜੀਵਾਰ, ਇਕ ਤੋਂ ਬਾਅਦ ਲਗਾਤਾਰ ਦੂਸਰੀ ਪਾਣੀ ਦੀਆਂ ਛਲਾਂ ਆਉਂਦੀਆਂ ਹਨ ਜੋ ਕਿ ਐਨੀਆਂ ਤੀਬਰ ਹੁੰਦੀਆਂ ਹਨ ਕਿ ਸਮੁੰਦਰੀ ਸਤਹ ਤੇ ਕੰਢਿਆਂ ਕੋਲੋਂ 800 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਤੱਕ ਵੀ ਚਲਦੀਆਂ ਹਨ। ਕਈ ਥਾਵਾਂ ਤੇ ਇਹ 100 ਫੁੱਟ ਉੱਚੀਆਂ ਹੋ ਕੇ ਤੇਜ਼ ਗਤੀ ਨਾਲ਼ ਵਹਿੰਦੀਆਂ ਹਨ ਜਿਸ ਨਾਲ਼ ਸਮੁੰਦਰੀ ਕੰਢਿਆਂ ਤੇ ਵਸੇ ਦੇਸ਼ਾਂ ਦੇ ਜਾਨ-ਮਾਲ ਦਾ ਭਾਰੀ ਨੁਕਸਾਨ ਹੋ ਜਾਂਦਾ ਹੈ। ਅਰਥਾਤ ਸਮੁੰਦਰੀ ਕੰਢਿਆਂ ਤੇ ਸਥਿਤ ਥਾਵਾਂ ਤੇ ਰਹਿੰਦੇ ਮਨੁੱਖਾਂ, ਪਸ਼ੂਆਂ, ਇਮਾਰਤਾਂ ਆਦਿ ਸਭ ਕੁੱਝ ਨੂੰ ਹੀ ਆਪਣੇ ਨਾਲ਼ ਵਹਾ ਕੇ ਲੈ ਜਾਂਦੀਆਂ ਹਨ।

ਜਾਪਾਨ ਵਿੱਚ ਆਈ ਸੁਨਾਮੀ ਨੇ ਤਾਂ ਸੰਸਾਰ ਭਰ ਵਿੱਚ ਦਹਿਸ਼ਤ ਫੈਲਾ ਦਿੱਤੀ ਅਤੇ ਜਾਨ-ਮਾਲ ਪੱਖੋਂ ਬਹੁਤ ਨੁਕਸਾਨ ਪਹੁੰਚਾਇਆ।



*ਚਿੱਤਰ 4.10 ਸੁਨਾਮੀ ਦੌਰਾਨ ਉੱਚੀਆਂ ਛੱਲਾਂ ਦਾ ਦ੍ਰਿਸ਼*

### 26 ਦਸੰਬਰ 2004 ਵਿੱਚ ਆਈ ਸੁਨਾਮੀ ਦਾ ਬਿਰਤਾਂਤ

ਹਿੰਦ ਮਹਾਂਸਾਗਰ ਵਿੱਚ 26 ਦਸੰਬਰ 2004 ਨੂੰ ਜ਼ਬਰਦਸਤ ਸੁਨਾਮੀ ਲਹਿਰਾਂ ਉੱਠੀਆਂ। ਇਹ ਸਮੁੰਦਰੀ ਫਰਸ਼ 'ਤੇ 9.0 ਦੀ ਰਿਕਟਰ ਸਕੇਲ 'ਤੇ ਆਏ ਭੂਚਾਲ ਕਰਕੇ ਆਈਆਂ। ਇਨਾਂ ਲਹਿਰਾਂ ਦਾ ਅਧਿਕੇਂਦਰ ਇੰਡੋਨੇਸ਼ੀਆ ਦਾ ਪੱਛਮੀ ਤੱਟ ਸੀ। ਕੁੱਝ ਘੰਟਿਆਂ ਵਿੱਚ ਹੀ ਇਹਨਾਂ ਸਮੁੰਦਰੀ ਛੱਲਾਂ ਨੇ 11 ਹਿੰਦ ਮਹਾਂਸਾਗਰੀ ਦੇਸ਼ਾਂ ਵਿੱਚ ਤਬਾਹੀ ਲੈ ਆਂਦੀ। ਸੁਨਾਮੀ ਕਰਕੇ ਕਈ ਲੋਕ ਲਹਿਰਾਂ ਵਿੱਚ ਵਹਿ ਗਏ ਅਤੇ ਕਈ ਮਕਾਨ ਤੇ ਇਮਾਰਤਾਂ ਡੁੱਬ ਗਏ। ਸੁਨਾਮੀ ਕਰਕੇ, ਸਮੁੰਦਰੀ ਕੰਢਿਆਂ 'ਤੇ ਵਸੇ ਅਫ਼ਰੀਕਾ ਤੋਂ ਲੈ ਕੇ ਥਾਈਲੈਂਡ ਤੱਕ ਦੇ ਦੇਸ਼ਾਂ ਉੱਤੇ ਬਹੁਤ ਬੁਰਾ ਅਸਰ ਪਿਆ।

ਭਾਰਤ ਸਰਕਾਰ ਦੇ ਅੰਦਾਜ਼ੇ ਅਨੁਸਾਰ ਲਗਪਗ 5322 ਕਰੋੜ ਰੁਪਏ ਦਾ ਜਾਨ-ਮਾਲ ਦਾ ਨੁਕਸਾਨ ਹੋਇਆ। ਇਥੋਂ ਤੱਕ ਕਿ ਭਾਰਤ ਵਿੱਚ ਸੱਭ ਤੋਂ ਵੱਧ ਤਾਮਿਲਨਾਡੂ ਅਤੇ ਉਸ ਤੋਂ ਬਾਅਦ ਕੇਰਲ, ਆਂਧਰਾ ਪ੍ਰਦੇਸ਼ ਅਤੇ ਪੁਡੂਚੇਰੀ ਵਿੱਚ ਵੀ ਬਹੁਤ ਨੁਕਸਾਨ ਹੋਇਆ। ਉਸ ਸਾਲ 200,000 (ਦੋ ਲੱਖ) ਤੋਂ ਵੱਧ ਲੋਕ ਮਰ ਗਏ ਅਤੇ ਇਸ ਤੋਂ ਵੀ ਵੱਧ ਲੋਕ ਬੇਘਰ ਹੋ ਗਏ।

## ਅਭਿਆਸ

**(ੳ) ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ।**

1. ਸਾਗਰੀ ਪਾਣੀ ਖਾਰਾ ਕਿਉਂ ਹੈ ?
2. ਨਿਊਫਾਊਂਡਲੈਂਡ ਕੋਲ ਹਰ ਸਮੇਂ ਭਾਰੀ ਧੁੰਦ ਕਿਉਂ ਰਹਿੰਦੀ ਹੈ ?
3. ਖਾੜੀ ਦੀ ਧਾਰਾ ਦੇ ਮਾਰਗ ਦਾ ਵਰਣਨ ਕਰੋ।
4. ਉੱਤਰੀ ਸ਼ਾਂਤ ਮਹਾਂਸਾਗਰ ਚੱਕਰ ਦੀਆਂ ਧਾਰਾਵਾਂ ਦੇ ਨਾਂ ਲਿਖੋ।
5. 'ਸੁਨਾਮੀ' ਤੋਂ ਕੀ ਭਾਵ ਹੈ।

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50-60 ਸ਼ਬਦਾਂ ਵਿੱਚ ਦਿਓ।**

1. ਵੱਡੇ ਜਵਾਰਭਾਟੇ ਅਤੇ ਛੋਟੇ ਜਵਾਰਭਾਟੇ ਵਿੱਚ ਕੀ ਅੰਤਰ ਹੈ ?
2. ਗਰਮ ਧਾਰਾ ਅਤੇ ਠੰਢੀ ਧਾਰਾ ਵਿੱਚ ਅੰਤਰ ਦੱਸੋ।
3. ਹਿੰਦ ਮਹਾਂਸਾਗਰ ਦੀਆਂ ਧਾਰਾਵਾਂ ਇੰਨੀਆਂ ਨਿਸਚਤ ਅਤੇ ਨਿਯਮਤ ਕਿਉਂ ਨਹੀਂ ਹਨ ?
4. 'ਜਵਾਰਭਾਟਾ ਜਹਾਜ਼ਾਂ ਲਈ ਬਹੁਤ ਲਾਭਦਾਇਕ ਸਿੱਧ ਹੁੰਦਾ ਹੈ।' ਕਿਵੇਂ ?
5. ਵੱਡਾ ਜਵਾਰਭਾਟਾ ਪੂੰਨਿਆ ਅਤੇ ਮੱਸਿਆ ਨੂੰ ਕਿਉਂ ਆਉਂਦਾ ਹੈ ?


6. ਖਾੜੀ ਦੀ ਧਾਰਾ ਯੂਰਪ ਦੀ ਜਲਵਾਯੂ ਤੇ ਕੀ ਪ੍ਰਭਾਵ ਪਾਉਂਦੀ ਹੈ ?
7. ਸਮੁੰਦਰੀ ਲਹਿਰਾਂ ਅਤੇ ਧਾਰਾਵਾਂ ਵਿੱਚ ਕੀ ਅੰਤਰ ਹੈ ?
8. ਸੁਨਾਮੀ ਨਾਲ਼ ਸੰਬੰਧਤ ਕਿਸੇ ਸਥਾਨ ਦਾ ਬਿਰਤਾਂਤ ਲਿਖੋ ?

## ਗਤੀਵਿਧੀ

1. ਅੰਧ ਮਹਾਂਸਾਗਰੀ ਧਾਰਾਵਾਂ ਦਾ ਵਰਣਨ ਸੰਸਾਰ ਦੇ ਨਕਸ਼ੇ ਤੇ ਬਣਾ ਕੇ ਕਰੋ।
2. ਸ਼ਾਂਤ ਮਹਾਂਸਾਗਰੀ ਧਾਰਾਵਾਂ ਦਾ ਹਾਲ ਸੰਸਾਰ ਦੇ ਨਕਸ਼ੇ ਤੇ ਬਣਾ ਕੇ ਲਿਖੋ।
3. ਜਵਾਰ ਭਾਟਾ ਕਿਵੇਂ ਉਤਪੰਨ ਹੁੰਦਾ ਹੈ ? ਚਿੱਤਰ ਬਣਾ ਕੇ ਸਪਸ਼ਟ ਕਰੋ।

# WORLD – PHYSICAL


# ਸੰਸਾਰ-ਰੇਖਾ ਚਿੱਤਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/2003)

# WORLD – PHYSICAL

# ਸੰਸਾਰ-ਰੇਖਾ ਚਿੱਤਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)




# ਪਾਠ 5
# ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵ

ਕਿਸੇ ਸਥਾਨ ਦੀ ਕੁਦਰਤੀ ਬਨਸਪਤੀ ਤੋਂ ਭਾਵ ਉਨ੍ਹਾਂ ਜੜ੍ਹੀ-ਬੂਟੀਆਂ, ਵੇਲ-ਬੂਟਿਆਂ ਅਤੇ ਰੁੱਖਾਂ ਤੋਂ ਹੈ ਜਿਹੜੇ ਆਪਣੇ ਆਪ, ਮਨੁੱਖ ਦੀ ਕੋਸ਼ਿਸ਼ ਤੋਂ ਬਿਨਾਂ ਉੱਗ ਜਾਂਦੇ ਹਨ। ਕੁਦਰਤੀ ਬਨਸਪਤੀ, ਕਿਸੇ ਥਾਂ ਦੇ ਧਰਾਤਲ, ਮਿੱਟੀ ਦੀ ਕਿਸਮ ਅਤੇ ਜਲਵਾਯੂ ਦੇ ਕੁਲ ਮਿਲਾ ਕੇ ਪ੍ਰਭਾਵ ਨੂੰ ਦਰਸਾਉਂਦਾ ਹੈ। ਕੁਦਰਤੀ ਬਨਸਪਤੀ ਮਨੁੱਖ ਲਈ ਅਮੁੱਲਾ ਸਾਧਨ ਹੈ। ਇਸ ਤੋਂ ਕਈ ਪ੍ਰਕਾਰ ਦੀ ਲੱਕੜੀ ਤੋਂ ਇਲਾਵਾ ਬਾਂਸ, ਕਾਗਜ਼ ਬਣਾਉਣ ਵਾਲੇ ਘਾਹ, ਗੂੰਦ, ਗੰਦਾ ਬਰੋਜ਼ਾ, ਤਾਰਪੀਨ, ਲਾਖ, ਚਮੜਾ ਰੰਗਣ ਲਈ ਛਿਲਕਾ, ਦਵਾਈਆਂ ਲਈ ਜੜ੍ਹੀ-ਬੂਟੀਆਂ ਆਦਿ ਵਸਤਾਂ ਪ੍ਰਾਪਤ ਹੁੰਦੀਆਂ ਹਨ। ਜੰਗਲਾਂ ਦੀ ਲੱਕੜੀ ਤੇ ਕਈ ਉਦਯੋਗ ਨਿਰਭਰ ਕਰਦੇ ਹਨ। ਇਮਾਰਤੀ ਲੱਕੜੀ ਤੋਂ ਇਲਾਵਾ ਇਹ ਫ਼ਰਨੀਚਰ, ਖੇਡਾਂ ਦਾ ਸਮਾਨ, ਸਾਗਰੀ ਬੇੜੇ, ਰੇਲਾਂ ਦੇ ਡੱਬੇ ਅਤੇ ਸਲੀਪਰ, ਕਾਗਜ਼, ਪਲਾਈਵੁੱਡ, ਸਮਾਨ ਪੈਕ ਕਰਨ ਲਈ ਪੇਟੀਆਂ ਆਦਿ, ਹੋਰ ਕਈ ਵਸਤਾਂ ਬਣਾਉਣ ਲਈ ਵਰਤੋਂ ਵਿੱਚ ਆਉਂਦੀ ਹੈ।

ਵਣ ਅਸਿੱਧੇ ਤੌਰ ਤੇ ਵੀ ਸਾਡੀ ਸਹਾਇਤਾ ਕਰਦੇ ਹਨ। ਵਾਤਾਵਰਨ ਵਿੱਚ ਉੱਘਾ ਹਿੱਸਾ ਪਾਉਂਦੇ ਹਨ ਜਿਵੇਂ ਕਿ ਰੁੱਖ ਕਾਰਬਨ ਡਾਇਆਕਸਾਈਡ ਲੈ ਕੇ ਆਕਸੀਜਨ ਛਡਦੇ ਹਨ। ਵਰਖਾ ਪੈਣ ਵਿੱਚ ਸਹਾਇਕ ਹੁੰਦੇ ਹਨ, ਤਾਪਮਾਨ ਬਹੁਤਾ ਨਹੀਂ ਵੱਧਣ ਦਿੰਦੇ, ਹੜ੍ਹਾਂ ਅਤੇ ਭੌਂ-ਖੁਰਣ ਨੂੰ ਰੋਕਦੇ ਹਨ ਅਤੇ ਭੂਮੀ ਦੇ ਅੰਦਰ ਪਾਣੀ ਰਿਸਣ ਵਿੱਚ ਸਹਾਇਤਾ ਕਰਦੇ ਹਨ। ਵਣ ਮਾਰੂਥਲਾਂ ਦੇ ਫੈਲਾਅ ਨੂੰ ਰੋਕਦੇ ਹਨ ਅਤੇ ਜੰਗਲੀ ਜਾਨਵਰਾਂ ਤੇ ਪੰਛੀਆਂ ਨੂੰ ਅਵਾਸ (Habitat) ਪ੍ਰਦਾਨ ਕਰਦੇ ਹਨ।

ਸੰਸਾਰ ਵਿੱਚ ਲਗਪਗ 30 ਪ੍ਰਤੀਸ਼ਤ ਥਲ ਖੇਤਰ ਵਣਾਂ ਹੇਠ ਹੈ। ਪਰੰਤੂ ਭਿੰਨ-ਭਿੰਨ ਦੇਸ਼ਾਂ ਵਿੱਚ ਇਸ ਪ੍ਰਤੀਸ਼ਤ ਵਿੱਚ ਕਾਫ਼ੀ ਵਖਰੇਵਾਂ ਹੈ। ਕਈ ਦੇਸ਼ ਇਸ ਸਾਧਨ ਵਿੱਚ ਚੰਗੇ ਅਮੀਰ ਹਨ ਤੇ ਵਣ ਉਥੋਂ ਦੀ ਆਰਥਿਕਤਾ ਦਾ ਮਹਤੱਵਪੂਰਨ ਹਿੱਸਾ ਹਨ। ਉੱਤਰੀ ਅਮਰੀਕਾ, ਦੱਖਣੀ ਅਮਰੀਕਾ ਅਤੇ ਰੂਸ ਵਿੱਚ ਵਣਾਂ ਹੇਠ ਖੇਤਰ ਵਧੇਰੇ ਹੈ ਜਦ ਕਿ ਯੂਰਪ, ਏਸ਼ੀਆ ਅਤੇ ਅਫ਼ਰੀਕਾ ਮਹਾਂਦੀਪ ਵਿੱਚ ਘੱਟ ਹੈ।


ਸੰਸਾਰ ਵਿੱਚ ਵਧ ਰਹੀ ਵਸੋਂ ਦਾ ਵਣਾਂ ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਮਨੁੱਖ ਖੇਤੀ ਯੋਗ ਭੂਮੀ ਨੂੰ ਪ੍ਰਾਪਤ ਕਰਨ ਹਿਤ ਪੂਰਵ ਇਤਿਹਾਸਕ ਕਾਲ ਤੋਂ ਹੀ ਵਣਾਂ ਦੀ ਕਟਾਈ ਕਰਦਾ ਰਿਹਾ ਹੈ ਜਿਸ ਕਰਕੇ ਵਣਾਂ ਹੇਠ ਖੇਤਰ ਨਿਰੰਤਰ ਘਟਦਾ ਜਾ ਰਿਹਾ ਹੈ। ਜੇਕਰ ਇਸੇ ਗਤੀ ਨਾਲ਼ ਕੁਦਰਤੀ ਬਨਸਪਤੀ ਅਤੇ ਵਣਾਂ ਦਾ ਨਾਸ ਹੁੰਦਾ ਰਿਹਾ ਤਾਂ ਇਕ ਦਿਨ ਅਜਿਹਾ ਆਏਗਾ ਕਿ ਲੱਕੜ ਕਿਸੇ ਕੀਮਤ ਤੇ ਨਹੀਂ ਮਿਲੇਗੀ ਅਤੇ ਸੰਸਾਰ ਮਾਰੂਥਲ ਦਾ ਰੂਪ ਧਾਰਨ ਕਰ ਲਏਗਾ ਇਸ ਲਈ ਵਣਾਂ ਦੀ ਸੰਭਾਲ ਕੀਤੀ ਜਾਵੇ ਅਤੇ ਰੁੱਖ ਕੱਟਣ ਦੇ ਨਾਲ਼ ਨਾਲ਼ ਨਵੇਂ ਰੁੱਖ ਵੀ ਲਗਾਏ ਜਾਣ।




*ਚਿੱਤਰ 5.1 ਵੱਖ-ਵੱਖ ਅਕਸ਼ਾਂਸ਼ਾਂ ਤੇ ਸੰਸਾਰ ਦੀ ਕੁਦਰਤੀ ਬਨਸਪਤੀ*

ਉਪਰੋਕਤ ਚਿੱਤਰ ਤੋਂ ਪਤਾ ਲਗਦਾ ਹੈ ਕਿ ਬਨਸਪਤੀ ਦੀ ਵੰਡ ਇਕਸਾਰ ਨਹੀਂ ਹੈ ਇਸ ਦੀ ਵੰਡ ਵਿੱਚ ਵਖਰੇਵਾਂ ਹੈ। ਜਲਵਾਯੂ ਦੇ ਵਖਰੇਵੇਂ ਦੇ ਨਾਲ਼-ਨਾਲ਼ ਕੁਦਰਤੀ ਬਨਸਪਤੀ ਦੀ ਕਿਸਮ, ਰੁੱਖਾਂ ਦੀ ਕਿਸਮ, ਜੰਗਲਾਂ ਦੀ ਘਣਤਾ ਅਤੇ ਆਕਾਰ ਵਿੱਚ ਵੀ ਵਖਰੇਵਾਂ ਆ ਜਾਂਦਾ ਹੈ। ਭਿੰਨ-ਭਿੰਨ ਅਕਸ਼ਾਸ਼ਾਂ ਤੇ ਭਿੰਨ-ਭਿੰਨ ਪ੍ਰਕਾਰ ਦੀ ਜਲਵਾਯੂ ਕਰਕੇ ਭਿੰਨ ਭਿੰਨ ਪ੍ਰਕਾਰ ਦੀ ਕੁਦਰਤੀ ਬਨਸਪਤੀ ਮਿਲਦੀ ਹੈ। ਪ੍ਰਿਥਵੀ ਉਤੇ ਕੁਦਰਤੀ ਬਨਸਪਤੀ ਨੂੰ ਮੁੱਖ ਰੂਪ ਵਿੱਚ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ :-

1. ਵਣ
2. ਘਾਹ ਦੇ ਮੈਦਾਨ
3. ਮਾਰੂਥਲੀ ਝਾੜੀਆਂ




*ਚਿੱਤਰ 5.2 ਸੰਸਾਰ ਕੁਦਰਤੀ ਬਨਸਪਤੀ*

**ਵਣ (ਜੰਗਲ) :** ਵਰਖਾ ਦੀ ਵਾਰਸ਼ਿਕ ਮਾਤਰਾ, ਮੌਸਮੀ ਵੰਡ ਅਤੇ ਤਾਪਮਾਨ ਵਣਾਂ ਦੀ ਕਿਸਮ ਨੂੰ ਪ੍ਰਭਾਵਿਤ ਕਰਦੇ ਹਨ। ਇਸ ਦੇ ਆਧਾਰ ਤੇ ਵਣਾਂ ਨੂੰ ਅੱਗੇ ਤਿੰਨ ਕਿਸਮਾਂ ਵਿੱਚ ਵੰਡਿਆ ਗਿਆ ਹੈ :-

1. ਭੂਮੱਧ-ਰੇਖੀ ਵਣ 2. ਮਾਨਸੂਨੀ ਜਾ ਪਤਝੜੀ ਵਣ 3. ਨੋਕੀਲੇ ਪੱਤਿਆਂ ਵਾਲੇ ਵਣ

**1. ਭੂਮੱਧ-ਰੇਖੀ ਵਣ :** ਭੂਮੱਧ ਰੇਖਾ ਦੇ 10° ਉੱਤਰ ਅਤੇ 10° ਦੱਖਣ ਤਕ ਦਾ ਖੇਤਰ ਇਨ੍ਹਾਂ ਵਣਾਂ ਨੇ ਢੱਕਿਆ ਹੋਇਆ ਹੈ। ਇਨ੍ਹਾਂ ਜੰਗਲਾਂ ਨੂੰ ਸਦਾਬਹਾਰ ਸੰਘਣੇ ਜੰਗਲ ਆਖਦੇ ਹਨ। ਭੂਮੱਧ ਰੇਖਾ ਤੇ ਲਗਾਤਾਰ ਸਾਰਾ ਸਾਲ ਨਿਰੰਤਰ ਉੱਚਾ ਤਾਪਮਾਨ ਰਹਿੰਦਾ ਹੈ ਅਤੇ ਸਾਰਾ ਸਾਲ ਵਰਖਾ ਹੁੰਦੀ ਹੈ ਜਿਸ ਕਰਕੇ ਇਥੇ ਸੰਘਣੇ ਜੰਗਲ ਪਾਏ ਜਾਂਦੇ ਹਨ। ਇਨ੍ਹਾਂ ਵਣਾਂ ਦੀਆਂ ਉਪਰਲੀਆਂ ਟਾਹਣੀਆਂ ਆਪਸ ਵਿੱਚ ਇਸ ਤਰ੍ਹਾਂ ਰਲੀਆਂ ਹੁੰਦੀਆਂ ਹਨ ਕਿ ਛਤਰੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਤੇ ਸੂਰਜ ਦੀ ਰੋਸ਼ਨੀ ਵੀ ਧਰਤੀ ਤੇ ਨਹੀਂ ਪੈਂਦੀ। ਇਨ੍ਹਾਂ ਵਣਾਂ ਵਿੱਚ ਕਈ ਪ੍ਰਕਾਰ ਦੇ ਰੁੱਖ ਹੁੰਦੇ ਹਨ। ਫਿਰ ਵੀ ਇਹ ਰੁੱਖ ਆਰਥਿਕ ਪੱਖ ਤੋਂ ਲਾਭਦਾਇਕ ਨਹੀਂ ਹੁੰਦੇ। ਇਸ ਦਾ ਮੁੱਖ ਕਾਰਨ ਹੈ ਕਿ ਇਹ ਬਹੁਤ ਜ਼ਿਆਦਾ ਸੰਘਣੇ ਹੁੰਦੇ ਹਨ ਕਿ ਇਨ੍ਹਾਂ ਵਿੱਚੋਂ ਲੰਘਣਾ ਬਹੁਤ ਮੁਸ਼ਕਲ ਹੁੰਦਾ ਹੈ ਜਿਸ ਕਰਕੇ ਇਨ੍ਹਾਂ ਦੀ ਕਟਾਈ ਨਹੀਂ ਹੋ ਸਕਦੀ।

*ਦੱਖਣੀ ਅਮਰੀਕਾ, ਮੱਧ ਅਫ਼ਰੀਕਾ, ਦੱਖਣ ਪੂਰਬੀ ਏਸ਼ੀਆ, ਮੈਡਾਗਾਸਕਰ, ਵਿੱਚ ਇਨ੍ਹਾਂ ਵਣਾਂ ਹੇਠ ਬਹੁਤ ਵੱਡੇ ਖੇਤਰ ਹਨ। ਆਸਟਰੇਲੀਆ, ਮੱਧ ਅਮਰੀਕਾ ਵਿੱਚ ਇਨ੍ਹਾਂ ਵਣਾਂ ਨੇ ਥੋੜ੍ਹਾ-ਥੋੜ੍ਹਾ ਖੇਤਰ ਮੱਲਿਆ ਹੋਇਆ ਹੈ। ਦੱਖਣੀ ਅਮਰੀਕਾ ਵਿੱਚ ਬ੍ਰਾਜ਼ੀਲ ਦੇ ਅਮੇਜ਼ਨ ਬੇਸਿਨ ਵਿੱਚ ਇਸ ਪ੍ਰਕਾਰ ਦੇ ਵਣਾਂ ਨੂੰ 'ਸੈਲਵਾਜ਼' (Selvas) ਆਖਦੇ ਹਨ।*

ਇਨ੍ਹਾਂ ਵਣਾਂ ਨੂੰ ਇਕ ਅਕਾਸ਼ ਛੂਹਣ ਵਾਲੀ ਇਮਾਰਤ (Sky Scraper) ਦੀ ਤਰ੍ਹਾਂ ਵੀ ਜਾਣਿਆ ਗਿਆ ਹੈ ਜਿਸ ਵਿੱਚ ਤੋਂ ਉਪਰਲੀ ਮੰਜ਼ਲ ਵਿੱਚ 70 ਮੀਟਰ ਉੱਚੇ ਰੁੱਖਾਂ ਨਾਲ਼ ਬਣਦੀ ਹੈ। ਇਥੇ ਧੁੱਪ ਅਤੇ ਹਵਾ ਦੋਵੇਂ ਪ੍ਰਾਪਤ ਹੋਣ ਕਰਕੇ ਫਲ ਅਤੇ ਫੁੱਲ ਹੁੰਦੇ ਹਨ। ਇਸ ਤੋਂ ਹੇਠਲੀ ਮੰਜ਼ਲ ਛਤਰੀ ਨੁੰਮਾਂ ਹੁੰਦੀ ਹੈ। ਦਰੱਖ਼ਤਾਂ ਦੀਆਂ ਟਹਿਣੀਆਂ ਦੇ ਆਪਸ ਵਿੱਚ ਫਸਣ ਕਰਕੇ ਇੱਕ ਛਤਰੀ ਨੁੰਮਾਂ ਛੱਤ ਹੁੰਦੀ ਹੈ। ਇਥੇ ਸੂਰਜ ਦੀ ਰੋਸ਼ਨੀ ਥੋੜੀ ਪਹੁੰਚਦੀ ਹੈ ਜੋ ਫਲ ਅਤੇ ਫੁੱਲਾਂ ਪ੍ਰਤੀ ਚੰਗੀ ਹੈ। ਇਸ ਤੋਂ ਹੇਠਲੀ ਮੰਜ਼ਲ ਪਰਛਾਵੇਂ ਵਾਲੀ ਹੁੰਦੀ ਹੈ। ਜਿਥੇ ਵੇਲਾਂ ਦਰਖਤਾਂ ਤੇ ਚੜ ਜਾਂਦੀਆਂ ਅਤੇ ਆਪਸ ਵਿੱਚ ਲਿਪਟੀਆਂ ਹੁੰਦੀਆਂ ਹਨ। ਜਿਹੜੀਆਂ ਵੇਲਾਂ ਸੂਰਜ ਦੀ ਰੋਸ਼ਨੀ ਤੋਂ ਬਗੈਰ ਨਹੀਂ ਰਹਿ ਸਕਦੀਆਂ ਉਹ ਸੂਰਜ ਦੀ ਰੋਸ਼ਨੀ ਪ੍ਰਾਪਤ ਕਰਨ ਲਈ ਉੱਪਰ ਵੱਧ ਜਾਂਦੀਆਂ ਹਨ। ਸੱਭ ਤੋਂ ਹੇਠਲੀ ਮੰਜ਼ਲ ਤੇ ਬਹੁਤ ਹਨੇਰਾ ਹੁੰਦਾ ਹੈ। ਸੂਰਜ ਦੀ ਰੋਸ਼ਨੀ ਬਿਲਕੁਲ ਨਹੀਂ ਪਹੁੰਚਦੀ, ਇਨ੍ਹਾਂ ਦੀ ਫਰਸ਼ ਗਲੇ ਸੜੇ ਪੱਤਿਆਂ, ਕੀੜੇ ਮਕੌੜਿਆਂ ਨਾਲ਼ ਢੱਕੀ ਹੁੰਦੀ ਹੈ। ਇਸੇ ਕਰਕੇ ਇਹ ਜੰਗਲ ਮਨੁੱਖ ਲਈ ਅਪਹੁੰਚ ਹਨ ਜਿਸ ਕਰਕੇ ਇਹ ਆਰਥਿਕ ਪੱਖੋਂ ਬਹੁਤਾ ਮਹੱਤਵ ਨਹੀਂ ਰੱਖਦੇ। ਪਰੰਤੂ ਸਰਕਾਰੀ ਉਪਰਾਲਿਆਂ ਸਦਕਾ ਇਨ੍ਹਾਂ ਜੰਗਲਾਂ ਨੂੰ ਵੀ ਪਹੁੰਚ ਬਣਾਇਆ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਕੱਟ-ਕਟਾਈ ਅਤੇ ਆਵਾਜਾਈ ਮਾਰਗ ਵਿਕਸਿਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

**2. ਮੌਨਸੂਨੀ ਜਾਂ ਪਤਝੜੀ ਵਣ** : ਇਹ ਵਣ ਉਪ-ਊਸ਼ਣ ਅਕਸ਼ਾਂਸ਼ਾਂ ਦੇ ਹੁੰਦੇ ਹਨ। ਜਿਥੇ ਵਰਖਾ ਇਕ ਰੁੱਤ ਵਿੱਚ ਵਧੇਰੇ ਹੁੰਦੀ ਹੈ। ਇਨ੍ਹਾਂ ਦੇ ਪੱਤੇ ਚੌੜੇ ਹੁੰਦੇ ਹਨ। ਇਹ ਵਣ ਉਨ੍ਹਾਂ ਖੇਤਰਾਂ ਵਿੱਚ ਵਧੇਰੇ ਹੁੰਦੇ ਹਨ ਜਿਥੇ ਮੌਨਸੂਨ ਹਵਾਵਾਂ ਕਰਕੇ ਜ਼ਿਆਦਾ ਵਰਖਾ ਹੁੰਦੀ ਹੈ। ਇਸੇ ਕਰਕੇ ਇਨ੍ਹਾਂ ਨੂੰ **ਮੌਨਸੂਨ ਵਣ** ਆਖਦੇ ਹਨ। ਜਿਸ ਰੁੱਤ ਵਿੱਚ ਵਰਖਾ ਨਹੀਂ ਹੁੰਦੀ, ਇਹ ਵਣ ਆਪਣੇ ਪਤੇ ਝਾੜ ਦਿੰਦੇ ਹਨ। ਇਸ ਕਰਕੇ ਇਨ੍ਹਾਂ ਨੂੰ **ਪਤਝੜੀ ਵਣ** ਵੀ ਆਖਦੇ ਹਨ। ਇਹਨਾਂ ਵਣਾਂ ਦਾ ਆਰਥਿਕ ਮਹਤੱਵ ਵਧੇਰੇ ਹੈ। ਇਸ ਪ੍ਰਕਾਰ ਦੇ ਵਧੇਰੇ ਵਣਾਂ ਦੀ ਕਟਾਈ ਉਪਰੰਤ ਭੂਮੀ ਖੇਤੀ ਹੇਠ ਲਿਆਂਦੀ ਗਈ ਹੈ। ਇਹ ਭੂਮੱਧ ਰੇਖੀ ਵਣਾਂ ਨਾਲੋਂ ਘੱਟ ਸੰਘਣੇ ਹਨ ਅਤੇ ਮਨੁੱਖੀ ਪਹੁੰਚ ਵਿੱਚ ਹਨ। ਇਹਨਾਂ ਤੋਂ ਇਮਾਰਤੀ, ਬਾਲਣ ਆਦਿ ਦੀ ਲੱਕੜੀ ਪ੍ਰਾਪਤ ਹੁੰਦੀ ਹੈ।

**3. ਨੋਕੀਲੇ ਪੱਤਿਆਂ ਵਾਲੇ ਵਣ** : ਇਹ ਵਣ ਸ਼ੀਤ ਊਸ਼ਣ ਖੇਤਰਾਂ ਵਿੱਚ ਪੈਦਾ ਹੁੰਦੇ ਹਨ। ਨੁਕੀਲੇ ਪੱਤਿਆਂ ਵਾਲੇ ਵਣਾਂ ਨੂੰ ਸਦਾ ਬਹਾਰ ਵਣ ਵੀ ਆਖਦੇ ਹਨ। ਯੂਰੇਸ਼ੀਆ ਵਿੱਚ ਇਨ੍ਹਾਂ ਵਣਾਂ ਨੂੰ **ਟੈਗਾ** (Taiga) ਦਾ ਨਾਂ ਦਿੱਤਾ ਜਾਂਦਾ ਹੈ। ਉਪਯੋਗਤਾ (ਵਰਤੋਂ) ਪੱਖੋਂ ਇਹ ਵਣ ਸੱਭ ਤੋਂ ਵੱਧ ਮਹੱਤਵਪੂਰਨ ਤੇ ਕੀਮਤੀ ਹਨ। ਇਹਨਾਂ ਵਣਾਂ ਵਿੱਚ ਚੀਲ, ਫਰ ਅਤੇ ਸਪਰੂਸ ਰੁੱਖਾਂ ਦੀ ਨਰਮ ਲਕੜੀ ਮਿਲਦੀ ਹੈ ਜਿਸ ਤੋਂ ਲੱਕੜੀ ਦਾ ਗੁਦਾ ਅਤੇ ਕਾਗਜ਼ ਬਣਾਇਆ ਜਾਂਦਾ ਹੈ।

**ਘਾਹ ਦੇ ਮੈਦਾਨ** : ਮੁੱਖ ਰੂਪ ਵਿੱਚ ਘਾਹ ਦੇ ਮੈਦਾਨ ਦੋ ਪ੍ਰਕਾਰ ਦੇ ਹਨ 1. ਊਸ਼ਣ ਘਾਹ ਦੇ ਮੈਦਾਨ 2. ਸ਼ੀਤ ਊਸ਼ਣ ਘਾਹ ਦੇ ਮੈਦਾਨ।

**(i) ਊਸ਼ਣ ਘਾਹ ਦੇ ਮੈਦਾਨ** : ਊਸ਼ਣ ਘਾਹ ਦੇ ਮੈਦਾਨ $10^0$-$30^0$ ਅਕਸ਼ਾਂਸ਼ਾਂ ਤੇ ਉੱਤਰੀ ਅਤੇ ਦੱਖਣੀ ਅਰਧ ਗੋਲਿਆਂ ਵਿੱਚ ਪਾਏ ਜਾਂਦੇ ਹਨ। ਇਨ੍ਹਾਂ ਘਾਹ ਦੇ ਮੈਦਾਨਾਂ ਨੂੰ **ਸਵਾਨਾ ਘਾਹ** ਦੇ ਮੈਦਾਨ ਵੀ ਕਿਹਾ ਜਾਂਦਾ ਹੈ। ਪਰੰਤੂ ਵੱਖ-ਵੱਖ ਖੇਤਰਾਂ ਵਿੱਚ ਇਨ੍ਹਾਂ ਦੇ ਨਾਂ ਵੱਖਰੇ-ਵੱਖਰੇ ਦਿਤੇ ਗਏ ਹਨ।

*ਅਫ਼ਰੀਕਾ ਵਿੱਚ ਇਨ੍ਹਾਂ ਨੂੰ ਪਾਰਕਲੈਂਡ, ਵੇਨਜ਼ੂਏਲਾ ਵਿੱਚ ਲਾਨੋਜ਼, ਬ੍ਰਾਜ਼ੀਲ ਵਿੱਚ ਕੈਂਪੋਜ਼ ਕਹਿੰਦੇ ਹਨ।*

ਇਹ ਘਾਹ 5 ਮੀਟਰ ਤੱਕ ਉੱਚੀ ਹੋ ਜਾਂਦੀ ਹੈ ਅਤੇ ਸੁੱਕ ਕੇ ਇਹ ਬਹੁਤ ਸਖ਼ਤ ਹੋ ਜਾਂਦੀ ਹੈ ਟਾਂਵੇ ਟਾਂਵੇ ਛੋਟੇ ਕੱਦ ਦੇ ਰੁੱਖ ਵੀ ਉਗਦੇ ਹਨ। ਇਹਨਾਂ ਘਾਹ ਦੇ ਮੈਦਾਨਾਂ ਵਿੱਚ ਘਾਹ ਖਾਣ ਵਾਲੇ ਅਤੇ ਮਾਸ ਖਾਣ ਵਾਲੇ ਪਸ਼ੂ ਬਹੁਤ ਜ਼ਿਆਦਾ ਹੁੰਦੇ ਹਨ।

**(ii) ਸ਼ੀਤ ਊਸ਼ਣ ਘਾਹ ਦੇ ਮੈਦਾਨ :** ਇਹ ਘਾਹ ਦੇ ਮੈਦਾਨ ਸ਼ੀਤ ਊਸ਼ਣ ਘੱਟ ਵਰਖਾ ਵਾਲੇ ਖੇਤਰਾਂ ਵਿੱਚ ਪਾਏ ਜਾਂਦੇ ਹਨ। ਇਹ ਘਾਹ ਬਹੁਤੀ ਉੱਚੀ ਨਹੀਂ ਹੁੰਦੀ ਪਰੰਤੂ ਨਰਮ ਅਤੇ ਸੰਘਣੀ ਹੁੰਦੀ ਹੈ। ਇਸ ਕਰਕੇ ਪਸ਼ੂਆਂ ਦੇ ਚਾਰੇ ਲਈ ਬਹੁਤ ਉਪਯੋਗੀ ਹੁੰਦੀ ਹੈ। ਇਹਨਾਂ ਘਾਹ ਦੇ ਮੈਦਾਨਾਂ ਨੂੰ ਵੀ ਵੱਖ ਵੱਖ ਮਹਾਂਦੀਪਾਂ ਵਿੱਚ ਵੱਖ-ਵੱਖ ਨਾਂ ਦਿੱਤਾ ਜਾਂਦਾ ਹੈ। ਜਿਵੇਂ :

*ਯੂਰੇਸ਼ੀਆ ਵਿੱਚ ਸਟੈਪੀਜ਼, ਉੱਤਰੀ ਅਮਰੀਕਾ ਵਿੱਚ ਪ੍ਰੈਅਰੀਜ਼, ਦੱਖਣੀ ਅਮਰੀਕਾ ਵਿੱਚ ਪੰਪਾਜ਼, ਦੱਖਣੀ ਅਫਰੀਕਾ ਵਿੱਚ ਵੈਲਡ ਅਤੇ ਆਸਟਰੇਲੀਆ ਵਿੱਚ ਡਾਊਨਜ਼*

**3. ਮਾਰੂਥਲੀ ਬਨਸਪਤੀ :** ਸੰਸਾਰ ਵਿੱਚ ਦੋ ਪ੍ਰਕਾਰ ਦੇ ਮਾਰੂਥਲ ਹਨ 1. ਗਰਮ ਮਾਰੂਥਲ 2. ਠੰਢੇ ਮਾਰੂਥਲ

*ਗਰਮ ਮਾਰੂਥਲ : ਅਫ਼ਰੀਕਾ ਵਿੱਚ ਸਹਾਰਾ ਅਤੇ ਕਾਲਾਹਾਰੀ, ਅਰਬ-ਇਰਾਨ ਦਾ ਮਾਰੂਥਲ, ਭਾਰਤ-ਪਾਕਿਸਤਾਨ ਦਾ ਥਾਰ ਮਾਰੂਥਲ, ਦੱਖਣੀ ਅਮਰੀਕਾ ਵਿੱਚ ਐਟੇਕਾਮਾ, ਉੱਤਰੀ ਅਮਰੀਕਾ ਵਿੱਚ ਦੱਖਣੀ ਕੈਲੀਫ਼ੋਰਨੀਆਂ ਤੇ ਉੱਤਰੀ ਮੈਕਸੀਕੋ, ਆਸਟਰੇਲੀਆ ਵਿੱਚ ਪੱਛਮੀ ਆਸਟਰੇਲੀਆ ਦਾ ਮਾਰੂਥਲ।*

ਵਧੇਰੇ ਗਰਮੀ ਅਤੇ ਘੱਟ ਵਰਖਾ ਸਦਕਾ ਬਨਸਪਤੀ ਬਹੁਤ ਘਟ ਉੱਗਦੀ ਹੈ। ਕੇਵਲ ਕੰਡੇਦਾਰ ਝਾੜੀਆਂ, ਥੋਹਰ, ਛੋਟੀਆਂ-ਛੋਟੀਆਂ ਜੜ੍ਹੀਆਂ ਬੂਟੀਆਂ ਤੇ ਘਾਹ ਆਦਿ ਹੀ ਹੁੰਦਾ ਹੈ। ਕੁਦਰਤ ਨੇ ਇਸ ਬਨਸਪਤੀ ਨੂੰ ਇਸ ਤਰ੍ਹਾਂ ਦਾ ਬਣਾਇਆ ਹੈ ਕਿ ਇਹ ਗਰਮੀ ਅਤੇ ਖੁਸ਼ਕੀ ਨੂੰ ਸਹਿਣ ਕਰ ਸਕੇ। ਇਨ੍ਹਾਂ ਦੀਆਂ ਜੜ੍ਹਾਂ ਲੰਬੀਆਂ ਤੇ ਮੋਟੀਆਂ ਹੁੰਦੀਆਂ ਹਨ ਤਾਂ ਕਿ ਪੌਦੇ ਡੂੰਘਾਈ ਤੋਂ ਨਮੀ ਪ੍ਰਾਪਤ ਕਰ ਸਕਣ। ਪੌਦਿਆਂ ਦਾ ਛਿਲਕਾ ਮੋਟਾ, ਪੱਤੇ ਮੋਟੇ, ਅਤੇ ਚੀਕਣੇ ਹੁੰਦੇ ਹਨ, ਤਾਂ ਜੋ ਵਾਸ਼ਪੀਕਰਨ ਨਾਲ਼ ਪਾਣੀ ਘੱਟ ਜ਼ਾਇਆ ਹੋਵੇ।

**(II) ਠੰਢੇ ਮਾਰੂਥਲ**

*ਕੈਨੇਡਾ ਅਤੇ ਯੂਰੇਸ਼ੀਆ (ਯੂਰਪ ਮਹਾਂਦੀਪ ਅਤੇ ਏਸ਼ੀਆ ਮਹਾਂਦੀਪ ਨੂੰ ਇੱਕਠਿਆਂ ਯੂਰੇਸ਼ੀਆ ਆਖਦੇ ਹਨ) ਦੇ ਧੁਰ ਉੱਤਰੀ ਅਕਸ਼ਾਂਸ਼ਾਂ ਵਿੱਚ ਸਥਿਤ ਹਨ।*

ਇਹ ਖੇਤਰ ਵਧੇਰੇ ਸਮਾਂ ਬਰਫ਼ ਨਾਲ਼ ਢਕੇ ਰਹਿੰਦੇ ਹਨ। ਜਦੋਂ ਥੋੜੇ ਸਮੇਂ ਵਾਸਤੇ ਬਰਫ਼ ਪਿਘਲਦੀ ਹੈ ਤਾਂ ਰੰਗ-ਬਰੰਗੇ ਫੁੱਲਾਂ ਵਾਲੇ ਨਿੱਕੇ ਨਿੱਕੇ ਪੌਦੇ ਉੱਗ ਪੈਂਦੇ ਹਨ। ਉੱਤਰੀ ਭਾਗਾਂ ਵਿੱਚ ਛੋਟੀ ਛੋਟੀ ਘਾਹ ਜਿਵੇਂ ਕਾਈ ਤੇ ਲਿਚਨ (ਲਾਇਕਨ) ਉੱਗਦੀ ਹੈ। ਮਾਰੂਥਲਾਂ ਦੀ ਇਹ ਛੋਟੀ ਮੋਟੀ ਬਨਸਪਤੀ ਕਿਸੇ ਆਰਥਿਕ ਮਹੱਤਵ ਦੀ ਨਹੀਂ ਹੈ।

**ਵਣਾਂ ਦੀ ਸੰਭਾਲ :** ਵਣਾਂ ਦਾ ਸਾਡੇ ਲਈ ਬਹੁਤ ਮਹੱਤਵ ਹੈ ਕਿਉਂਕਿ ਇਹ ਸਾਡੀਆਂ ਬਹੁਤ ਸਾਰੀਆਂ ਲੋੜਾਂ ਪੂਰੀਆਂ ਕਰਦੇ ਹਨ। ਵਣਾਂ ਦੀ ਲਕੜੀ ਦੀ ਵਧੇਰੇ ਵਰਤੋਂ ਬਾਲਣ ਦੇ ਰੂਪ ਵਿੱਚ ਹੁੰਦੀ ਹੈ। ਕੁਲ ਵਰਤੀ ਜਾਣ ਵਾਲੀ ਲੱਕੜੀ ਵਿੱਚੋਂ 50% ਬਾਲਣ ਦੇ ਤੌਰ ਤੇ ਅਤੇ 33 ਪ੍ਰਤੀਸ਼ਤ ਮਕਾਨ ਉਸਾਰੀ ਵਿੱਚ ਵਰਤ ਲਈ ਜਾਂਦੀ ਹੈ। ਬਾਕੀ ਹੋਰ ਸਾਰੇ ਕੰਮਾਂ ਜਿਵੇਂ ਕਾਗਜ਼ ਬਣਾਉਣ, ਰੇਲਾਂ ਦੇ ਡੱਬੇ ਤੇ ਸਲੀਪਰ, ਰੇਅਨ (ਬਨਾਉਟੀ ਕਪੜਾ ਬਣਾਉਣ ਲਈ) ਆਦਿ ਬਣਾਉਣ ਲਈ ਵਰਤੀ ਜਾਂਦੀ ਹੈ। ਵਸੋਂ ਵਧਣ ਨਾਲ਼ ਖਪਤ ਵੱਧ ਰਹੀ ਹੈ ਪਰ ਵਣ ਖੇਤਰ ਘੱਟ ਰਿਹਾ ਹੈ। ਇਸ ਲਈ ਵਣਾਂ ਦੀ ਸੰਭਾਲ ਤੇ ਨਵੇਂ ਰੁੱਖ ਲਗਾਉਣ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਕਈ ਵਾਰੀ ਵਣਾਂ ਦਾ ਅੱਗ ਲਗਣ ਨਾਲ਼ ਬਹੁਤ ਨੁਕਸਾਨ ਹੋ ਜਾਂਦਾ ਹੈ। ਇਸ ਪਾਸੇ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ ਤੇ ਅਜਿਹੀ ਕਿਸੇ ਕਿਸਮ ਦੀ ਸਾਵਧਾਨੀ ਜਾ ਲਾਪ੍ਰਵਾਹੀ ਨਹੀਂ ਕਰਨੀ ਚਾਹੀਦੀ। ਕਟਾਈ ਨਿਯਮਬੰਧ ਢੰਗ ਨਾਲ਼ ਕਰਨੀ ਚਾਹੀਦੀ ਅਤੇ ਨਵੇਂ ਰੁੱਖ ਲਗਾਉਣੇ ਚਾਹੀਦੇ ਹਨ, ਕੀੜੇ ਮਕੌੜੇ ਤੇ ਬੀਮਾਰੀਆਂ ਨਾਲ਼ ਰੁੱਖ ਨਸ਼ਟ ਹੋ ਜਾਂਦੇ ਹਨ। ਨਹਿਰਾਂ, ਨਦੀਆਂ, ਸੜਕਾਂ, ਰੇਲ, ਪੱਟੜੀਆਂ ਦੇ ਨਾਲ਼ ਨਾਲ਼ ਖਾਲੀ ਪਈ ਭੂਮੀ ਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਬਾਲਣ ਲਈ ਲੱਕੜ ਦੀ ਖਪਤ ਘਟਾਈ ਜਾਣੀ ਚਾਹੀਦੀ ਹੈ ਤੇ ਹੋਰ ਸਾਧਨ ਜਿਵੇਂ ਗੈਸ, ਸੂਰਜੀ-ਸ਼ਕਤੀ ਚੁਲ੍ਹੇ, ਗੋਬਰ ਗੈਸ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਮਕਾਨ ਉਸਾਰੀ ਵਿੱਚ ਵੀ ਲੱਕੜ ਦੇ ਬਦਲ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਅਰਥਾਤ ਮਕਾਨ ਉਸਾਰੀ ਵਿੱਚ ਘੱਟ ਤੋਂ ਘੱਟ ਹੀ ਲੱਕੜੀ ਦੀ ਵਰਤੋਂ ਕਰਨੀ ਚਾਹੀਦੀ ਹੈ।

### ਜੰਗਲੀ ਜੀਵ

ਜੰਗਲਾਂ ਦੇ ਵਿਕਾਸ ਦੇ ਨਾਲ਼ ਨਾਲ਼ ਜੰਗਲੀ ਜੀਵਾਂ ਦੀ ਗਿਣਤੀ ਕਾਫ਼ੀ ਘੱਟ ਗਈ ਹੈ। ਮਨੁੱਖ ਜੰਗਲ ਕਟਣ ਦੇ ਨਾਲ਼ ਨਾਲ਼ ਜੰਗਲੀ ਜੀਵਾਂ ਦਾ ਸ਼ਿਕਾਰ ਵੀ ਕਰਦਾ ਰਿਹਾ ਹੈ। ਮਾਸ, ਖੰਭਾਂ ਤੇ ਖੱਲਾਂ (Hides) ਦੀ ਪ੍ਰਾਪਤੀ ਲਈ ਮਨੁੱਖ ਅੰਨ੍ਹੇਵਾਹ ਸ਼ਿਕਾਰ ਕਰਦਾ ਰਿਹਾ ਹੈ। ਸਿੱਟੇ ਵਜੋਂ ਜੰਗਲੀ ਜੀਵਾਂ ਦੀਆਂ ਕਈ ਜੀਵ ਜਾਤੀਆਂ ਅਲੋਪ ਹੋ ਗਈਆਂ ਹਨ ਅਤੇ ਕਈਆਂ ਦੀ ਗਿਣਤੀ ਇੰਨੀ ਥੋੜ੍ਹੀ ਹੋ ਗਈ ਹੈ ਕਿ ਉਹਨਾਂ ਦੇ ਅਲੋਪ ਹੋਣ ਦੀ ਸੰਭਾਵਨਾ ਹੋ ਗਈ ਹੈ।

ਪਰਿਸਥਿਤੀ ਸੰਤੁਲਨ ਨੂੰ ਕਾਇਮ ਰੱਖਣ ਲਈ ਇਨ੍ਹਾਂ ਜੀਵਾਂ ਦੀ ਹੋਂਦ ਬਹੁਤ ਜ਼ਰੂਰੀ ਹੈ। ਮਨੁੱਖ ਨੇ ਜੰਗਲ ਸਾਫ਼ ਕਰਕੇ ਅਤੇ ਸ਼ਿਕਾਰ ਕਰਕੇ ਪਰਿਸਥਿਤੀ ਸੰਤੁਲਨ ਨੂੰ ਵਿਗਾੜ ਦਿੱਤਾ ਹੈ ਕੁਦਰਤ ਨੇ ਜੀਵ-ਮੰਡਲ ਦੀ ਰਚਨਾ ਇਸ ਪ੍ਰਕਾਰ ਕੀਤੀ ਹੈ। ਇਕ ਜੀਵ ਦੂਸਰੇ ਜੀਵ ਤੇ ਨਿਰਭਰ ਹੈ ਛੋਟੇ ਜੀਵ ਵੱਡੇ ਜੀਵਾਂ ਦਾ ਭੋਜਨ ਹਨ। ਮਾਸ ਖਾਣ ਵਾਲੇ ਜੀਵ ਘਾਹ ਖਾਣ ਵਾਲੇ ਜੀਵਾਂ ਤੇ ਨਿਰਭਰ ਹਨ। ਇਸ ਤਰ੍ਹਾਂ ਕਿਸੇ ਇਕ ਜੀਵ ਜਾਤੀ ਦੀ ਅਣਹੋਂਦ ਨਾਲ਼ ਕੁਦਰਤੀ ਵਾਤਾਵਰਨ ਵਿੱਚ ਬੇਨਿਯਮੀ ਉਤਪੰਨ ਹੋ ਜਾਵੇਗੀ। ਜ਼ਰਾ ਸੋਚੋ ਜੇ ਸ਼ੇਰਾਂ, ਚੀਤਿਆਂ ਆਦਿ ਵਰਗੇ ਮਾਸਾਹਾਰੀ ਜੀਵਾਂ ਦੀ ਗਿਣਤੀ ਵਧੇਰੇ ਹੋ ਜਾਵੇ ਅਤੇ ਘਾਹ ਖਾਣ ਵਾਲੇ ਜੀਵਾਂ ਦੀ ਗਿਣਤੀ ਘੱਟ ਜਾਵੇ ਤਾਂ ਕਿ ਸਿੱਟਾ ਹੋਵੇਗਾ? ਪਰਿਸਥਿਤੀ ਸੰਤੁਲਨ ਵਿਗੜ ਜਾਵੇਗਾ ਅਤੇ ਮਾਸਾਹਾਰੀ ਜੀਵ ਮਨੁੱਖ ਨੂੰ ਖਾਣਾ ਉਲਟ ਸ਼ੇਰਾਂ ਚੀਤਿਆਂ ਦੀ ਗਿਣਤੀ ਘੱਟ ਜਾਵੇਗੀ ਤਾਂ ਘਾਹ ਖਾਣ ਵਾਲੇ ਜੀਵਾਂ ਦੀ ਗਿਣਤੀ ਵੱਧ ਜਾਵੇਗੀ। ਸਿੱਟੇ ਵਜੋਂ ਉਹ ਧਰਤੀ ਦਾ ਸਾਰਾ ਘਾਹ ਖਾ ਜਾਣਗੇ ਜਿਸ ਨਾਲ ਇਹ ਲਹਿ-ਲਹਾਉਂਦੇ ਮੈਦਾਨ ਮਾਰੂਥਲ ਵਿੱਚ ਬਦਲ ਜਾਣਗੇ ਅਤੇ ਜਿਸ ਕਰਕੇ ਭੋਂ-ਖੁਰਣ ਵੀ ਜ਼ਿਆਦਾ ਹੋਵੇਗਾ।




**ਚਿੱਤਰ 5.3** ਸੰਸਾਰ – ਜੀਵ ਜਾਤੀਆਂ ਜਿੰਨ੍ਹਾਂ ਦੇ ਅਲੋਪ ਹੋਣ ਦਾ ਡਰ ਹੈ

ਅਰਥਾਤ ਇਸ ਤਰ੍ਹਾਂ ਵੀ ਪਰਿਸਥਿਤੀ ਸੰਤੁਲਨ ਵਿਗੜ ਜਾਵੇਗਾ। ਇਸ ਲਈ ਪਰਿਸਥਿਤੀ ਸੰਤੁਲਨ ਨੂੰ ਬਣਾਏ ਰੱਖਣ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਜੰਗਲੀ ਜੀਵ ਵੀ ਕਿਸੇ ਦੇਸ਼ ਦੀ ਸੰਪਤੀ ਹਨ ਇਸ ਕਰਕੇ ਬਹੁਤ ਸਾਰੇ ਦੇਸ਼ਾਂ ਵਿੱਚ ਸ਼ਿਕਾਰ ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਭਾਰਤ ਵਿੱਚ ਵੀ ਸ਼ਿਕਾਰ ਕਰਨਾ ਇੱਕ ਜੁਰਮ ਹੈ ਤੇ ਸ਼ਿਕਾਰ ਕਰਨ ਵਾਲੇ ਵਿਅਕਤੀ ਸਜ਼ਾ ਦਾ ਭਾਗੀ ਬਣ ਸਕਦਾ ਹੈ। ਇਹ ਅਨੁਭਵ ਕਰ ਲਿਆ ਗਿਆ ਹੈ ਕਿ ਜੰਗਲੀ ਜੀਵਾਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ ਜਿਵੇਂ ਪਹਿਲਾਂ ਕਈ ਜੀਵ-ਜਾਤੀਆਂ ਅਲੋਪ ਹੋ ਗਈਆਂ ਹਨ। ਰਹਿੰਦੀਆਂ ਜਾਤੀਆਂ ਵੀ ਸਮਾਂ ਪਾ ਕੇ ਅਲੋਪ ਹੋ ਜਾਣਗੀਆਂ। ਨਕਸ਼ਾ ਨੰ 7.3 ਨੂੰ ਧਿਆਨ ਨਾਲ ਵੇਖੋ, ਜੀਵ ਜੰਤੂਆਂ ਦੀ ਸੂਚੀ ਬਣਾਓ ਜਿਨ੍ਹਾਂ ਦੇ ਅਲੋਪ ਹੋਣ ਦੀ ਸੰਭਾਵਨਾ ਹੈ।

ਸਾਡੇ ਦੇਸ਼ ਵਿੱਚ ਗੈਂਡਾ, ਚੀਤਾ, ਸ਼ੇਰ ਆਦਿ ਜਾਨਵਰਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਸੰਯੁਕਤ ਰਾਜ ਅਮਰੀਕਾ, ਭਾਰਤ ਅਤੇ ਕਈ ਹੋਰ ਦੇਸ਼ਾਂ ਵਿੱਚ ਰਾਸ਼ਟਰੀ ਪਾਰਕ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਵਿੱਚ ਜੰਗਲੀ ਜੀਵਾਂ ਨੂੰ ਸੁਰੱਖਿਅਤ ਰੱਖਣ ਲਈ ਕੁਦਰਤੀ ਵਾਤਾਵਰਨ ਪ੍ਰਦਾਨ ਕੀਤਾ ਗਿਆ ਹੈ। ਭਾਰਤ ਵਿੱਚ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਲਗਪਗ 103 ਰਾਸ਼ਟਰੀ ਪਾਰਕ ਹਨ, ਜਿਮ ਕਾਰਬੇਟ, ਸ਼ਿਵਪੁਰੀ, ਘਨੇਰੀ, ਰਾਜਦੇਵਗਾ, ਗੀਰ ਆਦਿ ਰਾਸ਼ਟਰੀ ਪਾਰਕ ਹਨ। ਇਹਨਾਂ ਤੋਂ ਇਲਾਵਾ ਜੀਵਾਂ ਅਤੇ ਪੰਛੀਆਂ ਵਾਸਤੇ ਵੱਖਰੇ-ਵੱਖਰੇ ਰਾਖਵੇਂ ਕੇਂਦਰ ਹਨ। ਪੰਜਾਬ ਵਿੱਚ ਛੱਤਬੀੜ ਅਜਿਹਾ ਹੀ ਇੱਕ ਕੇਂਦਰ ਹੈ। ਕੀ ਤੁਸੀਂ ਇਹ ਸਥਾਨ ਵੇਖਿਆ ਹੈ? ਅਫ਼ਰੀਕਾ ਦਾ ਸਵਾਨਾ ਘਾਹ-ਖੇਤਰ ਪ੍ਰਦੇਸ਼ ਜੰਗਲੀ ਜੀਵਾਂ ਦਾ ਵਿਸ਼ਾਲ ਘਰ ਹੈ। ਸੰਸਾਰ ਦੇ ਦੂਰ-ਦੁਰਾਡੇ ਦੇਸ਼ਾਂ ਤੋਂ ਯਾਤਰੀ ਇਹਨਾਂ ਜਾਨਵਰਾਂ ਨੂੰ ਵੇਖਣ ਆਉਂਦੇ ਹਨ। ਇਸ ਖੇਤਰ ਵਿੱਚ ਜ਼ੈਬਰਾ, ਜਿਰਾਫ਼, ਬਾਰਾਸਿੰਗਾਂ, ਹਿਰਨ, ਸ਼ੇਰ, ਬੱਬਰ ਸ਼ੇਰ, ਚੀਤਾ, ਬਾਘ, ਹਾਥੀ, ਜੰਗਲੀ ਮੱਝਾਂ, ਗੈਂਡੇ ਅਤੇ ਅਨੇਕ ਪ੍ਰਕਾਰ ਦੇ ਹੋਰ ਜਾਨਵਰ ਅਤੇ ਕੀੜੇ-ਮਕੌੜੇ ਵੀ ਹੁੰਦੇ ਹਨ।

## ਅਭਿਆਸ

**(ੳ) ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ।**

1. ਕੁਦਰਤੀ ਬਨਸਪਤੀ ਤੋਂ ਕੀ ਭਾਵ ਹੈ?
2. ਕੁਦਰਤੀ ਬਨਸਪਤੀ ਨੂੰ ਪ੍ਰਮੁੱਖ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ?
3. ਜੰਗਲਾਂ ਤੋਂ ਕਿਹੜੀਆਂ ਵਸਤਾਂ ਪ੍ਰਾਪਤ ਹੁੰਦੀਆਂ ਹਨ?
4. ਵਣ ਅਸਿੱਧੇ ਤੌਰ ਤੇ ਸਾਡੀ ਕੀ ਸਹਾਇਤਾ ਕਰਦੇ ਹਨ?
5. ਵਣਾਂ ਦੇ ਵਿਕਾਸ ਦਾ ਕੀ ਅਸਰ ਪਵੇਗਾ?
6. ਮਨੁੱਖ ਪਰਿਸਥਿਤੀ ਸੰਤੁਲਨ ਨੂੰ ਕਿਵੇਂ ਵਿਗਾੜ ਰਿਹਾ ਹੈ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50-60 ਸ਼ਬਦਾਂ ਵਿੱਚ ਦਿਓ।**

1. ਆਰਥਿਕ ਪੱਖ ਤੋਂ ਕਿਹੜੇ ਜੰਗਲ ਸੱਭ ਤੋਂ ਵੱਧ ਮਹਤੱਵਪੂਰਨ ਅਤੇ ਕੀਮਤੀ ਹਨ ?
2. ਮੌਨਸੂਨੀ ਜੰਗਲਾਂ ਨੂੰ ਪਤਝੜੀ ਵਣਾਂ ਦੇ ਨਾਂ ਨਾਲ਼ ਕਿਉਂ ਜਾਣਿਆ ਜਾਂਦਾ ਹੈ? ਇਹਨਾਂ ਜੰਗਲਾਂ ਬਾਰੇ ਲਿਖੋ।
3. ਸ਼ੀਤ ਊਸ਼ਣ ਘਾਹ ਦੇ ਮੈਦਾਨਾਂ ਬਾਰੇ ਲਿਖੋ।
4. ਗਰਮ ਮਾਰੂਥਲੀ ਬਨਸਪਤੀ ਬਾਰੇ ਲਿਖੋ।
5. ਵਣਾਂ ਦੀ ਸੰਭਾਲ ਕਿਉਂ ਜ਼ਰੂਰੀ ਹੈ ? ਬਾਰੇ ਲਿਖੋ।

**(ੲ) ਸੰਸਾਰ ਦੇ ਨਕਸ਼ੇ ਵਿੱਚ ਹੇਠ ਲਿਖੇ ਖੇਤਰ ਦਿਖਾਓ।**


1. ਸਹਾਰਾ ਮਾਰੂਥਲ ਬਨਸਪਤੀ
2. ਲਾਨੋਜ਼ ਘਾਹ ਖੇਤਰ
3. ਪੰਪਾਜ਼ ਦੇ ਘਾਹ ਖੇਤਰ
4. ਸੈਲਵਾਜ਼ ਜੰਗਲ

**ਗਤੀਵਿਧੀ**

ਆਪਣੇ ਸਕੂਲ ਵਿੱਚ ਲੱਗੇ ਹੋਏ ਦੱਰਖਤਾਂ (ਰੁੱਖਾਂ) ਦੀ ਸੂਚੀ ਬਣਾਓ ਅਤੇ ਅਧਿਆਪਕ ਦੀ ਮੱਦਦ ਨਾਲ ਕੁਝ ਪੌਦੇ ਵੀ ਲਗਾਓ।

# WORLD – PHYSICAL


# ਸੰਸਾਰ-ਰੇਖਾ ਚਿੱਤਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/2003)

# WORLD – PHYSICAL

# ਸੰਸਾਰ-ਭੌਤਿਕ ਚਿੱਤਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bhihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/2003)



# ਪਾਠ 6 ਮਨੁੱਖੀ ਵਾਤਾਵਰਨ-ਬਸਤੀਆਂ, ਆਵਾਜਾਈ ਅਤੇ ਸੰਚਾਰ

ਮਨੁੱਖੀ ਵਾਤਾਵਰਨ, ਸਮੁੱਚੇ ਵਾਤਾਵਰਨ ਦਾ ਇਕ ਮਹੱਤਵਪੂਰਨ ਹਿੱਸਾ ਹੈ। ਮਨੁੱਖ ਹੀ ਸਾਡੀ ਧਰਤੀ ਤੇ ਇਕ ਅਜਿਹਾ ਪ੍ਰਾਣੀ ਹੈ ਜਿਸ ਵਿੱਚ ਆਪਣੇ ਆਪ ਨੂੰ ਵਾਤਾਵਰਨ ਅਨੁਸਾਰ ਢਾਲਣ ਦੀ ਵਿਸ਼ੇਸ਼ਤਾ ਹੈ। ਇਸ ਯੋਗਤਾ ਕਰਕੇ ਹੀ ਮਨੁੱਖ ਧਰਤੀ ਦੇ ਅਪਹੁੰਚ ਸਥਾਨਾਂ ਤੇ ਵੀ ਪਹੁੰਚ ਗਿਆ ਹੈ। ਇਸ ਸਾਰੀ ਯਾਤਰਾ ਦੌਰਾਨ ਮਨੁੱਖ ਨੂੰ ਕਈ ਹਾਲਤਾਂ ਵਿੱਚੋਂ ਲੰਘਣਾ ਪਿਆ ਹੈ। ਪਹਿਲਾਂ ਪਹਿਲ ਮਨੁੱਖ ਇੱਕ ਜਗ੍ਹਾਂ ਤੇ ਟਿੱਕ ਕੇ ਨਹੀਂ ਬੈਠਦਾ ਸੀ ਸਗੋਂ ਉਹ ਜੰਗਲ-ਜੰਗਲ ਆਪਣੇ ਖਾਣ ਲਈ ਭੋਜਨ ਲੱਭਦਾ ਫਿਰਦਾ ਸੀ। ਜਿਸ ਕਰਕੇ ਉਸ ਦਾ ਕੋਈ ਪੱਕਾ ਥਾਂ ਟਿਕਾਣਾ ਨਹੀਂ ਸੀ। ਉਸ ਸਮੇਂ ਸਾਰੇ ਮਨੁੱਖਾਂ ਦੀ ਹਾਲਤ ਖਾਨਾ-ਬਦੋਸ਼ਾਂ ਵਰਗੀ ਸੀ। ਹੌਲ਼ੀ-ਹੌਲ਼ੀ ਕੁੱਝ ਮਨੁੱਖਾਂ ਨੇ ਇਕ ਜਗ੍ਹਾਂ ਟਿਕ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਰਕੇ ਉਹਨਾਂ ਨੂੰ ਇਕ ਜਗ੍ਹਾਂ ਟਿੱਕ ਕੇ ਬੈਠਣ ਦੀ ਲੋੜ ਮਹਿਸੂਸ ਹੋਈ। ਮਨੁੱਖ ਨੂੰ ਹੌਲ਼ੀ-ਹੌਲ਼ੀ ਇਕ ਦੂਜੇ ਦੀ ਸਹਾਇਤਾ ਕਰਨ ਦੀ ਆਦਤ ਪੈ ਗਈ ਇਸ ਤਰ੍ਹਾਂ ਮਨੁੱਖ ਨੇ ਅੱਗ ਬਾਲਣੀ ਸਿੱਖੀ, ਕਪੜੇ ਪਾਉਣੇ ਸਿੱਖੇ, ਆਪਣੇ ਰਹਿਣ ਲਈ ਬਸੇਰਾ ਬਣਾਇਆ।

ਪਹਿਲਾਂ-ਪਹਿਲ ਮਨੁੱਖ ਨੇ ਉਨ੍ਹਾਂ ਸਥਾਨਾਂ ਤੇ ਆਪਣਾ ਰਹਿਣ-ਬਸੇਰਾ ਬਣਾਇਆ, ਜਿੱਥੇ ਉਸ ਦੀਆਂ ਰੋਜ਼ਾਨਾ ਜੀਵਨ ਦੀ ਲੋੜਾਂ ਅਸਾਨੀ ਨਾਲ਼ ਪੂਰੀਆਂ ਹੋ ਜਾਂਦੀਆਂ ਸਨ। ਜਿਵੇਂ ਸੱਭ ਤੋਂ ਪਹਿਲਾਂ ਮਨੁੱਖ ਨੇ ਦਰਿਆਵਾਂ ਦੀਆਂ ਘਾਟੀਆਂ ਵਿੱਚ ਰਹਿਣਾ ਸ਼ੁਰੂ ਕੀਤਾ। ਇਸ ਦੇ ਕਈ ਕਾਰਨ ਸਨ ਜਿਵੇਂ ਕਿ ਉਥੇ ਉਸ ਨੂੰ ਪੀਣ ਲਈ ਪਾਣੀ ਆਸਾਨੀ ਨਾਲ਼ ਮਿਲ ਜਾਂਦਾ ਸੀ। ਦੂਸਰਾ ਇਨ੍ਹਾਂ ਥਾਵਾਂ ਤੇ ਮਿੱਟੀ ਉਪਜਾਊ ਹੋਣ ਕਰਕੇ ਖੇਤੀ ਬਾੜੀ ਕਰਨੀ ਬਹੁਤ ਆਸਾਨ ਸੀ ਅਰਥਾਤ ਥੋੜੀ ਮਿਹਨਤ ਨਾਲ਼ ਹੀ ਉਪਜ ਚੰਗੀ ਹੋ ਜਾਂਦੀ ਸੀ। ਇਸ ਤਰ੍ਹਾਂ ਸਮਾਂ ਬੀਤਣ ਨਾਲ਼ ਘਾਹ ਫੂਸ ਦੀਆਂ ਕੁੱਲੀਆਂ ਤੋਂ ਕੱਚੀਆਂ ਮਿੱਟੀ ਦੀਆਂ ਕੁੱਲੀਆਂ ਅਤੇ ਬਾਅਦ ਵਿੱਚ ਪੱਕੀਆਂ ਕੁਲੀਆਂ ਤੋਂ ਕੱਚੇ ਘਰ। ਇਸੇ ਤਰ੍ਹਾਂ ਹੌਲ਼ੀ-ਹੌਲ਼ੀ ਉਦਯੋਗਿਕ ਕ੍ਰਾਂਤੀ ਆਈ। ਹੁਣ ਮਨੁੱਖ ਨੇ ਰਹਿਣ ਲਈ ਪੱਕੇ ਘਰ ਬਣਾ ਲਏ ਹਨ। ਇਥੋਂ ਤੱਕ ਕਿ ਇਕ ਮੰਜ਼ਲੀ ਘਰ ਤੋਂ ਬਹੁ ਮੰਜ਼ਲੀ ਘਰ ਅਤੇ ਗਗਨ ਛੂੰਹਦੀਆਂ (Sky Scraper) ਇਮਾਰਤਾਂ ਹੋਂਦ ਵਿੱਚ ਆ ਗਈਆਂ ਹਨ।

ਵਸੋਂ ਵਧਣ ਨਾਲ਼ ਅਤੇ ਕੰਮ-ਕਾਜ ਕਿਰਿਆਵਾਂ ਦੇ ਵਿਕਾਸ ਨਾਲ਼ ਮਨੁੱਖ ਨੇ ਨਦੀ-ਘਾਟੀਆਂ ਤੋਂ, ਉਦਯੋਗਿਕ ਸਹੂਲਤਾਂ ਵਾਲੀਆਂ ਥਾਵਾਂ ਵਲ ਜਾਣਾ ਸ਼ੁਰੂ ਕਰ ਦਿੱਤਾ ਅਤੇ ਪਿੰਡਾਂ ਤੋਂ ਸ਼ਹਿਰਾਂ ਵਲ ਆਉਣਾ ਸ਼ੁਰੂ ਕਰ ਦਿੱਤਾ। ਹੇਠ ਕੁੱਝ ਕਾਰਨ ਹਨ ਜੋ ਲੋਕਾਂ ਨੂੰ ਪਿੰਡ ਤੇ ਸ਼ਹਿਰ ਬਣਾਉਣ ਲਈ ਪ੍ਰਭਾਵਿਤ ਕਰਦੇ ਹਨ।

1. **ਪਾਣੀ ਦੀ ਉਪਲਬਧਤਾ** : ਲੋਕ ਜ਼ਿਆਦਾਤਰ ਉਨ੍ਹਾਂ ਥਾਵਾਂ ਤੇ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ ਜਿਥੇ ਪਾਣੀ ਆਸਾਨੀ ਨਾਲ਼ ਪ੍ਰਾਪਤ ਹੋ ਜਾਂਦਾ ਹੈ। ਇਸ ਕਰਕੇ ਹੀ ਬਹੁਤ ਸਾਰੀਆਂ ਸਭਿਆਤਾਵਾਂ ਨੇ ਨਦੀ ਘਾਟੀਆਂ ਨੂੰ ਜਨਮ ਦਿੱਤਾ, ਜਿਵੇਂ ਸਿੰਧ ਘਾਟੀ ਸਭਿਅਤਾ ਦਾ ਨਾਂ ਇਸ ਕਰਕੇ ਪਿਆ ਕਿਉਂਕਿ ਜ਼ਿਆਦਾ ਲੋਕ ਸਿੰਧ ਦਰਿਆ ਦੀ ਘਾਟੀ ਵਿੱਚ ਰਹਿੰਦੇ ਸਨ। ਉੱਥੇ ਲੋਕਾਂ ਦੇ ਪੱਕੇ/ਕੱਚੇ ਘਰ ਹੋਣ ਦੇ ਪ੍ਰਮਾਣ ਮਿਲੇ ਹਨ।

2. **ਧਰਾਤਲ** : ਬਸਤੀਆਂ ਬਣਾਉਣ/ਲੋਕਾਂ ਦੇ ਵਸਣ ਲਈ ਧਰਾਤਲ ਦਾ ਵਿਸ਼ੇਸ਼ ਮਹੱਤਵ ਹੈ। ਪੱਧਰੇ ਧਰਾਤਲ ਲੋਕਾਂ ਦੇ ਵਸੇਬੇ ਲਈ ਬਹੁਤ ਵੱਡੀ ਸਹੂਲਤ ਹੁੰਦੇ ਹਨ। ਉਭੜ-ਖਾਭੜ ਧਰਾਤਲ ਵਿੱਚ ਮਨੁੱਖੀ ਬਸਤੀਆਂ ਘੱਟ ਹੁੰਦੀਆਂ ਹਨ ਕਿਉਂਕਿ ਆਵਾਜਾਈ ਵਿੱਚ ਰੁਕਾਵਟ ਆਉਂਦੀ ਹੈ ਅਤੇ ਖੇਤੀ ਕਰਨੀ ਵੀ ਮੁਸ਼ਕਲ ਹੁੰਦੀ ਹੈ ਇਥੋਂ ਤੱਕ ਕਿ ਘਰ ਬਣਾਉਣੇ ਵੀ ਬੜੇ ਮੁਸ਼ਕਲ ਹੁੰਦੇ ਹਨ। ਇਸ ਦੇ ਮੁਕਾਬਲੇ ਪਧਰੇ ਧਰਾਤਲ ਵਾਲੇ ਖੇਤਰਾਂ ਵਿੱਚ ਆਵਾਜਾਈ ਲਈ ਸੜਕਾਂ ਅਤੇ ਰੇਲ-ਲਾਈਨਾਂ ਵਿਛਾਉਣੀਆਂ ਅਸਾਨ ਹਨ। ਖੇਤੀ ਕਰਨੀ ਅਸਾਨ ਹੁੰਦੀ ਹੈ, ਖੇਤੀ ਉਪਜਾਂ ਨੂੰ ਇਕ ਜਗ੍ਹਾਂ ਤੋਂ ਦੂਸਰੀ ਜਗ੍ਹਾ ਲੈ ਜਾਣਾ ਵੀ ਸੌਖਾ ਹੈ। ਇਸ ਕਰਕੇ ਬਹੁਤ ਵੱਡੇ-ਵੱਡੇ ਸ਼ਹਿਰ ਅਤੇ ਮਹਾਂ ਸ਼ਹਿਰ ਪੱਧਰੇ ਧਰਾਤਲ ਤੇ ਹੀ ਵਿਕਸਤ ਹੋਏ ਹਨ। ਜਿਵੇਂ ਉੱਤਰੀ ਭਾਰਤ ਦੇ ਮੈਦਾਨ ਵਿੱਚ ਬਹੁਤ ਉੱਘੇ ਸ਼ਹਿਰ ਵਿਕਸਤ ਹੋਏ ਹਨ।

3. **ਕੁਦਰਤੀ ਸੁੰਦਰਤਾ** : ਕਈ ਸ਼ਹਿਰ ਕੁਦਰਤੀ ਸੁੰਦਰਤਾ ਕਰਕੇ ਵਿਕਸਤ ਹੋਏ ਹਨ। ਇਹ ਸ਼ਹਿਰ ਸੈਰ ਸਪਾਟੇ ਪੱਖੋਂ ਵਿਕਸਤ ਹੋਏ ਹਨ। ਕਿਉਂਕਿ ਸੈਰ ਸਪਾਟਾ ਅਜੋਕੇ ਸਮੇਂ ਵਿੱਚ ਇਕ ਪ੍ਰਮੁੱਖ ਉਦਯੋਗ ਬਣ ਗਿਆ ਹੈ। ਇਸ ਉਦਯੋਗ ਨੇ ਵੀ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਦਿਤਾ ਹੈ। ਸੰਸਾਰ ਭਰ ਤੋਂ ਲੋਕ ਇਨ੍ਹਾਂ ਸਥਾਨਾਂ ਦੀ ਕੁਦਰਤੀ ਸੁੰਦਰਤਾ ਮਾਨਣ ਆਉਂਦੇ ਹਨ। ਜਿਵੇਂ ਕਸ਼ਮੀਰ, ਗੋਆ, ਕੁਲੂ, ਮਨਾਲੀ ਕੁਝ ਪ੍ਰਮੁੱਖ ਕੁਦਰਤੀ ਸੁੰਦਰਤਾ ਕਰਕੇ ਵਿਕਸਤ ਸਥਾਨਾਂ ਦੀਆਂ ਉਦਾਹਰਨਾਂ ਹਨ।

4. **ਆਵਾਜਾਈ ਅਤੇ ਸੰਸਾਰ ਦੇ ਸਾਧਨ** : ਆਵਾਜਾਈ ਅਤੇ ਸੰਚਾਰ ਦੇ ਸਾਧਨ ਵੀ ਕਿਸੇ ਥਾਂ ਨੂੰ ਵਿਕਸਤ ਕਰਨ ਲਈ ਬੜੀ ਵੱਡੀ ਭੂਮਿਕਾ ਨਿਭਾਉਂਦੇ ਹਨ। ਆਵਾਜਾਈ ਦੀਆਂ ਚੰਗੀਆਂ ਸਹੂਲਤਾਂ ਦੇ ਕਾਰਨ ਲੋਕਾਂ ਅਤੇ ਵਸਤੂਆਂ ਦੀ ਢੋਆ-ਢੁਆਈ ਸੌਖੀ ਹੋ ਜਾਂਦੀ ਹੈ। ਜਿਸ ਨਾਲ਼ ਆਰਥਿਕ ਅਤੇ ਸਮਾਜਿਕ ਪੱਖ ਤੋਂ ਉੱਨਤੀ ਹੁੰਦੀ ਹੈ। ਕਈ ਵਾਰੀ ਦੇਖਿਆ ਗਿਆ ਹੈ ਕਿ ਕਿਸੇ ਜਗ੍ਹਾਂ ਦੀ ਉਸ ਦੇ ਬਿਲਕੁਲ ਗੁਆਂਢ ਨਾਲ਼ੋਂ ਦੂਰ ਜਗ੍ਹਾਂ ਤੇ ਜ਼ਿਆਦਾ ਮਹੱਤਤਾ ਹੁੰਦੀ ਹੈ। ਜੇਕਰ ਉਥੇ ਆਵਾਜਾਈ ਦੇ ਸਾਧਨ ਚੰਗੇ ਹੋਣਗੇ ਤਾਂ ਉਸ ਜਗ੍ਹਾਂ ਤੇ ਪੈਦਾ ਕੀਤੀ ਜਾਂ ਬਣਾਈ ਵਸਤੂ ਦੂਰ ਸਥਾਨ ਤੇ ਜਿਥੇ ਇਸ ਦੀ ਜ਼ਿਆਦਾ ਲੋੜ ਹੈ ਪਹੁੰਚਾਉਣ ਨਾਲ਼ ਜ਼ਿਆਦਾ ਆਰਥਿਕ ਲਾਭ ਹੋ ਸਕਦਾ ਹੈ। ਇਸ ਤਰ੍ਹਾਂ ਇਹੋ ਜਿਹੇ ਸਥਾਨ ਜਲਦੀ ਹੀ ਸਭਿਆਚਾਰਕ ਅਤੇ ਵਪਾਰਕ ਅਦਾਰਿਆਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸ ਤੋਂ ਇਲਾਵਾ, ਜਿਹੜੇ ਸ਼ਹਿਰ ਮੁੱਖ ਸੜਕਾਂ, ਰੇਲ-ਲਾਈਨਾਂ ਅਤੇ ਬੰਦਰਗਾਹਾਂ ਦੇ ਕੰਢਿਆਂ ਤੇ ਸਥਿਤ ਹੁੰਦੇ ਹਨ, ਉਹ ਸਭਿਆਚਾਰਕ ਅਤੇ ਵਪਾਰਕ ਅਦਾਰੇ ਵਜੋਂ ਮਸ਼ਹੂਰ ਹੋ ਗਏ ਹਨ।

ਆਵਾਜਾਈ ਵਿੱਚ ਵੀ ਬਹੁਤ ਆਧੁਨਿਕੀਕਰਨ ਹੋਇਆ ਹੈ। ਪਹਿਲਾਂ ਲੋਕ ਆਵਾਜਾਈ ਅਤੇ ਢੋਆ-ਢੁਆਈ ਲਈ ਘਰ ਵਿੱਚ ਰੱਖੇ ਪਾਲਤੂ ਪਸ਼ੂਆਂ ਦੀ ਵਰਤੋਂ ਕਰਦੇ ਸਨ। ਤਕਨੀਕੀ ਵਿਕਾਸ ਕਰਕੇ ਆਵਾਜਾਈ ਅਤੇ ਢੋਆ-ਢੁਆਈ ਦੀ ਤਕਨੀਕ ਵਿੱਚ ਵੀ ਬਹੁਤ ਵਿਕਾਸ ਹੋਇਆ ਹੈ, ਇਸ ਕਰਕੇ ਪੂਰਾ ਸੰਸਾਰ ਇਕ ਵਿਸ਼ਵ ਪਿੰਡ (Global Village) ਵਾਂਗ ਬਣ ਗਿਆ ਹੈ। ਵੱਖ ਵੱਖ ਪ੍ਰਕਾਰ ਦੇ ਆਵਾਜਾਈ ਸਾਧਨ ਵੱਖ ਵੱਖ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਨ ਜਿਵੇਂ :-

**ਸੜਕ ਆਵਾਜਾਈ :** ਇਸ ਨਾਲ਼ ਇਕ ਘਰ ਤੋਂ ਦੂਸਰੇ ਘਰ ਤੱਕ ਪਹੁੰਚ ਹੋ ਗਈ ਹੈ। ਰੇਲਵੇ ਲਾਈਨਾਂ ਨਾਲੋਂ ਸੜਕਾਂ ਬਣਾਉਣੀਆਂ ਸੌਖੀਆਂ ਅਤੇ ਸਸਤੀਆਂ ਹਨ। ਪਰਬਤੀ ਖੇਤਰਾਂ ਵਿੱਚ ਵੀ ਸੜਕਾਂ ਦਾ ਬਹੁਤ ਨਿਰਮਾਣ ਹੋਇਆ ਹੈ। ਕਿਉਂਕਿ ਉੱਥੇ ਰੇਲਵੇ ਲਾਈਨਾਂ ਬਣਾਉਣੀਆਂ ਬਹੁਤ ਔਖੀਆਂ ਹਨ।

**ਰੇਲ ਮਾਰਗ :** ਰੇਲ ਮਾਰਗ ਦਾ ਮਹਤੱਵਪੂਰਨ ਪੱਖ ਹੈ ਕਿ ਇਨ੍ਹਾਂ ਰਾਹੀਂ ਬਹੁਤ ਜ਼ਿਆਦਾ ਮਾਤਰਾ ਵਿੱਚ ਸਮਾਨ ਅਤੇ ਬਹੁਤ ਗਿਣਤੀ ਵਿੱਚ ਮੁਸਾਫ਼ਰਾਂ ਦੀ ਢੋਆ-ਢੁਆਈ ਹੁੰਦੀ ਹੈ। ਸੱਭ ਤੋਂ ਪਹਿਲਾਂ ਕੋਲੇ ਨਾਲ਼ ਚਲਣ ਵਾਲੇ ਰੇਲਵੇ ਇੰਜਣ ਸਨ। ਹੁਣ ਬਿਜਲੀ ਅਤੇ ਡੀਜ਼ਲ ਨਾਲ਼ ਚੱਲਣ ਵਾਲੇ ਇੰਜਣ ਹੋਂਦ ਵਿੱਚ ਆ ਗਏ ਹਨ। ਇਨ੍ਹਾਂ ਦਾ ਜਾਲ, ਹੁਣ ਨਾ ਕੇਵਲ ਧਰਤੀ ਦੀ ਉਪਰਲੀ ਸਤਹ ਤੇ ਹੀ ਹੈ ਸਗੋਂ ਭੂਮੀਗਤ ਰੇਲ ਮਾਰਗ ਵੀ ਬਣਾਏ ਗਏ ਹਨ। ਇਕ ਤਾਂ ਵੱਧਦੀ ਜਨ ਸੰਖਿਆ ਕਰਕੇ ਧਰਤੀ ਉਪਰ ਬਹੁਤ ਜ਼ਿਆਦਾ ਵਾਹਨਾਂ ਕਰਕੇ ਆਵਾਜਾਈ ਜਾਮ ਲਗ ਜਾਂਦਾ ਸੀ। ਇਸ ਤੋਂ ਛੁਟਕਾਰਾ ਪਾਉਣ ਲਈ ਭੂਮੀਗਤ ਰੇਲ ਮਾਰਗ ਵਿਛਾਏ ਗਏ ਹਨ। ਇਨ੍ਹਾਂ ਨੂੰ ਮੈਟਰੋ ਰੇਲ ਸੇਵਾਵਾਂ ਆਖਦੇ ਹਨ। ਜਿਵੇਂ ਕਿ ਦਿੱਲੀ ਵਿੱਚ ਹੁਣੇ-ਹੁਣੇ ਇਹ ਕਾਫ਼ੀ ਪ੍ਰਚਲਤ ਹੋ ਗਈ ਹੈ। ਸੰਸਾਰ ਵਿੱਚ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਰੇਲ ਮਾਰਗਾਂ ਦਾ ਜਾਲ ਵਿਛਿਆ ਹੋਇਆ ਹੈ। ਹੁਣ ਸਾਰੇ ਮਹਾਂਦੀਪਾਂ ਦੇ ਤੱਟਾਂ ਦੇ ਨਾਲ਼ ਰੇਲ ਮਾਰਗ ਬਣਾਏ ਗਏ ਹਨ। ਸੋਵੀਅਤ ਯੂਨੀਅਨ ਦੇ ਰੇਲ ਮਾਰਗ ਲੈਨਿਨ ਗ੍ਰਾਦ ਨੂੰ ਵਲਾਡੀ ਵਾਸਤਕ ਨਾਲ਼ ਜੋੜਦੇ ਹਨ। ਇਸ ਰੇਲਵੇ ਲਾਈਨ ਨੂੰ ਟ੍ਰਾਂਸ ਸਾਇਬੇਰੀਅਨ ਰੇਲਵੇ ਆਖਦੇ ਹਨ। ਇਸ ਸੰਸਾਰ ਦਾ ਸਭ ਤੋਂ ਵੱਡਾ ਰੇਲ ਮਾਰਗ ਹੈ। ਜਾਪਾਨ ਵਿੱਚ ਰੇਲਾਂ ਦਾ ਬਹੁਤ ਮਹਤੱਵਪੂਰਨ ਸਥਾਨ ਹੈ। ਜਾਪਾਨੀ ਰੇਲਾਂ ਵਿੱਚ ਰੋਜ਼ਾਨਾ ਵੱਧ ਤੋਂ ਵੱਧ ਯਾਤਰੂ ਸਫ਼ਰ ਕਰਦੇ ਹਨ। ਜਪਾਨ ਅਤੇ ਫ਼ਰਾਂਸ ਵਿੱਚ ਬਹੁਤ ਤੇਜ਼ ਚਲਣ ਵਾਲੀਆਂ ਰੇਲ ਗੱਡੀਆਂ ਬਣਾਈਆਂ ਗਈਆਂ ਹਨ।

*ਪਤਾ ਕਰੋ : ਭਾਰਤ ਵਿੱਚ ਸਭ ਤੋਂ ਤੇਜ਼ ਚਲਣ ਵਾਲੀ ਗੱਡੀ ਦੀ ਰਫ਼ਤਾਰ ਕੀ ਹੈ?*

*ਜਾਪਾਨ ਦੀ ਬੁਲਟ ਰੇਲ ਗੱਡੀ 500 ਕਿ.ਮੀ. ਪ੍ਰਤੀ ਘੰਟਾ ਦੀ ਰਫ਼ਤਾਰ ਨਾਲ਼ ਚਲਦੀ ਹੈ*

**ਜਲ ਮਾਰਗ :** ਜਿਵੇਂ ਕਿ ਤੁਸੀਂ ਪੜ੍ਹਿਆ ਹੈ ਕਿ ਸਭ ਤੋਂ ਪਹਿਲਾਂ ਮਨੁੱਖ ਨੇ ਨਦੀਆਂ ਅਤੇ ਪਾਣੀਆਂ ਦੇ ਕੰਢੇ ਨਿਵਾਸ ਕਰਨਾ ਸ਼ੁਰੂ ਕੀਤਾ। ਉਹ ਉੱਥੇ ਮੱਛੀਆਂ ਆਦਿ ਪਕੜਦਾ ਸੀ ਫਿਰ ਉਸਨੇ ਲਕੜੀ ਦੀਆਂ ਕਿਸ਼ਤੀਆਂ ਬਣਾਕੇ ਇੱਕ ਕੰਢੇ ਤੋਂ ਦੂਸਰੇ ਕੰਢੇ ਜਾਣਾ ਸ਼ੁਰੂ ਕੀਤਾ ਅਰਥਾਤ ਪਾਣੀ ਰਾਹੀਂ ਆਵਾਜਾਈ ਕਰਨੀ ਸ਼ੁਰੂ ਕਰ ਦਿੱਤੀ। ਅੱਜ ਸੰਸਾਰ ਵਿੱਚ ਸਮੁੰਦਰ, ਸਾਗਰ, ਦਰਿਆ, ਨਹਿਰਾਂ, ਝੀਲਾਂ ਆਦਿ ਆਵਾਜਾਈ ਲਈ ਪ੍ਰਯੋਗ ਕੀਤੇ ਜਾਂਦੇ ਹਨ। ਇਹਨਾਂ ਵਿੱਚ ਸਮੁੰਦਰੀ ਜਹਾਜ਼, ਸਟੀਮਰ, ਕਿਸ਼ਤੀਆਂ ਆਦਿ ਚਲਾਏ ਜਾਂਦੇ ਹਨ ਅਤੇ ਇਹਨਾਂ ਦੁਆਰਾ ਮਨੁੱਖ ਅਤੇ ਸਮਾਨ ਦੀ ਢੋਆ-ਢੁਆਈ ਹੁੰਦੀ ਹੈ। ਹਿੰਮਤੀ ਲੋਕਾਂ ਨੇ ਸੰਸਾਰ ਦੀਆਂ ਯਾਤਰਾਵਾਂ, ਇਨ੍ਹਾਂ ਸਮੁੰਦਰਾਂ ਦੁਆਰਾ ਹੀ ਕੀਤੀਆਂ ਸਨ। ਹੁਣ ਇਨ੍ਹਾਂ ਦੁਆਰਾ ਵੱਡੇ ਪੈਮਾਨੇ ਤੇ ਸਮੁੰਦਰੀ ਜਹਾਜ਼ਾਂ ਰਾਹੀਂ ਅੰਤਰ ਰਾਸ਼ਟਰੀ ਵਪਾਰ ਹੋਣ ਲਗ ਗਿਆ ਹੈ।

## ਸੰਸਾਰ ਦੇ ਪ੍ਰਮੁੱਖ ਸਮੁੰਦਰੀ ਮਾਰਗ

1. **ਉੱਤਰੀ ਅੰਧ ਮਹਾਂਸਾਗਰ ਮਾਰਗ :** ਇਹ ਮਾਰਗ ਸੱਭ ਤੋਂ ਵੱਧ ਵਰਤੋਂ ਵਿੱਚ ਆਉਂਦਾ ਹੈ। ਇਹ ਪੱਛਮੀ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਨੂੰ ਮਿਲਾਉਂਦਾ ਹੈ। ਇਸ ਮਾਰਗ ਤੇ ਸੰਸਾਰ ਦਾ ਸਭ ਤੋਂ ਵੱਧ ਵਪਾਰ ਹੁੰਦਾ ਹੈ।

2. **ਸ਼ਾਂਤ ਮਹਾਂਸਾਗਰ ਮਾਰਗ :** ਇਹ ਮਾਰਗ ਉੱਤਰ ਅਤੇ ਦੱਖਣੀ ਅਮਰੀਕਾ ਨੂੰ ਏਸ਼ੀਆ ਅਤੇ ਆਸਟਰੇਲੀਆ ਨਾਲ਼ ਮਿਲਾਉਂਦਾ ਹੈ।

3. **ਕੇਪ ਮਾਰਗ :** ਇਸ ਮਾਰਗ ਦੀ ਖੋਜ ਵਾਸਕੋਡੀਗਾਮਾ ਦੇ ਸੰਨ 1498 ਈ. ਵਿੱਚ ਕੀਤੀ। ਇਹ ਮਾਰਗ ਪੱਛਮੀ ਯੂਰਪੀ ਦੇਸ਼ਾਂ ਅਤੇ ਅਮਰੀਕਾ ਨੂੰ ਦੱਖਣੀ ਏਸ਼ੀਆ, ਆਸਟਰੇਲੀਆ ਅਤੇ ਨਿਊਜ਼ੀਲੈਂਡ ਨਾਲ਼ ਮਿਲਾਉਂਦਾ ਹੈ। ਸਵੇਜ਼ ਨਹਿਰ ਬਣਨ ਨਾਲ਼ ਇਸ ਦਾ ਮਹੱਤਵ ਘੱਟ ਗਿਆ।

4. **ਸੁਏਜ਼ (Suez) ਨਹਿਰ ਮਾਰਗ :** ਸੁਏਜ਼ ਨਹਿਰ ਭੂਮੱਧ ਸਾਗਰ (ਰੂਮ ਸਾਗਰ) ਅਤੇ ਲਾਲ ਸਾਗਰ ਨੂੰ ਮਿਲਾਉਂਦੀ ਹੈ। ਇਹ ਮਾਰਗ ਯੂਰਪ ਦੇ ਦੇਸ਼ਾਂ ਨੂੰ ਦੱਖਣੀ ਏਸ਼ੀਆ, ਆਸਟਰੇਲੀਆ ਅਤੇ ਪੂਰਬੀ ਅਫ਼ਰੀਕਾ ਦੇ ਦੇਸ਼ਾਂ ਨੂੰ ਮਿਲਾਉਂਦਾ ਹੈ।

5. **ਪਨਾਮਾ ਨਹਿਰ :** ਇਹ ਨਹਿਰ ਪਨਾਮਾ ਗਣਰਾਜ ਵਿੱਚੋਂ ਬਣਾਈ ਗਈ ਹੈ। ਇਹ ਨਹਿਰ ਅੰਧ ਮਹਾਂਸਾਗਰ ਅਤੇ ਸ਼ਾਂਤ ਮਹਾਂਸਾਗਰ ਨੂੰ ਮਿਲਾਉਂਦੀ ਹੈ। ਇਹ ਨਹਿਰ ਪੱਛਮੀ ਯੂਰਪ ਅਤੇ ਪੂਰਬੀ ਸੰਯੁਕਤ ਰਾਜ ਅਮਰੀਕਾ (ਯੂ.ਐਸ.ਏ) ਨੂੰ ਪੱਛਮੀ ਸੰਯੁਕਤ ਰਾਜ ਅਮਰੀਕਾ ਅਤੇ ਪੂਰਬੀ ਏਸ਼ੀਆ ਨਾਲ਼ ਮਿਲਾਉਂਦੀ ਹੈ।

6. **ਮੁੱਖ ਬੰਦਰਗਾਹਾਂ :** ਸਾਗਰੀ ਆਵਾਜਾਈ ਵਿੱਚ ਉੱਤਰੀ ਅੰਧ ਮਹਾਂਸਾਗਰ ਸਭ ਤੋਂ ਵੱਧ ਨਿਰੰਤਰ ਕਾਰਜਸ਼ੀਲ ਰਹਿੰਦਾ ਹੈ। ਭਾਰਤ ਦੀਆਂ ਪ੍ਰਮੁੱਖ ਬੰਦਰਗਾਹਾਂ, ਮੁੰਬਈ, ਕੋਲਕਾਤਾ, ਚੇਨੱਈ (ਮਦਰਾਸ) ਕੋਚੀਨ, ਗੋਆ, ਕਾਂਡਲਾ ਅਤੇ ਵਿਸ਼ਾਖਾਪਟਨਮ ਹਨ। ਇਹ ਭਾਰਤ ਨੂੰ ਬਾਕੀ ਸੰਸਾਰ ਨਾਲ਼ ਜੋੜਦੀਆਂ ਹਨ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਮਹਾਂਸਾਗਰ ਮਹਾਂਦੀਪਾਂ ਨੂੰ ਆਪਸ ਵਿੱਚ ਨਿਖੇੜਦੇ ਨਹੀਂ, ਸਗੋਂ ਇਹ ਦੋ ਮਹਾਂਦੀਪਾਂ ਵਿਚਾਲੇ ਪੁੱਲ ਹਨ, ਜਿਹੜੇ ਇਕ ਮਹਾਂਦੀਪ ਨੂੰ ਦੂਜੇ ਨਾਲ਼ ਜੋੜਦੇ ਹਨ।

**ਅੰਦਰੂਨੀ ਜਲ-ਮਾਰਗ :** ਵੱਡੇ ਦਰਿਆ ਅਤੇ ਝੀਲਾਂ ਵੀ ਜਲ-ਮਾਰਗਾਂ ਦਾ ਕੰਮ ਕਰਦੀਆਂ ਹਨ ਜਿਵੇਂ ਕਿ ਭਾਰਤ ਵਿੱਚ ਗੰਗਾ ਅਤੇ ਬ੍ਰਹਮਪੁੱਤਰ ਦਰਿਆ ਅਤੇ ਕੇਰਲ ਵਿੱਚ ਸਥਿਤ ਝੀਲਾਂ ਜਲ ਮਾਰਗ ਦਾ ਕੰਮ ਕਰਦੀਆਂ ਹਨ। ਸੰਸਾਰ ਦੇ ਦੂਸਰੇ ਦੇਸਾਂ ਵਿੱਚ ਵੀ ਜਲ-ਮਾਰਗਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਯੂਰਪ ਦਾ ਡੈਨਿਊਬ ਦਰਿਆ, ਮੱਧ ਅਤੇ ਦੱਖਣ ਯੂਰਪ ਨੂੰ ਕਾਲਾ ਸਾਗਰ ਨਾਲ਼ ਮਿਲਾਉਂਦਾ ਹੈ। ਚੀਨ ਦਾ ਯੰਗਸੀ ਕਿਆਂਗ ਦਰਿਆ, ਦੱਖਣੀ ਅਮਰੀਕਾ ਦਾ ਐਮੇਜ਼ਨ ਦਰਿਆ, ਉੱਤਰੀ ਅਮਰੀਕਾ ਦੀਆਂ ਪੰਜ ਅਜਿਹੀਆਂ ਝੀਲਾਂ ਹਨ ਜਿਹੜੀਆਂ ਕੈਨੇਡਾ ਨੂੰ ਯੂ.ਐਸ.ਏ. ਨਾਲ਼ ਤੇ ਅੰਧ ਮਹਾਂਸਾਗਰ ਨਾਲ ਜੋੜਦੀਆਂ ਹਨ।

**ਵਾਯੂ-ਮਾਰਗ :** ਹਵਾਈ ਜਹਾਜ਼ ਵੀ ਆਵਾਜਾਈ ਦਾ ਮਹੱਤਵਪੂਰਨ ਸਾਧਨ ਹਨ। ਸੱਭ ਤੋਂ ਪਹਿਲਾਂ ਉੱਡਣ ਮਸ਼ੀਨ, ਅਮਰੀਕਾ ਦੇ 'ਰਾਈਟ ਬ੍ਰਦਰਜ਼' ਨੇ ਸੰਨ 1903 ਵਿੱਚ ਬਣਾਈ। ਅੰਤ ਵਿੱਚ ਤਕਨੀਕੀ ਵਿਕਾਸ ਨਾਲ਼ ਵੱਡੇ ਹਵਾਈ ਜਹਾਜ਼ ਵੀ ਹੋਂਦ ਵਿੱਚ ਆਏ।

ਵਾਯੂ-ਮਾਰਗ ਸੱਭ ਤੋਂ ਤੇਜ਼ ਗਤੀ ਵਾਲਾ ਆਵਾਜਾਈ ਦਾ ਸਾਧਨ ਹੈ ਪਰ ਮਹਿੰਗਾ ਵੀ ਬਹੁਤ ਹੈ। ਅੱਜ ਲਗਪਗ ਸਾਰੇ ਦੇਸ਼ ਵਾਯੂ-ਮਾਰਗਾਂ ਦੁਆਰਾ ਆਪਸ ਵਿੱਚ ਜੁੜੇ ਹੋਏ ਹਨ। ਇਨ੍ਹਾਂ ਕਰਕੇ ਸੰਸਾਰ ਇਕ ਗਲੋਬਲ ਪਿੰਡ (Global Village) ਬਣ ਗਿਆ। ਹਵਾਈ ਜਹਾਜ਼ ਰਾਹੀਂ ਸਫ਼ਰ ਕਰਨ ਨਾਲ਼ ਬਹੁਤ ਸਮਾਂ ਬੱਚਦਾ ਹੈ। ਇਸ ਲਈ ਹਵਾਈ ਜਹਾਜ਼ ਬਹੁਤ ਲੋਕਪ੍ਰਿਅ ਹੋ ਗਿਆ ਹੈ। ਸੰਸਾਰ ਦੇ ਕਈ ਦੇਸ਼ਾਂ ਨੇ ਬਹੁਤ ਵੱਡੇ ਹਵਾਈ ਅੱਡੇ ਬਣਾਏ ਹਨ। ਲੰਡਨ, ਪੈਰਿਸ, ਮਾਸਕੋ, ਟੋਕੀਓ, ਨਿਊਯਾਰਕ, ਸਾਊਦੀ ਅਰਬ, ਦੁਬੱਈ ਆਦਿ ਬਹੁਤ ਵੱਡੇ ਹਵਾਈ ਅੱਡੇ ਹਨ।

ਭਾਰਤ ਵਿੱਚ ਹਵਾਈ ਮਾਰਗਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਇੰਡੀਅਨ ਏਅਰਲਾਈਨਜ਼ ਅਤੇ ਵਾਯੂਦੂਤ ਸੇਵਾਵਾਂ ਦੁਆਰਾ ਭਾਰਤ ਦੇ ਬਹੁਤ ਸਾਰੇ ਸ਼ਹਿਰ ਜੁੜੇ ਹੋਏ ਹਨ। ਏਅਰ ਇੰਡੀਆ, ਇੰਡੀਅਨ ਏਅਰਲਾਈਨਜ਼ ਦੀਆਂ ਅੰਤਰ-ਰਾਸ਼ਟਰੀ ਉਡਾਣਾਂ ਭਾਰਤੀ ਯਾਤਰੂਆਂ ਨੂੰ ਲਗਪਗ ਸੰਸਾਰ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਲੈ ਕੇ ਜਾਂਦੀਆਂ ਹਨ। ਅੰਮ੍ਰਿਤਸਰ, ਦਿੱਲੀ, ਮੁੰਬਈ, ਕੋਲਕਾਤਾ ਅਤੇ ਚੇਨੱਈ ਭਾਰਤ ਦੇ ਪ੍ਰਮੁੱਖ ਹਵਾਈ ਅੱਡੇ ਹਨ।

**ਪਾਈਪ ਲਾਈਨਜ਼** ਰਾਹੀਂ, ਤੇਲ, ਗੈਸ ਅਤੇ **ਇਲਕੈਟ੍ਰਿਕ ਗਰਿਡ** ਰਾਹੀਂ ਬਿਜਲੀ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾਂ ਪਹੁੰਚਾਈ ਜਾਂਦੀ ਹੈ।

**ਸੰਚਾਰ ਦੇ ਸਾਧਨ** : ਆਵਾਜਾਈ ਤੋਂ ਇਲਾਵਾ, ਸੰਚਾਰ ਦੇ ਸਾਧਨਾਂ ਨੇ ਵੀ ਲੋਕਾਂ ਵਿੱਚ ਆਪਸੀ ਮੇਲ ਜੋਲ ਪੈਦਾ ਕਰਨ ਵਿੱਚ ਇਕ ਖਾਸ ਭੂਮਿਕਾ ਨਿਭਾਈ ਹੈ। ਇਨ੍ਹਾਂ ਦੁਆਰਾ ਇਕ ਮਨੁੱਖ ਜਾ ਬਹੁਤ ਸਾਰੇ ਲੋਕਾਂ ਦੀ ਆਵਾਜ਼ ਦੇਸ਼ ਅਤੇ ਸੰਸਾਰ ਦੇ ਇਕ ਕੋਨੇ ਤੋਂ ਦੂਸਰੇ ਕੋਨੇਂ ਤੱਕ ਆਸਾਨੀ ਨਾਲ਼ ਪਹੁੰਚਾਈ ਜਾ ਸਕਦੀ ਹੈ। ਜਿਵੇਂ ਇੰਟਰਨੈਟ ਰਾਹੀਂ ਅਸੀਂ ਇੱਕ ਕੋਨੇ ਵਿੱਚ ਬੈਠੇ ਸੰਸਾਰ ਭਰ ਨਾਲ਼ ਜੁੜ ਸਕਦੇ ਹਾਂ। ਇਹ ਹੁਣ ਤੱਕ ਸੱਭ ਤੋਂ ਸਸਤਾ ਸੰਚਾਰ ਦਾ ਸਾਧਨ ਹੈ ਕਿਉਂਕਿ ਸਾਇਬਰ ਇੰਟਰਨੈਟ (Cyber-Internet) ਰਾਹੀਂ ਤੁਸੀਂ ਸੰਸਾਰ ਦੇ ਕਿਸੇ ਵੀ ਕੋਨੇ ਦੀ ਜਾਣਕਾਰੀ, ਸਿੱਖਿਆ ਸੰਬੰਧੀ ਅਗਵਾਈ ਅਤੇ ਹੋਰ ਕਈ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਦੇ ਨਾਲ਼ ਹੀ ਡਾਕ ਸੇਵਾ, ਟੈਲੀਗ੍ਰਾਮ, ਟੈਲੀਫੋਨ, ਮੋਬਾਈਲ ਫੋਨ, ਰੇਡੀਓ, ਮੈਗਜ਼ੀਨ, ਅਖ਼ਬਾਰਾਂ ਵੀ ਸੰਚਾਰ ਦੇ ਵਧੀਆ ਸਾਧਨ ਹਨ।

## ਅਭਿਆਸ

**(ੳ) ਹੇਠ ਲਿਖੇ ਹਰੇਕ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ।**

1. ਖੇਤੀਬਾੜੀ ਮਨੁੱਖੀ ਬਸਤੀਆਂ ਦੇ ਵਿਕਾਸ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ?
2. ਪਹਿਲਾਂ ਪਹਿਲ ਮਨੁੱਖ ਨੇ ਕਿਥੇ ਰਹਿਣਾ ਸ਼ੁਰੂ ਕੀਤਾ ?
3. ਕਿਸੇ ਥਾਂ ਦਾ ਧਰਾਤਲ, ਬਸਤੀਆਂ ਦੇ ਵਿਕਾਸ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ?
4. ਸੜਕ ਮਾਰਗਾਂ ਦਾ ਕੀ ਮਹੱਤਵ ਹੈ ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ 50-60 ਸ਼ਬਦਾਂ ਵਿੱਚ ਦਿਓ।**

1. ਸੰਸਾਰ ਦੇ ਰੇਲ-ਮਾਰਗਾਂ ਬਾਰੇ ਜਾਣਕਾਰੀ ਦਿੰਦੇ ਹੋਏ, ਇਨ੍ਹਾਂ ਦੀ ਮਹੱਤਤਾ ਵੀ ਦੱਸੋ।
2. ਸੰਸਾਰ ਦੇ ਪ੍ਰਮੁੱਖ ਜਲ-ਮਾਰਗਾਂ ਦੇ ਨਾਂ ਦੱਸੋ ?
3. ਸੰਸਾਰ ਦੇ ਅੰਦਰੂਨੀ ਜਲ-ਮਾਰਗ ਦੇ ਨਾਂ ਦੱਸੋ ?
4. ਵਾਯੂ-ਮਾਰਗ ਰਾਹੀਂ ਸੰਸਾਰ ਇਕ ਗਲੋਬਲ ਪਿੰਡ ਬਣ ਗਿਆ, ਇਸ ਤੱਥ ਨੂੰ ਉਦਾਹਰਣਾਂ ਦੇ ਕੇ ਸਮਝਾਓ।

5. ਸੰਚਾਰ ਦੇ ਸਾਧਨ ਕਿਹੜੇ ਕਿਹੜੇ ਹਨ ? ਇਨ੍ਹਾਂ ਦੀ ਉੱਨਤੀ ਨਾਲ਼ ਸਾਨੂੰ ਕੀ ਲਾਭ ਹੋਏ ਹਨ ?

6. ਸੁਏਜ਼ ਨਹਿਰ ਬਾਰੇ ਵਿਸਤਾਰ ਸਹਿਤ ਲਿਖੋ।


**ਗਤੀਵਿਧੀ**

ਐਟਲਸ ਦੀ ਅਤੇ ਆਪਣੇ ਅਧਿਆਪਕ ਦੀ ਮਦਦ ਨਾਲ਼

1. ਸੰਸਾਰ ਦਾ ਖਾਲੀ ਨਕਸ਼ਾ ਲੈ ਕੇ ਸੁਏਜ਼ ਨਹਿਰ ਅਤੇ ਪਨਾਮਾਂ ਨਹਿਰ ਦਰਸਾਓ।
2. ਸੰਸਾਰ ਦੇ ਨਕਸ਼ੇ ਤੇ ਪ੍ਰਮੁੱਖ ਵਾਯੂ-ਮਾਰਗ ਦਰਸਾਓ।

# WORLD – PHYSICAL


# ਸੰਸਾਰ-ਕੁਦਰਤੀ ਨਕਸ਼ਾ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/2003)

# WORLD – PHYSICAL

# ਸੰਸਾਰ-ਰੇਖਾ ਚਿੱਤਰ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bhihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/20**03**)

# ਯੂਨਿਟ-II

# ਇਤਿਹਾਸ

## ਸਾਡਾ ਅਤੀਤ-2







# ਪਾਠ 7

# ਭਾਰਤ ਅਤੇ ਸੰਸਾਰ (ਕਦੋਂ, ਕਿੱਥੇ ਅਤੇ ਕਿਵੇਂ)

ਅਸੀ ਛੇਵੀ ਸ਼੍ਰੇਣੀ ਵਿੱਚ ਪੜ੍ਹਿਆ ਹੈ ਕਿ ਮਾਨਵ ਸ਼ਿਕਾਰੀ ਤੋਂ ਸੰਗ੍ਰਹਿਕ ਕਿਵੇਂ ਬਣਿਆ। ਉਸ ਨੇ ਵੱਖ-ਵੱਖ ਫਸਲਾਂ ਕਿਵੇਂ ਉਗਾਉਣੀਆਂ ਸ਼ੁਰੂ ਕੀਤੀਆਂ ਸਨ। ਉਸ ਨੇ ਛੋਟੇ-ਛੋਟੇ ਕਬੀਲਿਆਂ ਨੂੰ ਮਹਾਂਜਨਪਦਾਂ ਵਿਚ ਕਿਵੇਂ ਬਦਲਿਆ ਸੀ।

ਸ਼ੁਰੂ ਵਿੱਚ ਮਾਨਵ ਨਦੀਆਂ ਦੇ ਕਿਨਾਰਿਆਂ ਤੇ ਰਹਿੰਦੇ ਸਨ। ਪਰੰਤੂ ਆਬਾਦੀ ਵਧਣ ਨਾਲ ਅਤੇ ਪਾਣੀ ਦੇ ਹੋਰ ਸਾਧਨ ਹੋਣ ਕਰਕੇ ਉਹਨਾਂ ਨੇ ਨਦੀਆਂ ਦੇ ਕਿਨਾਰਿਆਂ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਤੁਸੀਂ ਭਾਰਤੀ ਉਪਮਹਾਂਦੀਪ ਦੇ ਨਕਸ਼ੇ ਵਿਚ ਵੇਖ ਸਕਦੇ ਹੋ ਕਿ ਇਹ ਉਪਮਹਾਂਦੀਪ (ਇਕ ਵੱਡੀ ਭੂਗੋਲਿਕ ਇਕਾਈ ਹੈ, ਜਿਹੜੀ ਬਾਕੀ ਮਹਾਂਦੀਪਾਂ ਤੋਂ ਵੱਖਰੀ।) ਦਿਖਾਈ ਦਿੰਦੀ ਹੈ।

## ਭਾਰਤੀ ਉਪਮਹਾਂਦੀਪ ਦਾ ਵਰਣਨ ਕਰਨ ਲਈ ਰੱਖੇ ਗਏ ਨਾਂ :


ਭਾਰਤੀ ਉਪਮਹਾਂਦੀਪ ਨੂੰ ਪੂਰਵਕਾਲ ਵਿੱਚ ਹਿੰਦੁਸਤਾਨ ਜਾਂ ਭਾਰਤਵਰਸ਼ ਕਿਹਾ ਜਾਂਦਾ ਸੀ, ਜਿਸ ਵਿੱਚ ਵਰਤਮਾਨ ਛੇ ਦੇਸ਼— ਪਾਕਿਸਤਾਨ, ਅਫ਼ਗਾਨਿਸਤਾਨ, ਨੇਪਾਲ, ਭੂਟਾਨ, ਬੰਗਲਾ ਦੇਸ਼ ਅਤੇ ਭਾਰਤ ਸ਼ਾਮਲ ਸਨ।

ਇਤਿਹਾਸ ਨੇ ਭਾਰਤ ਨੂੰ ਭਿੰਨ-ਭਿੰਨ ਯੁਗਾਂ ਵਿੱਚ ਵੱਖ-ਵੱਖ ਨਾਂ ਦਿੱਤੇ। ਵੈਦਿਕ ਕਾਲ ਵਿੱਚ ਇਸ ਨੂੰ **ਆਰੀਆ ਵਰਤ** (ਜਿਸ ਦਾ ਸ਼ਬਦ-ਅਰਥ ਹੈ ਆਰੀਆਂ ਦਾ ਦੇਸ਼) ਕਿਹਾ ਜਾਂਦਾ ਸੀ। ਮਹਾਂਭਾਰਤ ਅਤੇ ਪੁਰਾਣਾਂ ਦੇ ਸਮੇਂ ਇਸ ਨੂੰ ਰਾਜਾ ਭਾਰਤ ਦੇ ਨਾਂ ਤੇ **ਭਾਰਤਵਰਸ਼** ਕਿਹਾ ਜਾਣ ਲੱਗਾ। ਈਰਾਨੀਆਂ ਨੇ ਇਸ ਨੂੰ **'ਹਿੰਦੂ'** ਦਾ ਨਾਂ ਦਿੱਤਾ, ਜਦ ਕਿ ਯੂਨਾਨੀਆਂ ਨੇ ਇਸ ਨੂੰ **'ਇੰਡਸ'** ਕਹਿਣਾ ਸ਼ੁਰੂ ਕੀਤਾ। ਬਾਈਬਲ ਵਿੱਚ ਇਸ ਲਈ **'ਹੋਡੂ'** ਸ਼ਬਦ ਦੀ ਵਰਤੋਂ ਕੀਤੀ ਗਈ।

ਜਦੋਂ ਚੀਨ ਵਿੱਚ ਬੁੱਧ ਧਰਮ ਦਾ ਪਰਸਾਰ ਹੋਇਆ ਤਾਂ ਚੀਨੀਆਂ ਨੇ ਭਾਰਤ ਨੂੰ **''ਤਾਇਨ ਚੂ''** ਦਾ ਨਾਂ ਦਿੱਤਾ। ਹਿਊਨਸਾਂਗ ਦੀ ਭਾਰਤ ਯਾਤਰਾ ਪਿੱਛੋਂ ਭਾਰਤ ਨੂੰ ਇੰਟੂ ਕਿਹਾ ਜਾਣ ਲੱਗਾ।

## ਭਾਰਤੀ ਇਤਿਹਾਸ ਦੇ ਮੱਧਕਾਲੀਨ ਯੁੱਗ ਦੀ ਸਮਾਂ ਯੋਜਨਾ :

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਹਰੇਕ ਦੇਸ ਦੇ ਇਤਿਹਾਸ ਨੂੰ ਤਿੰਨ ਪ੍ਰਮੁੱਖ ਯੁੱਗਾਂ— ਪ੍ਰਾਚੀਨ ਯੁੱਗ, ਮੱਧਕਾਲੀਨ ਯੁੱਗ ਅਤੇ ਆਧੁਨਿਕ ਯੁੱਗ ਵਿੱਚ ਵੰਡਿਆ ਗਿਆ ਹੈ। ਇਤਿਹਾਸ ਦੇ ਪ੍ਰਾਚੀਨ ਯੁੱਗ ਅਤੇ ਆਧੁਨਿਕ ਯੁੱਗ ਦੇ ਵਿਚਕਾਰਲੇ ਸਮੇਂ ਨੂੰ **ਮੱਧਕਾਲੀਨ ਯੁੱਗ** ਕਿਹਾ ਜਾਂਦਾ ਹੈ। ਭਾਰਤ ਵਿੱਚ ਅੱਠਵੀਂ ਸਦੀ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਦੇ ਵਿਚਕਾਰਲੇ ਸਮੇਂ ਨੂੰ **'ਮੱਧਕਾਲੀਨ ਯੁੱਗ'** ਕਿਹਾ ਜਾਂਦਾ ਹੈ। ਭਾਰਤ ਵਿੱਚ 8ਵੀਂ ਸਦੀ ਨੂੰ **ਪਰਿਵਰਤਨ ਦੀ ਸਦੀ** ਮੰਨਿਆ ਜਾਂਦਾ




ਚਿੱਤਰ 7.1 *ਅਫਗਾਨਿਸਤਾਨ, ਪਾਕਿਸਤਾਨ, ਨੇਪਾਲ, ਭੂਟਾਨ, ਭਾਰਤ ਅਤੇ ਬੰਗਲਾਦੇਸ਼ ਦੇ ਖੇਤਰ ਦਰਸਾਉਂਦਾ ਭਾਰਤੀ ਉਪਮਹਾਂਦੀਪ ਦਾ ਨਕਸ਼ਾ।*

ਹੈ ਕਿਉਂਕਿ ਇਸ ਦੌਰਾਨ ਸਮਾਜ, ਰਾਜਨੀਤੀ, ਅਰਥ-ਵਿਵਸਥਾ, ਸਭਿਆਚਾਰ ਅਤੇ ਧਰਮ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਹੋ ਰਹੀਆਂ ਸਨ। ਇਸੇ ਤਰ੍ਹਾਂ 18ਵੀਂ ਸਦੀ ਦੇ ਮੱਧ ਵਿੱਚ ਮੁਗ਼ਲ ਸਾਮਰਾਜ ਦੇ ਖੇਰੂੰ-ਖੇਰੂੰ ਹੋਣ ਅਤੇ ਅੰਗਰੇਜ਼ਾਂ ਦੇ ਸ਼ਕਤੀ ਵਿੱਚ ਆਉਣ ਨੂੰ ਮੱਧਕਾਲੀਨ ਯੁੱਗ ਦਾ ਅੰਤ ਕਿਹਾ ਜਾਂਦਾ ਹੈ।

ਮੱਧਕਾਲੀਨ ਯੁੱਗ ਅੱਗੇ ਨੂੰ ਦੋ ਹਿੱਸਿਆਂ— ਮੁੱਢਲਾ ਮੱਧਕਾਲੀਨ ਯੁੱਗ ਅਤੇ ਉੱਤਰ ਮੱਧਕਾਲੀਨ ਯੁੱਗ ਵਿੱਚ ਵੰਡਿਆ ਹੋਇਆ ਹੈ। 8ਵੀਂ ਸਦੀ ਤੋਂ ਲੈ ਕੇ 13ਵੀਂ ਸਦੀ ਦੇ ਅਰੰਭਕ ਸਮੇਂ ਨੂੰ ਮੁੱਢਲਾ ਮੱਧਕਾਲੀਨ ਯੁੱਗ ਮੰਨਿਆ ਗਿਆ, ਜਦ ਕਿ 13ਵੀਂ ਸਦੀ ਤੋਂ 18ਵੀਂ ਸਦੀ ਤੱਕ ਦੇ ਸਮੇਂ ਨੂੰ ਉੱਤਰ ਮੱਧਕਾਲੀਨ ਯੁੱਗ ਮੰਨਿਆ ਗਿਆ ਹੈ।

### ਪ੍ਰਮੁੱਖ ਇਤਿਹਾਸਿਕ ਪ੍ਰਵਿਰਤੀਆਂ (ਰੁਚੀਆਂ)

ਅਸੀਂ ਮੱਧਕਾਲੀਨ ਯੁੱਗ ਵਿੱਚ ਪ੍ਰਮੁੱਖ ਇਤਿਹਾਸਿਕ ਪ੍ਰਵਿਰਤੀਆਂ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ, ਜੋ ਇਸ ਯੁੱਗ ਨੂੰ ਪ੍ਰਾਚੀਨ ਯੁੱਗ ਤੋਂ ਨਿਖੇੜਦੀਆਂ ਹਨ।

(1) ਇਸ ਸਮੇਂ ਦੌਰਾਨ ਮੁਸਲਮਾਨਾਂ ਦੇ ਆਉਣ ਨਾਲ਼ ਮਿਸ਼ਰਿਤ ਸਭਿਆਚਾਰ ਦਾ ਜਨਮ ਹੋਇਆ। ਇਸ ਸਮੇਂ ਦੌਰਾਨ ਹਿੰਦੂਆਂ ਅਤੇ ਮੁਸਲਮਾਨਾਂ ਦਾ **ਇੱਕ ਦੂਜੇ ਤੇ** ਕਾਫ਼ੀ ਪ੍ਰਭਾਵ ਸੀ।

(2) ਇਸ ਸਮੇਂ ਦੌਰਾਨ ਬਹੁਤ ਸਾਰੀਆਂ ਭਾਸ਼ਾਵਾਂ, ਖ਼ਾਸ ਕਰਕੇ ਹਿੰਦੀ ਅਤੇ ਉਰਦੂ ਦਾ ਵਿਕਾਸ ਹੋਇਆ, ਜਿਹੜੀਆਂ ਕਿ ਅਸੀਂ ਅੱਜ ਵੀ ਬੋਲਦੇ ਹਾਂ।

(3) ਮੱਧਕਾਲੀਨ ਯੁੱਗ ਵਿੱਚ ਸਾਡੇ ਬਹੁਤ ਸਾਰੇ ਸਮਾਜਿਕ ਰੀਤੀ-ਰਿਵਾਜ਼ਾਂ, ਰਵਾਇਤਾਂ ਅਤੇ ਧਾਰਮਿਕ ਵਿਸ਼ਵਾਸਾਂ ਦੀ ਉੱਤਪਤੀ ਹੋਈ।

(4) ਇਸ ਸਮੇਂ ਦੌਰਾਨ ਭਾਰਤ ਅਤੇ ਸੰਸਾਰ ਵਿੱਚ ਬਹੁਤ ਜ਼ਿਆਦਾ ਆਪਸੀ ਸੰਬੰਧ ਸਥਾਪਿਤ ਹੋਏ। ਵਪਾਰ ਦੇ ਕਾਰਨ ਸੰਸਾਰ ਦੇ ਵੱਖ-ਵੱਖ ਹਿੱਸਿਆਂ ਦੇ ਲੋਕਾਂ ਵਿੱਚ ਆਪਸੀ ਸੰਪਰਕ ਪੈਦਾ ਹੋਇਆ। ਉਸ ਸਮੇਂ ਆਪਸੀ ਲੈਣ-ਦੇਣ ਬਹੁਤ ਜ਼ਿਆਦਾ ਵੱਧ ਗਿਆ ਸੀ। ਭਾਰਤ ਨੇ ਹੋਰ ਦੇਸ਼ਾਂ ਦੇ ਰੀਤੀ-ਰਿਵਾਜਾਂ ਵਿੱਚੋਂ ਬਹੁਤ ਸਾਰੀ ਸਮੱਗਰੀ ਅਪਣਾਈ।

(5) ਭਗਤੀ ਅਤੇ ਸੂਫੀ ਸੰਤਾਂ ਨੇ ਹਿੰਦੂ ਧਰਮ ਅਤੇ ਇਸਲਾਮ ਧਰਮ ਦੇ ਮੂਲ ਸਿਧਾਂਤਾਂ ਬਾਰੇ ਚੰਗੀ ਸੋਚ ਉਤਪੰਨ ਕੀਤੀ।

(6) ਇਸ ਕਾਲ ਦੌਰਾਨ ਵਪਾਰ ਅਤੇ ਵਣਜ ਦਾ ਵਿਕਾਸ ਕਰਨ ਲਈ ਵਿਸ਼ੇਸ਼ ਸੁਧਾਰ ਕੀਤੇ ਗਏ।

## ਇਤਿਹਾਸਿਕ ਸ੍ਰੋਤ

ਭਾਰਤੀ ਮੱਧਕਾਲੀਨ ਯੁੱਗ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਤਿਹਾਸਕਾਰ **ਪੁਰਾਤੱਤਵ** ਅਤੇ **ਸਾਹਿਤਕ** ਸਮੱਗਰੀ ਤੇ ਨਿਰਭਰ ਕਰਦੇ ਹਨ।

### (ੳ) ਪੁਰਾਤੱਤਵ ਸ੍ਰੋਤ :

ਪੁਰਾਤੱਤਵ ਸ੍ਰੋਤਾਂ ਵਿੱਚ ਪ੍ਰਾਚੀਨ ਸਮਾਰਕ, ਮੰਦਰ, ਸ਼ਿਲਾਲੇਖ, ਸਿੱਕੇ, ਬਰਤਨ, ਸੰਦ, ਹਥਿਆਰ, ਗਹਿਣੇ ਅਤੇ ਚਿੱਤਰ ਆਦਿ ਸ਼ਾਮਲ ਹਨ।

(1) **ਪ੍ਰਾਚੀਨ ਇਮਾਰਤਾਂ** ਵਿੱਚ ਮੰਦਰ ਜਿਵੇਂ ਕਿ ਖਜੁਰਾਹੋ, ਭੁਵਨੇਸ਼ਵਰ, ਕੋਨਾਰਕ ਆਦਿ, ਮਸਜਿਦਾਂ ਜਿਵੇਂ ਕਿ ਜਾਮਾ ਮਸਜਿਦ, ਮੋਤੀ ਮਸਜਿਦ ਆਦਿ, ਕਿਲ੍ਹੇ (ਲਾਲ ਕਿਲ੍ਹਾ, ਆਗਰੇ ਦਾ ਕਿਲ੍ਹਾ) ਸਤੰਭ (ਕੁਤਬ ਮਿਨਾਰ), ਮਹਿਲ (ਜੈਸਲਮੇਰ, ਜੈਪੁਰ) ਆਦਿ ਸ਼ਾਮਲ ਹਨ।



*ਚਿੱਤਰ 7.2 ਖਜੁਰਾਹੋ ਦਾ ਮਹਾਂਦੇਵ ਮੰਦਰ*

(2) **ਸ਼ਿਲਾਲੇਖਾਂ** ਤੋਂ ਸਾਨੂੰ ਮੁੱਢਲੇ ਮੱਧਕਾਲੀਨ ਯੁੱਗ ਦੀਆਂ ਮਹੱਤਵਪੂਰਨ ਘਟਨਾਵਾਂ, ਮਿਤੀਆਂ, ਸ਼ਾਸਕਾਂ ਦੇ ਵਿਅਕਤੀਗਤ ਗੁਣਾਂ, ਕਲਾ ਦੇ ਨਮੂਨਿਆਂ ਅਤੇ ਪ੍ਰਸ਼ਾਸਨਿਕ ਗਤੀਵਿਧੀਆਂ ਆਦਿ ਬਾਰੇ ਜਾਣਕਾਰੀ ਮਿਲਦੀ ਹੈ।

*ਪ੍ਰਾਚੀਨ ਕਾਲ ਵਿੱਚ ਰਾਜੇ-ਮਹਾਰਾਜੇ ਆਪਣੇ ਆਦੇਸ਼ ਕਾਂਸੇ ਦੇ ਪੱਤਰਾਂ, ਸ਼ਿਲਾਲੇਖਾਂ ਅਤੇ ਮੰਦਰਾਂ ਦੀਆਂ ਦੀਵਾਰਾਂ ਉਤੇ ਕਿਉਂ ਉਕੱਰਦੇ ਸਨ?*

(3) **ਸਿੱਕੇ** ਮੱਧਕਾਲੀਨ ਯੁੱਗ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਅਤੇ ਪ੍ਰਸਿੱਧ ਸ਼ਖ਼ਸ਼ੀਅਤਾਂ ਬਾਰੇ ਜਾਣਕਾਰੀ ਦਿੰਦੇ ਹਨ। ਕੁੱਝ ਸਿੱਕੇ ਉਸ ਸਮੇਂ ਦੀ ਆਰਥਿਕ ਦਸ਼ਾ ਆਦਿ ਬਾਰੇ ਵੀ ਜਾਣਕਾਰੀ ਦਿੰਦੇ ਹਨ।




ਚਿੱਤਰ 7.3 ਅਕਬਰ ਦੇ ਰਾਜਕਾਲ ਸਮੇਂ ਸਿੱਕੇ

## ਸਾਹਿਤਕ ਸ੍ਰੋਤ

ਭਾਰਤੀ ਮੱਧਕਾਲੀਨ ਯੁੱਗ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਤਿਹਾਸਕਾਰ ਪੁਰਾਤੱਤਵ ਸ੍ਰੋਤਾਂ ਦੇ ਨਾਲ-ਨਾਲ ਸਾਹਿਤਕ ਸ੍ਰੋਤਾਂ ਤੇ ਵੀ ਨਿਰਭਰ ਕਰਦੇ ਸਨ। ਕਿਉਂਕਿ ਇਸ ਯੁੱਗ ਵਿਚ ਕਾਗਜ਼ ਦੀ ਕੀਮਤ ਬਹੁਤ ਘੱਟ ਗਈ ਸੀ। ਇਸ ਸਮੇਂ ਕਾਗਜ਼ ਸਸਤਾ ਹੋਣ ਕਰਕੇ ਕਾਫ਼ੀ ਮਾਤਰਾ ਵਿੱਚ ਪਾਇਆ ਜਾਂਦਾ ਸੀ। ਇਸ ਕਰਕੇ ਲੋਕ ਧਾਰਮਿਕ ਗ੍ਰੰਥ, ਸ਼ਾਸਕਾਂ ਦੇ ਬ੍ਰਿਤਾਂਤ, ਸਰਕਾਰੀ ਦਸਤਾਵੇਜ਼ ਲਿਖਣ ਲਈ ਕਾਗਜ਼ ਦੀ ਵਰਤੋਂ ਕਰਦੇ ਸਨ।

*ਮੱਧਕਾਲੀਨ ਯੁੱਗ ਦੇ ਸਾਹਿਤਕ ਸ੍ਰੋਤ ਕਿਹੜੇ ਹਨ ?*

(1) ਸਾਹਿਤਕ ਸ੍ਰੋਤਾਂ ਵਿੱਚ ਸਵੈ-ਜੀਵਨੀਆਂ, ਜੀਵਨੀਆਂ, ਰਾਜਿਆਂ ਅਤੇ ਰਾਜ ਵੰਸ਼ਾਂ ਦੇ ਬ੍ਰਿਤਾਂਤ, ਦਸਤਾਵੇਜ਼ ਧਾਰਮਿਕ ਪੁਸਤਕਾਂ ਆਦਿ ਸ਼ਾਮਲ ਹਨ। ਇਹਨਾਂ ਤੋਂ ਸਾਨੂੰ ਮੱਧਕਾਲੀਨ ਯੁੱਗ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।



ਚਿੱਤਰ 7.4 ਇਕ ਸਾਹਿਤਕ ਸ੍ਰੋਤ

(2) **ਵਿਦੇਸ਼ੀ ਯਾਤਰੀਆਂ ਦੇ ਲੇਖ**

ਮੱਧਕਾਲੀਨ ਯੁੱਗ ਦੌਰਾਨ ਯਾਤਰੀਆਂ ਦੁਆਰਾ ਲਿਖੇ ਗਏ ਲੇਖ, ਹੋਰ ਮਹੱਤਵਪੂਰਨ ਸਾਹਿਤਿਕ ਸ੍ਰੋਤ ਹਨ। ਇਸ ਸਮੇਂ ਦੌਰਾਨ ਭਾਰਤ ਦੀ ਯਾਤਰਾ ਕਰਦੇ ਹੋਏ ਮੁਸਲਿਮ ਯਾਤਰੀਆਂ ਨੇ ਵੀ ਲੇਖ ਲਿਖੇ ਸਨ।

ਜਿਵੇਂ ਕਿ **ਇਬਨਬਤੂਤਾ** ਦੇ **ਕਿਤਾਬ-ਉਲ-'ਰਿਹੇਲਾ ਲੇਖ'** ਵਿੱਚ ਮੁਹੰਮਦ-ਬਿਨ-ਤੁਗ਼ਲਕ ਦੇ ਰਾਜਕਾਲ ਬਾਰੇ ਜਾਣਕਾਰੀ ਮਿਲਦੀ ਹੈ। **ਅਲਬਰੂਨੀ** ਨੇ ਵੀ ਭਾਰਤ ਵਿੱਚ ਆਪਣੇ ਠਹਿਰਨ ਸੰਬੰਧੀ ਲੇਖ ਲਿਖਿਆ ਸੀ। **ਅਬਦੁਲ ਰਜ਼ਾਕ** ਨੇ ਵਿਜੈਨਗਰ ਰਾਜ ਦੀ ਯਾਤਰਾ ਕੀਤੀ ਅਤੇ ਉਸ ਸਮੇਂ ਰਾਜ ਦੀ ਮੌਜੂਦਾ ਸਥਿਤੀ ਬਾਰੇ ਲੇਖ ਲਿਖਿਆ। ਇਸ ਦੇ ਇਲਾਵਾ ਯੂਰਪੀਨ ਯਾਤਰੀਆਂ ਨੇ ਭਾਰਤ ਵਿੱਚ ਆਪਣੀ ਯਾਤਰਾ ਸਮੇਂ ਲਿਖੇ ਗਏ ਲੇਖ ਵਿੱਚ ਉਸ ਸਮੇਂ ਭਾਰਤ ਦੀ ਦਸ਼ਾ ਬਾਰੇ ਜਾਣਕਾਰੀ ਦਿੱਤੀ।



ਚਿੱਤਰ 7.5 ਮੁਗ਼ਲ ਚਿੱਤਰਕਾਰੀ

(3) **ਚਿੱਤਰਕਾਰੀ**

**ਚਿੱਤਰਕਾਰੀ ਤੋਂ** ਵੀ ਮੱਧਕਾਲੀਨ ਯੁੱਗ ਬਾਰੇ ਆਮ ਜਾਣਕਾਰੀ ਦੇ ਨਾਲ਼-ਨਾਲ਼ ਕਲਾ ਦੇ ਵਿਕਾਸ, ਖ਼ਾਸ ਕਰਕੇ ਉਸ ਸਮੇਂ ਦੀ ਚਿੱਤਰਕਾਰੀ ਬਾਰੇ ਜਾਣਕਾਰੀ ਮਿਲਦੀ ਹੈ।

(4) **ਸੰਗੀਤ**

ਚਿੱਤਰਕਾਰੀ ਦੇ ਨਾਲ-ਨਾਲ **ਸੰਗੀਤ** ਵੀ ਇਤਿਹਾਸਿਕ ਜਾਣਕਾਰੀ ਪ੍ਰਾਪਤ ਕਰਨ ਦਾ ਇੱਕ ਚੰਗਾ ਸ੍ਰੋਤ ਹੈ। ਮੁਗ਼ਲ ਸ਼ਾਸਕ ਸੰਗੀਤ ਦੇ ਬਹੁਤ ਪ੍ਰੇਮੀ ਸਨ। ਇਸ ਲਈ ਉਹਨਾਂ ਦੇ ਰਾਜਕਾਲ ਵਿੱਚ ਸੰਗੀਤ ਦਾ ਬਹੁਤ ਵਿਕਾਸ ਹੋਇਆ। ਅਕਬਰ ਮੁਗ਼ਲ ਸ਼ਾਸਕ ਨੇ ਬਹੁਤ ਸਾਰੇ ਸੰਗੀਤਕਾਰਾਂ ਦੀ ਸਰਪ੍ਰਸਤੀ ਕੀਤੀ। ਉਹਨਾਂ ਵਿੱਚੋਂ **ਤਾਨਸੇਨ** ਇਕ ਪ੍ਰਸਿੱਧ ਸੰਗੀਤਕਾਰ ਸੀ। ਇਸ ਲਈ ਸੰਗੀਤ ਵੀ ਇਤਿਹਾਸਿਕ ਜਾਣਕਾਰੀ ਦਾ ਇਕ ਚੰਗਾ ਸ੍ਰੋਤ ਹੈ। ਇਹ ਹਿੰਦੂ ਅਤੇ ਮੁਸਲਿਮ ਸਭਿਆਚਾਰ ਦੇ ਮਿਸ਼ਰਣ ਵੱਲ ਸੰਕੇਤ ਕਰਦਾ ਹੈ।



ਚਿੱਤਰ 7.6 ਤਾਨਸੇਨ

## ਯਾਦ ਰੱਖਣ ਯੋਗ ਨੁਕਤੇ

1. **ਭਾਰਤੀ ਉਪਮਹਾਂਦੀਪ ਵਿਚ ਸ਼ਾਮਿਲ ਦੇਸ਼ :**
   ਅਫ਼ਗਾਨਿਸਤਾਨ, ਪਾਕਿਸਤਾਨ, ਨੇਪਾਲ, ਭੂਟਾਨ, ਭਾਰਤ ਅਤੇ ਬੰਗਲਾ ਦੇਸ਼।
2. ਮੱਧਕਾਲੀਨ ਯੁੱਗ : ਇਤਿਹਾਸ ਦੇ ਪ੍ਰਾਚੀਨ ਯੁੱਗ ਅਤੇ ਆਧੁਨਿਕ ਯੁੱਗ ਦੇ ਵਿਚਕਾਰਲੇ ਯੁੱਗ ਨੂੰ ਮੱਧਕਾਲੀਨ ਯੁੱਗ ਕਿਹਾ ਜਾਂਦਾ ਹੈ।
3. ਮੱਧਕਾਲੀਨ ਯੁੱਗ : ਮੁੱਢਲਾ ਮੱਧਕਾਲੀਨ ਯੁੱਗ 8ਵੀਂ ਸਦੀ ਤੋਂ 13ਵੀਂ ਸਦੀ ਤੱਕ ਅਤੇ ਉੱਤਰ ਮੱਧਕਾਲੀਨ ਯੁੱਗ 13ਵੀਂ ਸਦੀ ਤੋਂ 18ਵੀਂ ਸਦੀ ਤੱਕ ਵੰਡਿਆ ਹੋਇਆ ਹੈ।
4. **ਇਤਿਹਾਸਿਕ ਸ੍ਰੋਤ :**
   (1) **ਪੁਰਾਤੱਤਵ ਸ੍ਰੋਤ** : ਸਮਾਰਕ, ਮੰਦਰ, ਸ਼ਿਲਾਲੇਖ, ਸਿੱਕੇ, ਬਰਤਨ, ਗਹਿਣੇ ਆਦਿ।
   (2) **ਸਾਹਿਤਕ ਸ੍ਰੋਤ** : ਜੀਵਨੀਆਂ, ਸਵੈ-ਜੀਵਨੀਆਂ ਬ੍ਰਿਤਾਂਤ, ਵਿਦੇਸ਼ੀ ਯਾਤਰੀਆਂ ਦੇ ਲੇਖ, ਚਿੱਤਰਕਾਰੀ, ਸੰਗੀਤ ਆਦਿ।
5. **ਪ੍ਰਮੁੱਖ ਇਤਿਹਾਸਿਕ ਪ੍ਰਵਿਰਤੀਆਂ** : ਮੱਧਕਾਲੀਨ ਯੁੱਗ ਵਿੱਚ ਮਿਸ਼ਰਤ ਸਭਿਆਚਾਰ ਦਾ ਵਿਕਾਸ, ਭਾਸ਼ਾਵਾਂ ਦਾ ਵਿਕਾਸ, ਸਮਾਜਿਕ ਰੀਤੀ-ਰਿਵਾਜਾਂ ਅਤੇ ਧਾਰਮਿਕ ਵਿਸ਼ਵਾਸਾਂ ਦਾ ਵਿਕਾਸ, ਭਾਰਤ ਦੇ ਸੰਸਾਰ ਨਾਲ ਸਬੰਧਾਂ ਵਪਾਰ ਅਤੇ ਵਣਜ ਦਾ ਵਿਕਾਸ ਹੋਇਆ।

## ਅਭਿਆਸ

### (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

1. ਇਤਿਹਾਸ ਵਿਚ ਭਾਰਤੀ ਉਪਮਹਾਂਦੀਪ ਦੇ ਕਿਹੜੇ-ਕਿਹੜੇ ਨਾਂ ਰੱਖੇ ਗਏ ?
2. ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਨੂੰ ਕਿੰਨੇ ਯੁੱਗਾਂ ਵਿਚ ਵੰਡਿਆ ਹੈ ?
3. ਭਾਰਤੀ ਇਤਿਹਾਸ ਦੇ ਸ੍ਰੋਤ ਕਿੰਨੀ ਪ੍ਰਕਾਰ ਦੇ ਹਨ ?
4. ਵਿਦੇਸ਼ੀ ਯਾਤਰੀਆਂ ਦੇ ਲੇਖ ਕਿਵੇਂ ਮਹੱਤਵਪੂਰਨ ਇਤਿਹਾਸਿਕ ਸ੍ਰੋਤ ਹਨ ?

### (ਅ) ਹੇਠ ਲਿਖੇ ਖਾਲੀ ਸਥਾਨ ਭਰੋ :

1. ਭਾਰਤ ਵਿੱਚ .................... ਨੂੰ ਪਰਿਵਰਤਨ ਦੀ ਸਦੀ ਮੰਨਿਆ ਜਾਂਦਾ ਹੈ।
2. ਚੀਨੀਆਂ ਨੇ ਭਾਰਤ ਨੂੰ .................... ਦਾ ਨਾਂ ਦਿੱਤਾ।
3. ਸਮਾਰਕ, ਸ਼ਿਲਾਲੇਖ ਅਤੇ ਸਿੱਕੇ ਆਦਿ ਭਾਰਤੀ ਇਤਿਹਾਸ ਦੇ .................... ਸ੍ਰੋਤ ਹਨ।
4. ਤਾਨਸੇਨ ਇਕ ਪ੍ਰਸਿੱਧ .................... ਸੀ।

**(ੲ) ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗਲਤ (✗) ਦਾ ਚਿੰਨ ਲਗਾਉ :**


1. ਮੱਧਕਾਲੀਨ ਯੁੱਗ ਮੁੱਢਲਾ-ਮੱਧਕਾਲੀਨ ਯੁੱਗ ਅਤੇ ਉੱਤਰ-ਮੱਧਕਾਲੀਨ ਯੁੱਗ ਵਿਚ ਵੰਡਿਆ ਹੋਇਆ ਸੀ। ☐
2. ਮੱਧਕਾਲੀਨ ਯੁੱਗ ਦੌਰਾਨ ਬਹੁਤ ਸਾਰੇ ਸਮਾਜਿਕ ਰੀਤੀ-ਰਿਵਾਜ਼, ਅਤੇ ਧਾਰਮਿਕ ਵਿਸ਼ਵਾਸ ਹੋਂਦ ਵਿੱਚ ਨਹੀਂ ਆਏ ਸਨ। ☐
3. ਮੱਧਕਾਲੀਨ ਯੁੱਗ ਵਿਚ ਵਪਾਰ ਅਤੇ ਵਣਜ ਦੇ ਵਿਕਾਸ ਲਈ ਵਿਸ਼ੇਸ਼ ਸੁਧਾਰ ਕੀਤੇ ਗਏ। ☐
4. ਮੱਧਕਾਲੀਨ ਯੁੱਗ ਦੌਰਾਨ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਆਪਸੀ ਸਬੰਧ ਸਥਾਪਤ ਨਹੀਂ ਸਨ। ☐

## ਗਤੀਵਿਧੀ

1. ਭਾਰਤੀ ਉਪਮਹਾਂਦੀਪ ਦੇ ਨਕਸ਼ੇ ਵਿਚ ਅਫ਼ਗਾਨਿਸਤਾਨ, ਪਾਕਿਸਤਾਨ, ਨੇਪਾਲ, ਭੂਟਾਨ, ਭਾਰਤ ਅਤੇ ਬੰਗਲਾਦੇਸ਼ ਦੇ ਸਥਾਨ ਦਰਸਾਉ।
2. ਆਪਣੀ ਕਾਪੀ ਵਿੱਚ ਮੱਧਕਾਲੀਨ ਭਾਰਤ ਦੇ ਚਾਰ ਪ੍ਰਮੁੱਖ ਸਮਾਰਕਾਂ ਦੀਆਂ ਤਸਵੀਰਾਂ ਚਿਪਕਾਓ।

# ਅਭਿਆਸ ਲਈ

## ਭਾਰਤੀ ਉਪਮਹਾਂਦੀਪ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bhihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. TB. 991/62-A-3/213 Dated 5/5/2003)



ਪਾਠ 8

# ਨਵੇਂ ਰਾਜ ਅਤੇ ਰਾਜੇ (700-1200 ਈ:)

ਮੁੱਢਲੇ ਮੱਧਕਾਲੀਨ ਯੁੱਗ ਦੌਰਾਨ ਭਾਰਤ ਦੇ ਉੱਤਰੀ ਅਤੇ ਦੱਖਣੀ ਭਾਗਾਂ ਵਿੱਚ ਬਹੁਤ ਸਾਰੇ ਨਵੇਂ ਰਾਜਾਂ ਦਾ ਉਥਾਨ ਹੋਇਆ। ਉਸ ਸਮੇਂ ਉੱਤਰੀ ਭਾਰਤ ਵਿੱਚ ਗੁਰਜਰ-ਪ੍ਰਤਿਹਾਰ, ਪਾਲ, ਰਾਜਪੂਤ ਰਾਜ, ਗਜ਼ਨਵੀ ਅਤੇ ਗੌਰੀ ਰਾਜ ਸਥਾਪਤ ਸਨ। ਦੱਕਨ ਵਿੱਚ ਰਾਸ਼ਟਰਕੂਟ ਰਾਜ ਕਰਦੇ ਸਨ। ਇੱਥੇ ਹੋਰ ਵੀ ਬਹੁਤ ਸਾਰੇ ਛੋਟੇ-ਛੋਟੇ ਰਾਜ ਸਨ। ਦੱਖਣ ਵਿੱਚ ਪੱਲਵ, ਪਾਂਡਯ ਅਤੇ ਚੋਲ ਰਾਜ ਸਥਾਪਤ ਸਨ।

### ਕਨੌਜ ਲਈ ਸੰਘਰਸ਼

ਰਾਜਾ ਹਰਸ਼ਵਰਧਨ ਦੀ ਰਾਜਧਾਨੀ ਕਨੌਜ ਸੀ। ਕਨੌਜ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਜਿਹੜਾ ਵੀ ਕਨੌਜ ਉਤੇ ਕਬਜ਼ਾ ਕਰਦਾ ਸੀ, ਉਹ ਸਾਰੀ ਗੰਗਾ ਵਾਦੀ ਤੇ ਕਬਜ਼ਾ ਕਰ ਸਕਦਾ ਸੀ। ਸਿੱਟੇ ਵਜੋਂ ਤਿੰਨ ਸ਼ਕਤੀਆਂ ਪਾਲ, ਗੁਰਜਰ-ਪ੍ਰਤਿਹਾਰ ਅਤੇ ਰਾਸ਼ਟਰਕੂਟ ਸ਼ਾਸਕਾਂ ਵਿੱਚਕਾਰ ਕਨੌਜ ਲਈ ਸੰਘਰਸ਼ ਸ਼ੁਰੂ ਹੋ ਗਿਆ। ਇਹ ਸੰਘਰਸ਼ ਲਗਭਗ 200 ਸਾਲਾਂ ਤੱਕ ਹੁੰਦਾ ਰਿਹਾ। ਇਸ ਲਈ ਇਤਿਹਾਸਕਾਰਾਂ ਨੇ ਇਸ ਨੂੰ "ਤ੍ਰੈ-ਪੱਖੀ ਸੰਘਰਸ਼" ਕਿਹਾ ਹੈ। ਕਨੌਜ ਲਈ ਇਸ ਸੰਘਰਸ਼ ਨੇ ਤਿੰਨ ਵੰਸ਼ਾਂ ਨੂੰ ਆਰਥਿਕ ਪੱਖੋਂ ਕਮਜੋਰ ਕਰ ਦਿੱਤਾ।

### ਰਾਜਪੂਤ

ਰਾਜਾ ਹਰਸ਼ ਵਰਧਨ ਦੀ ਮੌਤ ਪਿੱਛੋਂ ਦੇਸ਼ ਬਹੁਤ ਸਾਰੇ ਵੱਡੇ ਅਤੇ ਛੋਟੇ ਰਾਜਾਂ ਵਿੱਚ ਵੰਡਿਆ ਗਿਆ। ਇਹਨਾਂ ਵਿੱਚੋਂ ਬਹੁਤ ਸਾਰੇ ਰਾਜਾਂ 'ਤੇ ਰਾਜਪੂਤਾਂ ਦਾ ਰਾਜ ਸੀ। ਉਹ ਆਪਸ ਵਿੱਚ ਲੜਦੇ ਰਹਿੰਦੇ ਸਨ। ਇਸ ਕਰਕੇ ਬਹੁਤ ਗਿਣਤੀ ਵਿੱਚ ਰਾਜ ਹੋਂਦ ਵਿੱਚ ਆਏ, ਖਤਮ ਹੋਏ ਅਤੇ ਦੁਬਾਰਾ ਸਥਾਪਿਤ ਹੋਏ। 8ਵੀਂ ਸਦੀ ਅਤੇ 13ਵੀਂ ਸਦੀ ਵਿੱਚਕਾਰ ਭਾਰਤ ਵਿੱਚ ਬਹੁਤ ਸਾਰੇ ਰਾਜਪੂਤ ਰਾਜ ਸਥਾਪਿਤ ਹੋਏ। ਇਸ ਕਰਕੇ ਇਸ ਕਾਲ ਨੂੰ **'ਰਾਜਪੂਤ ਕਾਲ'** ਕਿਹਾ ਜਾਂਦਾ ਹੈ।




*ਨਕਸ਼ਾ ਚਿੱਤਰ 8.1 ਸੱਤਵੀਂ-ਬਾਰਵੀਂ ਸਦੀਆਂ ਦੇ ਪ੍ਰਮੁੱਖ ਰਾਜ*

## ਉੱਤਰੀ ਭਾਰਤ ਵਿੱਚ ਨਵੇਂ ਰਾਜਾਂ ਦੀ ਸਥਾਪਨਾ

**(1) ਗੁਰਜਰ-ਪ੍ਰਤਿਹਾਰ ਵੰਸ਼ :** ਗੁਰਜਰ-ਪ੍ਰਤਿਹਾਰ ਸ਼ਾਸਕ ਰਾਜਸਥਾਨ ਅਤੇ ਗੁਜਰਾਤ ਦੇ ਹਿੱਸਿਆਂ ਵਿੱਚ ਰਾਜ ਕਰਦੇ ਸਨ। ਨਾਗਾਭੱਟ ਪਹਿਲੇ ਨੇ 725 ਈ: ਵਿੱਚ ਅਵੰਤੀ ਅਤੇ ਦੱਖਣੀ ਰਾਜਸਥਾਨ ਦੇ ਭਾਗਾਂ ਵਿੱਚ ਪ੍ਰਤਿਹਾਰ ਵੰਸ਼ ਦੀ ਸਥਾਪਨਾ ਕੀਤੀ। ਮਿਹਿਰਭੋਜ ਇਸ ਵੰਸ਼ ਦਾ ਸਭ ਤੋਂ ਸ਼ਕਤੀਸ਼ਾਲੀ ਸ਼ਾਸਕ ਸੀ। ਉਸ ਦੇ ਰਾਜਕਾਲ ਵਿੱਚ ਇਹ ਵੰਸ਼ ਆਪਣੀ ਚਰਮ ਸੀਮਾ 'ਤੇ ਸੀ। ਇੱਥੋਂ ਤੱਕ ਕਿ ਉਸ ਨੇ ਕਨੌਜ ਨੂੰ ਵੀ ਜਿੱਤ ਲਿਆ। ਉਸ ਦਾ ਪੁੱਤਰ ਮਹਿੰਦਰਪਾਲ ਉਸ ਦਾ ਉੱਤਰਾਧਿਕਾਰੀ ਬਣਿਆ, ਜਿਸ ਨੇ 885-910 ਈ: ਤੱਕ ਰਾਜ ਕੀਤਾ। ਪ੍ਰਤਿਹਾਰ ਸ਼ਾਸਕ **ਰਾਜਪਾਲ** ਨੇ 1018-19 ਈ: ਵਿੱਚ ਮਹਿਮੂਦ ਗਜ਼ਨਵੀ ਦੀ ਅਧੀਨਤਾ ਸਵੀਕਾਰ ਕਰ ਲਈ। ਇਸ ਲਈ ਉਹ ਰਾਜਪੂਤਾਂ ਹੱਥੋਂ ਮਾਰਿਆ ਗਿਆ। ਇਸ ਤਰ੍ਹਾਂ ਨਾਲ਼ ਗੁਰਜਰ-ਪ੍ਰਤਿਹਾਰ ਵੰਸ਼ ਦਾ ਅੰਤ ਹੋ ਗਿਆ।

*ਭਾਰਤੀ ਉਪਮਹਾਂਦੀਪ ਦੇ ਨਕਸ਼ੇ ਤੇ ਗੁਰਜਰ, ਪ੍ਰਤਿਹਾਰ, ਰਾਸ਼ਟਰਕੂਟ, ਪਾਲ, ਚੋਲ ਅਤੇ ਚੌਹਾਨ ਵੰਸ਼ ਦੇ ਰਾਜ ਦਰਸਾਉ। ਕੀ ਤੁਸੀਂ ਅਜਕੱਲ ਦੇ ਰਾਜਾਂ ਵਿਚ ਇਹਨਾਂ ਵੰਸ਼ਾਂ ਦੇ ਥਾਂਵਾਂ ਨੂੰ ਪਹਿਚਾਣ ਸਕਦੇ ਹੋ, ਜਿੱਥੇ ਉਹਨਾਂ ਦਾ ਅਧਿਕਾਰ ਸੀ ?*

**(2) ਪਾਲ ਵੰਸ਼ :** ਪਾਲ ਵੰਸ਼ ਸ਼ਾਸਕਾਂ ਨੇ ਬੰਗਾਲ, ਬਿਹਾਰ ਅਤੇ ਝਾਰਖੰਡ ਦੇ ਖੇਤਰ 'ਤੇ ਰਾਜ ਕੀਤਾ। 750 ਈ: ਵਿੱਚ ਗੋਪਾਲ ਨੇ ਬੰਗਾਲ ਅਤੇ ਬਿਹਾਰ ਵਿੱਚ ਪਾਲ ਵੰਸ਼ ਦੀ ਸਥਾਪਨਾ ਕੀਤੀ। ਉਸ ਦਾ ਪੁੱਤਰ ਧਰਮਪਾਲ ਇਸ ਵੰਸ਼ ਦਾ ਸ਼ਕਤੀਸ਼ਾਲੀ ਰਾਜਾ ਸੀ। ਉਸ ਨੇ 770-810 ਈ: ਤੱਕ ਰਾਜ ਕੀਤਾ। ਉਸ ਨੇ ਬਹੁਤ ਸਾਰੇ ਇਲਾਕੇ ਜਿੱਤੇ ਅਤੇ ਆਪਣੇ ਰਾਜ ਨੂੰ ਸਾਮਰਾਜ ਵਿੱਚ ਤਬਦੀਲ ਕੀਤਾ। ਉਹ ਇੱਕ ਬੋਧੀ ਸੀ। ਉਸ ਨੇ ਵਿਕ੍ਰਮਸ਼ਿਲਾ ਵਿਹਾਰ ਦੀ ਸਥਾਪਨਾ ਕੀਤੀ ਜੋ ਕਿ ਬਾਅਦ ਵਿੱਚ ਇਕ ਮਹਾਨ ਯੂਨੀਵਰਸਿਟੀ ਬਣਿਆ। ਉਸ ਦਾ ਉੱਤਰਾਧਿਕਾਰੀ ਦੇਵਪਾਲ ਵੀ ਇਕ ਪ੍ਰਸਿੱਧ ਸ਼ਾਸਕ ਹੋਇਆ। ਪਾਲ ਸ਼ਾਸਕਾਂ ਦੇ ਸ਼ਾਸਨ ਸਮੇਂ ਭਵਨ ਉਸਾਰੀ, ਚਿੱਤਰਕਾਰੀ, ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਬਹੁਤ ਉੱਨਤੀ ਹੋਈ। ਪਾਲ ਵੰਸ਼ ਦੇ ਸ਼ਾਸਕ ਬੁੱਧ ਧਰਮ ਦੇ ਅਨੁਯਾਈ ਸਨ।



ਚਿੱਤਰ 8.2 *ਮਹਾਂਬੋਧੀ ਮੰਦਰ, ਬੋਧ ਗਯਾ*

ਦੇਵਪਾਲ ਨੇ ਬੋਧ ਗਯਾ ਵਿਖੇ ਇਕ ਪ੍ਰਸਿੱਧ ਮਹਾਂਬੋਧੀ ਮੰਦਰ ਬਣਵਾਇਆ। ਉਸ ਦੇ ਅਧੀਨ ਪਾਲ ਵੰਸ਼ ਨੇ ਦੱਖਣੀ-ਪੂਰਵੀ ਏਸ਼ੀਆ ਨਾਲ਼ ਵਪਾਰਕ ਸੰਬੰਧ ਸਥਾਪਿਤ ਕੀਤੇ। 12ਵੀਂ ਸਦੀ ਦੇ ਅਖੀਰ ਤੱਕ ਪਾਲ ਵੰਸ਼ ਦਾ ਅੰਤ ਹੋ ਗਿਆ।

**(3) ਰਾਸ਼ਟਰਕੂਟ ਵੰਸ਼ :** ਰਾਸ਼ਟਰਕੂਟ ਦੱਕਨ (ਕ੍ਰਿਸ਼ਨਾ ਅਤੇ ਤੁੰਗਭਦਰਾ ਨਦੀਆਂ ਦੇ ਉੱਤਰੀ ਇਲਾਕੇ ਨੂੰ ਦੱਕਨ ਕਿਹਾ ਜਾਂਦਾ ਹੈ) ਵਿੱਚ ਰਹਿੰਦੇ ਸਨ। ਦੰਤੀਦੁਰਗ ਨੇ 742 ਈ: ਵਿੱਚ ਵਰਤਮਾਨ ਮਹਾਂਰਾਸ਼ਟਰ ਵਿੱਚ ਰਾਸ਼ਟਰਕੂਟ ਵੰਸ਼ ਦੀ ਸਥਾਪਨਾ ਕੀਤੀ। ਦੰਤੀਦੁਰਗ ਦੀ ਮੌਤ ਪਿੱਛੋਂ ਕ੍ਰਿਸ਼ਨ ਪਹਿਲਾ, ਗੌਵਿੰਦ ਦੂਜਾ, ਧਰੁੱਵ, ਗੌਵਿੰਦ ਤੀਜਾ, ਅਮੋਘਵਰਸ਼ ਅਤੇ ਕ੍ਰਿਸ਼ਨ ਤੀਜਾ ਆਦਿ ਇਸ ਵੰਸ਼ ਦੇ ਸ਼ਾਸਕ ਹੋਏ ਸਨ। ਉਹਨਾਂ ਨੇ ਦੱਖਣੀ ਭਾਰਤ ਵਿੱਚ ਚਾਲੂਕਿਆਂ ਅਤੇ ਪੱਲਵਾਂ ਨਾਲ਼ ਯੁੱਧ

ਲੜੇ। ਰਾਸ਼ਟਰਕੂਟ ਸ਼ਾਸਕਾਂ ਨੇ ਕਨੌਜ ਤੇ ਕਬਜ਼ਾ ਕਰਨ ਲਈ ਪਾਲ ਅਤੇ ਪ੍ਰਤਿਹਾਰ ਸ਼ਾਸਕਾਂ ਨਾਲ਼ ਸੰਘਰਸ਼ ਕੀਤਾ।

ਰਾਸ਼ਟਰਕੂਟ ਸ਼ਾਸਕ ਧਰੁੱਵ ਨੇ ਪ੍ਰਤਿਹਾਰ ਸ਼ਾਸਕ ਵਤਸਰਾਜ ਨੂੰ ਹਰਾਇਆ। ਪਰੰਤੂ ਧਰੁੱਵ ਕਨੌਜ ਨੂੰ ਲੰਬੇ ਸਮੇਂ ਤੱਕ ਆਪਣੇ ਕਬਜ਼ੇ ਵਿੱਚ ਨਾ ਰੱਖ ਸਕਿਆ, ਕਿਉਂਕਿ ਉਸ ਦਾ ਧਿਆਨ ਉੱਤਰੀ ਭਾਰਤ ਵੱਲ ਲੱਗਾ ਸੀ। ਕ੍ਰਿਸ਼ਨ ਤੀਜੇ ਸ਼ਾਸਕ ਦੀ ਮੌਤ ਪਿੱਛੋਂ ਰਾਸ਼ਟਰਕੂਟ ਵੰਸ਼ ਦਾ ਅੰਤ ਹੋ ਗਿਆ।

ਰਾਸ਼ਟਰਕੂਟ ਸ਼ਾਸਕ ਕਲਾ ਅਤੇ ਸਿੱਖਿਆ ਦੇ ਸਰਪ੍ਰਸਤ ਸਨ। ਕ੍ਰਿਸ਼ਨ ਪਹਿਲੇ ਨੇ ਇਲੋਰਾ ਵਿਖੇ ਕੈਲਾਸ਼ ਮੰਦਰ ਬਣਵਾਇਆ। ਅਮੋਘਵਰਸ਼ ਇਕ ਚੰਗਾ ਕਵੀ ਸੀ।

ਰਾਸ਼ਟਰਕੂਟ ਸ਼ਾਸਕਾਂ ਦੇ ਦੂਜੇ ਦੇਸ਼ਾਂ ਨਾਲ਼ ਵਪਾਰਕ ਸੰਬੰਧ ਸਨ। ਮੁੱਢਲੇ ਮੱਧਕਾਲੀਨ ਯੁੱਗ ਦੌਰਾਨ ਹਿੰਦੂ ਧਰਮ ਬਹੁਤ ਮਸ਼ਹੂਰ ਸੀ। ਰਾਸ਼ਟਰਕੂਟ ਸ਼ਾਸਕਾਂ ਨੇ ਸ਼ੈਵ ਧਰਮ ਅਤੇ ਵੈਸ਼ਨਵ ਧਰਮ ਦੀ ਸਰਪ੍ਰਸਤੀ ਕੀਤੀ। ਉਹਨਾਂ ਨੇ ਜੈਨ ਧਰਮ, ਬੁੱਧ ਧਰਮ ਅਤੇ ਇਸਲਾਮ ਧਰਮ ਦੀ ਵੀ ਸਰਪ੍ਰਸਤੀ ਕੀਤੀ।

ਤੁਸੀਂ ਇਸ ਪਾਠ ਵਿੱਚ ਉੱਤਰ-ਭਾਰਤ ਦੇ ਵੱਖ-ਵੱਖ ਰਾਜਵੰਸ਼ਾਂ ਬਾਰੇ ਪੜ੍ਹਿਆ ਹੈ। ਤੁਹਾਡੇ ਅਨੁਸਾਰ ਇਹਨਾਂ ਰਾਜਵੰਸ਼ਾਂ ਵਿੱਚ ਸਭ ਤੋਂ ਤਾਕਤਵਰ ਵੰਸ਼ ਕਿਹੜਾ ਸੀ ?



*ਚਿੱਤਰ 8.3 ਕੈਲਾਸ਼ ਮੰਦਰ, ਇਲੋਰਾ*

*ਸਰਪ੍ਰਸਤ : ਕੋਈ ਪ੍ਰਭਾਵਸ਼ਾਲੀ ਵਿਅਕਤੀ ਜੋ ਕਿਸੇ ਕਲਾਕਾਰ, ਸ਼ਿਲਪਕਾਰ, ਵਿਦਵਾਨ ਆਦਿ ਸਮੂਹ ਦੀ ਸਰਪ੍ਰਸਤੀ ਕਰੇ।*

## ਉੱਤਰੀ ਭਾਰਤ ਵਿੱਚ ਸਮਾਜ, ਧਰਮ ਅਤੇ ਆਰਥਿਕ ਵਿਵਸਥਾ :

**ਸਮਾਜ :** ਮੁੱਢਲੇ ਮੱਧਕਾਲੀਨ ਯੁੱਗ ਦੌਰਾਨ ਜਾਤੀ ਪ੍ਰਥਾ ਬਹੁਤ ਕਠੋਰ ਸੀ। ਸਮਾਜ ਚਾਰ ਜਾਤਾਂ—ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਪਰੰਤੂ ਸਮਾਜ ਅੱਗੇ ਵੀ ਬਹੁਤ ਸਾਰੀਆਂ ਉਪ-ਜਾਤਾਂ ਵਿੱਚ ਵੰਡਿਆ ਹੋਇਆ ਸੀ। ਸਮਾਜ ਵਿੱਚ ਬ੍ਰਾਹਮਣਾਂ ਦਾ ਬਹੁਤ ਆਦਰ ਕੀਤਾ ਜਾਂਦਾ ਸੀ ਕਿਉਂਕਿ ਉਹ ਧਾਰਮਿਕ ਰਸਮਾਂ ਨੂੰ ਪੂਰਾ ਕਰਦੇ ਸਨ। ਕਸ਼ੱਤਰੀ ਲੋਕ ਰਾਜਾ

ਅਤੇ ਸਿਪਾਹੀ ਬਣਦੇ ਅਤੇ ਯੁੱਧ ਵਿੱਚ ਭਾਗ ਲੈਂਦੇ ਸਨ। ਵੈਸ਼ ਵਪਾਰ ਕਰਦੇ ਸਨ। ਸਮਾਜ ਵਿੱਚ ਸ਼ੂਦਰਾਂ ਨਾਲ਼ ਬੁਰਾ ਵਰਤਾਓ ਕੀਤਾ ਜਾਂਦਾ ਸੀ।

ਮੱਧਕਾਲੀਨ ਯੁੱਗ ਦੌਰਾਨ ਅੱਜਕੱਲ ਵਾਂਗ ਇਸਤਰੀਆਂ ਦਾ ਖਾਸ ਸਤਿਕਾਰ ਕੀਤਾ ਜਾਂਦਾ ਸੀ। ਉਹਨਾਂ ਨੂੰ ਉੱਚ ਸਿੱਖਿਆ ਦਿੱਤੀ ਜਾਂਦੀ ਸੀ। ਉਹ ਸਮਾਜਿਕ ਅਤੇ ਧਾਰਮਿਕ ਰਸਮਾਂ ਵਿੱਚ ਭਾਗ ਲੈਂਦੀਆਂ ਸਨ। ਉਹਨਾਂ ਨੂੰ ਆਪਣੀ ਇੱਛਾ ਅਨੁਸਾਰ ਪਤੀ ਚੁਣਨ ਦੀ ਆਜ਼ਾਦੀ ਸੀ।

**ਧਰਮ :** ਮੱਧਕਾਲੀਨ ਕਾਲ ਦੌਰਾਨ ਪ੍ਰਫੁੱਲਤ ਹੋਏ ਪ੍ਰਮੁੱਖ ਧਰਮ– ਜੈਨ ਧਰਮ, ਬੁੱਧ ਧਰਮ ਅਤੇ ਹਿੰਦੂ ਧਰਮ ਸਨ। ਪਰੰਤੂ ਰਾਜਪੂਤ ਹਿੰਦੂ ਧਰਮ ਦੇ ਅਨੁਯਾਈ ਸਨ। ਇਸ ਕਰਕੇ, ਇਸ ਧਰਮ ਨੇ ਇਹਨਾਂ ਦੇ ਰਾਜ ਕਾਲ ਵਿੱਚ ਬਹੁਤ ਉੱਨਤੀ ਕੀਤੀ।

ਮੱਧਕਾਲੀਨ ਯੁੱਗ ਦੌਰਾਨ ਉੱਤਰੀ ਭਾਰਤ ਵਿੱਚ ਸ਼ੈਵ ਅਤੇ ਵੈਸ਼ਨਵ ਧਰਮ ਬਹੁਤ ਪ੍ਰਸਿੱਧ ਸਨ। ਲੋਕ ਵਿਸ਼ਨੂੰ, ਸ਼ਿਵ ਅਤੇ ਸ਼ਕਤੀ ਆਦਿ ਦੀ ਪੂਜਾ ਕਰਦੇ ਸਨ। ਉਹ ਵਿਸ਼ਨੂੰ ਦੇ ਦਸ ਅਵਤਾਰਾਂ ਦੀ ਵੀ ਪੂਜਾ ਕਰਦੇ ਸਨ। ਇਸ ਸਮੇਂ ਦੌਰਾਨ ਭਾਰਤ ਦੇ ਉੱਤਰੀ ਅਤੇ ਦੱਖਣੀ ਭਾਗਾਂ ਵਿੱਚ ਭਗਤੀ ਲਹਿਰ ਬਹੁਤ ਪ੍ਰਸਿੱਧ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ, ਰਾਮਾਨੁਜ ਅਤੇ ਮਾਧਵ ਆਦਿ ਨੇ ਈਸ਼ਵਰ ਦੀ ਭਗਤੀ ਕਰਨ ਤੇ ਜ਼ੋਰ ਦਿੱਤਾ। ਉਹਨਾਂ ਨੇ ਲੋਕਾਂ ਨੂੰ ਸਿੱਖਿਆ ਦਿੱਤੀ ਕਿ ਪ੍ਰਮਾਤਮਾ ਦੀ ਸਾਫ਼ ਦਿਲ ਨਾਲ਼ ਪੂਜਾ ਕਰਨਾ ਹੀ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਹੈ। ਉਹ ਜਾਤੀ ਅਤੇ ਵਰਗ ਦੀ ਭਿੰਨਤਾ ਦੇ ਵੀ ਵਿਰੁੱਧ ਸਨ। ਲੋਕ ਉਹਨਾਂ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਏ।

**ਆਰਥਿਕ ਵਿਵਸਥਾ :** ਮੱਧਕਾਲੀਨ ਯੁੱਗ ਦੌਰਾਨ ਲੋਕਾਂ ਦਾ ਮੁੱਖ ਕਿੱਤਾ ਖੇਤੀ-ਬਾੜੀ ਸੀ। ਇਸ ਸਮੇਂ ਦੌਰਾਨ ਭਾਰਤੀ ਵਪਾਰ ਅਤੇ ਵਣਜ ਦਾ ਵੀ ਬਹੁਤ ਵਿਕਾਸ ਹੋਇਆ। ਇਸ ਲਈ ਭਾਰਤ ਬਾਹਰਲੇ ਦੇਸਾਂ ਵਿੱਚ ਕੀਮਤੀ ਪੱਥਰ, ਮਸਾਲੇ, ਰੇਸ਼ਮੀ, ਊਨੀ ਅਤੇ ਸੂਤੀ ਕੱਪੜੇ, ਚੰਦਨ ਦੀ ਲਕੜੀ, ਸਬਜੀਆਂ, ਨਾਰੀਅਲ ਆਦਿ ਭੇਜਦਾ ਸੀ। ਜਦਕਿ ਮੱਧ ਅਤੇ ਪੱਛਮੀ ਏਸ਼ੀਆ ਤੋਂ ਭਾਰਤ ਵਿੱਚ ਖਜੂਰਾਂ, ਸ਼ਰਾਬ, ਘੋੜੇ ਆਦਿ ਮੰਗਵਾਏ ਜਾਂਦੇ ਸਨ।

**(4) ਚੌਹਾਨ ਵੰਸ਼ :** ਯੁੱਧ ਕਰਨ ਵਾਲੇ ਰਾਜਿਆਂ ਵਿਚ ਚਾਹਮਾਨ ਵੀ ਸ਼ਾਮਲ ਸਨ ਜੋ ਬਾਅਦ ਵਿਚ ਚੌਹਾਨ ਨਾਂ ਨਾਲ ਪ੍ਰਸਿੱਧ ਹੋਏ। ਚੌਹਾਨ ਵੰਸ਼ ਦੇ ਰਾਜੇ ਦਿੱਲੀ ਅਤੇ ਅਜਮੇਰ ਅਤੇ ਆਸ-ਪਾਸ ਦੇ ਇਲਾਕਿਆਂ ਤੇ ਰਾਜ ਕਰਦੇ ਸਨ। ਉਹਨਾਂ ਨੇ ਪੱਛਮ ਅਤੇ ਪੂਰਬ ਦਿਸ਼ਾ ਵੱਲ ਆਪਣੇ ਰਾਜ ਦਾ ਵਿਸਥਾਰ ਕਰਨਾ ਚਾਹਿਆ। ਇਸ ਲਈ ਉਨ੍ਹਾਂ ਨੇ ਗੁਜਰਾਤ ਦੇ ਚਾਲੂਕਿਆਂ ਨਾਲ ਯੁੱਧ ਕੀਤਾ।

*ਚੌਹਾਨ ਵੰਸ਼ ਆਪਣੇ ਰਾਜ ਦਾ ਵਿਸਥਾਰ ਕਿਉਂ ਕਰਨਾ ਚਾਹੁੰਦੇ ਸਨ ?*

ਪ੍ਰਿਥਵੀਰਾਜ ਚੌਹਾਨ ਇਸ ਵੰਸ਼ ਦਾ ਸ਼ਕਤੀਸ਼ਾਲੀ ਸ਼ਾਸਕ ਸੀ। ਉਸ ਨੇ 1179-1192 ਈ: ਤੱਕ ਰਾਜ ਕੀਤਾ। ਉਸ ਨੇ ਮੁਹੰਮਦ ਗੌਰੀ ਨੂੰ 1191 ਈ: ਵਿੱਚ ਤਰਾਇਨ ਦੀ ਪਹਿਲੀ ਲੜਾਈ ਵਿੱਚ ਹਰਾਇਆ। ਪਰੰਤੂ ਉਹ 1192 ਈ: ਵਿੱਚ ਤਰਾਇਨ ਦੀ ਦੂਜੀ ਲੜਾਈ ਵਿੱਚ ਮੁਹੰਮਦ ਗੌਰੀ ਕੋਲੋਂ ਹਾਰ ਜਾਣ ਪਿੱਛੋਂ ਮਾਰਿਆ ਗਿਆ।



ਚਿੱਤਰ 8.4 ਪ੍ਰਿਥਵੀਰਾਜ ਚੌਹਾਨ

## ਮਹਿਮੂਦ ਗਜ਼ਨਵੀ

ਮੱਧਕਾਲੀਨ ਯੁੱਗ ਵਿੱਚ ਮਹਿਮੂਦ ਗਜ਼ਨਵੀ, ਗਜ਼ਨੀ ਰਾਜ ਦਾ ਸ਼ਾਸਕ ਸੀ, ਜੋ ਹੁਣ ਅਫ਼ਗਾਨਿਸਤਾਨ ਵਿੱਚ ਹੈ। ਉਹ ਗਜ਼ਨੀ ਰਾਜ ਨੂੰ ਉਸ ਖੇਤਰ ਦਾ ਇਕ ਸ਼ਕਤੀਸ਼ਾਲੀ ਰਾਜ ਬਣਾਉਣਾ ਚਾਹੁੰਦਾ ਸੀ। ਇਸ ਲਈ ਉਸ ਨੂੰ ਇਕ ਵੱਡੀ ਫੌਜ ਤਿਆਰ ਕਰਨ ਲਈ ਕਾਫ਼ੀ ਧਨ ਦੀ ਜ਼ਰੂਰਤ ਸੀ। ਇਸ ਕਰਕੇ ਉਸ ਨੇ ਧਨ ਇਕੱਠਾ ਕਰਨ ਲਈ ਭਾਰਤ 'ਤੇ 1001-1025 ਈ: ਤੱਕ 17 ਵਾਰ ਹਮਲੇ ਕੀਤੇ।



ਚਿੱਤਰ 8.5 ਮਹਿਮੂਦ ਗਜ਼ਨਵੀ

*ਮਹਿਮੂਦ ਗਜ਼ਨਵੀ ਦੁਆਰਾ ਭਾਰਤ 'ਤੇ ਹਮਲੇ ਕਰਨ ਦਾ ਕੀ ਕਾਰਨ ਸੀ?*

## ਮਹਿਮੂਦ ਗਜ਼ਨਵੀ ਦੇ ਪ੍ਰਮੁੱਖ ਹਮਲੇ

(1) **ਜੈਪਾਲ ਉਤੇ ਹਮਲਾ, 1001 ਈ: :** 1001 ਈ: ਵਿੱਚ ਮਹਿਮੂਦ ਗਜ਼ਨਵੀ ਨੇ ਪੰਜਾਬ ਦੇ ਹਿੰਦੂਸ਼ਾਹੀ ਰਾਜ ਦੇ ਸ਼ਾਸਕ ਜੈਪਾਲ ਤੇ ਹਮਲਾ ਕੀਤਾ।

(2) **ਆਨੰਦਪਾਲ ਉਤੇ ਹਮਲਾ, 1008 ਈ: :** ਆਨੰਦਪਾਲ ਨੇ ਉੱਜੈਨ, ਗਵਾਲੀਅਰ, ਕਾਲਿੰਜ਼ਰ, ਦਿੱਲੀ ਅਤੇ ਅਜ਼ਮੇਰ ਦੇ ਹਿੰਦੂ ਸ਼ਾਸਕਾਂ ਨੂੰ ਇਕੱਠਾ ਕਰ ਲਿਆ। ਮਹਿਮੂਦ ਗਜ਼ਨਵੀ ਨੇ ਉਹਨਾਂ 'ਤੇ ਪਿਸ਼ਾਵਰ ਦੇ ਨੇੜੇ 1008 ਈ: ਵਿੱਚ ਹਮਲਾ ਕੀਤਾ।

(3) **ਨਗਰਕੋਟ ਉਤੇ ਹਮਲਾ, 1009 ਈ: :** 1009 ਈ:ਵਿੱਚ ਮਹਿਮੂਦ ਗਜ਼ਨਵੀ ਨੇ ਵੱਡੀ ਗਿਣਤੀ ਵਿੱਚ ਫੌਜ ਸਮੇਤ ਨਗਰਕੋਟ ਉਤੇ ਹਮਲਾ ਕੀਤਾ।

(4) **ਥਾਨੇਸਰ ਉਤੇ ਹਮਲਾ, 1014 ਈ: :** ਮਹਿਮੂਦ ਗਜ਼ਨਵੀ ਨੇ 1014 ਈ: ਵਿੱਚ ਥਾਨੇਸਰ ਉਤੇ ਹਮਲਾ ਕੀਤਾ ਅਤੇ ਮੰਦਰਾਂ ਨੂੰ ਲੁੱਟਿਆ।

(5) **ਮਥੁਰਾ ਅਤੇ ਕਨੌਜ ਉਤੇ ਹਮਲਾ, 1018-19 ਈ: :** 1018–19 ਈ: ਵਿੱਚ ਮਹਿਮੂਦ ਗਜ਼ਨਵੀ ਨੇ ਮਥੁਰਾ ਅਤੇ ਕਨੌਜ ਉਤੇ ਹਮਲਾ ਕੀਤਾ।

(6) **ਕਾਲਿੰਜ਼ਰ ਉਤੇ ਹਮਲਾ, 1021 ਈ: :** ਕਾਲਿੰਜ਼ਰ ਦੇ ਸ਼ਾਸਕ ਵਿਦਿਆਧਰ ਨੇ ਮਹਿਮੂਦ ਗਜ਼ਨਵੀ ਦਾ ਟਾਕਰਾ ਕਰਨ ਲਈ ਇਕ ਵੱਡੀ ਫੌਜ ਇਕੱਠੀ ਕੀਤੀ। ਪਰੰਤੂ ਉਹ ਯੁੱਧ ਦੇ ਮੈਦਾਨ ਵਿੱਚੋਂ ਭੱਜ ਗਿਆ ਅਤੇ ਉਸ ਦੀ ਫੌਜ ਹਾਰ ਗਈ।

(7) **ਸੋਮਨਾਥ ਦੇ ਮੰਦਰ ਉਤੇ ਹਮਲਾ, 1025 ਈ: :** 1025 ਈ: ਵਿੱਚ ਮਹਿਮੂਦ ਗਜ਼ਨਵੀ ਨੇ ਕਾਠੀਆਵਾੜ ਵਿਖੇ ਸੋਮਨਾਥ ਮੰਦਰ 'ਤੇ ਹਮਲਾ ਕੀਤਾ ਅਤੇ ਉਥੋਂ ਸੈਕੜੇ ਮਣ ਸੋਨਾ, ਚਾਂਦੀ ਅਤੇ ਗਹਿਣੇ ਲੈ ਗਿਆ।

## ਮੁਹੰਮਦ ਗੌਰੀ

ਮੁਹੰਮਦ ਗੌਰੀ, ਅਫ਼ਗਾਨਿਸਤਾਨ ਦੇ ਗੌਰ ਰਾਜ ਦਾ ਸ਼ਾਸਕ ਸੀ। ਉਸ ਨੇ ਭਾਰਤ 'ਤੇ ਹਮਲਾ ਕੀਤਾ ਕਿਉਂਕਿ ਉਹ ਭਾਰਤ ਵਿੱਚ ਸਾਮਰਾਜ ਸਥਾਪਤ ਕਰਨਾ ਚਾਹੁੰਦਾ ਸੀ। ਇਸ ਲਈ 1175 ਈ: ਵਿੱਚ ਉਸ ਨੇ ਮੁਲਤਾਨ 'ਤੇ ਹਮਲਾ ਕੀਤਾ ਅਤੇ ਇਸ ਨੂੰ ਕਬਜ਼ੇ ਵਿੱਚ ਕਰ ਲਿਆ। ਫਿਰ ਉਸ ਨੇ 1178 ਈ. ਵਿੱਚ ਗੁਜਰਾਤ ਤੇ ਹਮਲਾ। ਉੱਥੇ ਦੇ ਸ਼ਾਸਕ ਭੀਮਦੇਵ ਨੇ ਉਸ ਨੂੰ ਕਰਾਰੀ ਹਾਰ ਦਿੱਤੀ। ਇਸ ਤੋਂ ਬਾਅਦ ਮੁਹੰਮਦ ਗੌਰੀ ਨੇ 1179 ਈ. ਵਿੱਚ ਪਿਸ਼ਾਵਰ ਅਤੇ 1182 ਈ. ਵਿੱਚ ਸਿਆਲਕੋਟ ਅਤੇ ਪੰਜਾਬ ਤੇ ਜਿੱਤ ਪ੍ਰਾਪਤ ਕੀਤੀ।



*ਚਿੱਤਰ 8.6 ਮੁਹੰਮਦ ਗੌਰੀ*

1191 ਈ: ਵਿੱਚ ਮੁਹੰਮਦ ਗੌਰੀ ਨੇ ਦਿੱਲੀ ਅਤੇ ਅਜਮੇਰ ਦੇ ਸ਼ਾਸਕ ਪ੍ਰਿਥਵੀਰਾਜ ਚੌਹਾਨ 'ਤੇ ਹਮਲਾ ਕਰ ਦਿੱਤਾ। ਦੋਹਾਂ ਵਿਚਕਾਰ ਤਰਾਇਨ ਦੇ ਮੈਦਾਨ ਵਿੱਚ ਭਿਆਨਕ ਲੜਾਈ ਹੋਈ।

ਇਸ ਲੜਾਈ ਵਿੱਚ ਮੁਹੰਮਦ ਗੌਰੀ ਹਾਰ ਗਿਆ। ਉਹ 1192 ਈ: ਵਿੱਚ ਫਿਰ ਇਕ ਵੱਡੀ ਫੌਜ ਸਮੇਤ ਆਇਆ ਅਤੇ ਉਸ ਨੇ ਪ੍ਰਿਥਵੀਰਾਜ ਚੌਹਾਨ ਨੂੰ ਤਰਾਇਨ ਦੀ ਦੂਜੀ ਲੜਾਈ ਵਿੱਚ ਹਰਾ ਦਿੱਤਾ।

*ਮੁਹੰਮਦ ਗੌਰੀ ਦੁਆਰਾ ਭਾਰਤ 'ਤੇ ਹਮਲੇ ਦਾ ਕੀ ਕਾਰਨ ਸੀ ?*

1194 ਈ: ਵਿੱਚ ਮੁਹੰਮਦ ਗੌਰੀ ਨੇ ਕਨੌਜ ਦੇ ਰਾਜਾ ਜੈ ਚੰਦ ਨੂੰ ਚੰਦਵਾੜਾ ਦੀ ਲੜਾਈ ਵਿੱਚ ਹਰਾ ਦਿੱਤਾ। ਬਾਅਦ ਵਿੱਚ ਉਸ ਦੀ ਫੌਜ ਨੇ ਸਾਰੇ ਗੰਗਾ-ਜਮੁਨਾ ਦੁਆਬ 'ਤੇ ਕਬਜ਼ਾ ਕਰ ਲਿਆ। ਜਲਦੀ ਹੀ ਉਸ ਨੇ ਭਾਰਤ ਵਿੱਚ ਇਕ ਵਿਸ਼ਾਲ ਤੁਰਕ ਸਾਮਰਾਜ ਸਥਾਪਤ ਕਰ ਲਿਆ।

## ਯਾਦ ਰੱਖਣ ਯੋਗ ਨੁਕਤੇ

1. ਮੁੱਢਲੇ ਮੱਧਕਾਲੀਨ ਯੁੱਗ ਦੌਰਾਨ ਭਾਰਤੀ ਉਪਮਹਾਂਦੀਪ ਦੇ ਉੱਤਰੀ ਭਾਗ ਵਿੱਚ ਗੁਰਜਰ-ਪ੍ਰਤਿਹਾਰ ਵੰਸ਼, ਪਾਲ ਵੰਸ਼ ਅਤੇ ਰਾਸ਼ਟਰਕੂਟ ਵੰਸ਼ ਆਦਿ ਨਵੇਂ ਰਾਜ ਸਥਾਪਤ ਹੋਏ।
2. ਮੁੱਢਲੇ ਮੱਧਕਾਲੀਨ ਦੌਰਾਨ ਭਾਰਤ ਦੇ ਉੱਤਰੀ ਭਾਗ ਵਿੱਚ ਜਾਤੀ ਪ੍ਰਥਾ ਬਹੁਤ ਕਠੋਰ ਸੀ। ਸਮਾਜ ਚਾਰ ਵਰਗ-ਬ੍ਰਾਹਮਣ ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ।
3. ਮੁੱਢਲੇ ਮੱਧਕਾਲੀਨ ਦੌਰਾਨ ਉੱਤਰੀ ਭਾਰਤ ਵਿੱਚ ਜੈਨ ਧਰਮ, ਬੁੱਧ ਧਰਮ, ਸ਼ੈਵ ਅਤੇ ਵੈਸ਼ਨਵ ਧਰਮ ਦਾ ਵਿਕਾਸ ਹੋਇਆ।
4. ਮੁੱਢਲੇ ਮੱਧਕਾਲੀਨ ਕਾਲ ਦੌਰਾਨ ਭਾਰਤੀ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ।
5. ਕਨੌਜ ਤੇ ਜਿੱਤ ਪ੍ਰਾਪਤ ਕਰਨ ਲਈ ਪਾਲ, ਗੁਰਜਰ-ਪ੍ਰਤਿਹਾਰ ਅਤੇ ਰਾਸ਼ਟਰਕੂਟ ਵੰਸ਼ ਦੇ ਸ਼ਾਸਕਾਂ ਵਿਚਕਾਰ ਸੰਘਰਸ਼ ਹੋਇਆ।
6. ਪ੍ਰਿਥਵੀ ਰਾਜ਼ ਚੌਹਾਨ, ਚੌਹਾਨ ਜਾਂ ਚਾਹਮਾਨ ਵੰਸ਼ ਦਾ ਸ਼ਕਤੀਸ਼ਾਲੀ ਸ਼ਾਸਕ ਸੀ।
7. ਮਹਿਮੂਦ ਗਜ਼ਨਵੀ ਨੇ ਭਾਰਤ ਤੇ 17 ਵਾਰ ਹਮਲਾ ਕੀਤਾ।
8. ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ 1192 ਈ. ਵਿਚ ਤਰਾਇਨ ਦੀ ਦੂਜੀ ਲੜਾਈ ਵਿੱਚ ਹਰਾਇਆ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :**

1. ਮੱਧਕਾਲੀਨ ਯੁੱਗ ਦੌਰਾਨ ਜਾਤੀ ਪ੍ਰਥਾ ਕਿਸ ਤਰਾਂ ਦੀ ਸੀ ?
2. ਕਿਸ ਕਾਲ ਨੂੰ ਰਾਜਪੂਤ ਕਾਲ ਕਿਹਾ ਜਾਂਦਾ ਹੈ ?

3. ਮਹਿਮੂਦ ਗਜ਼ਨਵੀ ਨੇ ਭਾਰਤ ਤੇ ਹਮਲਾ ਕਿਉਂ ਕੀਤਾ ਸੀ ?

4. ਮੁਹੰਮਦ ਗੌਰੀ ਨੇ ਭਾਰਤ ਉੱਤੇ ਹਮਲਾ ਕਿਉਂ ਕੀਤਾ ਸੀ ?

**(ਅ) ਹੇਠ ਲਿਖੇ ਖਾਲੀ ਸਥਾਨ ਭਰੋ :**

1. ਮਿਹਿਰਭੋਜ .............. ਵੰਸ਼ ਦਾ ਸ਼ਕਤੀਸ਼ਾਲੀ ਸ਼ਾਸਕ ਸੀ।
2. ਦੇਵਪਾਲ ਨੇ ਬੋਧ ਗਯਾ ਵਿਖੇ .............. ਮੰਦਰ ਬਣਵਾਇਆ।
3. ਰਾਸ਼ਟਰਕੂਟ ਸ਼ਾਸਕ .............. ਦੇ ਸਰਪ੍ਰਸਤ ਸਨ।

**(ੲ) ਜੋੜੇ ਬਣਾਉ :**


| | | |
|---|---|---|
| 1. | ਗੁਰਜਰ-ਪ੍ਰਤਿਹਾਰ ਸ਼ਾਸਕ | ਬੰਗਾਲ, ਬਿਹਾਰ ਅਤੇ ਝਾਰਖੰਡ |
| 2. | ਪਾਲ ਸ਼ਾਸਕ | ਰਾਜਸਥਾਨ ਅਤੇ ਗੁਜਰਾਤ |
| 3. | ਰਾਸ਼ਟਰਕੂਟ ਸ਼ਾਸਕ | ਦੱਕਨ |

**ਗਤੀਵਿਧੀ**

ਇਸ ਪਾਠ ਵਿੱਚ ਵਿਖਾਏ ਗਏ ਮੰਦਰਾਂ ਨਾਲ ਆਪਣੇ ਆਸ-ਪਾਸ ਦੇ ਮੰਦਰਾਂ ਦੀ ਤੁਲਨਾ ਕਰੋ ਅਤੇ ਇਹਨਾਂ ਵਿਚਕਾਰ ਸਮਾਨਤਾਵਾਂ ਜਾਂ ਭਿੰਨਤਾਵਾਂ ਬਾਰੇ ਵਰਨਣ ਕਰੋ।

# ਅਭਿਆਸ ਲਈ

## ਸੱਤਵੀਂ -ਬਾਰ੍ਹਵੀਂ ਸਦੀ ਨਵੇਂ ਰਾਜ ਅਤੇ ਰਾਜੇ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bhihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/20**03**)




# ਦੱਖਣੀ ਭਾਰਤ ਵਿੱਚ ਰਾਜਨੀਤਿਕ ਪ੍ਰਗਤੀਆਂ (700-1200 ਈ:)

## ਦੱਖਣੀ ਭਾਰਤ ਵਿਚ ਨਵੇਂ ਰਾਜਾਂ ਦੀ ਸਥਾਪਨਾ

ਮੱਧਕਾਲੀਨ ਕਾਲ ਦੌਰਾਨ ਉੱਤਰੀ ਭਾਰਤ ਵਾਂਗ ਦੱਖਣੀ ਭਾਰਤ ਵਿੱਚ ਬਹੁਤ ਸਾਰੇ ਰਾਜਪੂਤ ਰਾਜ ਸਥਾਪਤ ਹੋਏ ਸਨ। ਪਰੰਤੂ ਉਨ੍ਹਾਂ ਵਿੱਚੋਂ ਪੱਲਵ, ਪਾਂਡਯ ਅਤੇ ਚੋਲ ਰਾਜ ਬਹੁਤ ਸ਼ਕਤੀਸ਼ਾਲੀ ਸਨ। ਉਹ ਤਿੰਨੇ ਰਾਜ ਆਪਣੀ-ਆਪਣੀ ਪ੍ਰਭੂਸੱਤਾ ਲਈ ਆਪਸ ਵਿੱਚ ਲੜਦੇ ਰਹਿੰਦੇ ਸਨ।

### ਪੱਲਵ ਸ਼ਾਸਕ :

5ਵੀਂ ਅਤੇ 6ਵੀਂ ਸਦੀ ਦੌਰਾਨ, **ਸਾਤਵਾਹਨਾਂ** ਦੇ ਪਤਨ ਤੋਂ ਬਾਅਦ ਪੱਲਵ ਸ਼ਕਤੀਸ਼ਾਲੀ ਸ਼ਾਸਕ ਬਣ ਗਏ ਸਨ। ਮਹਿੰਦਰ ਵਰਮਨ ਪਹਿਲਾ ਅਤੇ ਨਰਸਿੰਘ ਵਰਮਨ ਪਹਿਲਾ ਪੱਲਵ ਵੰਸ਼ ਦੇ ਦੋ ਪ੍ਰਮੁੱਖ ਸ਼ਾਸਕ ਸਨ। ਉਨ੍ਹਾਂ ਨੇ ਚੋਲ, ਚੇਰ ਅਤੇ ਪਾਂਡਯ ਸ਼ਾਸਕਾਂ ਨੂੰ ਹਰਾ ਕੇ ਆਪਣੇ ਰਾਜ ਦਾ ਬਹੁਤ ਵਿਸਥਾਰ ਕੀਤਾ। ਉਨ੍ਹਾਂ ਨੇ ਕਾਂਚੀ ਨੂੰ ਆਪਣੀ ਰਾਜਧਾਨੀ ਬਣਾਇਆ।

ਇਸ ਦੇ ਇਲਾਵਾ ਪੱਲਵ ਸ਼ਾਸਕਾਂ ਨੇ ਕਲਾ ਅਤੇ ਭਵਨ ਉਸਾਰੀ ਕਲਾ ਨੂੰ ਵੀ ਸਰਪ੍ਰਸਤੀ ਦਿੱਤੀ। ਉਨ੍ਹਾਂ ਨੇ ਮਹਾਂਬਲੀਪੁਰਮ ਵਿਖੇ ਸ਼ੋਰ ਮੰਦਰ ਅਤੇ ਰੱਥ ਮੰਦਰ ਬਣਵਾਇਆ। ਉਨ੍ਹਾਂ ਨੇ ਕਾਂਚੀਪੁਰਮ ਵਿਖੇ ਕੈਲਾਸ਼ਨਾਥ ਮੰਦਰ ਵੀ ਬਣਵਾਇਆ। ਪਰੰਤੂ 9ਵੀਂ ਸਦੀ ਵਿੱਚ ਚੋਲ ਸ਼ਾਸਕਾਂ ਨੇ ਪੱਲਵਾਂ ਨੂੰ ਹਰਾ ਦਿੱਤਾ ਅਤੇ ਪੱਲਵ ਵੰਸ਼ ਦਾ ਪਤਨ ਹੋ ਗਿਆ।



*ਚਿੱਤਰ 9.1 ਸ਼ੋਰ ਮੰਦਰ, ਮਹਾਂਬਲੀਪੁਰਮ*




*ਚਿੱਤਰ 9.2* ਦਸਵੀਂ-ਗਿਆਰਵੀਂ ਸਦੀ ਦਾ ਭਾਰਤ



*ਚਿੱਤਰ 9.3 ਰੱਥ ਮੰਦਰ, ਮਹਾਂਬਲੀਪੁਰਮ*

**ਪਾਂਡਯ ਸ਼ਾਸਕ :**

ਮੱਧਕਾਲੀਨ ਯੁੱਗ ਦੌਰਾਨ ਪਾਂਡਯ ਰਾਜ ਤਾਮਿਲਨਾਡੂ ਦੇ ਦੱਖਣੀ ਭਾਗਾਂ ਵਿੱਚ ਸਥਾਪਿਤ ਸੀ। ਇਸ ਰਾਜ ਦੀ ਰਾਜਧਾਨੀ ਨੂੰ ਮਦੁਰਾਇ ਜਾਂ ਮਦੁਰਾ ਕਿਹਾ ਜਾਂਦਾ ਸੀ। ਇਹ ਸਿੱਖਿਆ ਦਾ ਇੱਕ ਮਹੱਤਵਪੂਰਨ ਕੇਂਦਰ ਸੀ। ਮਾਰਕੋ ਪੋਲੋ ਨੇ ਪਾਂਡਯ ਰਾਜ ਦੀ ਯਾਤਰਾ ਕੀਤੀ ਅਤੇ ਇੱਕ ਬ੍ਰਿਤਾਂਤ ਲਿਖਿਆ। 14ਵੀਂ ਸਦੀ ਵਿੱਚ ਪਾਂਡਯ ਰਾਜ ਦਾ ਪਤਨ ਹੋ ਗਿਆ।

**ਚੋਲ ਸ਼ਾਸਕਾਂ ਬਾਰੇ ਵਿਸ਼ੇਸ਼ ਅਧਿਐਨ (846-1267 ਈ:)**

ਮੱਧਕਾਲੀਨ ਯੁੱਗ ਵਿਚ ਦੱਖਣੀ ਭਾਰਤ ਵਿੱਚ ਚੋਲ ਸ਼ਾਸਕਾਂ ਨੇ ਇੱਕ ਸ਼ਕਤੀਸ਼ਾਲੀ ਰਾਜ ਦੀ ਸਥਾਪਨਾ ਕੀਤੀ। ਇਸ ਰਾਜ ਦਾ ਪਹਿਲਾ ਸ਼ਾਸਕ ਵਿਜਯਾਲਯ ਸੀ। ਉਸ ਨੇ ਪੱਲਵਾਂ ਕੋਲੋ ਤੰਜੌਰ ਨੂੰ ਜਿੱਤ ਲਿਆ ਅਤੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। ਪ੍ਰਾਂਤਕ ਪਹਿਲਾ ਚੋਲ ਰਾਜ ਦਾ ਇੱਕ ਸ਼ਕਤੀਸ਼ਾਲੀ ਸ਼ਾਸਕ ਸੀ। ਉਸ ਨੇ ਪਾਂਡਯ ਸ਼ਾਸਕ ਨੂੰ ਹਰਾ ਕੇ ਉਸ ਦੀ ਰਾਜਧਾਨੀ ਮਦੁਰਾ ਤੇ ਕਬਜ਼ਾ ਕਰ ਲਿਆ। ਉਹ ਬਾਅਦ ਵਿੱਚ 949 ਈ: ਦੀ ਤਕੋਲਮ ਦੀ ਲੜਾਈ ਵਿੱਚ ਰਾਸ਼ਟਰਕੂਟ ਸ਼ਾਸਕ ਕ੍ਰਿਸ਼ਨ ਤੀਜੇ ਤੋਂ ਹਾਰ ਗਿਆ। ਇਸ ਹਾਰ ਤੋਂ ਬਾਅਦ ਚੋਲ ਸ਼ਾਸਕ ਸ਼ਕਤੀਹੀਣ ਹੋ ਗਏ। ਪਰੰਤੂ ਰਾਜਰਾਜ ਪਹਿਲਾ ਅਤੇ ਰਜਿੰਦਰ ਚੋਲ ਨੇ ਇਸ ਰਾਜ ਰਾਜ ਨੂੰ ਮੁੜ ਹੋਂਦ ਵਿੱਚ ਲਿਆਂਦਾ ਅਤੇ ਦੱਖਣੀ ਭਾਰਤ ਵਿੱਚ ਚੋਲ ਸ਼ਾਸਕਾਂ ਨੂੰ ਇਕ ਮਹਾਨ ਸ਼ਕਤੀ ਬਣਾਇਆ।

**ਰਾਜਰਾਜਾ ਪਹਿਲਾ (985-1014 ਈ:) —** ਰਾਜਰਾਜਾ ਪਹਿਲੇ ਨੂੰ **ਰਾਜਰਾਜਾ ਚੋਲ** ਵੀ ਆਖਿਆ ਜਾਂਦਾ ਸੀ। ਉਹ ਚੋਲ ਵੰਸ਼ ਦਾ ਮਹਾਨ ਅਤੇ ਸ਼ਕਤੀਸ਼ਾਲੀ ਸ਼ਾਸਕ ਸੀ। ਉਸ ਨੇ 985-1015 ਈ: ਤੱਕ ਰਾਜ ਕੀਤਾ। ਉਸ ਨੇ ਚੇਰ, ਪਾਂਡਯ ਅਤੇ ਸ੍ਰੀ ਲੰਕਾ ਦੇ ਰਾਜਿਆਂ ਨੂੰ ਹਰਾ ਕੇ ਉਨ੍ਹਾਂ ਦੇ ਬਹੁਤ ਸਾਰੇ ਮਹੱਤਵਪੂਰਨ ਇਲਾਕੇ ਆਪਣੇ ਕਬਜ਼ੇ ਵਿੱਚ ਕਰ ਲਏ ਸਨ। ਉਸ ਨੇ ਬੜੀ ਦਿਲਚਸਪੀ ਨਾਲ ਸਮੁੰਦਰੀ ਸ਼ਕਤੀ ਦਾ ਅਧੁਨਿਕੀਕਰਣ ਕੀਤਾ। ਉਸ ਨੇ ਸ਼ਾਸਨ ਪ੍ਰਬੰਧ ਵਿੱਚ ਬਹੁਤ ਸੁਧਾਰ ਕੀਤੇ। ਉਸ ਨੇ ਤੰਜੌਰ ਵਿੱਚ ਇੱਕ ਪ੍ਰਸਿੱਧ **ਰਾਜ ਰਾਜੇਸ਼ਵਰ** ਮੰਦਰ ਬਣਵਾਇਆ।

**ਰਾਜਿੰਦਰ ਚੋਲ (1014-1044 ਈ:)—** ਰਾਜਿੰਦਰ ਚੋਲ ਨੇ ਚੋਲ ਰਾਜ ਦਾ ਵਿਸਥਾਰ ਕੀਤਾ। ਉਸ ਨੇ ਪਾਂਡਯ, ਚੇਰ ਅਤੇ ਸ੍ਰੀ ਲੰਕਾ ਦੇ ਸ਼ਾਸਕਾਂ ਨੂੰ ਹਰਾ ਕੇ ਉਨ੍ਹਾਂ ਦੇ ਇਲਾਕੇ ਜਿੱਤ ਲਏ ਸਨ। ਗੰਗਾ ਦੇ ਇਲਾਕੇ ਜਿੱਤ ਲੈਣ ਨਾਲ ਉਸਨੇ 'ਗੰਗਈ ਕੌਂਡਾ ਚੋਲ' ਦੀ ਉਪਾਧੀ ਧਾਰਣ ਕਰ ਲਈ।

ਰਾਜਿੰਦਰ ਚੋਲ ਨੇ ਆਪਣੇ ਨਾਂ 'ਤੇ ਗੰਗ ਕੌਂਡਾ ਚੋਲਾਪੁਰਮ ਨਗਰ ਵਸਾਇਆ ਅਤੇ ਉਸ ਨੂੰ ਚੋਲ ਰਾਜ ਦੀ ਰਾਜਧਾਨੀ ਬਣਾ ਆ। ਦੱਖਣੀ-ਪੂਰਬੀ ਏਸ਼ੀਆ ਵਿੱਚ ਅੰਡੇਮਾਨ, ਨਿਕੋਬਾਰ, ਮਲਾਇਆ, ਸੁਮਾਤਰਾ ਅਤੇ ਜਾਵਾ ਉਸ ਦੀਆਂ ਮਹੱਤਵਪੂਰਨ ਜਿੱਤਾਂ ਸਨ। ਇਸ ਨਾਲ਼ ਚੀਨ ਅਤੇ ਦੱਖਣੀ ਭਾਰਤ ਦੇ ਆਪਸੀ ਵਪਾਰਕ ਸੰਬੰਧ ਸਥਾਪਤ ਹੋਏ। ਇਸ ਨਾਲ਼ ਚੋਲ ਰਾਜ ਦੀ ਆਮਦਨ ਵਿੱਚ ਵੀ ਬਹੁਤ ਵਾਧਾ ਹੋਇਆ। ਰਾਜਿੰਦਰ ਚੋਲ ਪਹਿਲੇ ਨੇ ਸ਼ਾਸਨ ਪ੍ਰਬੰਧ ਵਿੱਚ ਵੀ ਬਹੁਤ ਸ਼ੁਧਾਰ ਕੀਤੇ ਸਨ।

ਰਾਜਿੰਦਰ ਚੋਲ ਦੇ ਉੱਤਰਾਧਿਕਾਰੀ ਆਪਣੇ ਗੁਆਂਢੀ ਸ਼ਾਸਕਾਂ ਨਾਲ ਲੜਦੇ ਰਹਿੰਦੇ ਸਨ। ਸਿੱਟੇ ਵਜੋਂ ਚੋਲ ਰਾਜ ਦਾ ਅੰਤ ਹੋ ਗਿਆ।

## ਰਾਜ ਪ੍ਰਬੰਧ

ਚੋਲ ਰਾਜਾ ਬਹੁਤ ਸ਼ਕਤੀਸ਼ਾਲੀ ਹੁੰਦਾ ਸੀ। ਉਹ ਕੇਂਦਰੀ ਸਰਕਾਰ ਦਾ ਮੁਖੀ ਸੀ। ਉਸ ਕੋਲ ਬਹੁਤ ਸਾਰੀਆਂ ਸ਼ਕਤੀਆਂ ਹੁੰਦੀਆਂ ਸਨ। ਪਰੰਤੂ ਉਹ ਸਰਕਾਰੀ ਮਾਮਲਿਆਂ ਵਿੱਚ ਮੰਤਰੀ ਮੰਡਲ ਦੀ ਸਲਾਹ ਲੈਂਦਾ ਸੀ। ਉਹ ਰਾਜ ਪ੍ਰਬੰਧ ਦੀ ਨਿਗਰਾਨੀ ਕਰਦਾ, ਨਿਆਂ ਕਰਦਾ ਅਤੇ ਯੁੱਧ ਵਿੱਚ ਫ਼ੌਜੀ ਦਸਤੇ ਭੇਜਦਾ ਸੀ।

*ਚੋਲ ਵੰਸ਼ ਦੇ ਸ਼ਾਸਕਾਂ ਦਾ ਰਾਜ ਪ੍ਰਬੰਧ ਅੱਜਕਲ ਦੇ ਰਾਜ ਪ੍ਰਬੰਧ ਨਾਲੋਂ ਕਿਵੇਂ ਵੱਖਰਾ ਸੀ ?*

ਚੋਲ ਰਾਜ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ, ਜਿਸ ਨੂੰ **ਮੰਡਲਮ** ਕਿਹਾ ਜਾਂਦਾ ਸੀ। ਮੰਡਲਮ ਅੱਗੋਂ **ਵਲਨਾਡੂ** (ਕੋਟੱਮ) ਵਿੱਚ ਵੰਡਿਆ ਹੋਇਆ ਸੀ। ਹਰ ਇੱਕ **ਵਲਨਾਡੂ** (ਕੋਟੱਮ) ਵਿੱਚ ਪਿੰਡਾਂ ਦੀ ਨਿਸ਼ਚਿਤ ਗਿਣਤੀ ਸ਼ਾਮਲ ਹੁੰਦੀ ਸੀ। ਚੋਲ ਰਾਜ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਪਿੰਡ ਜਾਂ ਨਾਡੂ ਸੀ। ਹਰੇਕ ਪਿੰਡ ਦੀਆਂ ਦੋ ਸਭਾਵਾਂ— ਉਰ ਅਤੇ ਸਭਾ ਸਨ। ਉਰ ਦੇ ਮੈਂਬਰ ਆਮ ਪੇਂਡੂ ਲੋਕ ਸਨ। **ਸਭਾ** ਬਾਲਗ ਮਰਦਾਂ ਦਾ ਸਮੂਹ ਸੀ। ਪਿੰਡ ਦੇ ਸਾਰੇ ਕੰਮ ਜਿਵੇਂ ਕਿ ਝਗੜਿਆਂ ਦਾ ਨਿਪਟਾਰਾ ਕਰਨਾ, ਪਾਣੀ ਦੀ ਵੰਡ ਅਤੇ ਟੈਕਸ ਇਕੱਠਾ ਕਰਨਾ ਆਦਿ ਦੀ ਨਿਗਰਾਨੀ ਛੋਟੀਆਂ ਕਮੇਟੀਆਂ ਦੁਆਰਾ ਕੀਤੀ ਜਾਂਦੀ ਸੀ।

*ਕੀ ਇਸਤਰੀਆਂ ਵੀ ਉਰ ਅਤੇ ਸਭਾ ਦੀਆਂ ਸਭਾਵਾਂ ਵਿੱਚ ਹਿੱਸਾ ਲੈਂਦੀਆਂ ਸਨ ?*

ਚੋਲ ਸ਼ਾਸਕਾਂ ਕੋਲ ਇੱਕ ਸ਼ਕਤੀਸ਼ਾਲੀ ਫ਼ੌਜ ਸੀ। ਫ਼ੌਜ ਵਿੱਚ ਹਾਥੀ, ਘੋੜਸਵਾਰ ਸੈਨਾ ਅਤੇ ਪੈਦਲ ਸੈਨਾ ਸ਼ਾਮਲ ਸੀ। ਜਲ ਸੈਨਾ ਫ਼ੌਜ ਦਾ ਇੱਕ ਸ਼ਕਤੀਸ਼ਾਲੀ ਹਿੱਸਾ ਸੀ। ਚੋਲਾਂ ਦੇ ਲਗਾਨ ਦੇ ਦੋ ਪ੍ਰਮੁੱਖ ਸਾਧਨ-ਭੂਮੀ ਲਗਾਨ ਅਤੇ ਵਪਾਰ ਸਨ। ਉਸ ਸਮੇਂ ਦੂਜੇ ਦੇਸ਼ਾਂ ਨਾਲ਼ ਵਪਾਰ ਵੀ ਪ੍ਰਫੁੱਲਤ ਹੋ ਰਿਹਾ ਸੀ।

*ਕੀ ਅੱਜਕਲ ਵੀ ਭਾਰਤ ਸਰਕਾਰ ਦੁਆਰਾ ਭੂਮੀ ਲਗਾਨ ਅਤੇ ਵਪਾਰ ਕਰ ਲਗਾਏ ਜਾਂਦੇ ਹਨ ?*

## ਸਮਾਜ

ਮੱਧਕਾਲੀਨ ਭਾਰਤ ਵਿੱਚ ਸਮਾਜ ਵਿੱਚ ਕੁਲੀਨ ਵਰਗ ਦੇ ਇਲਾਵਾ ਬ੍ਰਾਹਮਣਾਂ ਅਤੇ ਵਪਾਰੀਆਂ ਦਾ ਵੀ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਵਪਾਰੀ ਅਤੇ ਸ਼ਿਲਪਕਾਰ ਸਮਾਜ ਵਿੱਚ ਬਹੁਤ ਆਨੰਦ ਮਾਣਦੇ ਸਨ। ਸਾਂਝੇ ਮੰਤਵ ਲਈ ਸਮਾਜ ਦੇ ਵੱਖ-ਵੱਖ ਵਰਗ ਇੱਕ ਦੂਜੇ ਨੂੰ ਸਹਿਯੋਗ ਦਿੰਦੇ ਸਨ। ਇਸਤਰੀ ਦਾ ਵੀ ਸਮਾਜ ਵਿੱਚ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਉਹਨਾਂ ਨੂੰ ਉੱਚ ਸਿੱਖਿਆ ਦਿੱਤੀ ਜਾਂਦੀ ਸੀ। ਕਿਸਾਨ ਅਤੇ ਮਜ਼ਦੂਰ ਕਾਮੇ ਵਰਗ ਨਾਲ਼ ਸਬੰਧ ਰੱਖਦੇ ਸਨ। ਉਹ ਬਹੁਤ ਗਰੀਬ ਹੁੰਦੇ ਸਨ। ਉਹ ਬਹੁਤ ਕਠਿਨ ਜੀਵਨ ਬਤੀਤ ਕਰਦੇ ਸਨ।

## ਧਰਮ

ਮੱਧਕਾਲੀਨ ਭਾਰਤ ਵਿੱਚ ਹਿੰਦੂ ਧਰਮ ਬਹੁਤ ਪ੍ਰਸਿੱਧ ਸੀ। ਲੋਕਾਂ ਦੁਆਰਾ ਹਿੰਦੂ ਦੇਵਤੇ ਜਿਵੇਂ ਕਿ ਵਿਸ਼ਨੂੰ ਅਤੇ ਸ਼ਿਵ ਆਦਿ ਦੀ ਪੂਜਾ ਕੀਤੀ ਜਾਂਦੀ ਸੀ। ਉਸ ਸਮੇਂ ਬੁੱਧ ਧਰਮ ਅਤੇ ਜੈਨ ਧਰਮ ਆਦਿ ਵੀ ਹੋਂਦ ਵਿੱਚ ਆਏ ਸਨ। ਇਸ ਸਮੇਂ ਦੌਰਾਨ ਬਹੁਤ ਸਾਰੀਆਂ ਧਾਰਮਿਕ ਲਹਿਰਾਂ ਦਾ ਜਨਮ ਹੋਇਆ। ਬਾਸਵ ਨੇ ਲਿੰਗਾਇਤ ਮਤ ਦੀ ਸਥਾਪਨਾ ਕੀਤੀ। ਸ਼ੰਕਰਾਚਾਰੀਆ ਨੇ ਅਦਵੈਤ ਮਤ ਦਾ ਪ੍ਰਚਾਰ ਕੀਤਾ। ਰਾਮਾਨੁਜ ਅਤੇ ਮਾਧਵ ਭਗਤੀ ਲਹਿਰ ਦੇ ਹੋਰ ਮਹਾਨ ਪ੍ਰਚਾਰਕ ਸਨ। ਜਿੰਨਾਂ ਨੇ ਈਸ਼ਵਰ ਦੀ ਭਗਤੀ ਕਰਨ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੋਕਾਂ ਨੂੰ ਸਿੱਖਿਆ ਦਿੱਤੀ ਕਿ ਮੁਕਤੀ ਪ੍ਰਾਪਤ ਕਰਨ ਦਾ ਇੱਕੋ-ਇੱਕ ਸਾਧਨ, ਈਸ਼ਵਰ ਨੂੰ ਸਾਫ਼ ਦਿਲ ਨਾਲ਼ ਸਨੇਹ ਕਰਨਾ ਹੈ। ਉਹ ਜਾਤੀ ਅਤੇ ਵਰਗ ਦੇ ਵਿਰੁੱਧ ਸਨ। ਲੋਕ ਉਹਨਾਂ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਏ।

## ਸਿੱਖਿਆ ਅਤੇ ਸਾਹਿਤ

ਮੱਧਕਾਲੀਨ ਭਾਰਤ ਵਿੱਚ ਚੋਲ ਸ਼ਾਸਕਾਂ ਨੇ ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਬਹੁਤ ਉੱਨਤੀ ਕੀਤੀ। ਉਹਨਾਂ ਨੇ ਵਿਆਕਰਣ, ਦਰਸ਼ਨ ਸ਼ਾਸ਼ਤਰ, ਕਲਾ, ਵਿਗਿਆਨ ਅਤੇ ਜੋਤਿਸ਼ ਵਿਗਿਆਨ ਵਰਗੇ ਬਹੁਤ ਸਾਰੇ ਵਿਸ਼ਿਆਂ ਨੂੰ ਉਤਸ਼ਾਹਿਤ ਕੀਤਾ। ਸਿੱਖਿਆ ਦਾ ਮਾਧਿਅਮ ਸੰਸਕ੍ਰਿਤ ਅਤੇ ਤਮਿਲ ਭਾਸ਼ਾ ਸੀ। ਸਿੱਖਿਆ ਮੰਦਰਾਂ ਦੇ ਵੇਹੜੇ ਵਿੱਚ ਦਿੱਤੀ ਜਾਂਦੀ ਸੀ।

ਚੋਲ ਰਾਜਕਾਲ ਸਮੇਂ ਸੰਸਕ੍ਰਿਤ ਅਤੇ ਖੇਤਰ ਭਾਸ਼ਾਵਾਂ— ਤਮਿਲ, ਤੇਲਗੂ ਅਤੇ ਕੰਨੜ ਦਾ ਵਿਕਾਸ ਹੋਇਆ। ਬਹੁਤ ਸਾਰੇ ਸਹਿਤ ਦਾ ਸੰਸਕ੍ਰਿਤ ਤੋਂ ਇਹਨਾਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ। ਉਦਾਹਰਣ ਵਜੋਂ **ਕੰਬਨ** ਵਿਦਵਾਨ ਨੇ **ਰਮਾਇਣ** ਦਾ ਤਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ। **ਨੇਨਿਹਾ** ਅਤੇ **ਤਿਕਨਾ** ਤੇਲਗੂ ਵਿਦਵਾਨਾਂ ਨੇ **ਮਹਾਂਭਾਰਤ** ਦਾ ਤੇਲਗੂ ਭਾਸ਼ਾ ਵਿੱਚ ਅਨੁਵਾਦ ਕੀਤਾ।

ਸਾਨੂੰ ਮਹਾਂਕਾਵਿ-ਰਮਾਇਣ ਅਤੇ ਮਹਾਂਭਾਰਤ ਤੋਂ ਦੱਖਣੀ ਭਾਰਤ ਦੇ ਮੁੱਢਲੇ ਅਤੇ ਉੱਤਰ-ਮੱਧਕਾਲੀਨ ਯੁਗ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ।

## ਤਮਿਲਨਾਡੂ ਵਿੱਚ ਜਿਮੀਂਦਾਰੀ ਪ੍ਰਥਾ ਦਾ ਵਿਸਥਾਰ

ਚੋਲ ਸ਼ਾਸਕਾਂ ਨੇ ਤਮਿਲਨਾਡੂ ਵਿੱਚ ਖੇਤੀ ਦਾ ਵਿਕਾਸ ਕਰਨ ਵੱਲ ਖਾਸ ਧਿਆਨ ਦਿੱਤਾ। ਸਿੱਟੇ ਵਜੋਂ ਉੱਥੇ ਜਿਮੀਂਦਾਰੀ ਪ੍ਰਥਾ ਦਾ ਬਹੁਤ ਵਿਸਥਾਰ ਹੋਇਆ।

ਚੋਲ ਸ਼ਾਸਕਾਂ ਨੇ ਸਿੰਚਾਈ ਪ੍ਰਬੰਧ ਵੱਲ ਵੀ ਖਾਸ ਧਿਆਨ ਦਿੱਤਾ। ਸਿੰਚਾਈ ਲਈ ਲਗਪਗ ਸਾਰੇ ਦਰਿਆਵਾਂ, ਖਾਸ ਕਰਕੇ ਕਾਵੇਰੀ ਦਰਿਆ ਦੀ ਵਰਤੋਂ ਕੀਤੀ ਗਈ। ਜਿੱਥੇ ਉਨ੍ਹਾਂ ਦਾ ਪਾਣੀ ਲਿਜਾਣਾ ਸੰਭਵ ਨਹੀਂ ਸੀ, ਉੱਥੇ ਉਨ੍ਹਾਂ ਨੇ ਸਿੰਚਾਈ ਕਰਨ ਲਈ ਬਹੁਤ ਸਾਰੇ ਤਲਾਬ ਬਣਾਏ। ਉਨ੍ਹਾਂ ਨੇ ਖੇਤਾਂ ਵਿੱਚ ਪਾਣੀ ਦੀ ਵੰਡ ਕਰਨ ਲਈ ਇੱਕ ਤਲਾਬ ਕਮੇਟੀ ਬਣਾਈ।



*ਚਿੱਤਰ 9.4 ਤਾਮਿਲਨਾਡੂ ਵਿੱਚ ਚੋਲ ਵੰਸ਼ ਦੇ ਸ਼ਾਸਕਾਂ ਦੇ ਰਾਜਕਾਲ ਸਮੇਂ ਦਾ ਇਕ ਤਲਾਬ।*

ਚੋਲ ਸ਼ਾਸਕਾਂ ਦੁਆਰਾ ਰਾਜ ਵਿੱਚ ਭਾਰੀ ਵਰਖਾ ਹੋਣ ਜਾਂ ਸੋਕਾ ਪੈ ਜਾਣ ਕਾਰਨ ਤਬਾਹ ਹੋਈਆਂ ਫਸਲਾਂ ਤੇ ਭੂਮੀ ਲਗਾਨ ਨਹੀਂ ਲਿਆ ਜਾਂਦਾ ਸੀ। ਉਹ ਔਕੜ ਪੈਣ ਤੇ ਵਾਹੀਕਾਰਾਂ ਨੂੰ ਕਰਜ਼ੇ ਵੀ ਦਿੰਦੇ ਸਨ। ਚੋਲ ਸ਼ਾਸਕਾਂ ਨੇ ਘੁਮੱਕੜ ਕਬੀਲਿਆਂ ਦੀ ਮਦਦ ਨਾਲ਼ ਜੰਗਲਾਂ ਨੂੰ ਸਾਫ਼ ਕਰਕੇ ਭੂਮੀ ਨੂੰ ਵਾਹੀਯੋਗ ਬਣਾਇਆ।

## ਯਾਦ ਰੱਖਣ ਯੋਗ ਨੁਕਤੇ

1. ਮੱਧਕਾਲੀਨ ਯੁਗ ਦੌਰਾਨ ਦੱਖਣੀ ਭਾਰਤ ਵਿੱਚ ਪੱਲਵ, ਪਾਂਡਯ ਅਤੇ ਚੋਲ ਰਾਜ ਬਹੁਤ ਸ਼ਕਤੀਸ਼ਾਲੀ ਸਨ।
2. ਮਹਿੰਦਰ ਵਰਮਨ ਪਹਿਲਾ ਅਤੇ ਨਰਸਿੰਘ ਪਹਿਲਾ ਪੱਲਵ ਵੰਸ਼ ਦੇ ਪ੍ਰਸਿੱਧ ਸ਼ਾਸਕ ਸਨ।
3. ਪੱਲਵ ਸ਼ਾਸਕਾਂ ਨੇ ਮਹਾਂਬਲੀਪੁਰਮ ਵਿਖੇ ਸ਼ੋਰ ਮੰਦਰ, ਰੱਥ ਮੰਦਰ ਅਤੇ ਕਾਂਚੀਪੁਰਮ ਵਿਖੇ ਕੈਲਾਸ਼ ਮੰਦਰ ਬਣਾਇਆ।
4. ਪਾਂਡਯ ਰਾਜ ਦੀ ਰਾਜਧਾਨੀ ਮਦੁਰਾਇ ਸੀ।
5. ਰਾਜਰਾਜਾ ਚੋਲ ਵੰਸ਼ ਦਾ ਮਹਾਨ ਅਤੇ ਸ਼ਕਤੀਸ਼ਾਲੀ ਸ਼ਾਸਕ ਸੀ।

## ਅਭਿਆਸ

### (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ :-

1. ਚੋਲ ਵੰਸ਼ ਦੇ ਕਿਹੜੇ ਸ਼ਾਸਕਾਂ ਨੇ ਚੋਲ ਰਾਜ ਨੂੰ ਮੁੜ ਹੋਂਦ ਵਿਚ ਲਿਆਂਦਾ ?
2. ਰਾਜਰਾਜਾ ਪਹਿਲੇ ਨੇ ਕਿਹੜੇ ਰਾਜਿਆਂ ਨੂੰ ਹਰਾ ਕੇ ਉਹਨਾਂ ਦੇ ਇਲਾਕਿਆਂ ਤੇ ਕਬਜ਼ਾ ਕੀਤਾ ?
3. ਰਾਜਿੰਦਰ ਚੋਲ ਦੀਆਂ ਮਹੱਤਵਪੂਰਨ ਜਿੱਤਾਂ ਬਾਰੇ ਲਿਖੋ।
4. ਚੋਲ ਰਾਜਕਾਲ ਸਮੇਂ ਕਿਹੜੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ ?
5. ਚੋਲ ਰਾਜਕਾਲ ਸਮੇਂ ਕਿਹੜਾ ਧਰਮ ਬਹੁਤ ਪ੍ਰਸਿੱਧ ਸੀ ?

**ਸ਼ਬਦਾਵਲੀ —**

ਮੰਡਲਮ

ਨਾਡੂ

ਸਭਾ

ਵਲਨਾਡੂ (ਕੋਵੱਮ)

### (ਅ) ਹੇਠ ਲਿਖੇ ਖਾਲੀ ਸਥਾਨ ਭਰੋ :-

1. ਪੱਲਵ ਸ਼ਾਸਕਾਂ ਨੇ .................. ਨੂੰ ਆਪਣੀ ਰਾਜਧਾਨੀ ਬਣਾਇਆ।
2. ਮਾਰਕੋ ਪੋਲੋ ਨੇ .................. ਰਾਜ ਦੀ ਯਾਤਰਾ ਕੀਤੀ।
3. ਚੋਲ ਰਾਜਕਾਲ ਸਮੇਂ ਇਸਤਰੀਆਂ ਦਾ ਵੀ .................. ਕੀਤਾ ਜਾਂਦਾ ਸੀ।
4. ਨੇਨਿਹਾ ਅਤੇ ਤਿਕਨਾ ਤੇਲਗੂ ਵਿਦਵਾਨਾਂ ਨੇ .................. ਦਾ ਤੇਲਗੂ ਭਾਸ਼ਾ ਵਿੱਚ ਅਨੁਵਾਦ ਕੀਤਾ।

**(ੲ) ਸਹੀ ਜੋੜੇ ਬਣਾਉ :**

| | | |
|---|---|---|
| 1. | ਬਾਸਵ | ਭਗਤੀ ਲਹਿਰ |
| 2. | ਸ਼ੰਕਰਚਾਰੀਆ | ਲਿੰਗਾਇਤ ਮਤ |
| 3. | ਰਾਮਾਨੁਜ | ਅਦਵੈਤ ਮਤ |

**(ਸ) ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗਲਤ (×) ਦਾ ਚਿੰਨ ਲਗਾਉ —**


1. ਮਦੁਰਾਇ ਚੋਲ ਸ਼ਾਸਕਾਂ ਦੀ ਰਾਜਧਾਨੀ ਸੀ। ☐
2. ਚੋਲ ਸ਼ਾਸਕਾਂ ਕੋਲ ਸ਼ਕਤੀਸ਼ਾਲੀ ਥਲ ਸੈਨਾ ਸੀ। ☐
3. ਮਹਿੰਦਰ ਵਰਮਨ ਨੇ ਗੰਗਈਕੌਂਡਾ ਚੋਲਾਪੁਰਮ ਨਗਰ ਵਸਾਇਆ। ☐
4. ਕੰਬਨ ਵਿਦਵਾਨ ਨੇ ਰਮਾਇਣ ਦਾ ਤਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ। ☐
5. ਚੋਲ ਰਾਜ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ। ☐

**ਗਤੀਵਿਧੀ**

ਮਾਊਂਟ ਆਬੂ, ਖਜੁਰਾਹੋ, ਮਹਾਂਬਲੀਪੁਰਮ, ਕਾਂਚੀ ਅਤੇ ਤੰਜੋਰ ਦੇ ਸਥਾਨਾਂ ਦੀਆਂ ਤਸਵੀਰਾਂ ਆਪਣੀ ਨੋਟ ਬੁੱਕ ਵਿੱਚ ਚਿਪਕਾਉ।

# ਅਭਿਆਸ ਲਈ

## ਦਸਵੀਂ - ਗਿਆਰਵੀਂ ਸਦੀ ਦਾ ਭਾਰਤ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bhihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act. 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh.(Letter No. T.B. 991/62-A-3/213 Dated 5/5/2003).

## ਪਾਠ 10

# ਦਿੱਲੀ ਸਲਤਨਤ

ਭਾਰਤੀ ਇਤਿਹਾਸ ਵਿੱਚ 1206 ਈ: ਤੋਂ 1526 ਈ: ਤੱਕ ਦੇ ਸਮੇਂ ਨੂੰ ਦਿੱਲੀ ਸਲਤਨਤ ਦਾ ਕਾਲ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਖ਼ਿਲਜੀ ਵੰਸ਼, ਤੁਗਲਕ ਵੰਸ਼, ਸੱਯਦ ਵੰਸ਼ ਅਤੇ ਲੋਧੀ ਵੰਸ਼ ਦੇ ਸ਼ਾਸਕਾਂ ਨੇ ਦਿੱਲੀ 'ਤੇ ਰਾਜ ਕੀਤਾ। ਇਲਤੁਤਮਿਸ਼, ਬਲਬਨ, ਅਲਾਉਦੀਨ ਖ਼ਿਲਜੀ, ਮੁਹੰਮਦ-ਬਿਨ-ਤੁਗਲਕ ਅਤੇ ਫਿਰੋਜ਼ ਸ਼ਾਹ ਤੁਗਲਕ ਦਿੱਲੀ ਸਲਤਨਤ ਦੇ ਮਹਾਨ ਸੁਲਤਾਨ ਸਨ। ਦਿੱਲੀ ਸਲਤਨਤ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕੁਝ ਪ੍ਰਮੁੱਖ ਇਤਿਹਾਸਿਕ ਸ੍ਰੋਤ ਹੇਠ ਲਿਖੇ ਹਨ।

> *ਸੁਲਤਾਨ : ਸੁਲਤਾਨ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ "ਸ਼ਾਸਕ"*

### ਇਤਿਹਾਸਿਕ ਸ੍ਰੋਤ

ਵੱਖ-ਵੱਖ ਦਰਬਾਰੀ ਬ੍ਰਿਤਾਂਤ, ਯਾਤਰੀਆਂ ਦੇ ਲੇਖ ਅਤੇ ਇਤਿਹਾਸਿਕ ਇਮਾਰਤਾਂ ਦਿੱਲੀ ਸਲਤਨਤ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਪ੍ਰਮੁੱਖ ਇਤਿਹਾਸਿਕ ਸ੍ਰੋਤ ਹਨ।

1. **ਵਿਦੇਸ਼ੀ ਯਾਤਰੀਆਂ ਦੇ ਲੇਖ**: ਇਬਨਬਾਤੂਤਾ ਅਤੇ ਮਾਰਕੋ ਪੋਲੋ ਆਦਿ ਵਿਦੇਸ਼ੀ ਯਾਤਰੀ ਜਿਨ੍ਹਾਂ ਨੇ ਇਸ ਕਾਲ ਦੌਰਾਨ ਭਾਰਤ ਦੀ ਯਾਤਰਾ ਕੀਤੀ ਸੀ, ਉਨ੍ਹਾਂ ਨੇ ਦਿੱਲੀ ਦੇ ਵੱਖ-ਵੱਖ ਸੁਲਤਾਨਾਂ ਦੀ ਸ਼ਖਸ਼ੀਅਤ ਅਤੇ ਭਿੰਨ-ਭਿੰਨ ਖੇਤਰਾਂ ਦੀ ਜਾਣਕਾਰੀ ਸੰਬੰਧੀ ਲੇਖ ਲਿਖੇ।
2. **ਦਰਬਾਰੀ ਬ੍ਰਿਤਾਂਤ** : ਤੁਗਲਕ ਨਾਮਾ, ਤਾਰੀਖ-ਏ-ਇਲਾਹੀ, ਤਾਰੀਖ-ਏ-ਫਿਰੋਜ਼ ਸ਼ਾਹੀ, ਫਤੂਹਾਤ-ਏ-ਫ਼ਿਰੋਜ਼ ਸ਼ਾਹੀ, ਤਾਰੀਖ਼-ਏ-ਮੁਬਾਰਕ ਸ਼ਾਹੀ ਅਤੇ ਮਖਜਰੀ-ਏ-ਅਫ਼ਗਾਨ ਆਦਿ ਦਰਬਾਰੀ ਬ੍ਰਿਤਾਤਾਂ ਤੋਂ ਸਾਨੂੰ ਦਿੱਲੀ ਦੇ ਸੁਲਤਾਨਾਂ ਅਤੇ ਪ੍ਰਮੁੱਖ ਘਟਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ।
3. **ਇਤਿਹਾਸਿਕ ਇਮਾਰਤਾਂ** : ਦਿੱਲੀ ਸਲਤਨਤ ਦੇ ਸਮੇਂ ਦੀਆਂ ਇਤਿਹਾਸਿਕ ਇਮਾਰਤਾਂ ਜਿਵੇਂ ਕਿ **ਕੁਵੱਤ-ਅਲ**-ਇਸਲਾਮ ਮਸਜਿਦ, ਅਲਾਈ ਦਰਵਾਜਾ, ਤੁਗਲਕਾਬਾਦ, ਹੌਜ਼ ਖਾਸ, ਲੋਧੀ ਗੁਬੰਦ, ਫਿਰੋਜਸ਼ਾਹ ਕੋਟਲਾ ਆਦਿ ਤੋਂ ਸਾਨੂੰ ਦਿੱਲੀ ਦੇ ਸੁਲਤਾਨਾਂ ਦੀਆਂ ਕਲਾਤਮਿਕ ਰੁਚੀਆਂ ਬਾਰੇ ਜਾਣਕਾਰੀ ਮਿਲਦੀ ਹੈ।

## ਦਾਸ ਵੰਸ਼

### 1. ਕੁਤਬਉਦੀਨ ਐਬਕ

ਮੱਧਕਾਲੀਨ ਯੁੱਗ ਦੌਰਾਨ ਭਾਰਤ ਵਿੱਚ ਤੁਰਕ ਰਾਜ ਦਾ ਅਸਲ ਸੰਸਥਾਪਕ ਕੁਤਬਉਦੀਨ ਐਬਕ ਸੀ। ਉਹ ਦਿੱਲੀ ਸਲਤਨਤ ਦਾ ਪਹਿਲਾ ਸ਼ਾਸਕ ਸੀ। ਉਸ ਨੇ ਗਜ਼ਨੀ ਦੇ ਸ਼ਾਸਕ **ਤਾਜਉਦੀਨ ਯਲਦੋਜ਼** ਦੇ ਪੰਜਾਬ 'ਤੇ ਹਮਲੇ ਨੂੰ ਰੋਕਣ ਲਈ ਇਸ ਉੱਪਰ ਕਬਜ਼ਾ ਕਰ ਲਿਆ। ਉਸ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾਇਆ। ਨਸਿਰਉੱਦੀਨ ਕਬਾਚਾ, ਜਿਸ ਨੇ ਮੁਲਤਾਨ ਅਤੇ ਸਿੰਧ 'ਤੇ ਅਧਿਕਾਰ ਕਰ ਲਿਆ ਸੀ, ਉਸ ਨੇ ਕੁਤਬਉਦੀਨ ਐਬਕ ਦੀ ਭੈਣ ਨਾਲ਼ ਸ਼ਾਦੀ ਕਰਵਾਈ। ਕੁਤਬਉਦੀਨ ਐਬਕ ਇੱਕ ਮਹਾਨ ਕਲਾ ਪ੍ਰੇਮੀ ਸੀ। ਉਸ ਨੇ ਦਿੱਲੀ ਅਤੇ ਅਜ਼ਮੇਰ ਵਿੱਚ ਮਸਜਿਦਾਂ ਬਣਾਈਆਂ। ਉਸ ਨੇ **ਕੁਤਬ ਮੀਨਾਰ** ਦੀ ਉਸਾਰੀ ਵੀ ਸ਼ੁਰੂ ਕਰਵਾਈ ਸੀ। ਪਰੰਤੂ 1210 ਈ: ਵਿੱਚ ਉਹ ਅਚਾਨਕ ਘੋੜੇ ਤੋਂ ਡਿੱਗ ਕੇ ਮਰ ਗਿਆ।



*ਚਿੱਤਰ 10.1* ਕੁਤਬ ਮੀਨਾਰ

### 2. ਇਲਤੁਤਮਿਸ਼

ਇਲਤੁਤਮਿਸ਼ ਕੁਤਬਉਦੀਨ ਐਬਕ ਦਾ ਦਾਸ ਸੀ। ਉਸ ਦੀ ਯੋਗਤਾ ਅਤੇ ਇਮਾਨਦਾਰੀ ਤੋਂ ਪ੍ਰਭਾਵਿਤ ਹੋ ਕੇ ਕੁਤਬਉਦੀਨ ਐਬਕ ਨੇ ਇਲਤੁਤਮਿਸ਼ ਨੂੰ ਅਮੀਰ-ਏ-ਸ਼ਿਕਾਰ ਦੇ ਪਦ ਤੇ ਨਿਯੁਕਤ ਕੀਤਾ ਅਤੇ ਬਾਅਦ ਵਿੱਚ ਉਸਨੂੰ ਆਪਣਾ ਬਣਾ ਜਵਾਈ ਲਿਆ। ਕੁਤਬਦੀਨ ਐਬਕ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਅਰਾਮ ਸ਼ਾਹ ਦਿੱਲੀ ਸਲਤਨਤ ਦਾ ਸ਼ਾਸਕ ਬਣਿਆ ਜੋ ਇੱਕ ਅਯੋਗ ਸੁਲਤਾਨ ਸੀ। ਇਸ ਕਰਕੇ ਉਸ ਤੋਂ ਪਿੱਛੋਂ ਇਲਤੁਤਮਿਸ਼ ਦਿੱਲੀ ਦਾ ਸੁਲਤਾਨ ਬਣਿਆ। ਉਸ ਨੇ ਅਰਾਮ ਸ਼ਾਹ ਨੂੰ ਹਰਾਇਆ ਅਤੇ ਉਸ ਨੂੰ ਬੰਦੀ ਬਣਾ ਲਿਆ। ਫਿਰ ਇਲਤੁਤਮਿਸ਼ ਨੇ ਉਸ ਨੂੰ ਮਾਰ ਦਿੱਤਾ। ਇਸ ਕਰਕੇ 1211 ਈ. ਵਿੱਚ ਇਲਤੁਤਮਿਸ਼ ਦਿੱਲੀ ਦਾ ਸ਼ਾਸਕ ਬਣ ਗਿਆ।



*ਚਿੱਤਰ 10.2* ਇਲਤੁਤਮਿਸ਼

ਇਲਤੁਤਮਿਸ਼ ਨੇ ਦਿੱਲੀ ਸਲਤਨਤ ਨੂੰ ਮਜ਼ਬੂਤ ਕਰਨ ਲਈ ਅਮੀਰਾਂ ਉੱਪਰ ਕਾਬੂ ਪਾਇਆ, ਜੋ ਦਿੱਲੀ ਸਲਤਨਤ ਦੇ ਵਿਰੁੱਧ ਸਨ। ਉਸ ਨੇ ਗਜ਼ਨੀ ਦੇ ਤਾਜ਼ਉੱਦੀਨ ਯਲਦੋਜ ਅਤੇ ਮੁਲਤਾਨ ਦੇ **ਨਸੀਰਉਦੀਨ** ਕਬਾਚਾ ਨੂੰ ਹਰਾ ਦਿੱਤਾ। ਉਸ ਨੇ ਰਣਥੰਭੌਰ, ਗਵਾਲੀਅਰ ਅਤੇ ਉਜੈਨ ਆਦਿ ਵਰਗੇ ਰਾਜਪੂਤਾਂ ਦੇ ਕਿਲ੍ਹਿਆਂ 'ਤੇ ਅਧਿਕਾਰ ਕਰ ਲਿਆ। ਉਸ ਨੇ ਆਪਣੇ ਵਿਰੁੱਧ ਬੰਗਾਲ ਦੇ ਵਿਦਰੋਹ ਨੂੰ ਕੁਚਲ ਦਿੱਤਾ ਅਤੇ ਬੰਗਾਲ 'ਤੇ ਦੁਬਾਰਾ ਕਬਜ਼ਾ ਕਰ ਲਿਆ। 1221 ਈ. ਵਿੱਚ ਉਸ ਨੇ ਚੰਗੇਜ਼ ਖਾਂ ਦੀ ਅਗਵਾਈ ਹੇਠ ਭਾਰਤ ਨੂੰ ਮੰਗੋਲ ਹਮਲੇ ਤੋਂ ਬਚਾਇਆ। ਉਸ ਨੇ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਣ ਲਈ 40 ਅਮੀਰਾਂ ਦੀ ਨਿਯੁਕਤੀ ਕੀਤੀ, ਜਿਨ੍ਹਾਂ ਨੂੰ **ਚਾਲੀਸਾ** ਕਿਹਾ ਜਾਂਦਾ ਹੈ।

### 3. ਰਜ਼ੀਆ ਸੁਲਤਾਨ

ਰਜ਼ੀਆ ਸੁਲਤਾਨ ਇਲਤੁਤਮਿਸ਼ ਦੀ ਪੁੱਤਰੀ ਸੀ। ਇਲਤੁਤਮਿਸ਼ ਦੀ ਮੌਤ ਪਿੱਛੋਂ ਉਹ ਦਿੱਲੀ ਸਲਤਨਤ ਦੀ ਸ਼ਾਸਕ ਬਣੀ। ਉਸ ਨੇ 1236 ਈ: ਤੋਂ 1240 ਈ: ਤੱਕ ਰਾਜ ਕੀਤਾ। ਉਸ ਨੇ ਪ੍ਰਾਦੇਸ਼ਿਕ ਗਵਰਨਰਾਂ ਦੇ ਵਿਦਰੋਹ ਨੂੰ ਕੁਚਲ ਦਿੱਤਾ। ਪਰੰਤੂ ਅਮੀਰ ਅਤੇ ਫ਼ੌਜ ਦੇ ਜਨਰਲ ਉਸ ਦੀ ਆਗਿਆ ਦੀ ਪਾਲਣਾ ਨਹੀਂ ਕਰਦੇ ਸਨ। ਕਿਉਂਕਿ ਉਹ ਇਕ ਇਸਤਰੀ ਦੇ ਅਧੀਨ ਰਹਿਣਾ ਪਸੰਦ ਨਹੀ ਕਰਦੇ ਸਨ। ਉਹਨਾਂ ਨੇ ਉਸ ਨੂੰ 1240 ਈ. ਵਿੱਚ ਮਾਰ ਦਿੱਤਾ। ਰਜ਼ੀਆ ਸੁਲਤਾਨ ਦੇ ਪਿੱਛੋਂ ਬਹਿਰਾਮ ਸ਼ਾਹ, ਅਲਾਉਦੀਨ ਮਸੂਦਸ਼ਾਹ ਅਤੇ **ਨਸੀਰਉਦੀਨ** ਆਦਿ ਕਈ ਅਪ੍ਰਸਿੱਧ ਸ਼ਾਸਕ **ਸੱਤਾ** ਵਿੱਚ ਆਏ।



*ਚਿੱਤਰ 10.3 ਰਜ਼ੀਆ ਸੁਲਤਾਨ*

*ਰਜ਼ੀਆ ਸੁਲਤਾਨ ਦੀ ਹੱਤਿਆ ਦਾ ਕੀ ਕਾਰਨ ਸੀ?*

## 4. ਗਿਆਸਉੱਦੀਨ ਬਲਬਨ (1266-1286 ਈ: ਤੱਕ)

**ਨਸੀਰਉਦੀਨ** ਦੀ ਮੌਤ ਪਿੱਛੋਂ 1266 ਈ: ਵਿੱਚ **ਗਿਆਸਉੱਦੀਨ ਬਲਬਨ** ਨੇ ਆਪਣੇ ਆਪ ਨੂੰ ਦਿੱਲੀ ਸਲਤਨਤ ਦਾ ਸੁਲਤਾਨ ਘੋਸ਼ਿਤ ਕਰ ਦਿੱਤਾ। ਉਹ ਦਿੱਲੀ ਸਲਤਨਤ ਦਾ ਮਹਾਨ ਸ਼ਾਸਕ ਸੀ।



ਚਿੱਤਰ *10.4* *ਗਿਆਸਉੱਦੀਨ ਬਲਬਨ*

ਉਸ ਨੇ ਦਿੱਲੀ ਦੇ ਨੇੜੇ **ਮੇਵਾਤੀਆਂ** ਦੁਆਰਾ ਫੈਲਾਈ ਹੋਈ ਅਸ਼ਾਂਤੀ ਅਤੇ ਦੁਆਬੇ ਦੇ ਲੁਟੇਰਿਆਂ 'ਤੇ ਕਾਬੂ ਪਾਇਆ। ਉਸ ਨੇ ਬੰਗਾਲ ਵਿੱਚ ਤੁਗ਼ਰਲ ਖਾਨ ਦੇ ਵਿਦਰੋਹ ਨੂੰ ਕੁਚਲ ਦਿੱਤਾ ਅਤੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿੱਤੀਆਂ। ਉਸ ਨੇ ਫ਼ੌਜ ਦਾ ਪੁਨਰ-ਗਠਨ ਕੀਤਾ। ਮੰਗੋਲ ਹਮਲਿਆਂ ਤੋਂ ਰੱਖਿਆ ਕਰਨ ਲਈ ਉੱਤਰ-ਪੱਛਮੀ ਸੀਮਾਂਵਰਤੀ ਪ੍ਰਾਂਤਾਂ ਵਿੱਚ ਇੱਕ ਵਿਸ਼ੇਸ਼ ਸੈਨਾ ਰੱਖੀ। ਉਸ ਨੇ ਮੰਗੋਲਾਂ ਦੇ ਵਿਰੁੱਧ ਇੱਕ ਕਠੋਰ ਨੀਤੀ ਅਪਣਾਈ ਜਿਸ ਨੂੰ **ਲਹੂ ਅਤੇ ਲੋਹੇ** ਦੀ ਨੀਤੀ ਕਿਹਾ ਜਾਂਦਾ ਹੈ। ਉਸ ਨੇ ਸ਼ਾਸਨ ਪ੍ਰਬੰਧ ਵਿੱਚ ਵੀ ਸੁਧਾਰ ਕੀਤੇ। ਉਸ ਨੇ ਆਪਣੀ ਪਰਜਾ ਨੂੰ ਨਿਆਂ ਦਿੱਤਾ।

ਪਰੰਤੂ 1286 ਈ: ਵਿੱਚ ਗਿਆਸਉੱਦੀਨ ਬਲਬਨ ਦੀ ਮੌਤ ਹੋ ਗਈ। ਉਸ ਦੇ ਉਤਰਾਧਿਕਾਰੀ ਕਮਜ਼ੋਰ ਅਤੇ ਅਯੋਗ ਹੋਣ ਕਰਕੇ ਜਲਾਲਉੱਦੀਨ ਖ਼ਿਲਜੀ ਦਿੱਲੀ ਸਲਤਨਤ ਦੀ ਰਾਜਗੱਦੀ 'ਤੇ ਬੈਠਾ ਅਤੇ ਦਾਸ ਵੰਸ਼ ਦਾ ਅੰਤ ਹੋ ਗਿਆ।

### ਖ਼ਿਲਜੀ ਵੰਸ਼

ਖ਼ਿਲਜੀ ਵੰਸ਼ ਦਾ ਸੰਸਥਾਪਕ ਜਲਾਲਉਦੀਨ ਖ਼ਿਲਜੀ ਸੀ। ਉਸ ਨੇ 1290-1296 ਈ: ਤੱਕ ਦਿੱਲੀ ਸਲਤਨਤ ਤੇ ਸ਼ਾਸਨ ਕੀਤਾ। ਦਰਬਾਰ ਸਾਜਸ਼ਾਂ ਦਾ ਸਥਾਨ ਬਣ ਗਿਆ ਸੀ। ਅਲਾਉੱਦੀਨ ਖਿਲਜੀ ਜੋ ਜਲਾਲਉਦੀਨ ਖਿਲਜੀ ਦਾ ਭਤੀਜਾ ਅਤੇ ਜਵਾਈ ਸੀ, 1296 ਈ: ਵਿੱਚ ਜਲਾਲਉਦੀਨ ਖਿਲਜੀ ਨੂੰ ਕਤਲ ਕਰਕੇ ਦਿੱਲੀ ਸਲਤਨਤ ਦੀ ਰਾਜਗੱਦੀ ਉੱਤੇ ਬੈਠਿਆ।




ਚਿੱਤਰ 10.5 ਤੇਰ੍ਹਵੀਂ ਸਦੀ ਦੀ ਤੁਰਕ ਸਲਤਨਤ

## ਅਲਾਉਦੀਨ ਖ਼ਿਲਜ਼ੀ (1296-1316 ਈ:)

ਖ਼ਿਲਜੀ ਵੰਸ਼ ਦਾ ਪ੍ਰਸਿੱਧ ਸ਼ਾਸਕ ਅਲਾਉਦੀਨ ਖ਼ਿਲਜੀ ਸੀ। ਉਸ ਨੇ 1296-1316 ਈ: ਤਕ ਰਾਜ ਕੀਤਾ। ਉਹ ਭਾਰਤ ਵਿੱਚ ਇੱਕ ਸਾਮਰਾਜ ਸਥਾਪਤ ਕਰਨਾ ਚਾਹੁੰਦਾ ਸੀ। ਇਸ ਲਈ 1299 ਈ: ਵਿੱਚ ਉਸ ਨੇ ਗੁਜਰਾਤ 'ਤੇ ਜਿੱਤ ਪ੍ਰਾਪਤ ਕੀਤੀ। ਫਿਰ 1301 ਈ: ਵਿੱਚ ਉਸ ਨੇ ਰਣਥੰਬੋਰ 'ਤੇ ਅਧਿਕਾਰ ਕਰ ਲਿਆ। ਇਸ ਤੋਂ ਪਿੱਛੋਂ 1303 ਈ: ਵਿੱਚ ਉਸ ਨੇ ਚਿਤੌੜ 'ਤੇ ਕਬਜ਼ਾ ਕਰ ਲਿਆ। ਫਿਰ ਉਸ ਨੇ ਆਪਣੇ ਜਨਰਲ ਮਲਿਕ ਕਾਫ਼ੂਰ ਦੀ ਅਗਵਾਈ ਹੇਠ ਇੱਕ ਵੱਡੀ ਫ਼ੌਜ ਦੱਖਣੀ ਭਾਰਤ ਵਿੱਚ ਭੇਜੀ। ਮਲਿਕ ਕਾਫ਼ੂਰ ਨੇ ਦੇਵਗਿਰੀ, ਵਾਰੰਗਲ, ਦਵਾਰ ਸਮੁਦਰ ਅਤੇ ਮਦੁਰਾਇ ਦੇ ਇਲਾਕੇ ਜਿੱਤ ਲਏ। ਪਰੰਤੂ ਅਲਾਉਦੀਨ ਖ਼ਿਲਜੀ ਨੇ ਇਹਨਾਂ ਇਲਾਕਿਆਂ ਨੂੰ ਦਿੱਲੀ ਸਲਤਨਤ ਵਿੱਚ ਸ਼ਾਮਲ ਨਾ ਕੀਤਾ।



*ਚਿੱਤਰ 10.6 ਅਲਾਉਦੀਨ ਖ਼ਿਲਜ਼ੀ*

**ਅਲਾਉਦੀਨ ਖ਼ਿਲਜ਼ੀ ਦੇ ਆਰਥਿਕ ਸੁਧਾਰ :** ਅਲਾਉਦੀਨ ਖ਼ਿਲਜੀ ਨੇ ਸਾਰੀਆਂ ਜ਼ਰੂਰੀ ਚੀਜਾਂ ਦੀਆਂ ਕੀਮਤਾਂ ਨਿਸ਼ਚਿਤ ਕੀਤੀਆਂ। ਉਸ ਨੇ ਚੀਜ਼ਾਂ ਦੀਆਂ ਕੀਮਤਾਂ ਵਧਾਉਣ ਤੇ ਰੋਕ ਲਗਾਉਣ ਲਈ ਮੰਡੀ ਅਫਸਰਾਂ ਦੀ ਨਿਯੁਕਤੀ ਕੀਤੀ। ਜਿਹੜਾ ਦੁਕਾਨਦਾਰ ਵੀ ਨਿਯਮਾਂ ਦੀ ਉਲੰਘਣਾ ਕਰਦਾ ਸੀ, ਉਸ ਨੂੰ ਸਖ਼ਤ ਸਜਾ ਦਿੱਤੀ ਜਾਂਦੀ ਸੀ। ਜਿਵੇਂ ਕਿ ਦੁਕਾਨਦਾਰਾਂ ਨੂੰ ਕੋੜੇ ਲਗਾਏ ਜਾਂਦੇ ਸਨ। ਘੱਟ ਤੋਲਣ ਵਾਲੇ ਦੁਕਾਨਦਾਰਾਂ ਦੇ ਸਰੀਰ ਵਿਚੋਂ ਉਨ੍ਹਾਂ ਮਾਸ ਦਾ ਟੁਕੜਾ ਕੱਟ ਲਿਆ ਜਾਂਦਾ ਸੀ, ਜਿੰਨੀ ਵਸਤੂ ਘੱਟ ਤੋਲੀ ਗਈ ਹੁੰਦੀ ਸੀ।

**ਸੈਨਿਕ ਸੁਧਾਰ :** ਅਲਾਉਦੀਨ ਖਿਲਜੀ ਨੇ ਸੈਨਿਕਾਂ ਦੇ ਹੁਲੀਏ ਲਿਖਣ ਅਤੇ ਘੋੜਿਆਂ ਨੂੰ ਦਾਗਣ ਦੀ ਪ੍ਰਥਾ ਸ਼ੁਰੂ ਕੀਤੀ। ਉਸ ਨੇ ਸੈਨਿਕਾਂ ਨੂੰ ਨਕਦ ਤਨਖ਼ਾਹ ਦੇਣੀ ਸ਼ੁਰੂ ਕੀਤੀ। ਉਸ ਨੇ ਗੁਪਤਚਰਾਂ ਨੂੰ ਵੀ ਰੋਜ਼ਗਾਰ ਦਿੱਤਾ, ਜੋ ਸਾਮਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਲਗਾਏ ਗਏ ਸਨ।

1316 ਈ. ਵਿੱਚ ਅਲਾਉਦੀਨ ਖ਼ਿਲਜ਼ੀ ਦੀ ਮੌਤ ਪਿੱਛੋਂ ਸ਼ਿਹਬੁਦੀਨ ਉਮਰ, ਮੁਬਾਰਕ ਸ਼ਾਹ, ਨਸਰੂਉਦੀਨ ਖੁਸ਼ਰੋ ਸ਼ਾਹ ਨਾਮ ਦੇ ਸੁਲਤਾਨਾਂ ਨੇ ਸ਼ਾਸਨ ਕੀਤਾ।

1320 ਈ. ਵਿਚ ਗਿਆਸਉਦੀਨ -ਤੁਗਲਕ ਖੁਸਰੋ ਸ਼ਾਹ ਦੀ ਹੱਤਿਆ ਕਰਕੇ ਆਪ ਸ਼ਾਸਕ ਬਣ ਗਿਆ।

## ਤੁਗ਼ਲਕ ਵੰਸ਼ (1320-1414 ਈ:)

ਤੁਗ਼ਲਕ ਵੰਸ਼ ਦਿੱਲੀ ਸਲਤਨਤ ਦੇ ਪ੍ਰਸਿੱਧ ਵੰਸ਼ਾਂ ਵਿੱਚੋਂ ਇੱਕ ਸੀ। ਗਿਆਸਉਦੀਨ ਤੁਗ਼ਲਕ ਇਸ ਵੰਸ਼ ਦਾ ਪਹਿਲਾ ਸ਼ਾਸਕ ਸੀ। ਉਸ ਨੇ 1320-1325 ਈ: ਤਕ ਰਾਜ ਕੀਤਾ। ਉਹ ਫ਼ੌਜ਼ ਦਾ ਯੋਗ ਸੈਨਾਪਤੀ ਸੀ। ਉਸ ਨੇ ਰਾਜ ਵਿੱਚਲੇ ਵਿਦਰੋਹਾਂ ਦਾ ਦਮਨ ਕਰਕੇ ਰਾਜ ਵਿੱਚ ਸ਼ਾਂਤੀ ਸਥਾਪਤ ਕੀਤੀ। ਮੁਹੰਮਦ-ਬਿਨ-ਤੁਗ਼ਲਕ ਉਸ ਦਾ ਉਤਰਾਧਿਕਾਰੀ ਨਿਯੁਕਤ ਹੋਇਆ।

## ਮੁਹੰਮਦ-ਬਿਨ-ਤੁ.ਗਲਕ (1325-1351 ਈ:)

ਮੁਹੰਮਦ-ਬਿਨ-ਤੁਗਲ਼ਕ ਦਿੱਲੀ ਸਲਤਨਤ ਦਾ ਇੱਕ ਸ਼ਕਤੀਸ਼ਾਲੀ ਸ਼ਾਸਕ ਸੀ। ਉਸ ਨੇ 1325-1351 ਈ: ਤਕ ਰਾਜ ਕੀਤਾ। ਉਹ ਆਪਣੀਆਂ ਕਾਲਪਨਿਕ ਯੋਜਨਾਵਾਂ ਲਈ ਭਾਰਤੀ ਇਤਿਹਾਸ ਵਿੱਚ ਬਹੁਤ ਪ੍ਰਸਿੱਧ ਹੈ। ਉਹ ਬਹੁਤ ਪੜ੍ਹਿਆ ਲਿਖਿਆ ਸੀ। ਪਰੰਤੂ ਉਸ ਦੀ ਅਗਿਆਨਤਾ ਕਾਰਣ ਉਸ ਦੀਆਂ ਸਾਰੀਆਂ ਯੋਜਨਾਵਾਂ ਫੇਲ ਹੋ ਗਈਆਂ ਸਨ। ਉਸ ਦੀਆਂ ਯੋਜਨਾਵਾਂ ਕਾਰਣ ਲੋਕਾਂ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਇਸ ਕਰਕੇ ਲੋਕ ਉਸ ਦੇ ਵਿਰੁੱਧ ਹੋ ਗਏ ਸਨ। ਇਹੀ ਕਾਰਣ ਹੈ ਕਿ ਮੁਹੰਮਦ-ਬਿਨ-ਤੁਗਲਕ ਨੂੰ **ਬੁੱਧੀਮਾਨ ਮੂਰਖ** ਕਿਹਾ ਜਾਂਦਾ ਹੈ।



*ਚਿੱਤਰ 10.7 ਮੁਹੰਮਦ-ਬਿਨ-ਤੁ.ਗਲਕ*

*ਮੁਹੰਮਦ-ਬਿਨ-ਤੁਗਲ਼ਕ ਨੂੰ ਬੁੱਧੀਮਾਨ ਮੂਰਖ ਕਿਉ ਕਿਹਾ ਜਾਂਦਾ ਹੈ?*

### ਮੁਹੰਮਦ-ਬਿਨ-ਤੁ.ਗਲਕ ਦਾ ਸ਼ਾਸਨ ਪ੍ਰਬੰਧ

1. **ਰਾਜਧਾਨੀ ਨੂੰ ਬਦਲਣਾ** : ਮੁਹੰਮਦ-ਬਿਨ-ਤੁ.ਗਲਕ ਦੇ ਕੋਲ ਇੱਕ ਵਿਸ਼ਾਲ ਸਾਮਰਾਜ ਸੀ। ਇਸ ਲਈ 1327 ਈ: ਵਿੱਚ ਉਸ ਨੇ ਸਾਮਰਾਜ ਦੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ (ਦੌਲਤਾਬਾਦ) ਬਦਲਣ ਦਾ ਫੈਸਲਾ ਕੀਤਾ। ਇਸ ਦੇ ਹੇਠ ਲਿਖੇ ਦੋ ਕਾਰਣ ਸਨ।
   - (ੳ) ਸਾਮਰਾਜ ਦੀ ਮੰਗੋਲਾਂ ਦੇ ਹਮਲਿਆਂ ਤੋਂ ਰੱਖਿਆ ਕਰਨਾ।
   - (ਅ) ਸਾਮਰਾਜ ਦੇ ਸ਼ਾਸਨ ਪ੍ਰਬੰਧ ਨੂੰ ਦਿੱਲੀ ਦੀ ਬਜਾਏ ਦੇਵਗਿਰੀ ਤੋਂ ਚੰਗੀ ਤਰਾਂ ਚਲਾ ਸਕਣਾ।

*ਮੁਹੰਮਦ-ਬਿਨ-ਤੁਗਲਕ ਨੇ ਆਪਣੀ ਰਾਜਧਾਨੀ ਕਿਉਂ ਬਦਲੀ?*


ਮੁਹੰਮਦ-ਬਿਨ-ਤੁਗ਼ਲਕ ਨੇ ਲੋਕਾਂ ਨੂੰ ਦਿੱਲੀ ਤੋਂ ਦੌਲਤਾਬਾਦ ਜਾਣ ਲਈ ਮਜ਼ਬੂਰ ਕੀਤਾ। ਉਹਨਾਂ ਵਿੱਚੋਂ ਸੈਂਕੜੇ ਲੋਕ ਰਾਹ ਵਿੱਚ ਹੀ ਮਰ ਗਏ। ਉਸ ਦੁਆਰਾ ਰਾਜਧਾਨੀ ਬਦਲੀ ਕਰਨ ਪਿੱਛੋਂ ਉੱਤਰੀ ਭਾਰਤ ਦਾ ਸ਼ਾਸਨ ਪ੍ਰਬੰਧ ਵਿਗੜਨਾ ਸ਼ੁਰੂ ਹੋ ਗਿਆ। ਇਸ ਕਰਕੇ ਮੁਹੰਮਦ-ਬਿਨ-ਤੁਗ਼ਲਕ ਨੇ ਦਿੱਲੀ ਵਾਪਸ ਜਾਣ ਦਾ ਫੈਸਲਾ ਕੀਤਾ। ਇਸ ਕਰਕੇ ਉਸ ਦੀ ਰਾਜਧਾਨੀ ਬਦਲੀ ਕਰਨ ਦੀ ਯੋਜਨਾ ਅਸਫ਼ਲ ਹੋਈ।

2. **ਕਾਂਸੇ ਦੇ ਸਿੱਕੇ ਜਾਰੀ ਕਰਨਾ :** 1330 ਈ: ਵਿੱਚ ਮੁਹੰਮਦ-ਬਿਨ-ਤੁਗ਼ਲਕ ਨੇ ਕਾਂਸੇ ਦੇ ਸਿੱਕੇ ਜਾਰੀ ਕੀਤੇ। ਇਸ ਸਮੇਂ ਦੌਰਾਨ ਸੰਸਾਰ ਵਿੱਚ ਚਾਂਦੀ ਦੀ ਕਮੀ ਸੀ। ਇਸ ਲਈ ਮੁਹੰਮਦ-ਬਿਨ-ਤੁਗ਼ਲਕ ਨੇ ਚਾਂਦੀ ਦੇ ਟਕੇ ਦੀ ਥਾਂ ਕਾਂਸੇ ਦੇ ਸਿੱਕੇ ਜਾਰੀ ਕੀਤੇ। ਉਨ੍ਹਾਂ ਦੀ ਕੀਮਤ ਚਾਂਦੀ ਦੇ ਸਿੱਕਿਆਂ ਦੇ ਬਰਾਬਰ ਸੀ। ਪਰੰਤੂ ਉਸ ਦੀ ਇਹ ਯੋਜਨਾ ਵੀ ਅਸਫਲ ਰਹੀਂ ਕਿਉਂਕਿ ਲੋਕਾਂ ਨੇ ਵੱਡੀ ਗਿਣਤੀ ਵਿੱਚ ਨਕਲੀ ਸਿੱਕੇ ਬਣਾ ਲਏ। ਇਸ ਨਾਲ਼ ਵਪਾਰ ਵਿੱਚ ਬਹੁਤ ਕਮੀ ਹੋਈ। ਇਸ ਕਰਕੇ ਮੁਹੰਮਦ-ਬਿਨ-ਤੁਗ਼ਲਕ ਨੇ ਕਾਂਸੇ ਦੇ ਸਿੱਕੇ ਵਾਪਸ ਲੈ ਕੇ ਉਸ ਦੇ ਬਦਲੇ ਚਾਂਦੀ ਦੇ ਸਿੱਕੇ ਦਿੱਤੇ। ਲੋਕਾਂ ਨੇ ਵੱਡੀ ਮਾਤਰਾ ਵਿੱਚ ਕਾਂਸੇ ਦੇ ਨਕਲੀ ਸਿੱਕੇ ਬਣਾ ਲਏ ਅਤੇ ਬਦਲੇ ਵਿੱਚ ਸਰਕਾਰ ਪਾਸੋਂ ਚਾਂਦੀ ਦੇ ਸਿੱਕੇ ਪ੍ਰਾਪਤ ਕੀਤੇ। ਇਸ ਕਰਕੇ ਰਾਜ ਦਾ ਖਜ਼ਾਨਾ ਖ਼ਾਲੀ ਹੋ ਗਿਆ।

*ਮੁਹੰਮਦ-ਬਿਨ-ਤੁਗ਼ਲਕ ਨੇ ਕਾਂਸੇ ਦੇ ਸਿੱਕੇ ਕਿਉਂ ਜਾਰੀ ਕੀਤੇ ਸਨ ?*

3. **ਦੁਆਬ ਵਿੱਚ ਲਗਾਨਬੰਦੀ :** ਇਸ ਲਈ ਮੁਹੰਮਦ-ਬਿਨ-ਤੁਗ਼ਲਕ ਨੇ ਦੁਆਬ ਵਿੱਚ ਭੂਮੀ-ਲਗਾਨ ਵਧਾ ਦਿੱਤਾ ਸੀ ਕਿਉਂਕਿ ਇਹ ਖੇਤਰ ਅਧਿਕ ਉਪਜਾਊ ਸੀ। ਪਰੰਤੂ ਉਸ ਨੇ ਅਜਿਹਾ ਗਲਤ ਸਮੇਂ ਤੇ ਕੀਤਾ ਸੀ ਕਿਉਂਕਿ ਉੱਥੇ ਭਿਆਨਕ ਕਾਲ ਪੈ ਜਾਣ ਕਰਕੇ ਫ਼ਸਲ ਦੀ ਬਹੁਤ ਕਮੀ ਹੋ ਗਈ ਸੀ। ਇਸ ਕਰਕੇ ਕਿਸਾਨ ਲਗਾਨ ਨਾ ਦੇ ਸਕੇ। ਮੁਹੰਮਦ-ਬਿਨ-ਤੁਗ਼ਲਕ ਦੇ ਅਧਿਕਾਰੀਆਂ ਨੇ ਕਿਸਾਨਾਂ ਤੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਕਿਸਾਨਾਂ ਨੇ ਸੁਲਤਾਨ ਵਿਰੁੱਧ ਵਿਦਰੋਹ ਕਰ ਦਿੱਤਾ, ਜਿਸ ਕਰਕੇ ਸੁਲਤਾਨ ਨੇ ਆਪਣੇ ਆਦੇਸ਼ ਵਾਪਸ ਲੈ ਲਏ।

4. **ਖੁਰਾਸਾਨ ਨੂੰ ਜਿੱਤਣ ਦੀ ਯੋਜਨਾ :** ਮੁਹੰਮਦ-ਬਿਨ-ਤੁਗ਼ਲਕ ਇਕ ਮਹਾਨ ਬਾਦਸ਼ਾਹ ਬਣਨਾ ਚਾਹੁੰਦਾ ਸੀ। ਇਸ ਕਰਕੇ ਉਸ ਨੇ ਖੁਰਾਸਾਨ (ਇਰਾਨ) ਨੂੰ ਜਿੱਤਣ ਦਾ ਫੈਸਲਾ ਕੀਤਾ। ਉਸ ਨੇ ਇੱਕ ਵੱਡੀ ਸੈਨਾ ਇਕੱਠੀ ਕੀਤੀ। ਇਹਨਾਂ ਸੈਨਿਕਾਂ ਨੂੰ ਇੱਕ ਸਾਲ ਦੀ ਤਨਖ਼ਾਹ ਦਿੱਤੀ ਗਈ। ਉਹਨਾਂ ਦੀ ਟ੍ਰੇਨਿੰਗ ਅਤੇ ਹਥਿਆਰਾਂ ਉੱਤੇ ਬਹੁਤ ਸਾਰਾ ਧਨ ਖ਼ਰਚ ਕੀਤਾ ਗਿਆ। ਪਰੰਤੂ ਇੱਕ ਸਾਲ ਬਾਅਦ ਸੁਲਤਾਨ ਨੇ ਖੁਰਾਸਾਨ ਨੂੰ ਜਿੱਤਣ ਦਾ ਵਿਚਾਰ ਛੱਡ ਦਿੱਤਾ। ਸੈਨਿਕਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਸਿੱਟੇ ਵਜੋਂ ਉਹਨਾਂ ਨੇ ਰਾਜ ਵਿੱਚ ਅਸ਼ਾਂਤੀ ਫੈਲਾਅ ਦਿੱਤੀ। ਇਸ ਕਰਕੇ ਰਾਜ ਵਿੱਚ ਵਿਦਰੋਹ ਸ਼ੁਰੂ ਹੋ ਗਏ ਅਤੇ ਬਹੁਤ ਸਾਰੇ ਰਾਜਾਂ ਨੇ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ। ਇਸ ਕਰਕੇ ਸੁਲਤਾਨ ਦਾ ਆਪਣੇ ਸਾਮਰਾਜ ਤੇ ਕਾਬੂ ਨਾ ਰਿਹਾ। ਬਾਅਦ ਵਿੱਚ 1351 ਈ: ਵਿੱਚ ਉਸ ਦੀ ਮੌਤ ਹੋ ਗਈ।




*ਚਿੱਤਰ 10.8* *ਤੁਗਲਕ ਸਾਮਰਾਜ*

### ਫਿਰੋਜ਼ਸ਼ਾਹ ਤੁ.ਗਲਕ

ਮੁਹੰਮਦ-ਬਿਨ-ਤੁ.ਗਲਕ ਦੀ ਮੌਤ ਹੋ ਜਾਣ ਪਿੱਛੋਂ ਫਿਰੋਜ਼ਸ਼ਾਹ ਤੁ.ਗਲਕ ਦਿੱਲੀ ਸਲਤਨਤ ਦਾ ਸੁਲਤਾਨ ਬਣਿਆ। ਉਸ ਨੇ 1351-1388 ਈ: ਤਕ ਸ਼ਾਸਨ ਕੀਤਾ। ਫਿਰੋਜ਼ਸ਼ਾਹ ਨੇ ਲੋਕਾਂ ਦੀ ਭਲਾਈ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ। ਉਸ ਨੇ ਕਈ ਨਹਿਰਾਂ, ਤਲਾਬ, ਖੂਹ, ਹਸਪਤਾਲ, ਸਰਾਵਾਂ ਆਦਿ ਬਣਵਾਏ। ਉਸ ਨੇ ਕੁੱਝ ਨਵੇਂ ਕਸਬੇ ਜਿਵੇਂ ਕਿ ਫਿਰੋਜ਼ਾਬਾਦ, ਫਿਰੋਜ਼ਪੁਰ, ਜੌਨਪੁਰ ਅਤੇ ਹਿਸਾਰ ਆਦਿ ਵੀ ਸਥਾਪਤ ਕੀਤੇ। ਉਸ ਨੇ ਕਈ ਸਿੱਖਿਆ ਸੰਸਥਾਵਾਂ ਵੀ ਸਥਾਪਤ ਕੀਤੀਆਂ। 1388 ਈ: ਵਿੱਚ ਉਸ ਦੀ ਮੌਤ ਹੋ ਗਈ।



ਚਿੱਤਰ 10.9 ਫਿਰੋਜ਼ਸ਼ਾਹ ਤੁ.ਗਲਕ

### ਤੁ.ਗਲਕ ਸਾਮਰਾਜ ਦਾ ਪਤਨ ਅਤੇ ਤੈਮੂਰ ਦਾ ਹਮਲਾ (1398 ਈ:)

ਫਿਰੋਜ਼ਸ਼ਾਹ ਤੁਗਲ਼ਕ ਦੇ ਉਤਰਾਧਿਕਾਰੀ ਸਾਮਰਾਜ ਦੇ ਸ਼ਾਸਨ ਪ੍ਰਬੰਧ ਵੱਲ ਧਿਆਨ ਨਾ ਦੇ ਸਕੇ।

ਤੈਮੂਰ ਮੱਧ ਏਸ਼ੀਆਂ ਵਿੱਚ ਬਲਖ ਦਾ ਸ਼ਾਸਕ ਸੀ। 1398 ਈ: ਵਿੱਚ ਉਸ ਨੇ ਭਾਰਤ 'ਤੇ ਹਮਲਾ ਕੀਤਾ ਅਤੇ ਦਿੱਲੀ ਦੀ ਲੁੱਟ-ਮਾਰ ਕੀਤੀ। ਤੈਮੂਰ ਦੇ ਮੱਧ ਏਸ਼ੀਆ ਵਾਪਸ ਜਾਣ ਪਿੱਛੋਂ ਪੰਜਾਬ, ਮਾਲਵਾ, ਮੇਵਾੜ, ਜੌਨਪੁਰ, ਖਾਨਦੇਸ਼, ਗੁਜਰਾਤ ਆਦਿ ਪ੍ਰਾਂਤਾਂ ਨੇ ਆਪਣੇ ਆਪ ਨੂੰ ਸੁਤੰਤਰ ਘੋਸ਼ਿਤ ਕਰ ਦਿੱਤਾ।

ਦਿੱਲੀ ਛੱਡਣ ਤੋਂ ਪਹਿਲਾਂ ਤੈਮੂਰ ਨੇ ਖਿਜ਼ਰ ਖਾਨ ਨੂੰ ਮੁਲਤਾਨ, ਲਾਹੌਰ ਅਤੇ ਦੀਪਾਲਪੁਰ ਦਾ ਗਵਰਨਰ ਨਿਯੁਕਤ ਕਰ ਦਿੱਤਾ। 1414 ਈ: ਵਿੱਚ ਖਿਜ਼ਰ ਖਾਂ ਨੇ ਦਿੱਲੀ ਨੂੰ ਜਿੱਤ ਲਿਆ ਅਤੇ ਤੁਗਲ਼ਕ ਸਾਮਰਾਜ ਦਾ ਪਤਨ ਕਰ ਦਿੱਤਾ।

### ਸੱਯਦ ਵੰਸ਼ (1414-1451 ਈ:)

ਤੁਗਲਕ ਸਾਮਰਾਜ ਦੇ ਪਤਨ ਤੋਂ ਬਾਅਦ ਖਿਜ਼ਰ ਖਾਂ ਨੇ ਸੱਯਦ ਵੰਸ਼ ਦੇ ਰਾਜ ਦੀ ਨੀਂਹ ਰੱਖੀ। ਇਸ ਵੰਸ਼ ਨੇ 1414-1451 ਈ: ਤਕ ਰਾਜ ਕੀਤਾ। ਇਸ ਵੰਸ਼ ਦੇ ਸ਼ਾਸਕ ਮੁਬਾਰਕ ਸ਼ਾਹ, ਮੁਹੰਮਦ ਸ਼ਾਹ, ਅਲਾਉਦੀਨ ਆਲਮ ਸ਼ਾਹ ਸਨ। ਅਲਾਉਦੀਨ ਆਲਮ ਸ਼ਾਹ ਲਾਹੌਰ ਦੇ ਗਵਰਨਰ ਬਹਿਲੋਲ ਲੋਧੀ ਕੋਲੋਂ ਹਾਰ ਗਿਆ।

### ਲੋਧੀ ਵੰਸ਼ (1451-1526 ਈ:)

ਬਹਿਲੋਲ ਲੋਧੀ, ਲੋਧੀ ਵੰਸ਼ ਦਾ ਸੰਸਥਾਪਕ ਸੀ। ਉਸ ਨੇ ਦੇਸ਼ ਵਿੱਚ ਸ਼ਾਂਤੀ ਅਤੇ ਕਾਨੂੰਨ

ਕਾਇਮ ਕੀਤਾ। 1488 ਈ: ਵਿੱਚ ਉਸ ਦੀ ਮੌਤ ਹੋ ਗਈ। ਇਸ ਕਰਕੇ ਉਸ ਦਾ ਪੁੱਤਰ ਸਿਕੰਦਰ ਲੋਧੀ ਉਸ ਦਾ ਉਤਰਾਧਿਕਾਰੀ ਨਿਯੁਕਤ ਹੋਇਆ।



*ਚਿੱਤਰ 10.10 ਬਹਿਲੋਲ ਲੋਧੀ*

## ਸਿਕੰਦਰ ਲੋਧੀ (1488-1517 ਈ:)

ਸਿਕੰਦਰ ਲੋਧੀ, ਲੋਧੀ ਵੰਸ਼ ਦਾ ਬਹੁਤ ਸ਼ਕਤੀਸ਼ਾਲੀ ਰਾਜਾ ਸੀ। ਉਸ ਨੇ ਲੋਕਾਂ ਦੀ ਭਲਾਈ ਲਈ ਕਈ ਕੰਮ ਕੀਤੇ। ਉਦਾਹਰਣ ਵਜੋਂ ਖੇਤੀ-ਬਾੜੀ ਵਿੱਚ ਸੁਧਾਰ ਕੀਤਾ ਅਤੇ ਜ਼ਰੂਰਤਮੰਦ ਚੀਜਾਂ ਦੀਆਂ ਕੀਮਤ ਵਿਚ ਕਮੀ ਕੀਤੀ ਆਦਿ। 1503 ਈ: ਵਿੱਚ ਉਸ ਨੇ ਆਗਰਾ ਸ਼ਹਿਰ ਦੀ ਸਥਾਪਨਾ ਵੀ ਕੀਤੀ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। 1517 ਈ: ਵਿੱਚ ਉਸ ਦੀ ਮੌਤ ਹੋ ਗਈ। ਇਸ ਲਈ 1517 ਈ: ਵਿਚ ਉਸ ਦਾ ਪੁੱਤਰ ਇਬਰਾਹੀਮ ਦਿੱਲੀ ਸਲਤਨਤ ਦਾ ਸੁਲਤਾਨ ਬਣਿਆ।



*ਚਿੱਤਰ 10.11 ਸਿਕੰਦਰ ਲੋਧੀ*



*ਚਿੱਤਰ 10.12 ਇਬਰਾਹੀਮ ਲੋਧੀ*

## ਇਬਰਾਹੀਮ ਲੋਧੀ (1517-1526 ਈ:)

ਇਬਰਾਹੀਮ ਲੋਧੀ ਸਿਕੰਦਰ ਲੋਧੀ ਦਾ ਪੁੱਤਰ ਸੀ। ਉਹ 1517 ਈ: ਵਿਚ ਦਿੱਲੀ ਸੱਲਤਨਤ ਦੀ ਰਾਜਗੱਦੀ ਉਤੇ ਬੈਠਿਆ। ਉਸ ਨੇ ਅਮੀਰਾਂ ਦੀ ਵੱਧ ਰਹੀ ਸ਼ਕਤੀ ਨੂੰ ਰੋਕਣ ਦਾ ਯਤਨ ਕੀਤਾ। ਪਰੰਤੂ ਵਿਦਰੋਹੀਆਂ ਨੇ ਇਬਰਾਹੀਮ ਲੋਧੀ ਵਿਰੁੱਧ ਵਿਦਰੋਹ ਕਰ ਦਿੱਤਾ। ਆਲਮ ਖ਼ਾਨ (ਇਬਰਾਹੀਮ ਲੋਧੀ ਦਾ ਚਾਚਾ) ਉੱਤੇ ਹਮਲਾ ਕਰਨ ਦਾ ਸੱਦਾ ਦੇਣ ਲਈ ਅਫ਼ਗਾਨਿਸਤਾਨ ਗਿਆ।

ਕਾਬੁਲ (ਅਫ਼ਗਾਨਿਸਤਾਨ) ਦੇ ਸ਼ਾਸਕ ਬਾਬਰ ਨੇ ਭਾਰਤ ਉੱਤੇ ਹਮਲਾ ਕੀਤਾ। 1526 ਈ: ਵਿੱਚ ਉਸ ਨੇ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾ ਦਿੱਤਾ। ਇਬਰਾਹੀਮ ਲੋਧੀ ਲੜਾਈ ਵਿੱਚ ਮਾਰਿਆ ਗਿਆ। ਉਸ ਦੀ ਮੌਤ ਦੇ ਨਾਲ਼ ਹੀ ਦਿੱਲੀ ਸਲਤਨਤ ਦੇ ਰਾਜ ਦਾ ਅੰਤ ਹੋ ਗਿਆ। ਸਿੱਟੇ ਵਜੋਂ ਬਾਬਰ ਨੇ ਭਾਰਤ ਵਿੱਚ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ।

## ਦਿੱਲੀ ਸਲਤਨਤ ਦੌਰਾਨ ਰਾਜਨੀਤਿਕ ਸੰਸਥਾਵਾਂ ਦਾ ਵਿਕਾਸ

1. **ਕੇਂਦਰੀ ਸਰਕਾਰ :** ਦਿੱਲੀ ਸਲਤਨਤ ਦੇ ਸਮੇਂ ਸੁਲਤਾਨ ਕੋਲ ਬਹੁਤ ਸ਼ਕਤੀਆਂ ਹੁੰਦੀਆਂ ਸਨ। ਸੁਲਤਾਨ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਨਿਯੁਕਤ ਕਰਦਾ ਸੀ। ਪਰੰਤੂ ਮੰਤਰੀ ਸੁਲਤਾਨ ਦੀ ਆਗਿਆ ਅਨੁਸਾਰ ਹੀ ਆਪਣੇ-ਆਪਣੇ ਵਿਭਾਗ ਦਾ ਸ਼ਾਸਨ ਪ੍ਰਬੰਧ ਚਲਾਉਂਦੇ ਸਨ। ਹਰੇਕ ਵਿਭਾਗ ਦੀ ਨਿਗਰਾਨੀ ਮੰਤਰੀ ਜਾਂ ਅਧਿਕਾਰੀ ਦੁਆਰਾ ਕੀਤੀ ਜਾਂਦੀ ਸੀ। ਵਿੱਤ ਅਤੇ ਲਗਾਨ ਵਿਭਾਗ ਦਾ ਮੁਖੀ ਵਜ਼ੀਰ ਹੁੰਦਾ ਸੀ। ਉਸ ਦੀ ਸਹਾਇਤਾ ਲਈ ਮੁਸ਼ਰਿਫ-ਏ-ਮਮਾਲਿਕ, ਮੁਸਤਫੀ-ਏ-ਮਮਾਲਿਕ, ਆਰਜ਼-ਏ-ਮਮਾਲਿਕ, ਦੀਵਾਨ-ਏ-ਇੰਸ਼ਾ, ਦੀਵਾਨ-ਏ-ਰਸਾਲਤ ਅਤੇ ਸਦਰ-ਏ-ਸਦੂਰ ਪ੍ਰਮੁੱਖ ਸਨ। ਮਹਾਲੇਖਾ ਨਿਰੀਖਕ ਮਹੱਤਵਪੂਰਨ ਸਨ।

**ਪ੍ਰਾਂਤਕ ਪ੍ਰਬੰਧ :** ਦਿੱਲੀ ਸਲਤਨਤ ਸਮੇਂ ਸ਼ਾਸਨ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਲਈ ਸਾਮਰਾਜ ਨੂੰ ਕਈ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ। ਪ੍ਰਾਂਤਕ ਸ਼ਾਸਨ ਪ੍ਰਬੰਧ ਨੂੰ ਚਲਾਉਣ ਲਈ ਕਈ ਗਵਰਨਰ (ਰਾਜਪਾਲ) ਨਿਯੁਕਤ ਕੀਤੇ ਗਏ ਸਨ। ਉਨ੍ਹਾਂ ਨੂੰ **ਸੂਬੇਦਾਰ, ਮੁਕਤੀ** ਜਾਂ **ਵਲੀ** ਵੀ ਕਿਹਾ ਜਾਂਦਾ ਸੀ। ਪ੍ਰਾਂਤਾਂ ਨੂੰ ਅੱਗੇ ਪਰਗਨਿਆਂ ਵਿੱਚ ਵੰਡਿਆ ਗਿਆ ਸੀ। **ਆਮਿਲ** ਪਰਗਨੇ ਦਾ ਮੁੱਖ ਅਧਿਕਾਰੀ ਹੁੰਦਾ ਸੀ। ਪਿੰਡਾਂ ਦੇ ਮੁਖੀਏ ਨੂੰ **ਮੁਕੱਦਮ** ਕਿਹਾ ਜਾਂਦਾ ਸੀ।

**ਸੈਨਿਕ ਕੰਟਰੋਲ ਦੇ ਢੰਗ :** ਦਿੱਲੀ ਸਲਤਨਤ ਦੇ ਸੁਲਤਾਨਾਂ ਨੇ ਆਪਣੀ-ਆਪਣੀ ਸੈਨਾ ਦੀ ਸਹਾਇਤਾ ਨਾਲ਼ ਭਾਰਤ ਦੇ ਬਹੁਤ ਸਾਰੇ ਭਾਗਾਂ 'ਤੇ ਅਧਿਕਾਰ ਕਰ ਲਿਆ ਸੀ। ਉਹਨਾਂ ਨੇ ਫੌਜ਼ ਦੀ ਸਹਾਇਤਾ ਨਾਲ਼ ਵਿਦੇਸ਼ੀ ਹਮਲਿਆਂ ਨੂੰ ਰੋਕਿਆ। ਉਹਨਾਂ ਨੇ ਸੈਨਾ ਦੀ ਸਹਾਇਤਾ ਨਾਲ਼ ਹੀ ਆਪਣੇ ਰਾਜਾਂ ਵਿੱਚ ਕਾਨੂੰਨੀ ਵਿਵਸਥਾ ਕਾਇਮ ਕੀਤੀ। ਵਿਦਰੋਹਾਂ ਨੂੰ ਕੁਚਲਣ ਲਈ ਸੈਨਿਕ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਸੀ।

### ਸ਼ਾਹੀ ਦਰਬਾਰ, ਕੁਲੀਨ ਵਰਗ ਅਤੇ ਭੂਮੀ-ਸੁਧਾਰ

**ਸ਼ਾਹੀ ਦਰਬਾਰ :** ਦਿੱਲੀ ਸਲਤਨਤ ਦੇ ਸੁਲਤਾਨਾਂ ਨੇ ਆਪਣੇ ਦਰਬਾਰ ਦੀ ਸਥਾਪਨਾ ਕੀਤੀ। ਰਾਜਕੁਮਾਰਾਂ ਨੂੰ ਅੱਗੇ ਵਾਲੀਆਂ ਸੀਟਾਂ ਦਿੱਤੀਆਂ ਗਈਆਂ। ਮੰਤਰੀ, ਵਿਭਾਗਾਂ ਦੇ ਮੁਖੀ, ਹੋਰ ਅਧਿਕਾਰੀਆਂ ਅਤੇ ਵਿਦੇਸ਼ੀ ਰਾਜਦੂਤਾਂ ਨੂੰ ਸਥਾਈ ਸੀਟਾਂ ਜਾਰੀ ਕੀਤੀਆਂ ਗਈਆਂ। ਸੁਲਤਾਨ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਵਿਭਾਗਾਂ ਦੇ ਮੁਖੀ ਹਮੇਸ਼ਾਂ ਉੱਥੇ ਹਾਜ਼ਰ ਰਹਿੰਦੇ ਸਨ।

**ਕੁਲੀਨ ਵਰਗ :** ਦਿੱਲੀ ਸਲਤਨਤ ਦੇ ਸੁਲਤਾਨ ਪੂਰਣ ਰੂਪ ਵਿੱਚ ਨਿਰੰਕੁਸ਼ ਸਨ, ਜੋ ਕਿ ਕੁਲੀਨ ਵਰਗ ਦੀ ਸਹਾਇਤਾ ਨਾਲ ਰਾਜ ਕਰਦੇ ਸਨ। ਉਹਨਾਂ ਵਿੱਚੋਂ ਬਹੁਤ ਸਾਰੇ ਕੁਲੀਨ ਤੁਰਕ ਜਾਂ ਅਫਗਾਨ ਪਰਿਵਾਰਾਂ ਵਿੱਚੋਂ ਸਨ। ਪਰੰਤੂ ਅਲਾਉਦੀਨ ਖ਼ਿਲਜੀ ਦੇ ਰਾਜਕਾਲ ਪਿੱਛੋਂ ਮੁਸਲਮਾਨਾਂ

ਅਤੇ ਹਿੰਦੂਆਂ ਨੂੰ ਵੀ ਅਧਿਕਾਰੀ ਨਿਯੁਕਤ ਕੀਤਾ ਜਾਂਦਾ ਸੀ। ਉਹਨਾਂ ਨੇ ਕੁਲੀਨ ਵਰਗ ਦੀ ਰਚਨਾ ਕੀਤੀ। ਕੇਂਦਰੀ ਮੰਤਰੀ, ਪ੍ਰਾਂਤਕ ਗਵਰਨਰ, ਸੈਨਾ ਦੇ ਮੁਖੀ ਕੁਲੀਨ ਵਰਗ ਵਿੱਚ ਸ਼ਾਮਲ ਸਨ।

**ਭੂਮੀ ਸੁਧਾਰ** : ਭੂਮੀ-ਲਗਾਨ ਦਿੱਲੀ ਸਲਤਨਤ ਦੀ ਆਮਦਨ ਦਾ ਮੁੱਖ ਸਾਧਨ ਸੀ। ਉਸ ਸਮੇਂ ਭੂਮੀ-ਲਗਾਨ ਨਿਸ਼ਚਿਤ ਕਰਨ ਲਈ ਤਿੰਨ ਵਿਧੀਆਂ ਪ੍ਰਚਲਿਤ ਸਨ। ਇਹ ਤਿੰਨ ਵਿਧੀਆਂ– ਬਟਾਈ, ਕਨਕੂਤ ਅਤੇ ਭੂਮੀ ਦੀ ਮਿਣਤੀ 'ਤੇ ਅਧਾਰਤ ਸਨ। ਭੂਮੀ-ਲਗਾਨ ਨਕਦੀ ਜਾਂ ਕਿਸੇ ਹੋਰ ਰੂਪ ਵਿੱਚ ਇਕੱਠਾ ਕੀਤਾ ਜਾਂਦਾ ਸੀ। ਅਲਾਉੱਦੀਨ ਖਿਲਜੀ ਨੇ ਭੂਮੀ-ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਉਸ ਨੇ ਖੇਤੀ ਯੋਗ ਭੂਮੀ ਦੀ ਮਿਣਤੀ ਕਰਵਾਈ। ਉਸ ਨੇ ਖੇਤੀ-ਬਾੜੀ ਦੀ ਨਿਗਰਾਨੀ ਕਰਨ ਲਈ **ਦੀਵਾਨ-ਏ-ਮੁਸਤਖਰਾਜ਼** ਨਾਂ ਦੇ ਵਿਭਾਗ ਦੀ ਸਥਾਪਨਾ ਕੀਤੀ। ਉਸ ਸਮੇਂ ਭੂਮੀ-ਲਗਾਨ ਦੀ ਦਰ ਬਹੁਤ ਉੱਚੀ ਸੀ। ਫਿਰੋਜ਼ਸ਼ਾਹ ਤੁਗਲਕ ਨੇ ਖੇਤੀਬਾੜੀ ਨੂੰ ਉਤਸ਼ਾਹਿਤ ਕੀਤਾ। ਉਸ ਨੇ ਸਿੰਚਾਈ ਲਈ ਬਹੁਤ ਸਾਰੀਆਂ ਨਹਿਰਾਂ ਦੀ ਖੁਦਵਾਈ ਕਰਵਾਈ। ਉਸ ਨੇ ਭੂਮੀ-ਲਗਾਨ ਦੀ ਦਰ ਘੱਟ ਕੀਤੀ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ।

**ਲਗਾਨ ਦੇ ਸ੍ਰੋਤ** : ਭੂਮੀ-ਲਗਾਨ ਤੋਂ ਇਲਾਵਾ ਰਾਜ ਦੀ ਆਮਦਨ ਦੇ ਹੋਰ ਸਾਧਨ–**ਖਰਾਜ਼, ਖਮਸ, ਜ਼ਕਾਤ** ਅਤੇ **ਜਜੀਆ** ਸਨ। ਖਰਾਜ਼ ਗੈਰ-ਮੁਸਲਮਾਨਾਂ ਤੋਂ ਲਿਆ ਜਾਣ ਵਾਲਾ ਭੂਮੀ ਕਰ ਸੀ। ਇਹ ਕਰ ਕੁੱਲ ਉਪਜ ਦਾ 10% ਤੋਂ 50% ਤੱਕ ਹੁੰਦਾ ਸੀ। ਖਮਸ ਯੁੱਧ ਦੌਰਾਨ ਲੁੱਟੇ ਗਏ ਮਾਲ ਦਾ 1/5 ਭਾਗ ਹੁੰਦਾ ਸੀ, ਜਿਸ ਤੇ ਸੁਲਤਾਨ ਦਾ ਅਧਿਕਾਰ ਹੁੰਦਾ ਸੀ। ਲੁੱਟ ਦੇ ਮਾਲ ਦਾ ਬਾਕੀ ਬਚਿਆ 4/5 ਭਾਗ ਸੈਨਾ ਵਿੱਚ ਵੰਡ ਦਿੱਤਾ ਜਾਂਦਾ ਸੀ। **ਜ਼ਕਾਤ** ਇੱਕ ਧਾਰਮਿਕ ਕਰ ਸੀ ਜੋ ਮੁਸਲਮਾਨਾਂ ਉੱਪਰ ਲਗਾਇਆ ਜਾਂਦਾ ਸੀ। ਇਹ ਕਰ ਉਹਨਾਂ ਦੀ ਜਾਇਦਾਦ ਦਾ 2.5% ਹੁੰਦਾ ਸੀ। ਜਜੀਆ ਕਰ ਗੈਰ-ਮੁਸਲਮਾਨਾਂ ਉੱਪਰ ਲਗਾਇਆ ਜਾਂਦਾ ਸੀ। ਇਹ ਕਿਹਾ ਜਾਂਦਾ ਹੈ ਕਿ ਇਸਤਰੀਆਂ, ਬੱਚਿਆਂ ਅਤੇ ਗਰੀਬ ਲੋਕਾਂ ਉੱਤੇ ਇਹ ਕਰ ਨਹੀਂ ਲਗਾਇਆ ਜਾਂਦਾ ਸੀ। ਇਸ ਕਰ ਦੀ ਵਸੂਲੀ ਆਮਦਨ ਦੇ ਆਧਾਰ ਤੇ 10 ਤੋਂ ਲੈ ਕੇ 40 ਟਕਾ ਤਕ ਕੀਤੀ ਜਾਂਦੀ ਸੀ।

## ਯਾਦ ਰੱਖਣ ਯੋਗ ਨੁਕਤੇ

1. ਕੁਤਬਉਦੀਨ ਐਬਕ ਨੇ ਕੁਤਬ ਮੀਨਾਰ ਦੀ ਉਸਾਰੀ ਕਰਵਾਈ ਸੀ।
2. ਰਜ਼ੀਆ ਸੁਲਤਾਨ ਇਲਤੁਤਮਿਸ਼ ਦੀ ਪੁੱਤਰੀ ਸੀ।
3. ਇਲਤੁਤਮਿਸ਼ ਕੁਤਬਉਦੀਨ ਦਾ ਦਾਸ ਸੀ।
4. ਗਿਆਸੁਦੀਨ ਬਲਬਨ ਨੇ ਮੰਗੋਲਾਂ ਵਿਰੁੱਧ ਲਹੂ ਅਤੇ ਲੋਹੇ ਦੀ ਨੀਤੀ ਅਪਨਾਈ।
5. ਅਲਾਉਦੀਨ ਖਿਲਜੀ ਨੇ ਸੈਨਿਕਾਂ ਦੇ ਹੁਲੀਏ ਲਿਖਣ ਅਤੇ ਘੋੜਿਆਂ ਨੂੰ ਦਾਗਣ ਦੀ ਪ੍ਰਥਾ ਸ਼ੁਰੂ ਕੀਤੀ।
6. ਇਤਿਹਾਸ ਵਿਚ ਮੁਹੰਮਦ-ਬਿਨ-ਤੁਗਲਕ ਨੂੰ 'ਬੁੱਧੀਮਾਨ ਮੂਰਖ' ਕਿਹਾ ਜਾਂਦਾ ਹੈ।

7. ਫਿਰੋਜ਼ਸ਼ਾਹ ਨੇ ਜਨਤਾ ਦੀ ਭਲਾਈ ਲਈ ਨਹਿਰਾਂ, ਤਲਾਬ, ਖੂਹ, ਹਸਪਤਾਲ ਅਤੇ ਸਰਾਵਾਂ ਆਦਿ ਬਣਾਏ।

8. ਬਾਬਰ ਨੇ 1526 ਈ. ਵਿਚ ਇਬਰਾਹੀਮ ਲੋਧੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਹਰਾਇਆ।

## ਅਭਿਆਸ

### (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

1. ਦਿੱਲੀ ਸਲਤਨਤ ਦੇ ਇਤਿਹਾਸ ਦਾ ਨਿਰਮਾਣ ਕਰਨ ਲਈ ਇਤਿਹਾਸਕ ਇਮਾਰਤਾਂ ਨੇ ਕੀ ਯੋਗਦਾਨ ਪਾਇਆ ?
2. ਬਲਬਨ ਨੇ ਸਲਤਨਤ ਦਾ ਸੰਗਠਨ ਕਿਵੇਂ ਕੀਤਾ ?
3. ਮੁਹੰਮਦ-ਬਿਨ-ਤੁਗ਼ਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਦੇਵਗਿਰੀ ਕਿਉਂ ਬਦਲੀ ਸੀ ?
4. ਮੁਹੰਮਦ-ਬਿਨ-ਤੁਗ਼ਲਕ ਦੀਆਂ ਯੋਜਨਾਵਾਂ ਦੇ ਕੀ ਸਿੱਟੇ ਨਿਕਲੇ ?

**ਸ਼ਬਦਾਵਲੀ**

ਸੂਬੇਦਾਰ

ਮੁਕਤੀ

ਵਲੀ

ਆਮਿਲ

ਮੁਕੱਦਮ

### (ਅ) ਹੇਠ ਲਿਖੇ ਖਾਲੀ ਸਥਾਨ ਭਰੋ :

1. ਕੁਤਬਉੱਦੀਨ ਐਬਕ ............... ਦਾ ਸੰਸਥਾਪਕ ਸੀ।
2. ਰਜ਼ੀਆ ਸੁਲਤਾਨ ............... ਦੀ ਪੁੱਤਰੀ ਸੀ।
3. ਇਲਤੁਤਮਿਸ਼ ............... ਈ: ਵਿੱਚ ਸ਼ਾਸਕ ਬਣਿਆ।
4. ਇਲਤੁਤਮਿਸ਼ ਨੇ ............... ਨੂੰ ਆਪਣਾ ਉਤਰਾਧਿਕਾਰੀ ਚੁਣਿਆ।
5. ਮਲਿਕ ਕਾਫੂਰ ............... ਖਿਲਜੀ ਦਾ ਸੈਨਾਪਤੀ ਸੀ।
6. ਮੁਹੰਮਦ-ਬਿਨ-ਤੁਗ਼ਲਕ ਨੇ ਆਪਣੀ ਰਾਜਧਾਨੀ ............... ਤੋਂ ਦੇਵਗਿਰੀ ਬਦਲਣ ਦਾ ਫੈਸਲਾ ਕੀਤਾ।
7. ਤੈਮੂਰ ਨੇ ............... ਵੰਸ਼ ਦੇ ਸ਼ਾਸਕਾਂ ਦੇ ਰਾਜਕਾਲ ਸਮੇਂ ਭਾਰਤ ਤੇ ਹਮਲਾ ਕੀਤਾ।

### (ੲ) ਹੇਠ ਲਿਖੇ ਵਾਕਾਂ ਸਾਹਮਣੇ ਸਹੀ (✓) ਜਾਂ ਗਲਤ (✗) ਦਾ ਚਿੰਨ ਲਗਾਉ :—

1. ਇਲਤੁਤਮਿਸ਼ ਕੁਤਬਉਦੀਨ ਦਾ ਦਾਸ ਸੀ। ☐
2. ਬਲਬਨ ਦਾਸ ਵੰਸ਼ ਦਾ ਸੰਸਥਾਪਕ ਸੀ। ☐

3. ਅਲਾਉਦੀਨ ਖਿਲਜੀ ਨੇ ਬਾਜ਼ਾਰ ਕੰਟਰੋਲ ਨੀਤੀ ਸ਼ੁਰੂ ਕੀਤੀ। [ ]

4. ਲੋਧੀਆਂ ਨੂੰ ਸੱਯਦਾਂ ਨੇ ਹਰਾਇਆ ਸੀ। [ ]


5. ਸਿਕੰਦਰ ਲੋਧੀ ਅਤੇ ਬਾਬਰ ਵਿੱਚਕਾਰ ਪਾਣੀਪਤ ਦੀ ਪਹਿਲੀ ਲੜਾਈ ਵਿੱਚ ਟਾਕਰਾ ਹੋਇਆ ਸੀ। [ ]

## ਗਤੀਵਿਧੀ

1. ਭਾਰਤ ਦੇ ਨਕਸ਼ੇ ਵਿੱਚ ਦਿੱਲੀ ਸਲਤਨਤ ਦੇ ਮਹੱਤਵਪੂਰਨ ਸਥਾਨ ਦਰਸਾਉ।
2. ਦਿੱਲੀ ਸਲਤਨਤ ਕਾਲ ਦੇ ਸਮਾਰਕਾਂ ਦੇ ਚਿੱਤਰ ਇਕੱਠੇ ਕਰੋ ਅਤੇ ਉਹਨਾਂ ਨੂੰ ਆਪਣੀ ਨੋਟ ਬੁੱਕ ਵਿੱਚ ਚਿਪਕਾਉ।

# ਅਭਿਆਸ ਲਈ


## ਤੇਰਵ੍ਹੀਂ ਸਦੀ ਦੀ ਤੁਰਕ ਸਲਤਨਤ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)

# ਅਭਿਆਸ ਲਈ

## ਤੁਗਲਕ ਦਾ ਸਾਮਰਾਜ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)



# ਪਾਠ 11

# ਮੁਗ਼ਲ ਸਾਮਰਾਜ

15ਵੀਂ ਸਦੀ ਵਿੱਚ ਭਾਰਤੀ ਉਪਮਹਾਂਦੀਪ ਕਈ ਛੋਟੇ-ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ। ਇਹ ਰਾਜ ਆਪਣੀ ਪ੍ਰਭੂਸੱਤਾ ਲਈ ਆਪਸ ਵਿੱਚ ਲੜਦੇ-ਝਗੜਦੇ ਸਨ। ਦਿੱਲੀ ਸਲਤਨਤ ਦੇ ਆਖਰੀ ਸੁਲਤਾਨ ਇਬਰਾਹੀਮ ਲੋਧੀ ਨੇ ਪੰਜਾਬ ਦੇ ਸੂਬੇਦਾਰ ਦੌਲਤ ਖਾਂ ਲੋਧੀ ਨਾਲ਼ ਬੁਰਾ ਸਲੂਕ ਅਤੇ ਉਸ ਦੇ ਪੁੱਤਰ ਦਾ ਅਪਮਾਨ ਕੀਤਾ ਸੀ। ਇਸ ਕਰਕੇ ਦੌਲਤ ਖਾਂ ਲੋਧੀ ਅਤੇ ਮੇਵਾੜ ਦੇ ਸ਼ਾਸਕ ਰਾਣਾ ਸਾਂਗਾ ਨੇ ਕਾਬੁਲ ਦੇ ਸ਼ਾਸਕ ਬਾਬਰ ਨੂੰ ਭਾਰਤ ਉਤੇ ਹਮਲਾ ਕਰਨ ਲਈ ਬੁਲਾਇਆ। ਬਾਬਰ ਨੇ 1526 ਈ: ਵਿੱਚ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾਇਆ।

## ਮੁਗ਼ਲ ਕੌਣ ਸਨ ?

ਮੁਗ਼ਲ ਮੱਧ ਏਸ਼ੀਆ ਦੇ ਮੰਗੋਲ ਸ਼ਾਸਕ ਚੰਗੇਜ਼ ਖਾਂ ਦੇ ਉਤਰਾਧਿਕਾਰੀ ਸਨ। ਇਹਨਾਂ ਨੇ ਭਾਰਤ ਦੀ ਧਨ-ਦੌਲਤ ਬਾਰੇ ਸੁਣਿਆ ਸੀ। ਉਹ ਇਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਭਾਰਤ ਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਨਤੀਜੇ ਵਜੋਂ 1526 ਈ. ਵਿਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਹਰਾ ਕੇ ਮੁਗ਼ਲ ਸਾਮਰਾਜ ਦੀ ਨੀਂਹ ਰੱਖੀ।

**ਸਾਰਣੀ-1**

**ਮੁਗ਼ਲ ਬਾਦਸ਼ਾਹ**

| | |
|---|---|
| ਬਾਬਰ | 1526-1530 ਈ. |
| ਹੁਮਾਯੂੰ | 1530-1540 ਈ. ਅਤੇ 1555-1556 ਈ. |
| ਅਕਬਰ | 1556-1605 ਈ. |
| ਜਹਾਂਗੀਰ | 1605-1627 ਈ. |
| ਸ਼ਾਹਜਹਾਂ | 1628-1657 ਈ. |
| ਔਰੰਗਜ਼ੇਬ | 1658-1707 ਈ. |

## ਬਾਬਰ (1526-1530 ਈ:)

ਬਾਬਰ ਮੁਗ਼ਲ ਸਾਮਰਾਜ ਦਾ ਪਹਿਲਾ ਸ਼ਾਸਕ ਸੀ। ਉਹ ਦੌਲਤ ਖਾਂ ਲੋਧੀ ਅਤੇ ਮੇਵਾੜ ਦੇ ਸ਼ਾਸਕ ਰਾਣਾ ਸਾਂਗਾ ਦੇ ਸੱਦੇ 'ਤੇ ਮੱਧ ਏਸ਼ੀਆ ਤੋਂ ਭਾਰਤ ਆਇਆ।

1526 ਈ: ਵਿੱਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿੱਚ ਹਰਾ ਕੇ ਦਿੱਲੀ ਅਤੇ ਆਗਰੇ 'ਤੇ ਕਬਜ਼ਾ ਕਰ ਲਿਆ ਬਾਬਰ ਦੁਆਰਾ ਅਜਿਹਾ ਕਰਨ ਕਰਕੇ ਰਾਣਾ ਸਾਂਗਾ ਬਾਬਰ ਦੇ ਨਾਲ਼ ਨਰਾਜ਼ ਹੋ ਗਿਆ। ਉਸ ਨੇ ਬਾਬਰ ਦੇ ਵਿਰੁੱਧ ਇੱਕ ਵਿਸ਼ਾਲ ਸੈਨਾ ਭੇਜੀ। ਬਾਬਰ ਨੇ ਰਾਣਾ ਸਾਂਗਾ ਨੂੰ 1527 ਈ: ਵਿੱਚ **ਕਾਨਵਾਹ** ਦੀ ਲੜਾਈ ਵਿੱਚ ਹਰਾ ਦਿੱਤਾ। ਇਸ ਤਰ੍ਹਾਂ ਬਾਬਰ ਨੇ ਉੱਤਰੀ ਭਾਰਤ 'ਤੇ ਅਧਿਕਾਰ ਕਰ ਲਿਆ। ਉਸ ਨੇ 1528 ਈ: ਵਿੱਚ **ਚੰਦੇਰੀ** ਦੀ ਲੜਾਈ ਵਿੱਚ ਰਾਜਪੂਤਾਂ ਨੂੰ ਵੀ ਬੁਰੀ ਤਰ੍ਹਾਂ ਹਰਾਇਆ। 1529 ਈ: ਵਿੱਚ ਬਾਬਰ ਨੇ ਅਫ਼ਗਾਨਾਂ ਨੂੰ ਘਾਘਰਾ ਦੀ ਲੜਾਈ ਵਿੱਚ ਹਰਾਇਆ ਸੀ। 1530 ਈ: ਵਿੱਚ ਬਾਬਰ ਦੀ ਮੌਤ ਹੋ ਗਈ ਅਤੇ ਉਸ ਦਾ ਪੁੱਤਰ ਹੁਮਾਯੂੰ ਉਸ ਦਾ ਉਤਰਾਧਿਕਾਰੀ ਨਿਯੁੱਕਤ ਹੋਇਆ।




*ਚਿੱਤਰ 11.1* ਬਾਬਰ

## ਹੁਮਾਯੂੰ (1530–1540 ਈ. ਅਤੇ 1555–1556 ਈ.)

1530 ਈ: ਵਿੱਚ **ਬਾਬਰ** ਦੀ ਮੌਤ ਹੋ ਜਾਣ ਕਰਕੇ ਉਸ ਦਾ ਪੁੱਤਰ ਹੁਮਾਯੂੰ ਮੁਗ਼ਲ ਬਾਦਸ਼ਾਹ ਬਣਿਆ। ਪਰੰਤੂ 1540 ਈ: ਵਿੱਚ ਸ਼ੇਰ ਸ਼ਾਹ ਸੂਰੀ ਨੇ ਉਸ ਨੂੰ ਹਰਾ ਕੇ ਭਾਰਤ ਤੋਂ ਬਾਹਰ ਕੱਢ ਦਿੱਤਾ। ਪਰੰਤੂ 1555 ਈ: ਵਿੱਚ ਹੁਮਾਯੂੰ ਨੇ ਸ਼ੇਰ ਸ਼ਾਹ ਸੂਰੀ ਦੇ ਉਤਰਾਧਿਕਾਰੀ ਸਿਕੰਦਰ ਸੂਰੀ ਨੂੰ ਹਰਾ ਕੇ ਦੁਬਾਰਾ ਦਿੱਲੀ 'ਤੇ ਅਧਿਕਾਰ ਕਰ ਲਿਆ। 1556 ਈ: ਵਿੱਚ ਹੁਮਾਯੂੰ ਦੀ ਮੌਤ ਹੋ ਗਈ।



*ਚਿੱਤਰ 11.2* ਹੁਮਾਯੂੰ




*ਚਿੱਤਰ 11.3* *ਭਾਰਤ 1526 ਈ. ਵਿੱਚ*

**ਅਕਬਰ ਬਾਰੇ ਵਿਸ਼ੇਸ਼ ਅਧਿਐਨ :**

## ਅਕਬਰ (1556-1605 ਈ:)

ਹੁਮਾਯੂੰ ਦੀ ਮੌਤ ਪਿੱਛੋ 14 ਫਰਵਰੀ 1556 ਈ: ਨੂੰ ਬੈਰਮ ਖਾਂ ਨੇ ਅਕਬਰ ਨੂੰ ਕਲਾਨੌਰ (ਗੁਰਦਾਸਪੁਰ) ਮੁਗ਼ਲ ਰਾਜਗੱਦੀ ਉੱਤੇ ਬੈਠਾਇਆ।



*ਚਿੱਤਰ 11.4 ਅਕਬਰ*

ਅਕਬਰ ਨੇ ਰਾਜਗੱਦੀ 'ਤੇ ਬੈਠਣ ਪਿੱਛੋਂ ਜਲਦੀ ਹੀ ਦਿੱਲੀ ਅਤੇ ਆਗਰੇ 'ਤੇ ਮੁੜ ਕਬਜ਼ਾ ਕਰਨ ਲਈ ਦਿੱਲੀ ਵੱਲ ਕੂਚ ਕੀਤਾ। 1556 ਈ: ਵਿੱਚ ਉਹਨਾਂ ਦਾ ਹੇਮੂੰ ਨਾਲ਼ ਪਾਨੀਪਤ ਦੇ ਮੈਦਾਨ ਵਿੱਚ ਟਾਕਰਾ ਹੋਇਆ। ਅਕਬਰ ਇਸ ਲੜਾਈ ਵਿੱਚ ਜਿੱਤ ਗਿਆ ਅਤੇ ਹੇਮੂੰ ਦੀ ਮੌਤ ਹੋ ਗਈ।

1560 ਈ: ਵਿੱਚ ਅਕਬਰ ਨੇ ਬੈਰਮ ਖਾਂ ਦੀ ਨਵਾਬ-ਸ਼ਾਹੀ ਖ਼ਤਮ ਕਰ ਦਿੱਤੀ ਅਤੇ ਸਰਕਾਰ 'ਤੇ ਕਬਜ਼ਾ ਕਰ ਲਿਆ।

**(i) ਅਕਬਰ ਦੀਆਂ ਜਿੱਤਾਂ :** ਅਕਬਰ ਨੇ ਆਪਣੇ ਸਾਮਰਾਜ ਦਾ ਵਿਸਥਾਰ ਕਰਨ ਲਈ ਸਭ ਤੋਂ ਪਹਿਲਾਂ 1561 ਈ: ਵਿੱਚ ਮਾਲਵਾ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਉਸਤੋਂ ਬਾਦ ਉਸਨੇ ਗਵਾਲੀਅਰ, ਜੌਨਪੁਰ ਅਤੇ ਅਜ਼ਮੇਰ 'ਤੇ ਜਿੱਤ ਪ੍ਰਾਪਤ ਕੀਤੀ। ਅਕਬਰ ਰਾਜਪੂਤਾਂ ਨਾਲ਼ ਦੋਸਤਾਨਾਂ ਸਬੰਧ ਕਾਇਮ ਕਰਨਾ ਚਾਹੁੰਦਾ ਸੀ। ਉਸ ਨੇ ਰਾਜਪੂਤ ਪਰਿਵਾਰਾਂ ਵਿੱਚ ਰਾਜਪੂਤ ਰਾਜ ਕੁਮਾਰੀਆਂ ਨਾਲ਼ ਆਪਣੇ ਵਿਆਹ ਕਰਵਾਏ। ਇਸ ਤਰ੍ਹਾਂ ਉਸ ਨੇ ਵਿਆਹਕ ਸੰਧੀਆਂ ਰਾਹੀਂ ਆਪਣੀ ਸਥਿਤੀ ਨੂੰ ਮਜ਼ਬੂਤ ਬਣਾਇਆ। ਉਸ ਨੇ ਆਪਣੇ ਸ਼ਾਸਨ ਪ੍ਰਬੰਧ ਵਿੱਚ ਰਾਜਪੂਤਾਂ ਨੂੰ ਉੱਚੇ ਅਹੁਦੇ ਦਿੱਤੇ। ਕੁਝ ਰਾਜਪੂਤ ਉਸ ਦੇ ਮਹੱਤਵਪੂਰਨ ਅਤੇ ਵਫ਼ਾਦਾਰ ਅਫ਼ਸਰ ਸਨ ਜਿਵੇਂ ਕਿ **ਰਾਜਾ ਮਾਨ ਸਿੰਘ**। ਪਰੰਤੂ ਉਹ ਉਹਨਾਂ ਰਾਜਪੂਤਾਂ ਦੇ ਵਿਰੁੱਧ ਲੜਿਆ ਵੀ ਸੀ, ਜਿਨ੍ਹਾਂ ਨੇ ਉਸ ਦਾ ਵਿਰੋਧ ਕੀਤਾ ਸੀ ਜਿਵੇਂ ਕਿ ਮੇਵਾੜ ਦਾ ਰਾਣਾ ਪ੍ਰਤਾਪ ਸਿੰਘ।




**ਚਿੱਤਰ 11.5** *ਅਕਬਰ ਦੇ ਸਮੇਂ ਮੁਗ਼ਲ ਸਾਮਰਾਜ*

ਅਕਬਰ ਸਾਰੇ ਭਾਰਤ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਗੁਜਰਾਤ ਅਤੇ ਬੰਗਾਲ ਨੂੰ ਜਿੱਤ ਲਿਆ। 1595 ਈ: ਵਿੱਚ ਉਸ ਨੇ ਕਸ਼ਮੀਰ, ਸਿੰਧ, ਉੜੀਸਾ, ਮੱਧ ਭਾਰਤ ਦੇ ਜ਼ਿਆਦਾ ਹਿੱਸੇ ਅਤੇ ਕੰਧਾਰ 'ਤੇ ਵੀ ਜਿੱਤ ਪ੍ਰਾਪਤ ਕਰ ਲਈ। 1595 ਤੋਂ 1601 ਈ: ਦੌਰਾਨ ਉੱਤਰੀ ਭਾਰਤ ਮੁਗ਼ਲਾਂ ਦੇ ਅਧੀਨ ਹੋ ਗਿਆ। ਮੁਗ਼ਲਾਂ ਨੇ ਬਰਾਰ, ਖਾਨਦੇਸ਼, ਅਤੇ ਅਹਿਮਦਨਗਰ ਰਾਜ ਦੇ ਹਿੱਸਿਆਂ ਉੱਤੇ ਸਮੁੱਚੇ ਰੂਪ ਵਿੱਚ ਅਧਿਕਾਰ ਕਰ ਲਿਆ ਸੀ। ਅਕਬਰ ਭਾਰਤ ਦੇ ਵੱਡੇ ਹਿੱਸੇ ਦਾ ਬਾਦਸ਼ਾਹ ਬਣ ਗਿਆ ਸੀ।

*ਅਕਬਰ ਨੇ ਰਾਜਪੂਤ ਰਾਜਕੁਮਾਰੀਆਂ ਨਾਲ ਵਿਆਹ ਕਿਉਂ ਕਰਵਾਏ ਸਨ?*

### (ii) ਅਕਬਰ ਦਾ ਸ਼ਾਸਨ ਪ੍ਰਬੰਧ

ਅਕਬਰ ਮੁਗਲ ਸ਼ਾਸਨ ਪ੍ਰਬੰਧ ਦਾ ਅਸਲ ਨਿਰਮਾਤਾ ਸੀ। ਉਸ ਨੇ ਸ਼ਾਸਨ ਪ੍ਰਬੰਧ ਵਿੱਚ ਬਹੁਤ ਸਾਰੇ ਸੁਧਾਰ ਕੀਤੇ ਸਨ।

#### (ੳ) ਕੇਂਦਰੀ ਸ਼ਾਸਨ ਪ੍ਰਬੰਧ

ਰਾਜਾ ਸਿਵਲ ਅਤੇ ਸੈਨਿਕ ਸ਼ਾਸਨ ਪ੍ਰਬੰਧ ਦਾ ਮੁਖੀ ਸੀ। ਉਸ ਦੀ ਸਹਾਇਤਾ ਲਈ ਬਹੁਤ ਸਾਰੇ ਮੰਤਰੀ ਹੁੰਦੇ ਸਨ। ਉਹਨਾਂ ਵਿੱਚੋਂ ਪ੍ਰਮੁੱਖ ਮੰਤਰੀ ਵਕੀਲ, ਦੀਵਾਨ-ਏ-ਆਲਾ, ਮੀਰ ਬਖਸ਼ੀ, ਸਦਰ-ਏ-ਸਦੂਰ, ਫੌਜ਼ਦਾਰ, ਕੋਤਵਾਲ ਸਨ।

#### (ਅ) ਪ੍ਰਾਂਤਿਕ ਸ਼ਾਸਨ ਪ੍ਰਬੰਧ

ਅਕਬਰ ਬਾਦਸ਼ਾਹ ਨੇ ਪ੍ਰਸ਼ਾਸਨ ਨੂੰ ਠੀਕ ਤਰ੍ਹਾਂ ਚਲਾਉਣ ਲਈ ਮੁਗ਼ਲ ਸਾਮਰਾਜ ਨੂੰ 15 ਪ੍ਰਾਂਤਾਂ ਜਾਂ ਸੂਬਿਆਂ ਵਿੱਚ ਵੰਡਿਆ ਹੋਇਆ ਸੀ।

1. **ਸੂਬੇਦਾਰ** : ਸੂਬੇਦਾਰ ਪ੍ਰਾਂਤ ਦਾ ਮੁਖੀ ਹੁੰਦਾ ਸੀ। ਉਸ ਦਾ ਮੁੱਖ ਕੰਮ ਆਪਣੇ ਪ੍ਰਾਂਤ ਵਿੱਚ ਸ਼ਾਂਤੀ ਸਥਾਪਤ ਕਰਨਾ ਅਤੇ ਕਾਨੂੰਨੀ ਵਿਵਸਥਾ ਲਾਗੂ ਕਰਨਾ ਸੀ।
2. **ਦੀਵਾਨ** : ਉਹ ਪ੍ਰਾਂਤ ਦੇ ਵਿੱਤ ਵਿਭਾਗ ਦਾ ਮੁਖੀ ਸੀ। ਉਹ ਪ੍ਰਾਂਤ ਦੀ ਆਮਦਨ ਅਤੇ ਵਿੱਤ ਦਾ ਹਿਸਾਬ ਰੱਖਦਾ ਸੀ।
3. **ਬਖਸ਼ੀ** : ਉਹ ਪ੍ਰਾਂਤ ਦੇ ਸੈਨਿਕ ਪ੍ਰਬੰਧ ਦੀ ਦੇਖ-ਭਾਲ ਕਰਦਾ ਸੀ। ਉਹ ਘੋੜਿਆਂ ਨੂੰ ਦਾਗਣ ਦਾ ਵੀ ਪ੍ਰਬੰਧ ਕਰਦਾ ਸੀ।
4. **ਸਦਰ** : ਉਹ ਪ੍ਰਾਂਤ ਦੇ ਸੰਤਾਂ-ਮਹਾਤਮਾਂ ਅਤੇ ਪੀਰਾਂ-ਫਕੀਰਾਂ ਦਾ ਵੇਰਵਾ ਤਿਆਰ ਕਰਦਾ ਸੀ।
5. **ਵਾਕਿਆ ਨਵੀਸ** : ਉਹ ਜਾਸੂਸੀ ਵਿਭਾਗ ਦਾ ਮੁਖੀ ਹੁੰਦਾ ਸੀ। ਉਹ ਪ੍ਰਾਂਤ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਵੇਰਵਾ ਰੱਖਦਾ ਸੀ।

6. **ਕੋਤਵਾਲ :** ਉਹ ਪੁਲਿਸ ਅਧਿਕਾਰੀ ਸੀ। ਉਸ ਦਾ ਮੁੱਖ ਕੰਮ ਸ਼ਹਿਰ ਵਿੱਚ ਸ਼ਾਂਤੀ ਸਥਾਪਤ ਕਰਨਾ ਅਤੇ ਸ਼ਹਿਰ ਦੀ ਪਹਿਰੇਦਾਰੀ ਕਰਨਾ ਸੀ।

### (ਙ) ਸਥਾਨਿਕ ਸ਼ਾਸਨ ਪ੍ਰਬੰਧ

ਅਕਬਰ ਬਾਦਸ਼ਾਹ ਨੇ ਮੁਗ਼ਲ ਸਾਮਰਾਜ ਦੇ ਸਥਾਨਿਕ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਣ ਲਈ ਪ੍ਰਾਂਤਾਂ ਨੂੰ ਸਰਕਾਰਾਂ ਜਾਂ ਜ਼ਿਲ੍ਹਿਆਂ, ਪਰਗਨਿਆਂ ਅਤੇ ਪਿੰਡਾਂ ਵਿੱਚ ਵੰਡਿਆ ਹੋਇਆ ਸੀ।

### (iii) ਭੂਮੀ ਲਗਾਨ ਪ੍ਰਣਾਲੀ

ਭੂਮੀ ਲਗਾਨ ਮੁਗ਼ਲ ਸਾਮਰਾਜ ਦੀ ਆਮਦਨ ਦਾ ਮੁੱਖ ਸ੍ਰੋਤ ਸੀ। ਅਕਬਰ ਨੇ **ਲਗਾਨ** ਮੰਤਰੀ **ਰਾਜਾ ਟੋਡਰ ਮਲ** ਦੀ ਸਹਾਇਤਾ ਨਾਲ਼ ਲਗਾਨ ਵਿਭਾਗ ਵਿੱਚ ਬਹੁਤ ਸੁਧਾਰ ਕੀਤੇ।
1. ਭੂਮੀ ਦੀ ਮਿਣਤੀ 2. ਭੂਮੀ ਦੀ ਦਰਜਾਬੰਦੀ ਜਾਂ ਵਰਗੀਕਰਣ।

1. **ਭੂਮੀ ਦੀ ਮਿਣਤੀ :** ਭੂਮੀ ਦੀ ਬਿਘਿਆਂ ਵਿੱਚ ਮਿਣਤੀ ਕੀਤੀ ਗਈ।
2. **ਭੂਮੀ ਦੀ ਦਰਜ਼ਾਬੰਦੀ :** ਅਕਬਰ ਨੇ ਸਾਰੀ ਭੂਮੀ ਨੂੰ ਹੇਠ ਲਿਖੇ ਚਾਰ ਭਾਗਾਂ ਵਿੱਚ ਵੰਡਿਆ:
   - (ੳ) ਪੋਲਜ਼ ਭੂਮੀ : ਇਹ ਬਹੁਤ ਉਪਜਾਊ ਭੂਮੀ ਸੀ। ਇਸ ਵਿੱਚ ਕੋਈ ਵੀ ਫ਼ਸਲ ਬੀਜੀ ਜਾ ਸਕਦੀ ਸੀ।
   - (ਅ) ਪਰੌਤੀ ਭੂਮੀ : ਇਸ ਭੂਮੀ ਵਿੱਚ ਇਕ ਜਾਂ ਦੋ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਸੀ।
   - (ੲ) ਛੱਛਰ ਭੂਮੀ : ਇਸ ਭੂਮੀ ਵਿੱਚ ਤਿੰਨ ਜਾਂ ਚਾਰ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਸੀ।
   - (ਸ) ਬੰਜਰ ਭੂਮੀ : ਇਸ ਭੂਮੀ ਵਿੱਚ ਪੰਜ ਜਾਂ ਛੇ ਸਾਲਾਂ ਬਾਅਦ ਫ਼ਸਲ ਬੀਜੀ ਜਾਂਦੀ ਸੀ।

### ਭੂਮੀ ਲਗਾਨ

ਪੋਲਜ਼ ਅਤੇ ਪਰੌਤੀ ਕਿਸਮ ਦੀ ਭੂਮੀ ਤੋਂ ਸਰਕਾਰ ਉਪਜ ਦਾ 1/3 ਹਿੱਸਾ ਲਗਾਨ ਦੇ ਰੂਪ ਵਿੱਚ ਲੈਂਦੀ ਸੀ। ਛੱਛਰ ਅਤੇ ਬੰਜਰ ਭੂਮੀ ਤੋਂ ਬਹੁਤ ਘੱਟ ਹਿੱਸਾ ਲਗਾਨ ਦੇ ਰੂਪ ਵਿੱਚ ਲਿਆ ਜਾਂਦਾ ਸੀ।

(ੳ) **ਕਨਕੂਤ ਪ੍ਰਣਾਲੀ :** ਕਨਕੂਤ ਪ੍ਰਣਾਲੀ ਅਨੁਸਾਰ ਸਰਕਾਰ ਸਾਰੀ ਖੜੀ ਫਸਲ ਦਾ ਅੰਦਾਜ਼ਾ ਲਗਾ ਕੇ ਲਗਾਨ ਨਿਯਤ ਕਰ ਦਿੰਦੀ ਸੀ।

(ਅ) **ਬਟਾਈ ਪ੍ਰਣਾਲੀ :** ਇਸ ਪ੍ਰਣਾਲੀ ਅਨੁਸਾਰ ਜਦੋਂ ਫ਼ਸਲ ਕੱਟ ਲਈ ਜਾਂਦੀ ਸੀ ਤਾਂ ਉਸ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਜਾਂਦਾ ਸੀ। ਇਕ ਹਿੱਸਾ ਸਰਕਾਰ ਲਗਾਨ ਦੇ ਰੂਪ ਵਿੱਚ ਲੈ ਲੈਂਦੀ ਸੀ ਅਤੇ ਬਾਕੀ ਦੋ ਹਿੱਸੇ ਕਿਸਾਨਾਂ ਕੋਲ ਰਹਿ ਜਾਂਦੇ ਸਨ।

(ੲ) **ਨਸਕ ਪ੍ਰਣਾਲੀ :** ਇਸ ਪ੍ਰਣਾਲੀ ਅਨੁਸਾਰ ਸਾਰੇ ਪਿੰਡ ਦੀ ਫ਼ਸਲ ਦਾ ਇਕੱਠਾ ਅੰਦਾਜ਼ਾ ਲਗਾ ਕੇ ਲਗਾਨ ਨਿਯਤ ਕਰ ਦਿੱਤਾ ਜਾਂਦਾ ਸੀ।

ਮੁਗ਼ਲ ਸਰਕਾਰ ਨੇ ਵੱਧ ਤੋਂ ਵੱਧ ਧਰਤੀ ਨੂੰ ਖੇਤੀਯੋਗ ਬਣਾਉਣ ਲਈ ਕਿਸਾਨਾਂ ਨੂੰ ਕਰਜ਼ੇ ਦਿੱਤੇ। ਕਾਲ ਪੈ ਜਾਣ ਜਾਂ ਘੱਟ ਉਪਜ ਹੋਣ ਦੀ ਸੂਰਤ ਵਿੱਚ ਲਗਾਨ ਮਾਫ਼ ਕੀਤਾ ਜਾਂਦਾ ਸੀ।

### (iv) ਮਨਸਬਦਾਰੀ ਪ੍ਰਣਾਲੀ

*ਜਿਉਂ ਹੀ ਮੁਗ਼ਲ ਸਾਮਰਾਜ ਦਾ ਵਿਸਥਾਰ ਹੋਣ ਲੱਗਾ ਤਾਂ ਮੁਗ਼ਲ ਸ਼ਾਸਕਾਂ ਨੇ ਵੱਖ-ਵੱਖ ਸਮੂਹਾਂ ਦੇ ਮੈਂਬਰਾਂ ਨੂੰ ਪ੍ਰਸ਼ਾਸਨ ਵਿਚ ਨਿਯੁਕਤ ਕਰਨਾ ਸ਼ੁਰੂ ਕੀਤਾ, ਜਿਨ੍ਹਾਂ ਨੂੰ ਮਨਸਬਦਾਰ ਕਿਹਾ ਜਾਂਦਾ ਹੈ।*

1. **ਮਨਸਬਦਾਰੀ** : ਮਨਸਬਦਾਰੀ ਪ੍ਰਣਾਲੀ ਅਨੁਸਾਰ ਮੁਗ਼ਲ ਕਰਮਚਾਰੀਆਂ ਦਾ ਅਹੁਦਾ, ਆਮਦਨ ਅਤੇ ਦਰਬਾਰ ਵਿੱਚ ਥਾਂ ਨਿਸ਼ਚਿਤ ਕੀਤੀ ਜਾਂਦੀ ਸੀ। ਮਨਸਬ ਸ਼ਬਦ ਦਾ ਅਰਥ ਅਹੁਦਾ ਜਾਂ **ਪਦਵੀ** ਸੀ। ਮਨਸਬਦਾਰ ਦੇਸ਼ ਦੇ ਸਿਵਲ ਅਤੇ ਸੈਨਿਕ ਵਿਭਾਗ ਨਾਲ਼ ਸੰਬੰਧ ਰਖਦੇ ਸਨ।

2. **ਮਨਸਬਦਾਰ ਦੀ ਨਿਯੁਕਤੀ, ਉੱਨਤੀ ਅਤੇ ਸੇਵਾ ਮੁਕਤੀ** : ਮੁਗ਼ਲ ਬਾਦਸ਼ਾਹ, ਮੀਰ ਬਖਸ਼ੀ ਦੀ ਸਿਫਾਰਸ਼ 'ਤੇ ਮਨਸਬਦਾਰਾਂ ਦੀ ਨਿਯੁਕਤੀ ਯੋਗਤਾ ਅਨੁਸਾਰ ਕਰਦਾ ਸੀ। ਮਨਸਬਦਾਰ ਹੇਠਲੇ ਅਹੁਦੇ 'ਤੇ ਭਰਤੀ ਹੋ ਕੇ ਉਪਰਲੇ ਅਹੁਦੇ ਤਕ ਤਰੱਕੀ ਲੈਂਦਾ ਸੀ। ਪਰੰਤੂ ਬਾਦਸ਼ਾਹ ਠੀਕ ਕੰਮ ਨਾ ਕਰਨ ਵਾਲੇ ਮਨਸਬਦਾਰ ਦਾ ਅਹੁਦਾ ਘਟਾ ਜਾਂ ਉਸ ਨੂੰ ਅਹੁਦੇ ਤੋਂ ਹਟਾ **ਵੀ** ਸਕਦਾ ਸੀ।

3. **ਮਨਸਬਦਾਰਾਂ ਦੀਆਂ ਸ਼੍ਰੇਣੀਆਂ** : ਅਕਬਰ ਬਾਦਸ਼ਾਹ ਦੇ ਰਾਜਕਾਲ ਦੌਰਾਨ ਮਨਸਬਦਾਰਾਂ ਦੀਆਂ 33 ਸ਼੍ਰੇਣੀਆਂ ਸਨ। ਸਭ ਤੋਂ ਛੋਟੇ ਮਨਸਬਦਾਰ ਦੇ ਅਧੀਨ 10 ਸਿਪਾਹੀ ਅਤੇ ਸਭ ਤੋਂ ਵੱਡੇ ਮਨਸਬਦਾਰ ਦੇ ਅਧੀਨ 10,000 ਸਿਪਾਹੀ ਹੁੰਦੇ ਸਨ।

#### *ਜਾਤ ਅਤੇ ਸਵਾਰ ਮਨਸਬਦਾਰਾਂ ਦੀਆਂ ਸ਼੍ਰੇਣੀਆਂ*

(ੳ) *ਜੇਕਰ ਕਿਸੇ ਮਨਸਬਦਾਰ ਦਾ ਜਾਤ-ਪਦ ਅਤੇ ਸਵਾਰ-ਪਦ ਇਕ ਬਰਾਬਰ ਹੁੰਦਾ ਸੀ ਤਾਂ ਉਹ ਪਹਿਲੇ ਦਰਜ਼ੇ ਦਾ ਮਨਸਬਦਾਰ ਕਹਾਉਂਦਾ ਸੀ, ਜਿਵੇਂ 5000 ਜਾਤ ਅਤੇ 5000 ਸਵਾਰ।*

(ਅ) *ਜੇਕਰ ਉਸ ਦਾ ਸਵਾਰ-ਪਦ ਜਾਤ-ਪਦ ਤੋਂ ਅੱਧਾ ਜਾਂ ਅੱਧੇ ਤੋਂ ਕੁੱਝ ਵੱਧ ਹੁੰਦਾ ਤਾਂ ਉਹ ਦੂਸਰੇ ਦਰਜ਼ੇ ਦਾ ਮਨਸਬਦਾਰ ਕਹਾਉਂਦਾ ਸੀ, ਜਿਵੇਂ 5000 ਜਾਤ ਅਤੇ 3000 ਸਵਾਰ।*

(ੲ) *ਜੇਕਰ ਉਸ ਦਾ ਸਵਾਰ-ਪਦ ਜਾਤ-ਪਦ ਦੇ ਅੱਧ ਤੋਂ ਘੱਟ ਹੁੰਦਾ ਤਾਂ ਉਹ ਤੀਸਰੇ ਦਰਜ਼ੇ ਦਾ ਮਨਸਬਦਾਰ ਕਹਾਉਂਦਾ ਸੀ, ਜਿਵੇਂ 5000 ਜਾਤ ਅਤੇ 2000 ਸਵਾਰ।*

4. **ਮਨਸਬਦਾਰਾਂ ਦੇ ਕਰਤੱਵ** : ਬਾਦਸ਼ਾਹ ਮਨਸਬਦਾਰਾਂ ਨੂੰ ਕਿਸੇ ਵੀ ਤਰ੍ਹਾਂ ਦੇ ਕੰਮ 'ਤੇ ਲਗਾ ਸਕਦਾ ਸੀ। ਉਹਨਾਂ ਨੂੰ ਸ਼ਾਸਨ ਪ੍ਰਬੰਧ ਦੇ ਕਿਸੇ ਵੀ ਵਿਭਾਗ ਵਿੱਚ ਜਾਂ ਦਰਬਾਰ ਵਿੱਚ ਹਾਜ਼ਰ ਰਹਿਣ ਲਈ ਕਿਹਾ ਜਾ ਸਕਦਾ ਸੀ।

5. **ਤਨਖਾਹ** : ਮਨਸਬਦਾਰਾਂ ਨੂੰ ਤਨਖਾਹ ਉਹਨਾਂ ਦੀ ਸ਼੍ਰੇਣੀ ਦੇ ਅਹੁਦੇ ਅਨੁਸਾਰ ਦਿੱਤੀ ਜਾਂਦੀ ਸੀ। ਤਨਖ਼ਾਹ ਵਿੱਚ ਵਾਧਾ ਜਾਂ ਕਟੌਤੀ ਵੀ ਕੀਤੀ ਜਾਂਦੀ ਸੀ।

## ਜਹਾਂਗੀਰ (1605-1627 ਈ:)

1605 ਈ: ਵਿੱਚ ਅਕਬਰ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਜਹਾਂਗੀਰ ਮੁਗ਼ਲ ਰਾਜਗੱਦੀ ਉਤੇ ਬੈਠਾ। ਉਸ ਨੇ 1605 ਤੋਂ 1627 ਈ: ਤਕ ਰਾਜ ਕੀਤਾ।

**ਜਹਾਂਗੀਰ ਦੀਆਂ ਜਿੱਤਾਂ :** ਜਹਾਂਗੀਰ ਨੇ ਮੁਗ਼ਲ ਸਾਮਰਾਜ ਨੂੰ ਮਜ਼ਬੂਤ ਕਰਨ ਲਈ ਸਭ ਤੋਂ ਪਹਿਲਾਂ ਆਪਣੇ ਪੁੱਤਰ ਖੁਸਰੋ ਦੇ ਵਿਦਰੋਹ ਦਾ ਦਮਨ ਕੀਤਾ। ਉਸ ਤੋਂ ਪਿੱਛੋਂ ਉਸ ਨੇ ਬੰਗਾਲ ਅਤੇ ਅਵਧ ਨੂੰ ਮੁਗ਼ਲਾਂ ਦੇ ਕਬਜ਼ੇ ਵਿੱਚ ਕੀਤਾ। 1613 ਈ: ਵਿੱਚ ਉਸ ਨੇ ਮੇਵਾੜ ਦੇ ਸ਼ਾਸਕ ਰਾਣਾ ਅਮਰ ਸਿੰਘ ਨੂੰ ਹਰਾਇਆ। ਪਰੰਤੂ ਉਸ ਨੇ ਰਾਣਾ ਅਮਰ ਸਿੰਘ ਨੂੰ ਉਸ ਦੇ ਇਲਾਕਿਆਂ 'ਤੇ ਰਾਜ ਕਰਨ ਦਾ ਅਧਿਕਾਰ ਇਸ ਸ਼ਰਤ 'ਤੇ ਦਿੱਤਾ ਕਿ ਉਹ ਮੁਗ਼ਲ ਬਾਦਸ਼ਾਹ ਪ੍ਰਤੀ ਵਫ਼ਾਦਾਰ ਰਹੇਗਾ। 1620 ਈ: ਵਿੱਚ ਜਹਾਂਗੀਰ ਨੇ ਕਾਂਗੜੇ ਉਤੇ ਵੀ ਜਿੱਤ ਪ੍ਰਾਪਤ ਕਰ ਲਈ ਸੀ।



*ਚਿੱਤਰ 11.6 ਜਹਾਂਗੀਰ*

ਜਹਾਂਗੀਰ ਨੇ ਦੱਕਨ ਵਿੱਚ ਵੀ ਮੁਗ਼ਲਾਂ ਦੇ ਪ੍ਰਭਾਵ ਦਾ ਵਿਸਥਾਰ ਕਰਨ ਲਈ ਅਹਿਮਦਨਗਰ ਦੇ ਕਿਲ੍ਹੇ ਨੂੰ ਜਿੱਤ ਲਿਆ। ਪਰੰਤੂ ਅਹਿਮਦਨਗਰ ਦੇ ਸੈਨਾਪਤੀ **ਮਲਿਕ ਅੰਬਰ** ਨੇ ਦੱਕਨ ਦੇ ਇਲਾਕੇ ਜਿੱਤਣ ਲਈ ਮੁਗ਼ਲਾਂ ਦਾ ਵਿਰੋਧ ਕੀਤਾ। ਇਰਾਨੀਆਂ ਨੇ ਅਫ਼ਗਾਨਿਸਤਾਨ ਵਿੱਚ ਕੰਧਾਰ ਦਾ ਇਲਾਕਾ ਜਹਾਂਗੀਰ ਪਾਸੋਂ ਖੋਹ ਲਿਆ।

### ਜਹਾਂਗੀਰ ਦੇ ਦਰਬਾਰ ਤੇ ਨੂਰਜਹਾਂ ਦਾ ਪ੍ਰਭਾਵ

1611 ਈ: ਵਿੱਚ ਜਹਾਂਗੀਰ ਨੇ ਨੂਰਜਹਾਂ ਨਾਲ਼ ਸ਼ਾਦੀ ਕਰਵਾਈ। ਉਹ ਬਹੁਤ ਸੁੰਦਰ ਅਤੇ ਬੁੱਧੀਮਾਨ ਇਸਤਰੀ ਸੀ। ਉਹ ਬਹੁਤ ਅਭਿਲਾਸ਼ੀ ਅਤੇ ਰਾਜ ਦੇ ਸ਼ਾਸਨ ਪ੍ਰਬੰਧ ਵਿੱਚ ਦਿਲਚਸਪੀ ਰੱਖਦੀ ਸੀ। ਜਹਾਂਗੀਰ ਮਹੱਤਵਪੂਰਨ ਰਾਜਸੀ ਮਾਮਲਿਆਂ ਵਿੱਚ ਉਸ ਦੀ ਸਲਾਹ ਲੈਂਦਾ ਸੀ। ਇਕ ਵਾਰ ਜਹਾਂਗੀਰ ਲੰਬਾ ਸਮਾਂ ਬਿਮਾਰ ਹੋ ਗਿਆ ਤਾਂ ਨੂਰਜਹਾਂ ਨੇ ਸਾਮਰਾਜ ਦੇ ਸ਼ਾਸਨ ਪ੍ਰਬੰਧ ਨੂੰ ਚਲਾਇਆ। ਉਸ ਦੇ ਨਾਂ 'ਤੇ ਸ਼ਾਹੀ ਫਰਮਾਨ ਜਾਰੀ ਕੀਤੇ ਗਏ। ਇੱਥੋਂ ਤੱਕ ਕਿ ਜਹਾਂਗੀਰ ਅਤੇ ਨੂਰਜਹਾਂ ਦੇ ਨਾਂ ਦੇ ਸਾਂਝੇ ਸਿੱਕੇ ਵੀ ਜਾਰੀ ਕੀਤੇ।



*ਚਿੱਤਰ 11.7 ਨੂਰਜਹਾਂ*

## ਸ਼ਾਹਜਹਾਂ (1628-1657 ਈ:)

ਸ਼ਾਹਜਹਾਂ ਆਪਣੇ ਪਿਤਾ ਜਹਾਂਗੀਰ ਦੀ ਮੌਤ ਤੋਂ ਪਿੱਛੋਂ 1628 ਈ: ਵਿੱਚ ਰਾਜਗੱਦੀ ਉਤੇ ਬੈਠਾ। ਉਸ ਨੂੰ ਬੁੰਦੇਲਖੰਡ ਅਤੇ ਦੱਕਨ ਵਿੱਚ ਬਹੁਤ ਸਾਰੇ ਵਿਦਰੋਹਾਂ ਦਾ ਟਾਕਰਾ ਕਰਨਾ ਪਿਆ। 1628 ਈ: ਵਿੱਚ ਬੁੰਦੇਲਖੰਡ ਦੇ ਸ਼ਾਸਕ ਰਾਜਾ **ਜੁਝਾਰ ਸਿੰਘ** ਨੇ ਸ਼ਾਹਜਹਾਂ ਵਿਰੁੱਧ ਵਿਦਰੋਹ ਕਰ ਦਿੱਤਾ। ਪਰੰਤੂ ਉਹ ਹਾਰ ਗਿਆ। ਉਸ ਨੇ 1635 ਈ: ਵਿੱਚ ਦੁਬਾਰਾ ਵਿਦਰੋਹ ਕਰ ਦਿੱਤਾ ਅਤੇ ਮੁਗ਼ਲਾਂ ਦੁਆਰਾ ਮਾਰਿਆ ਗਿਆ।



*ਚਿੱਤਰ 11.8* ਸ਼ਾਹਜਹਾਂ

1633 ਈ: ਵਿੱਚ ਸ਼ਾਹਜਹਾਂ ਨੇ ਦੱਕਨ ਵਿੱਚ ਅਹਿਮਦਨਗਰ ਉਤੇ ਹਮਲਾ ਕਰਕੇ ਉਸ ਨੂੰ ਮੁਗ਼ਲ ਸਾਮਰਾਜ ਵਿੱਚ ਮਿਲਾ ਲਿਆ। ਬੀਜ਼ਾਪੁਰ ਅਤੇ ਗੋਲਕੁੰਡਾ ਸੁਤੰਤਰ ਰਾਜਾਂ ਨੇ ਵੀ ਮੁਗ਼ਲਾਂ ਦੀ ਅਧੀਨਤਾ ਸਵੀਕਾਰ ਕਰ ਲਈ ਅਤੇ ਸ਼ਾਂਤੀ ਸੰਧੀ 'ਤੇ ਦਸਤਖਤ ਕਰ ਦਿੱਤੇ।

1657 ਈ: ਵਿੱਚ ਸ਼ਾਹਜਹਾਂ ਬਿਮਾਰ ਪੈ ਗਿਆ ਅਤੇ ਉਸ ਦੇ ਪੁੱਤਰਾਂ ਵਿੱਚ ਰਾਜਗੱਦੀ ਲਈ ਸੰਘਰਸ਼ ਸ਼ੁਰੂ ਹੋ ਗਿਆ। ਔਰੰਗਜ਼ੇਬ ਨੇ ਸ਼ਾਹਜਹਾਂ ਨੂੰ ਆਗਰੇ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਅਤੇ ਆਪ ਬਾਦਸ਼ਾਹ ਬਣ ਗਿਆ।

## ਔਰੰਗਜ਼ੇਬ (1658-1707 ਈ:)

ਔਰੰਗਜ਼ੇਬ ਮੁਗ਼ਲ ਸਾਮਰਾਜ ਦਾ ਆਖਰੀ ਪ੍ਰਸਿੱਧ ਸ਼ਾਸਕ ਸੀ। ਉਸ ਨੇ 1658-1707 ਈ: ਤੱਕ ਸ਼ਾਸਨ ਕੀਤਾ। ਉਸ ਦੇ ਸਾਮਰਾਜ ਵਿੱਚ ਲਗਪਗ ਸਾਰਾ ਭਾਰਤ ਸ਼ਾਮਲ ਸੀ। ਪਰੰਤੂ ਉਸ ਦਾ ਰਾਜਕਾਲ ਮੁਸੀਬਤਾਂ ਨਾਲ਼ ਭਰਿਆ ਹੋਇਆ ਸੀ। 1669 ਈ:ਵਿੱਚ ਮਥੁਰਾ, ਆਗਰਾ ਦੇ ਜਾਟਾਂ ਨੇ ਔਰੰਗਜ਼ੇਬ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਉਸ ਨੇ ਵਿਦਰੋਹ ਨੂੰ ਤਾਂ ਕੁਚਲ ਦਿੱਤਾ ਪਰੰਤੂ ਜਾਟਾਂ ਨੇ ਮੁਗ਼ਲਾਂ ਵਿਰੁੱਧ ਲੜਾਈ ਜਾਰੀ ਰੱਖੀ। ਨਰਨੌਲ ਅਤੇ ਮੇਵਾੜ ਵਿੱਚ ਸਤਨਾਮੀਏ ਹਿੰਦੂ ਸਾਧੂਆਂ ਦੀ ਇਕ ਸੰਪ੍ਰਦਾਇ ਸੀ, ਉਹਨਾਂ ਦੀ ਹੱਤਿਆਂ ਨੇ ਸਤਨਾਮੀਆਂ ਨੂੰ ਮੁਗ਼ਲਾਂ ਵਿਰੁੱਧ ਵਿਦਰੋਹ ਕਰਨ ਲਈ ਮਜ਼ਬੂਰ ਕਰ ਦਿੱਤਾ। ਪਰੰਤੂ ਮੁਗ਼ਲਾਂ ਨੇ



*ਚਿੱਤਰ 11.9* ਔਰੰਗਜ਼ੇਬ

ਵਿਦਰੋਹ ਨੂੰ ਕੁਚਲ ਦਿੱਤਾ। ਔਰੰਗਜ਼ੇਬ ਦੀ ਕਠੋਰ ਭੂਮੀ ਸੁਧਾਰ ਨੀਤੀ ਕਾਰਣ ਬੁਦੇਲਾਂ ਨੇ ਬੁੰਦੇਲਖੰਡ ਵਿੱਚ ਵਿਦਰੋਹ ਕਰ ਦਿੱਤਾ। ਔਰੰਗਜ਼ੇਬ ਨੇ ਇਸ ਵਿਦਰੋਹ ਨੂੰ ਵੀ ਕੁਚਲ ਦਿੱਤਾ।

*ਸਤਨਾਮੀਆਂ ਨੇ ਮੁਗਲਾਂ ਵਿਰੁੱਧ ਵਿਦਰੋਹ ਕਿਉਂ ਕੀਤਾ ਸੀ ?*

ਔਰੰਗਜ਼ੇਬ ਦੇ ਵਿਰੁੱਧ ਰਾਜਪੂਤ, ਮਰਾਠਿਆਂ ਅਤੇ ਸਿੱਖਾਂ ਨੇ ਸ਼ਕਤੀਸ਼ਾਲੀ ਵਿਦਰੋਹ ਕਰ ਦਿੱਤੇ, ਜਿਨ੍ਹਾਂ ਨੂੰ ਕੁਚਲਣ ਲਈ ਬਹੁਤ ਸਮਾਂ ਲੱਗਾ।

## ਔਰੰਗਜ਼ੇਬ ਅਤੇ ਮਰਾਠੇ


ਸ਼ਿਵਾਜੀ ਦੀ ਅਗਵਾਈ ਹੇਠ ਮਰਾਠੇ ਮਹਾਰਾਸ਼ਟਰ ਦੀ ਮਹਾਨ ਸ਼ਕਤੀ ਬਣ ਗਏ ਸਨ। 1674 ਈ: ਵਿੱਚ ਸ਼ਿਵਾਜੀ ਨੇ ਆਪਣੇ ਆਪ ਨੂੰ ਸੁਤੰਤਰ ਸ਼ਾਸਕ ਘੋਸ਼ਿਤ ਕਰ ਦਿੱਤਾ। 1680 ਈ: ਵਿੱਚ ਸ਼ਿਵਾਜੀ ਦੀ ਮੌਤ ਤੋਂ ਬਾਅਦ ਸ਼ੰਭਾਜੀ ਰਾਜਗੱਦੀ ਉਤੇ ਬੈਠਾ। ਉਸ ਸਮੇਂ ਮਰਾਠਿਆਂ ਅਤੇ ਮੁਗ਼ਲਾਂ ਵਿੱਚਕਾਰ ਸੰਘਰਸ਼ ਚਲ ਹੀ ਰਿਹਾ ਸੀ। 1686 ਈ. ਵਿਚ ਔਰੰਗਜ਼ੇਬ ਨੇ ਬੀਜਾਪੁਰ ਅਤੇ 1687 ਈ. ਵਿਚ ਗੋਲਕੁੰਡਾ ਤੇ ਅਧਿਕਾਰ ਕਰ ਲਿਆ। 1689 ਈ: ਵਿੱਚ ਔਰੰਗਜ਼ੇਬ ਨੇ ਸ਼ੰਭਾਜੀ ਦੀ ਹੱਤਿਆ ਕਰਾ ਦਿੱਤੀ ਅਤੇ ਮਰਾਠਿਆਂ ਦੇ ਇਲਾਕਿਆਂ ਉਤੇ ਕਬਜ਼ਾ ਕਰ ਲਿਆ। ਪਰ ਮਰਾਠਿਆਂ ਨੇ ਪਹਿਲਾਂ ਰਾਜਾ ਰਾਮ ਅਤੇ ਬਾਅਦ ਵਿੱਚ ਉਸ ਦੀ ਰਾਣੀ ਤਾਰਾ ਬਾਈ ਦੀ ਅਗਵਾਈ ਹੇਠ ਸੰਘਰਸ਼ ਜਾਰੀ ਰੱਖਿਆ। ਔਰੰਗਜ਼ੇਬ ਦੀ 1707 ਈ: ਵਿੱਚ ਮੌਤ ਹੋ ਜਾਣ ਤੋਂ ਪਿੱਛੋਂ ਮਰਾਠਿਆਂ ਨੇ ਮੁਗ਼ਲਾਂ ਦੇ ਬਹੁਤ ਸਾਰੇ ਇਲਾਕਿਆਂ ਉਤੇ ਮੁੜ ਕਬਜ਼ਾ ਕਰ ਲਿਆ।

## ਔਰੰਗਜ਼ੇਬ ਅਤੇ ਸਿੱਖ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਬਣੇ। ਉਨ੍ਹਾਂ ਨੇ ਔਰੰਗਜ਼ੇਬ ਦੀ ਹਿੰਦੂਆਂ ਵਿਰੁੱਧ ਧਾਰਮਿਕ ਨੀਤੀ ਦਾ ਵਿਰੋਧ ਕੀਤਾ। ਗੁਰੂ ਜੀ ਹਿੰਦੂਆਂ ਦੇ ਧਰਮ ਦੀ ਆਜ਼ਾਦੀ ਅਤੇ ਰੱਖਿਆ ਲਈ ਔਰੰਗਜ਼ੇਬ ਦੇ ਕੋਲ ਆਏ। ਔਰੰਗਜ਼ੇਬ ਨੇ ਗੁਰੂ ਜੀ ਨੂੰ ਮੁਸਲਮਾਨ ਬਣ ਜਾਣ ਲਈ ਕਿਹਾ। ਗੁਰੂ ਜੀ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਕਰਕੇ ਗੁਰੂ ਜੀ ਨੂੰ 11 ਨਵੰਬਰ, 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦ ਕਰ ਦਿੱਤਾ ਗਿਆ।

***ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕੀ ਕਾਰਨ ਸੀ ? ਵਿਚਾਰ ਕਰੋ।***

ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਬਣੇ। ਉਨ੍ਹਾਂ ਨੇ ਬੁਜ਼ਦਿਲ ਅਤੇ ਡਰਪੋਕ ਹੋ ਚੁੱਕੀ ਮਾਨਵਤਾ ਵਿਚ ਸੂਰਬੀਰਤਾ ਦਾ ਜਜ਼ਬਾ ਪੈਦਾ ਕਰਨ ਲਈ 1699 ਈ: ਵਿਚ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖਾਂ ਅਤੇ ਮੁਗ਼ਲਾਂ ਵਿਚਕਾਰ ਚਮਕੌਰ ਦੀ ਲੜਾਈ ਹੋਈ। ਇਸ ਲੜਾਈ ਵਿਚ ਗੁਰੂ ਜੀ ਦੇ ਦੋ ਪੁੱਤਰ ਸਾਹਿਬਜ਼ਾਦਾ




*ਚਿੱਤਰ 11.10* ਔਰੰਗਜ਼ੇਬ ਦੇ ਸਮੇਂ ਭਾਰਤ

ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਅਤੇ ਫਤਹਿ ਸਿੰਘ ਜੀ ਨੂੰ ਜੀਉਂਦੇ ਹੀ ਸਰਹਿੰਦ ਵਿਖੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

1707 ਈ: ਵਿੱਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਉਤਰਾਧਿਕਾਰੀ ਬਹਾਦਰ ਸ਼ਾਹ ਨੇ ਸਿੱਖਾਂ ਨਾਲ਼ ਮਿੱਤਰਤਾਪੂਰਨ ਸੰਬੰਧ ਸਥਾਪਿਤ ਕੀਤੇ। ਸਰਹਿੰਦ ਦੇ ਫੌਜ਼ਦਾਰ ਵਜੀਰ ਖਾਂ ਦੇ ਕਹਿਣ ਤੇ ਇਕ ਪਠਾਣ ਨੇ ਗੁਰੂ ਜੀ ਦੇ ਛੁਰਾ ਖੋਭ ਦਿੱਤਾ ਜਿਸ ਕਰਕੇ 1708 ਈ: ਵਿੱਚ ਗੁਰੂ ਜੀ ਜੋਤੀ-ਜੋਤ ਸਮਾ ਗਏ। ਬਾਅਦ ਵਿੱਚ ਬੰਦਾ ਸਿੰਘ ਬਹਾਦਰ ਨੇ ਮੁਗ਼ਲਾਂ ਵਿਰੁੱਧ ਸੰਘਰਸ਼ ਜਾਰੀ ਰੱਖਿਆ।

## ਔਰੰਗਜ਼ੇਬ ਦੇ ਉੱਤਰਾਧਿਕਾਰੀ

ਔਰੰਗਜ਼ੇਬ ਦੇ ਉੱਤਰਾਧਿਕਾਰੀ ਸ਼ਾਸਨ ਪ੍ਰਬੰਧ ਚਲਾਉਣ ਲਈ ਅਯੋਗ ਅਤੇ ਕਮਜ਼ੋਰ ਸਨ। ਨਤੀਜੇ ਵਜੋਂ 1739 ਈ: ਵਿੱਚ ਈਰਾਨ ਦੇ ਸ਼ਾਸਕ ਨਾਦਰਸ਼ਾਹ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ। ਇਹ ਹਮਲਾ ਮੁਗ਼ਲਾਂ ਲਈ ਬਹੁਤ ਖਤਰਨਾਕ ਸਿੱਧ ਹੋਇਆ।

### ਯਾਦ ਰੱਖਣ ਯੋਗ ਨੁਕਤੇ

1. ਬਾਬਰ ਮੁਗ਼ਲ ਸਾਮਰਾਜ ਦਾ ਪਹਿਲਾ ਸ਼ਾਸਕ ਸੀ।
2. ਹੁਮਾਯੂੰ ਬਾਬਰ ਦਾ ਪੁੱਤਰ ਸੀ।
3. 1556 ਈ. ਵਿੱਚ ਬੈਰਮ ਖਾਂ ਨੇ ਅਕਬਰ ਨੂੰ ਕਲਾਨੌਰ (ਗੁਰਦਾਸਪੁਰ) ਵਿਖੇ ਮੁਗ਼ਲ ਰਾਜਗੱਦੀ ਉਤੇ ਬੈਠਾਇਆ।
4. ਸ਼ਾਹਜਹਾਂ ਨੇ 1628-1657 ਈ. ਤੱਕ ਰਾਜ ਕੀਤਾ।
5. 1689 ਈ. ਵਿੱਚ ਔਰੰਗਜ਼ੇਬ ਨੇ ਸ਼ੰਭਾਜੀ ਦੀ ਹੱਤਿਆ ਕਰਾਕੇ ਮਰਾਠਿਆਂ ਦੇ ਇਲਾਕਿਆ ਉੱਤੇ ਕਬਜਾ ਕਰ ਲਿਆ।

**ਸ਼ਬਦਾਵਲੀ**

ਮੁਗ਼ਲ

ਮਨਸਬਦਾਰ

ਜਾਤ

ਸਵਾਰ

## ਅਭਿਆਸ

(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

1. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਕਿਉਂ ਸੱਦਾ ਭੇਜਿਆ ਸੀ ?
2. ਬਾਬਰ ਦੀਆਂ ਜਿੱਤਾਂ ਬਾਰੇ ਤੁਸੀਂ ਕੀ ਜਾਣਦੇ ਹੋ ?

3. ਅਕਬਰ ਦੀਆਂ ਜਿੱਤਾਂ ਬਾਰੇ ਲਿਖੋ।

4. ਮੁਗ਼ਲਾਂ ਦੀ ਭੂਮੀ-ਲਗਾਨ ਪ੍ਰਣਾਲੀ ਤੋਂ ਕੀ ਭਾਵ ਹੈ ?

**(ਅ) ਹੇਠ ਲਿਖੇ ਖਾਲੀ ਸਥਾਨ ਭਰੋ :**

1. ਕਨਵਾਹ ਦੀ ਲੜਾਈ ਬਾਬਰ ਅਤੇ .............. ਵਿਚਕਾਰ ਲੜੀ ਗਈ ਸੀ।
2. ਅਕਬਰ ਨੇ ਹੇਮੂੰ ਨੂੰ .............. ਵਿੱਚ ਹਰਾਇਆ ਸੀ।

**(ੲ) ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ (✓) ਜਾਂ ਗਲਤ (x) ਦਾ ਚਿੰਨ ਲਗਾਉ।**

1. ਮੁਗ਼ਲ ਭਾਰਤ ਵਿੱਚ 1525 ਈ: ਵਿੱਚ ਆਏ।
2. ਦੌਲਤ ਖਾਂ ਲੋਧੀ ਅਤੇ ਰਾਣਾ ਸਾਂਗਾ ਨੇ ਬਾਬਰ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਸੱਦਾ ਭੇਜਿਆ।
3. ਸ਼ੇਰ ਸ਼ਾਹ ਸੂਰੀ ਮੁਗ਼ਲ ਸਾਸ਼ਕ ਸੀ।
4. ਔਰੰਗਜ਼ੇਬ ਦੇ ਰਾਜਕਾਲ ਸਮੇਂ ਰਾਜਪੂਤਾਂ ਨਾਲ਼ ਬਹੁਤ ਚੰਗਾ ਸਲੂਕ ਕੀਤਾ ਗਿਆ।

## ਗਤੀਵਿਧੀ

1. ਭਾਰਤ ਦੇ ਨਕਸ਼ੇ ਵਿੱਚ ਮੁਗ਼ਲ ਸਾਮਰਾਜ ਦੇ ਪ੍ਰਸਿੱਧ ਸਥਾਨ ਦਰਸਾਉ।
2. ਮੁਗ਼ਲ ਬਾਦਸ਼ਾਹਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਕਾਪੀ ਵਿਚ ਚਿਪਕਾਉ।

# ਅਭਿਆਸ ਲਈ


## ਭਾਰਤ 1526 ਈ: ਵਿੱਚ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)

## ਅਭਿਆਸ ਲਈ


### ਅਕਬਰ ਦਾ ਸਾਮਰਾਜ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)

# ਅਭਿਆਸ ਲਈ

## ਔਰੰਗਜ਼ੇਬ ਦੇ ਸਮੇਂ ਭਾਰਤ




1. Based upon Survey of India Map with the permission of the Surveyor General of India.
2. The territorial waters of India extend into the sea to a distance of twelve nautical miles measured from the appropriate baseline.
3. The interstate boundaries between Uttar Pradesh & Uttarakhand, Bihar & Jharkhand, Madhya Pradesh & Chhattisgarh have not been verified by the Governments concerned.
4. The boundary of Meghalaya shown on this map is as interpreted from th North-Eastern Areas (Reorganisation) Act, 1971, but has yet to be verified.
5. The External Boundary and coast-line of India shown on this map agree with the Record/Master copy certified by the Survey of India, Dehra Dun.
6. The administrative Headquarters of Chandigarh, Haryana and Punjab are at Chandigarh (Letter No. T.B. 991/62-A-3/213 Dated 5/5/2003)

ਪਾਠ 12

# ਸਮਾਰਕ ਨਿਰਮਾਣ ਕਲਾ

## ਸਮਾਰਕ ਨਿਰਮਾਣ ਦੀਆਂ ਕਿਸਮਾਂ

ਅਸੀਂ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਕਈ ਤਰ੍ਹਾਂ ਦੀ ਸਮਾਰਕ ਨਿਰਮਾਣ ਕਲਾ ਵੇਖੀ ਹੈ ਜਿਵੇਂ ਕਿ ਮੰਦਰ, ਗੁਰਦੁਆਰੇ, ਕਿਲ੍ਹੇ, ਮਹਿਲ, ਹਵੇਲੀਆਂ ਅਤੇ ਬਾਗ ਆਦਿ। ਇਹ ਸਾਰੇ ਕਈ ਤਰ੍ਹਾਂ ਦੀ ਸਮੱਗਰੀ ਅਤੇ ਵੱਖ-ਵੱਖ ਢੰਗ ਨਾਲ਼ ਬਣੇ ਹੋਏ ਹਨ। ਇੱਥੋਂ ਤੱਕ ਕਿ ਇਹਨਾਂ ਨੂੰ ਉਸਾਰਨ ਜਾਂ ਬਣਾਉਣ ਲਈ ਅਲੱਗ-ਅਲੱਗ ਤਰ੍ਹਾਂ ਦੀ ਇੰਜਨੀਅਰਿੰਗ, ਉਸਾਰੀ ਨਿੰਪੁਨਤਾਵਾਂ, ਕਲਾ, ਸੰਗਠਨ ਅਤੇ ਸਾਧਨਾਂ ਦੀ ਵਰਤੋਂ ਕੀਤੀ ਗਈ ਹੈ।

ਹੁਣ ਅਸੀਂ ਇਸ ਅਧਿਆਇ ਵਿੱਚ 800 ਤੋਂ 1200 ਈ: ਤੱਕ, 1206 ਤੋਂ 1526 ਈ: ਤੱਕ ਅਤੇ 1526 ਈ: ਤੋਂ 1707 ਈ: ਤੱਕ ਬਣਾਈਆਂ ਗਈਆਂ ਇਮਾਰਤਾਂ ਬਾਰੇ ਪੜ੍ਹਾਂਗੇ।

## ਉੱਤਰੀ ਭਾਰਤ ਵਿੱਚ ਸਮਾਰਕ ਨਿਰਮਾਣ ਕਲਾ (800 ਈ: ਤੋਂ 1200 ਈ: ਤੱਕ)

800 ਈ: ਤੋਂ 1200 ਈ: ਤੱਕ ਉੱਤਰੀ ਭਾਰਤ ਵਿੱਚ ਬਹੁਤ ਸਾਰੇ ਮੰਦਰਾਂ ਦਾ ਨਿਰਮਾਣ ਕੀਤਾ ਗਿਆ। ਜਗਨਨਾਥ ਪੁਰੀ ਵਿੱਚ ਵਿਸ਼ਨੂੰ ਦਾ ਮੰਦਰ, ਭੁਵਨੇਸ਼ਵਰ ਵਿੱਚ ਲਿੰਗਰਾਜ ਮੰਦਰ, ਕੋਨਾਰਕ ਵਿੱਚ ਸੂਰਜ ਮੰਦਰ, ਬੁੰਦੇਲਖੰਡ ਵਿੱਚ ਖਜੁਰਾਹੋ ਵਿਖੇ ਮਹਾਂਦੇਵ ਮੰਦਰ ਅਤੇ ਮਾਊਂਟਆਬੂ ਵਿਖੇ ਤੇਜ਼ ਪਾਲ ਮੰਦਰ ਆਦਿ ਉੱਤਰ ਭਾਰਤ ਦੇ ਪ੍ਰਸਿੱਧ ਮੰਦਰ ਹਨ।



*ਚਿੱਤਰ 12.1 ਲਿੰਗਰਾਜ ਮੰਦਰ, ਭੁਵਨੇਸ਼ਵਰ*

ਮੰਦਰ ਨਿਰਮਾਣ ਕਲਾ ਦੇ ਢੰਗ ਨੂੰ **ਨਾਗਰਾ** ਸ਼ੈਲੀ ਕਿਹਾ ਜਾਂਦਾ ਸੀ। ਮੱਧ ਪ੍ਰਦੇਸ਼ ਵਿੱਚ ਖਜੁਰਾਹੋ ਦਾ ਮੰਦਰ, ਇਸ ਨਮੂਨੇ ਦੀ ਨਿਰਮਾਣ ਕਲਾ ਦੀ ਇਕ ਵਧੀਆ ਉਦਾਹਰਣ ਹੈ। ਇਹ ਮੰਦਰ ਚੰਦੇਲ ਸ਼ਾਸਕਾਂ ਦੁਆਰਾ ਬਣਾਏ ਗਏ ਸਨ। ਭੁਵਨੇਸ਼ਵਰ ਵਿੱਚ ਲਿੰਗਰਾਜ ਮੰਦਰ, ਕੋਨਾਰਕ ਵਿੱਚ ਸੂਰਜ ਮੰਦਰ ਅਤੇ ਪੁਰੀ ਵਿਖੇ ਜਗਨਨਾਥ ਦਾ ਮੰਦਰ ਨਾਗਰਾ ਨਿਰਮਾਣ ਕਲਾ ਸ਼ੈਲੀ ਦੇ ਹੀ ਨਮੂਨੇ ਹਨ।

*ਨਾਗਰਾ ਸ਼ੈਲੀ ਕਿਸ ਨੂੰ ਕਿਹਾ ਜਾਂਦਾ ਹੈ?*



*ਚਿੱਤਰ 12.2 ਸੂਰਜ ਮੰਦਰ, ਕੋਨਾਰਕ*

ਗੁਜਰਾਤ ਦੇ ਸੋਲੰਕੀ ਵੰਸ਼ ਦੇ ਸ਼ਾਸਕਾਂ ਨੇ ਮਾਊਂਟਆਬੂ ਵਿਖੇ ਤੇਜਪਾਲ ਮੰਦਰ ਬਣਾਇਆ। ਉਥੇ ਹੋਰ ਵੀ ਬਹੁਤ ਸਾਰੇ ਮੰਦਰ ਹਨ, ਜਿਹੜੇ ਸੰਗਮਰਮਰ ਦੇ ਬਣੇ ਹੋਏ ਹਨ, ਜੋ ਕਿ ਸ਼ਾਨਦਾਰ ਅਤੇ ਉੱਤਮ ਕਾਰੀਗਰੀ ਨੂੰ ਦਰਸਾਉਂਦੇ ਹਨ। ਉਹਨਾਂ ਦੀਆਂ ਦੀਵਾਰਾਂ ਦੇ ਅੰਦਰਲੇ ਪਾਸੇ 'ਤੇ ਸੂਖ਼ਮ ਮੂਰਤੀਆਂ ਉਕਰੀਆਂ (ਬਣੀਆਂ) ਹੋਈਆਂ ਹਨ ਜਦ ਕਿ ਬਾਹਰਲੇ ਪਾਸੇ ਪੱਧਰੇ (ਪਲੇਨ) ਹਨ। ਕਰਨਾਟਕ ਵਿੱਚ ਸ਼ਰਵਰਣਬੇਲਗੋਲਾ ਵਿਖੇ ਗੋਮਤੇਸ਼ਵਰ ਦਾ ਬੁੱਤ ਸੰਸਾਰ ਦੀ ਸਭ ਤੋਂ ਵੱਡੀ ਮੂਰਤੀ ਹੈ।



*ਚਿੱਤਰ 12.3 ਗੋਮਤੇਸ਼ਵਰ ਦਾ ਬੁੱਤ, ਸ਼ਰਵਣਬੇਲਗੋਲਾ, ਕਰਨਾਟਕ*

## ਦੱਖਣੀ ਭਾਰਤ ਵਿੱਚ ਸਮਾਰਕ ਨਿਰਮਾਣ ਕਲਾ (800 ਈ: ਤੋਂ 1200 ਈ: ਤੱਕ)

ਇਸ ਸਮੇਂ (800 ਈ: ਤੋਂ 1200 ਈ: ਤੱਕ) ਦੇ ਪੱਲਵ, ਪਾਂਡਯ ਅਤੇ ਚੋਲ ਸ਼ਾਸਕ ਕਲਾ ਅਤੇ ਭਵਨ ਨਿਰਮਾਣ ਕਲਾ ਦੇ ਬਹੁਤ ਪ੍ਰੇਮੀ ਸਨ। ਇਸ ਸਮੇਂ ਦੌਰਾਨ ਦੱਖਣੀ ਭਾਰਤ ਵਿੱਚ ਚੋਲ ਸ਼ਾਸਕ ਰਾਜਾਰਾਜਾ ਨੇ **ਰਾਜਰਾਜੇਸ਼ਵਰ** ਮੰਦਰ ਬਣਾਇਆ। (ਰਾਜਰਾਜੇਸ਼ਵਰ ਮੰਦਰ ਭਗਵਾਨ ਸ਼ਿਵਜੀ ਨੂੰ ਸਮਰਪਿਤ ਹੈ ਜੋ **ਰਾਜਾਰਾਜਾ ਪਹਿਲੇ** ਦੁਆਰਾ ਬਣਾਇਆ ਗਿਆ ਸੀ। ਇਸ ਮੰਦਰ ਦੇ ਮੁੱਖ ਦਵਾਰ ਨੂੰ **ਗੋਪੁਰਮ** ਕਿਹਾ ਜਾਂਦਾ ਹੈ। ਇਸ ਦੀ ਉਚਾਈ ਲਗਪਗ 95 ਮੀਟਰ ਹੈ।) ਰਾਜਿੰਦਰ ਪਹਿਲੇ ਨੇ **ਗੰਗਈਕੋਂਡ ਚੋਲ ਪੁਰਮ** ਦਾ ਮੰਦਰ ਬਣਾਇਆ।

ਚੋਲ ਸ਼ਾਸਕ ਮਹਾਨ ਮੰਦਰ ਨਿਰਮਾਤਾ ਸਨ। ਉਹਨਾਂ ਦੇ **ਮੰਦਰ ਦਰਾਵਿੜ ਸ਼ੈਲੀ** ਨਿਰਮਾਣ ਕਲਾ ਦੇ ਅਨੁਸਾਰ ਬਣੇ ਹੋਏ ਹਨ।

ਐਲੋਰਾ ਵਿਖੇ **ਕੈਲਾਸ਼ ਮੰਦਰ** ਰਾਸ਼ਟਰਕੂਟ ਸ਼ਾਸਕਾਂ ਦੀ ਭਵਨ ਨਿਰਮਾਣ ਕਲਾ ਦਾ ਇਕ ਪ੍ਰਸਿੱਧ ਨਮੂਨਾ ਹੈ। ਇਹ ਰਾਸ਼ਟਰਕੂਟ ਰਾਜਾ **ਕ੍ਰਿਸ਼ਨ ਪਹਿਲੇ** ਦੁਆਰਾ ਬਣਾਇਆ ਗਿਆ ਸੀ। ਇਸ ਮੰਦਰ ਦੀ ਉਸਾਰੀ ਚਟਾਨਾਂ ਨੂੰ ਕੱਟ ਕੇ ਕੀਤੀ ਗਈ ਹੈ। ਇਸ ਮੰਦਰ ਨੂੰ ਸੰਸਾਰ ਦੇ ਨਿਰਮਾਣ ਕਲਾ ਅਜੂਬਿਆਂ ਵਿੱਚੋਂ ਇੱਕ ਕਿਹਾ ਜਾਂਦਾ ਹੈ।



*ਚਿੱਤਰ 12.4 ਕੈਲਾਸ਼ ਮੰਦਰ, ਐਲੋਰਾ*

## ਦਿੱਲੀ ਸਲਤਨਤ ਅਧੀਨ ਸਮਾਰਕ ਨਿਰਮਾਣ ਕਲਾ (1206 ਈ: ਤੋਂ 1526 ਈ: ਤੱਕ)

ਦਿੱਲੀ ਸਲਤਨਤ ਕਾਲ ਦੌਰਾਨ ਭਵਨ ਨਿਰਮਾਣ ਕਲਾ ਦੇ ਖੇਤਰ ਵਿੱਚ ਸ਼ਾਨਦਾਰ ਵਿਕਾਸ ਹੋਇਆ। ਭਾਰਤ ਵਿੱਚ ਤੁਰਕਾਂ ਅਤੇ ਅਫਗਾਨਾਂ ਨੇ ਭਵਨ ਨਿਰਮਾਣ ਕਲਾ ਦੀਆਂ ਨਵੀਆਂ ਵਿਧੀਆਂ ਅਤੇ ਨਮੂਨੇ ਤਿਆਰ ਕੀਤੇ। ਇਹ ਜਦੋਂ ਉਸ ਸਮੇਂ ਦੇ ਭਾਰਤੀ ਭਵਨ ਨਿਰਮਾਣ ਕਲਾ ਦੇ ਨਮੂਨਿਆਂ ਨਾਲ਼ ਰਲ ਮਿਲ ਗਏ ਤਾਂ **ਭਾਰਤੀ-ਮੁਸਲਿਮ ਭਵਨ ਉਸਾਰੀ ਕਲਾ** ਨਾਂ ਦੀ ਇਕ ਨਵੀ ਸ਼ੈਲੀ ਦਾ ਜਨਮ ਹੋਇਆ।

ਇਸ ਸਮੇਂ (1206–1526 ਈ: ਤੱਕ) ਕਈ ਤਰ੍ਹਾਂ ਦੀਆਂ ਇਮਾਰਤਾਂ ਜਿਵੇਂ ਕਿ ਮਹਿਲ, ਕਿਲ੍ਹੇ, ਮਕਬਰੇ, ਮਸਜਿਦਾਂ ਆਦਿ ਬਣਾਈਆਂ ਗਈਆਂ। ਇਸ ਕਾਲ ਦੀ ਭਵਨ ਨਿਰਮਾਣ ਕਲਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਗੁਬੰਦ, ਮਹਿਰਾਬ ਅਤੇ ਮੀਨਾਰ ਸਨ।

ਇਸ ਕਾਲ ਦੌਰਾਨ ਦਿੱਲੀ ਸੁਲਤਾਨਾਂ ਨੇ ਬਹੁਤ ਸਾਰੇ ਸਮਾਰਕ ਬਣਾਏ। ਕੁਤਬਦੀਨ ਐਬਕ ਨੇ ਦਿੱਲੀ ਵਿੱਚ **ਕੁਵੱਤ-ਅਲ-ਇਸਲਾਮ** ਨਾਂ ਦੀ ਇਕ ਮਸਜਿਦ ਬਣਾਈ। ਇਸ ਦੀਆਂ ਦੀਵਾਰਾਂ ਉੱਤੇ ਕੁਰਾਨ ਦੀਆਂ ਪਵਿੱਤਰ ਆਇਤਾਂ (ਦੋਹੇ) ਲਿਖੀਆਂ ਹੋਈਆਂ ਹਨ। ਉਸ ਨੇ ਅਜਮੇਰ ਵਿਖੇ **ਢਾਈ-ਦਿਨ-ਕਾ-ਝੌਂਪੜਾ** ਨਾਂ ਦੀ ਇੱਕ ਮਸਜਿਦ ਬਣਵਾਈ। ਕੁਤਬਦੀਨ ਐਬਕ ਨੇ ਦਿੱਲੀ ਦੇ ਨੇੜੇ ਮਹਿਰੌਲੀ ਵਿਖੇ **ਕੁਤਬਮੀਨਾਰ** ਦੀ ਉਸਾਰੀ ਸ਼ੁਰੂ ਕਰਵਾਈ ਸੀ। ਪਰੰਤੂ ਅਚਾਨਕ ਉਸ ਦੀ ਮੌਤ ਹੋ ਜਾਣ ਕਰਕੇ ਇਹ ਕੰਮ ਪੂਰਾ ਨਾ ਹੋ ਸਕਿਆ। ਬਾਅਦ ਵਿੱਚ ਉਸ ਦੇ ਉੱਤਰਾਧਿਕਾਰੀ ਇਲਤੁਤਮਿਸ਼ ਨੇ ਇਸ ਕੰਮ ਨੂੰ ਪੂਰਾ ਕਰਵਾਇਆ। ਇਸ ਦੀਆਂ ਪੰਜ ਮੰਜਲਾਂ ਹਨ ਅਤੇ ਇਸ ਦੀ ਉਚਾਈ 70 ਮੀਟਰ ਹੈ।



*ਚਿੱਤਰ 12.5 ਕੁਤਬਮੀਨਾਰ, ਦਿੱਲੀ*

ਅਲਾਉਦੀਨ ਖਿਲਜ਼ੀ ਦੇ ਰਾਜਕਾਲ ਵਿੱਚ ਭਵਨ ਨਿਰਮਾਣ ਕਲਾ ਦਾ ਨਵਾਂ ਦੌਰ ਸ਼ੁਰੂ ਹੋਇਆ। ਉਸ ਦੁਆਰਾ ਬਣਾਈਆਂ ਗਈਆਂ ਇਮਾਰਤਾਂ ਵਿੱਚੋਂ **ਅਲਾਈ ਦਰਵਾਜ਼ਾ** ਸਭ ਤੋਂ ਵੱਧ ਪ੍ਰਸਿੱਧ ਸੀ। ਇਹ ਦਰਵਾਜ਼ਾ ਲਾਲ ਪੱਥਰ ਅਤੇ ਸਫ਼ੈਦ ਸੰਗਮਰਮਰ ਦਾ ਬਣਿਆ ਹੋਇਆ ਸੀ। ਇਹ ਦਰਵਾਜ਼ਾ ਆਪਣੇ ਆਪ ਵਿੱਚ ਕਲਾ ਦਾ ਇਕ ਸੁੰਦਰ ਨਮੂਨਾ ਹੈ। ਅਲਾਉੱਦੀਨ ਖਿਲਜ਼ੀ ਨੇ **ਹਜਾਰ ਥੰਮਾਂ ਵਾਲਾ ਮਹਿਲ, ਇਕ ਹੌਜ-ਏ-ਖਾਸ** ਅਤੇ **ਜਮਾਤਖ਼ਾਨਾ** ਮਸਜ਼ਿਦ ਬਣਾਈ ਸੀ।



*ਚਿੱਤਰ 12.6 ਅਲਾਈ ਦਰਵਾਜ਼ਾ*

ਗਿਆਸਉੱਦੀਨ ਤੁਗ਼ਲਕ ਨੇ ਦਿੱਲੀ ਵਿੱਚ **ਤੁਗ਼ਲਕਾਬਾਦ** ਨਾਂ ਦਾ ਇਕ ਨਵਾਂ ਨਗਰ ਵਸਾਇਆ। ਮੁਹੰਮਦ-ਬਿਨ-ਤੁਗ਼ਲਕ ਨੇ **ਜਹਾਂਪਨਾਹ** ਨਾਂ ਦੇ ਇਕ ਨਵੇਂ ਨਗਰ ਦੀ ਉਸਾਰੀ ਕਰਵਾਈ। ਫਿਰੋਜ਼ਸ਼ਾਹ ਤੁਗ਼ਲਕ ਨੇ ਵੀ ਕਈ ਨਵੇਂ ਨਗਰਾਂ ਦਾ ਨਿਰਮਾਣ ਕਰਵਾਇਆ ਸੀ। ਉਦਾਹਰਣ ਵਜੋਂ ਫ਼ਿਰੋਜ਼ਾਬਾਦ, ਹਿਸਾਰ ਫ਼ਿਰੋਜ਼ਾ ਅਤੇ ਜੌਨਪੁਰ ਆਦਿ ਨਾਂ ਦੇ ਪ੍ਰਸਿੱਧ ਨਗਰ ਵਸਾਏ। ਉਸ ਨੇ ਬਹੁਤ ਸਾਰੀਆਂ ਮਸਜਿਦਾਂ, ਸਕੂਲ ਅਤੇ ਪੁਲ ਵੀ ਬਣਾਏ ਸਨ।

ਸੱਯਦ ਵੰਸ਼ਾਂ ਦੇ ਸੁਲਤਾਨਾਂ ਨੇ **ਮੁਬਾਰਕ ਸ਼ਾਹ ਸੱਯਦ** ਅਤੇ **ਮੁਹੰਮਦ ਸ਼ਾਹ ਸੱਯਦ** ਦੇ ਮਕਬਰੇ ਬਣਾਏ ਸਨ। **ਸਿਕੰਦਰ ਲੋਧੀ ਦਾ ਮਕਬਰਾ, ਮੋਠ ਦੀ ਮਸਜਿਦ, ਬੜਾ ਗੁਬੰਦ** ਆਦਿ ਲੋਧੀ ਕਾਲ ਵਿੱਚ ਬਣਾਏ ਗਏ ਸਨ।

## ਦੱਖਣ ਦੀ ਇਮਾਰਤਕਾਰੀ

ਦੱਖਣੀ ਭਾਰਤ ਵਿੱਚ ਬਾਹਮਨੀ ਅਤੇ ਵਿਜੈਨਗਰ ਰਾਜ ਦੇ ਰਾਜਿਆਂ ਨੇ ਕਈ ਪ੍ਰਸਿੱਧ ਇਮਾਰਤਾਂ



*ਚਿੱਤਰ 12.7 ਚਾਰ ਮੀਨਾਰ, ਹੈਦਰਾਬਾਦ*

ਬਣਾਈਆਂ ਸਨ। ਬਾਹਮਨੀ ਰਾਜਕਾਲ ਸਮੇਂ **ਜਾਮਾ ਮਸਜਿਦ, ਚਾਰ ਮੀਨਾਰ, ਮਹਿਮੂਦ ਗਵਾਨ** ਦਾ ਮਦਰੱਸਾ ਆਦਿ ਇਮਾਰਤਾਂ ਬਣਾਈਆਂ ਗਈਆਂ ਸਨ। ਗੁਲਬਰਗਾ ਵਿਖੇ **ਫਿਰੋਜ਼ਸ਼ਾਹ ਦਾ ਮਕਬਰਾ** ਭਵਨ ਨਿਰਮਾਣ ਕਲਾ ਦਾ ਸੁੰਦਰ ਨਮੂਨਾ ਹੈ। ਵਿਜੈਨਗਰ ਰਾਜ ਦੇ ਰਾਜਿਆਂ ਨੇ ਵੀ **ਹਜਾਰਾ ਰਾਮ** ਅਤੇ **ਵਿਠੱਲ ਸਵਾਮੀ** ਮੰਦਰ ਆਦਿ ਬਣਵਾਏ ਸਨ।


*ਮਸਜਿਦ : ਮਸਜਿਦ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਕਿ ਇੱਕ ਅਜਿਹਾ ਸਥਾਨ ਜਿੱਥੇ ਮੁਸਲਮਾਨ ਅੱਲ੍ਹਾ ਦੀ ਅਰਾਧਨਾ ਵਿੱਚ ਸਜ਼ਦਾ ਕਰਦੇ ਹਨ। ਜਾਮਾ ਮਸਜਿਦ ਵਿੱਚ ਬਹੁਤ ਸਾਰੇ ਮੁਸਲਮਾਨ ਇਕੱਠੇ ਹੋਕੇ ਨਮਾਜ਼ ਪੜ੍ਹਦੇ ਹਨ। ਨਮਾਜ਼ ਪੜ੍ਹਨ ਸਮੇਂ ਮੁਸਲਮਾਨ ਮੱਕੇ ਵੱਲ ਮੂੰਹ ਕਰਕੇ ਖੜ੍ਹੇ ਹੁੰਦੇ ਹਨ।*

## ਮੁਗ਼ਲਾਂ ਅਧੀਨ ਸਮਾਰਕ ਨਿਰਮਾਣ ਕਲਾ (1526 ਈ: ਤੋਂ 1707 ਈ: ਤੱਕ)

ਮੁਗ਼ਲ ਬਾਦਸ਼ਾਹ ਬਾਬਰ, ਹੁਮਾਯੂੰ, ਅਕਬਰ, ਜਹਾਂਗੀਰ ਅਤੇ ਵਿਸ਼ੇਸ਼ ਤੌਰ ਤੇ ਸ਼ਾਹਜਹਾਂ ਨੂੰ ਭਵਨ ਨਿਰਮਾਣ ਕਲਾ ਨਾਲ਼ ਬਹੁਤ ਪਿਆਰ ਸੀ। ਮੁਗ਼ਲ ਬਾਦਸ਼ਾਹਾਂ (ਸ਼ਾਸਕਾਂ) ਨੇ ਮੰਦਰ, ਕਿਲ੍ਹੇ, ਮਹਿਲ, ਮਕਬਰੇ ਅਤੇ ਮਸਜਿਦਾਂ ਅਤੇ ਬਾਗ ਬਣਾਏ ਸਨ। ਅਕਬਰ ਨੇ ਬਹੁਤ ਸਾਰੇ ਕਿਲ੍ਹੇ ਅਤੇ ਇਮਾਰਤਾਂ ਲਾਲ਼ ਪੱਥਰ ਦੀਆਂ ਬਣਾਈਆਂ ਸਨ। ਉਹਨਾਂ ਵਿੱਚੋਂ ਫ਼ਤਿਹਪੁਰ ਸੀਕਰੀ ਵਿਖੇ **ਜਾਮਾ**

**ਮਸਜਿਦ, ਪੰਚ ਮਹਿਲ, ਦੀਵਾਨ-ਏ-ਖਾਸ** ਅਤੇ **ਦੀਵਾਨ-ਏ-ਆਮ** ਇਮਾਰਤਾਂ ਬਹੁਤ ਪ੍ਰਸਿੱਧ ਹਨ। ਇੱਥੇ ਹੀ ਅਕਬਰ ਨੇ ਗੁਜਰਾਤ ਦੀ ਜਿੱਤ ਵਿੱਚ ਇਕ **ਬੁਲੰਦ ਦਰਵਾਜ਼ਾ** ਬਣਾਇਆ। ਉਸ ਦੀਆਂ ਇਮਾਰਤਾਂ **ਈਰਾਨੀ ਅਤੇ ਹਿੰਦੂ ਭਵਨ ਨਿਰਮਾਣ ਕਲਾ** ਦੇ ਨਮੂਨੇ ਦੀਆਂ ਸਨ।

ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਸਿਕੰਦਰਾ ਵਿਖੇ ਅਕਬਰ ਅਤੇ ਆਗਰੇ ਵਿਖੇ **ਇਤਮਾਦਉਦ-ਦੌਲਾ** ਦਾ ਮਕਬਰਾ ਚਿੱਟੇ ਸੰਗਮਰਮਰ ਦਾ ਬਣਾਇਆ।



*ਚਿੱਤਰ 12.8 ਬੁਲੰਦ ਦਰਵਾਜ਼ਾ, ਫਤਿਹਪੁਰ ਸੀਕਰੀ*

### ਸ਼ਾਹਜਹਾਂ ਬਾਦਸ਼ਾਹ ਦੀ ਭਵਨ ਨਿਰਮਾਣ ਕਲਾ ਦਾ ਵਿਸ਼ੇਸ਼ ਅਧਿਐਨ

ਮੁਗ਼ਲ ਸ਼ਾਸਕਾਂ ਵਿੱਚੋਂ ਸ਼ਾਹਜਹਾਂ ਇੱਕ ਮਹਾਨ ਭਵਨ ਨਿਰਮਾਤਾ ਸੀ। ਉਸ ਨੂੰ ਭਵਨ ਨਿਰਮਾਤਾਵਾਂ ਦਾ ਸ਼ਾਹਜ਼ਾਦਾ ਕਿਹਾ ਜਾਂਦਾ ਸੀ। ਉਸ ਨੇ ਆਪਣੇ ਰਾਜਕਾਲ ਦੌਰਾਨ ਬਹੁਤ ਸਾਰੀਆਂ ਇਮਾਰਤਾਂ ਬਣਾਈਆਂ। ਉਸ ਦੁਆਰਾ ਆਗਰੇ ਦੇ ਕਿਲ੍ਹੇ ਵਿੱਚ **ਦੀਵਾਨ-ਏ-ਖਾਸ,** ਅਤੇ **ਦੀਵਾਨ-ਏ-ਆਮ**, ਦਾ ਨਿਰਮਾਣ ਕਰਵਾਇਆ ਗਿਆ। ਉਸ ਦੁਆਰਾ **ਜਾਮਾ ਮਸਜਿਦ, ਮੋਤੀ ਮਸਜਿਦ** ਅਤੇ **ਤਾਜ ਮਹਿਲ** ਆਦਿ ਸੁੰਦਰ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ। ਉਸ ਦੁਆਰਾ ਬਣਾਈਆਂ ਗਈਆਂ ਇਮਾਰਤਾਂ ਸੁੰਦਰ ਅਤੇ ਸੋਹਣੀਆਂ ਸਨ। ਸ਼ਾਹਜਹਾਂ ਦੀਆਂ ਇਮਾਰਤਾਂ ਵਿੱਚੋਂ ਆਗਰੇ ਵਿਖੇ ਜਮਨਾ ਨਦੀ ਦੇ ਕਿਨਾਰੇ 'ਤੇ ਬਣੀ **ਤਾਜ ਮਹਿਲ** ਦੀ ਇਮਾਰਤ ਸਭ ਤੋਂ ਜ਼ਿਆਦਾ ਪ੍ਰਸਿੱਧ

ਹੈ। ਸ਼ਾਹਜਹਾਂ ਨੇ ਆਪਣੀ ਪਿਆਰੀ ਬੇਗਮ **ਮੁਮਤਾਜ ਮਹਿਲ** ਦੀ ਯਾਦ ਵਿੱਚ ਇਸ ਦਾ ਨਿਰਮਾਣ ਕਰਵਾਇਆ ਸੀ। ਤਾਜ ਮਹਿਲ ਦੀ ਉਸਾਰੀ ਕਰਨ ਲਈ ਲਗਪਗ 20,000 ਕਾਰੀਗਰ, 22 ਸਾਲਾਂ ਤਕ ਕੰਮ ਕਰਦੇ ਰਹੇ ਸਨ ਅਤੇ ਇਸ 'ਤੇ 3 ਕਰੋੜ ਰੁਪਏ ਖਰਚ ਕੀਤੇ ਗਏ।



*ਚਿੱਤਰ 12.9 ਤਾਜ ਮਹਿਲ, ਆਗਰਾ*

ਤਾਜ ਮਹਿਲ ਬਹੁਤ ਸਾਰੀਆਂ ਭਵਨ ਨਿਰਮਾਣ ਕਲਾ ਦੇ ਨਮੂਨਿਆਂ ਦਾ ਸੁਮੇਲ (ਮਿਸ਼ਰਣ) ਹੈ। ਇਹ ਸੰਗਮਰਮਰ ਦਾ ਬਣਿਆ ਹੋਇਆ ਹੈ। ਇਹ ਦੂਸਰੇ ਦੇਸ਼ਾਂ ਤੋਂ ਮੰਗਵਾਏ ਗਏ ਲਗਪਗ 20 ਤਰ੍ਹਾਂ ਦੇ ਕੀਮਤੀ ਪੱਥਰਾਂ ਨਾਲ਼ ਸਜਾਇਆ ਗਿਆ ਹੈ। ਇਸ ਦੀ ਖ਼ੂਬਸੂਰਤੀ ਕਾਰਨ ਇਸ ਦੀ ਗਿਣਤੀ ਦੁਨੀਆਂ ਦੇ 7 ਅਜੂਬਿਆਂ ਵਿੱਚ ਕੀਤੀ ਜਾਂਦੀ ਹੈ।

*ਤਾਜ ਮਹਿਲ ਦੀ ਗਿਣਤੀ ਦੁਨੀਆਂ ਦੇ 7 ਅਜੂਬਿਆ ਵਿਚ ਕਿਉਂ ਕੀਤੀ ਜਾਂਦੀ ਹੈ ?*

**ਲਾਲ ਕਿਲ੍ਹਾ** : 1639 ਈ: ਵਿੱਚ ਇਹ ਕਿਲ੍ਹਾ ਸ਼ਾਹਜਹਾਂ ਦੁਆਰਾ ਦਿੱਲੀ ਵਿਖੇ, ਜਮੁਨਾ ਕਿਨਾਰੇ, ਲਾਲ ਪੱਥਰਾਂ ਦਾ ਬਣਾਇਆ ਗਿਆ ਸੀ। ਇਸ ਵਿੱਚ **ਰੰਗ ਮਹਿਲ, ਦੀਵਾਨ-ਏ-ਆਮ** ਅਤੇ **ਦੀਵਾਨ-ਏ-ਖਾਸ, ਸ਼ਾਹ ਬੁਰਜ, ਖਵਾਬ-ਗਾਹ** ਆਦਿ ਕਈ ਸੁੰਦਰ ਇਮਾਰਤਾਂ ਸ਼ਾਮਲ ਹਨ।

ਇਹਨਾਂ ਵਿੱਚੋਂ ਦੀਵਾਨ-ਏ-ਖਾਸ ਸ਼ਾਹਜਹਾਂ ਦੀ ਸਭ ਤੋਂ ਪ੍ਰਸਿੱਧ ਇਮਾਰਤ ਹੈ। ਇਸ ਨੂੰ ਕੀਮਤੀ ਪੱਥਰਾਂ, ਹੀਰਿਆਂ ਅਤੇ ਸੋਨੇ, ਚਾਂਦੀ ਦੀਆਂ ਚੀਜ਼ਾਂ ਨਾਲ਼ ਸਜਾਇਆ ਗਿਆ ਹੈ।

**ਮੋਤੀ ਮਸਜਿਦ :** ਸ਼ਾਹਜਹਾਂ ਦੁਆਰਾ ਆਗਰੇ ਵਿਖੇ ਲਾਲ ਕਿਲ੍ਹੇ ਵਿੱਚ ਮੋਤੀ ਮਸਜਿਦ ਬਣਾਈ ਗਈ ਸੀ। ਇਸ ਨੂੰ ਬਣਾਉਣ ਲਈ ਚਾਰ ਸਾਲ ਲੱਗੇ ਤੇ ਲਗਪਗ 3,00,000 ਰੁਪਏ ਦਾ ਖਰਚਾ ਹੋਇਆ ਸੀ। ਇਹ ਮਸਜਿਦ ਸੰਗਮਰਮਰ ਦੀ ਬਣੀ ਹੋਈ ਹੈ।



*ਚਿੱਤਰ 12.10 ਲਾਲ ਕਿਲਾ, ਦਿੱਲੀ*

**ਮੁਸਾਮਨ ਬੁਰਜ਼ :** ਇਹ ਬੁਰਜ਼ ਸੰਗਮਰਮਰ ਦਾ ਬਣਿਆ ਹੋਇਆ ਹੈ। ਇਹ ਬਹੁਤ ਸੁੰਦਰ ਹੈ। ਇਸ ਮਹਿਲ ਤੋਂ ਤਾਜ਼ ਮਹਿਲ ਸਾਫ਼ ਦਿਖਾਈ ਦਿੰਦਾ ਹੈ।

**ਸ਼ਾਹਜਹਾਂਬਾਦ :** 1639 ਈ: ਵਿੱਚ ਸ਼ਾਹਜਹਾਂ ਨੇ ਸ਼ਾਹਜਹਾਂਬਾਦ ਨਗਰ ਦੀ ਨੀਂਹ ਰੱਖੀ ਸੀ। ਇਸ ਨਗਰ ਦੀ ਉਸਾਰੀ ਕਰਨ ਲਈ ਦੂਰੋਂ ਨੇੜਿਓਂ ਨਿਪੁੰਨ ਕਾਰੀਗਰ, ਮਿਸਤਰੀ, ਅਤੇ ਮਜ਼ਦੂਰ ਬੁਲਾਏ ਗਏ ਸਨ।


**ਜਾਮਾ ਮਸਜਿਦ :** ਇਹ ਭਾਰਤ ਦੀਆਂ ਵੱਡੀਆਂ ਮਸਜਿਦਾਂ ਵਿੱਚੋਂ ਇੱਕ ਹੈ। ਇਹ ਇੱਕ ਉੱਚੇ ਥੜ੍ਹੇ ਤੇ ਬਣੀ ਹੋਈ ਹੈ। ਇਸ ਦੀ ਉਸਾਰੀ ਦਾ ਕੰਮ ਦਸ ਸਾਲਾਂ ਵਿੱਚ ਪੂਰਾ ਕੀਤਾ ਗਿਆ ਸੀ।



ਚਿੱਤਰ 12.11 *ਜਾਮਾ ਮਸਜਿਦ, ਦਿੱਲੀ*

**ਜਹਾਂਗੀਰ ਦਾ ਮਕਬਰਾ :** ਇਹ ਮਕਬਰਾ ਸ਼ਾਹਦਰਾ ਵਿਖੇ (ਪਾਕਿਸਤਾਨ ਵਿੱਚ) ਸ਼ਾਹਜਹਾਂ ਦੁਆਰਾ ਬਣਾਇਆ ਗਿਆ ਸੀ। ਇਹ ਸੰਗਮਰਮਰ ਨਾਲ਼ ਸਜਾਇਆ ਹੋਇਆ ਹੈ।

ਬਾਦਸ਼ਾਹ ਸ਼ਾਹਜਹਾਂ ਬਾਗ਼ ਲਗਾਉਣ ਵਿੱਚ ਬਹੁਤ ਰੁਚੀ ਰੱਖਦਾ ਸੀ। ਉਸ ਨੇ ਬਹੁਤ ਸਾਰੇ ਬਾਗ਼ ਲਗਵਾਏ। ਉਹਨਾਂ ਵਿੱਚੋਂ ਦਿੱਲੀ ਦੇ **ਸ਼ਾਲੀਮਾਰ ਬਾਗ਼** ਅਤੇ ਕਸ਼ਮੀਰ ਦਾ **ਵਜ਼ੀਰ ਬਾਗ਼** ਬਹੁਤ ਪ੍ਰਸਿੱਧ ਹਨ। ਕੁੱਝ ਬਾਗ ਤਾਜ ਮਹਿਲ ਅਤੇ ਲਾਲ ਕਿਲ੍ਹੇ ਵਿੱਚ ਵੀ ਲਗਵਾਏ ਗਏ ਸਨ।



ਚਿੱਤਰ 12.12 *ਸ਼ਾਲੀਮਾਰ ਬਾਗ ਦਿੱਲੀ*

**ਸ਼ਾਹਜਹਾਂ ਦਾ ਤਖ਼ਤ-ਏ-ਤਾਊਸ (ਮੋਰਮੁਕਟ):** ਇਹ ਦੀਵਾਨ-ਏ-ਖ਼ਾਸ ਵਿੱਚ ਰੱਖਿਆ ਹੋਇਆ ਸੀ। ਇਹ ਸੰਗਮਰਮਰ ਦਾ ਬਣਿਆ ਹੋਇਆ ਸੀ। ਇਸ ਨੂੰ ਬਣਾਉਣ ਲਈ ਸੱਤ ਸਾਲ ਲੱਗੇ ਅਤੇ 1 ਕਰੋੜ ਰੁਪਏ ਖਰਚ ਕੀਤੇ ਗਏ ਸਨ। 1739 ਈ: ਵਿੱਚ ਨਾਦਰਸ਼ਾਹ ਇਸ ਨੂੰ ਆਪਣੇ ਨਾਲ਼ ਈਰਾਨ ਲੈ ਗਿਆ ਸੀ।



*ਚਿੱਤਰ 12.13 ਸ਼ਾਹਜਹਾਂ ਦਾ ਤਖ਼ਤ-ਏ-ਤਾਊਸ*

## ਯਾਦ ਰੱਖਣ ਯੋਗ ਨੁਕਤੇ

1. 800 ਈ. ਤੋਂ 1200 ਈ. ਤੱਕ ਉੱਤਰੀ ਭਾਰਤ ਵਿੱਚ ਜਗਨਨਾਥ ਪੁਰੀ ਵਿਚ ਵਿਸ਼ਨੂੰ ਦਾ ਮੰਦਰ, ਭੁਵਨੇਸ਼ਵਰ ਵਿੱਚ ਲਿੰਗਰਾਜ਼ ਮੰਦਰ, ਕੋਨਾਰਕ ਵਿਚ ਸੂਰਜ ਮੰਦਰ ਅਤੇ ਮਾਊਂਟਆਬੂ ਵਿੱਚ ਤੇਜ਼ ਪਾਲ ਮੰਦਰ ਆਦਿ ਦਾ ਨਿਰਮਾਣ ਕੀਤਾ ਗਿਆ।
2. 800 ਈ. ਤੋਂ 1200 ਈ. ਤੱਕ ਦੱਖਣੀ ਭਾਰਤ ਵਿੱਚ ਰਾਜਰਾਜੇਸ਼ਵਰ ਮੰਦਰ, ਗੰਗਈਕੋਂਡ ਚੋਲ ਪੁਰਮ ਮੰਦਰ, ਐਲੋਰਾ ਵਿਖੇ ਕੈਲਾਸ਼ ਮੰਦਰ ਆਦਿ ਪ੍ਰਸਿੱਧ ਮੰਦਰਾਂ ਦਾ ਨਿਰਮਾਣ ਹੋਇਆ।
3. 1206 ਈ. ਤੋਂ 1526 ਈ. ਤੱਕ ਦਿੱਲੀ ਸਲਤਨਤ ਸਮੇਂ ਕੁਵੱਤ-ਅਲ-ਇਸਲਾਮ ਮਸਜਿਦ, ਢਾਈ-ਦਿਨ-ਕਾ-ਝੌਂਪੜਾ, ਕੁਤਬ ਮੀਨਾਰ, ਅਲਾਈ ਦਰਵਾਜ਼ਾ, ਹਜ਼ਾਰ ਥੰਮਾਂ ਵਾਲਾ ਮਹਿਲ, ਹੌਜ-ਏ-ਖਾਸ, **ਜਮਾਤ ਖਾਨਾ** ਮਸਜਿਦ, ਜਹਾਂਪਨਾਹ, ਅਤੇ ਤੁਗਲਕਾਬਾਦ, ਫਿਰੋਜ਼ਾਬਾਦ ਹਿਸਾਰ ਜੌਨਪੁਰ ਆਦਿ ਨਗਰ ਸਥਾਪਿਤ ਕੀਤੇ ਗਏ।
4. ਮੁਗ਼ਲ ਰਾਜਕਾਲ ਵਿੱਚ ਜਾਮਾ ਮਸਜਿਦ, ਪੰਚ ਮਹਿਲ, ਦੀਵਾਨ-ਏ-ਆਮ, ਬੁਲੰਦ ਦਰਵਾਜ਼ਾ, ਇਤਮਾਦ-ਉਦ-ਦੌਲਾ ਦਾ ਮਕਬਰਾ ਆਦਿ ਦਾ ਨਿਰਮਾਣ ਕੀਤਾ ਗਿਆ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ —**

1. ਉੱਤਰੀ ਭਾਰਤ ਦੇ ਪ੍ਰਮੁੱਖ ਮੰਦਰ ਕਿਹੜੇ ਹਨ ?
2. ਭਾਰਤੀ-ਮੁਸਲਿਮ ਭਵਨ ਨਿਰਮਾਣ ਕਲਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੱਸੋ।
3. ਦੱਖਣੀ ਭਾਰਤ ਦੇ ਮੰਦਰ ਕਿਹੜੇ ਹਨ ?
4. ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੂੰ ਭਵਨ ਨਿਰਮਾਤਾਵਾਂ ਦਾ ਸ਼ਾਹਜ਼ਾਦਾ ਕਿਉਂ ਕਿਹਾ ਜਾਂਦਾ ਹੈ।

**(ਅ) ਹੇਠ ਲਿਖੇ ਖਾਲੀ ਸਥਾਨ ਭਰੋ —**

1. .............. ਦੁਆਰਾ ਕੁਤਬ ਮੀਨਾਰ ਦੀ ਉਸਾਰੀ ਕਰਵਾਈ ਗਈ ਸੀ।
2. ਬੁਲੰਦ ਦਰਵਾਜ਼ਾ .............. ਵਿਖੇ ਸਥਿਤ ਹੈ।
3. ਤਾਜ਼ ਮਹਿਲ .............. ਦੁਆਰਾ .............. ਦੀ ਯਾਦ ਵਿੱਚ ਉਸਾਰਿਆ ਗਿਆ ਸੀ।
4. ਜਹਾਂਗੀਰ ਨੇਂ ਸਿਕੰਦਰਾ ਵਿਖੇ .............. ਦਾ ਮਕਬਰਾ ਬਣਾਇਆ ਸੀ।

**(ੲ) ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (✗) ਦਾ ਚਿੰਨ ਲਗਾਓ —**

1. ਭਾਰਤ ਵਿੱਚ ਤੁਰਕਾਂ ਅਤੇ ਅਫਗਾਨਾਂ ਦੁਆਰਾ ਭਵਨ ਨਿਰਮਾਣ ਕਲਾ ਦੀਆਂ ਨਵੀਆਂ ਵਿਧੀਆਂ ਅਤੇ ਨਮੂਨੇ ਤਿਆਰ ਕੀਤੇ ਗਏ। ☐
2. ਚੰਦੇਲ ਸ਼ਾਸਕਾਂ ਦੁਆਰਾ ਖਜੁਰਾਹੋ ਵਿਖੇ ਮੰਦਰ ਉਸਾਰੇ ਗਏ ਸਨ। ☐
3. ਅਲਾਉਦੀਨ ਖਿਲਜੀ ਨੇ ਸੀਰੀ ਨੂੰ ਨਵੀ ਰਾਜਧਾਨੀ ਬਣਾਇਆ ਸੀ। ☐
4. ਮੁਹੰਮਦ ਤੁਗ਼ਲਕ ਨੇ ਤੁਗ਼ਲਕਾਬਾਦ ਨਗਰ ਵਸਾਇਆ ਸੀ। ☐

5. ਚੋਲ ਸ਼ਾਸਕਾਂ ਦੁਆਰਾ ਬਣਾਏ ਗਏ ਮੰਦਰਾਂ ਵਿੱਚ ਭਵਨ ਨਿਰਮਾਣ ਕਲਾ ਦੇ ਦਰਾਵਿੜ ਸ਼ੈਲੀ ਨਮੂਨੇ ਦੀ ਵਰਤੋਂ ਕੀਤੀ ਗਈ ਸੀ। [ ]

## ਗਤੀਵਿਧੀ

1. ਮੁਗਲਕਾਲ ਦੀਆਂ ਸਮਾਰਕ ਨਿਰਮਾਣ ਕਲਾ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਆਪਣੀ ਨੋਟ ਬੁੱਕ ਵਿੱਚ ਚਿਪਕਾਉ।
2. ਤਾਜ ਮਹਿਲ ਦਾ ਚਿੱਤਰ ਬਣਾਉ।



# ਪਾਠ 13

# ਨਗਰ, ਵਪਾਰੀ ਅਤੇ ਕਾਰੀਗਰ

ਖੇਤੀਬਾੜੀ ਦੀ ਖੋਜ ਕਰਨ ਪਿੱਛੋਂ ਆਦਿ ਮਨੁੱਖ ਨੇ ਆਪਣੇ ਖੇਤਾਂ ਦੇ ਨੇੜੇ ਹੀ ਰਹਿਣਾ ਸ਼ੁਰੂ ਕਰ ਦਿੱਤਾ ਸੀ। ਸਮਾਂ ਬੀਤਣ ਨਾਲ਼ ਜਦੋਂ ਕਾਫ਼ੀ ਗਿਣਤੀ ਵਿੱਚ ਲੋਕ ਪਿੰਡਾਂ ਵਿੱਚ ਰਹਿਣ ਲੱਗ ਗਏ ਤਾਂ ਇਹਨਾਂ ਵਿੱਚੋਂ ਬਹੁਤ ਸਾਰੇ ਪਿੰਡ ਉੱਨਤੀ ਕਰਕੇ ਨਗਰ ਬਣ ਗਏ। ਇਹਨਾਂ ਵਿੱਚੋਂ ਕੁੱਝ ਨਗਰ ਧਾਰਮਿਕ ਵਿਅਕਤੀਆਂ, ਵਪਾਰੀਆਂ, ਕਾਰੀਗਰਾਂ ਅਤੇ ਸ਼ਾਸਕ ਵਰਗ ਦੀਆਂ ਸਰਗਰਮੀਆਂ ਕਾਰਨ ਕੁੱਝ ਦਰਬਾਰੀ ਨਗਰ, ਕੁੱਝ ਤੀਰਥ ਸਥਾਨ, ਕੁੱਝ ਬੰਦਰਗਾਹ ਨਗਰ ਅਤੇ ਕੁੱਝ ਵਪਾਰਕ ਨਗਰਾਂ ਵਜੋਂ ਪ੍ਰਫੁੱਲਤ ਹੋ ਗਏ।

## ਸ੍ਰੋਤ

ਵਿਦੇਸ਼ੀ ਯਾਤਰੀ ਬਰਨੀਅਰ ਦੇ ਬ੍ਰਿਤਾਂਤ (ਲੇਖ) ਤੋਂ ਸਾਨੂੰ ਮੁਗ਼ਲ ਕਾਲ ਦੇ ਸ਼ਾਸਨ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਇੱਕ ਪੁਰਤਗਾਲੀ ਯਾਤਰੀ, **ਦੁਆਰਤੇ ਬਾਰਬੋਸਾ** ਅਤੇ ਇੱਕ ਅੰਗਰੇਜ਼ੀ ਯਾਤਰੀ **ਰਾਲਫ਼ ਫ਼ਿਚ**, ਜਿਹਨਾਂ ਨੇ ਭਾਰਤ ਦੀ ਯਾਤਰਾ ਕੀਤੀ, ਉਹਨਾਂ ਦੇ ਬ੍ਰਿਤਾਤਾਂ ਤੋਂ ਸਾਨੂੰ ਉਸ ਸਮੇਂ ਦੌਰਾਨ ਸ਼ਹਿਰੀ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ। **ਵਿਲੀਅਮ ਬਾਫਿਨ** ਅਤੇ **ਸਰ ਥਾਮਸ ਰੋਅ** ਦੁਆਰਾ ਤਿਆਰ ਕੀਤੇ ਗਏ ਨਕਸ਼ਿਆਂ ਤੋਂ ਮੁਗ਼ਲ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।

ਸਰ ਥਾਮਸ **ਰੋਅ** ਅਤੇ **ਹੋਨਡੀਅਸ** (Hondius) ਦੁਆਰਾ **'ਮੁਗ਼ਲ ਸਾਮਰਾਜ' ਦੇ** ਤਿਆਰ ਕੀਤੇ ਗਏ ਨਕਸ਼ੇ ਵਿੱਚ ਥੱਟਾ, ਲਾਹੌਰ, ਸੂਰਤ ਅਤੇ ਮੁਲਤਾਨ ਸਥਾਨ ਦਰਸਾਏ ਗਏ ਹਨ। ਮੁਗ਼ਲਾਂ ਦੇ ਭੂਮੀ ਲਗਾਨ ਪ੍ਰਬੰਧ ਦੇ ਸਰਕਾਰੀ ਦਸਤਾਵੇਜਾ ਅਤੇ ਭੂਮੀ ਗ੍ਰਾਂਟਾਂ ਤੋਂ ਵੀ ਸਾਨੂੰ ਨਵੇਂ ਅਤੇ ਪੁਰਾਣੇ ਨਗਰਾਂ ਬਾਰੇ ਜਾਣਕਾਰੀ ਮਿਲਦੀ ਹੈ।

**ਰਾਜਧਾਨੀ ਨਗਰ ਜਾਂ ਦਰਬਾਰੀ ਨਗਰ :** ਹੜੱਪਾ ਅਤੇ ਮੋਹਨਜੋਦੜੋ ਸਿੰਧੂ ਘਾਟੀ ਲੋਕਾਂ ਦੇ ਰਾਜਧਾਨੀ ਨਗਰ ਸਨ। ਵੈਦਿਕ ਕਾਲ ਵਿੱਚ ਅਯੁਧਿਆ ਅਤੇ ਇੰਦਰਪ੍ਰਸਥ ਰਾਜਧਾਨੀ ਨਗਰ ਸਨ। 600 ਈ: ਪੂਰਵ ਵਿੱਚ 16 ਮਹਾਂਜਨਪਦਾਂ ਦੇ ਆਪਣੇ-ਆਪਣੇ ਰਾਜਧਾਨੀ ਨਗਰ ਸਨ। ਉਹਨਾਂ ਵਿੱਚੋਂ ਕੌਸ਼ਾਂਬੀ, ਪਾਟਲੀਪੁੱਤਰ ਅਤੇ ਵੈਸ਼ਾਲੀ ਆਦਿ ਬਹੁਤ ਪ੍ਰਸਿੱਧ ਸਨ।

ਰਾਜਪੂਤ ਸ਼ਾਸਕਾਂ ਅਧੀਨ (800-1200 ਈ:) ਅਜ਼ਮੇਰ, ਕੰਨੌਜ਼, ਤ੍ਰੀਪੁਰੀ, ਦਿੱਲੀ, ਆਗਰਾ, ਫ਼ਤਿਹਪੁਰ ਸੀਕਰੀ ਆਦਿ ਦਾ ਰਾਜਧਾਨੀ ਨਗਰਾਂ ਵਜੋਂ ਵਿਕਾਸ ਹੋਇਆ।

ਦੱਖਣੀ ਭਾਰਤ ਵਿੱਚ ਕਾਂਚੀ, ਬਦਾਮੀ, ਕਲਿਆਣੀ, ਵੈਂਗੀ, ਦੇਵਗਿਰੀ, ਮਾਨਖੇਤ, ਤੰਜ਼ੋਰ ਅਤੇ ਮਦੁਰਾਇ ਆਦਿ ਰਾਜਧਾਨੀ ਨਗਰ ਸਨ।

ਦਿੱਲੀ ਸਲਤਨਤ ਦੇ ਰਾਜਕਾਲ ਸਮੇਂ ਲਾਹੌਰ ਅਤੇ ਦਿੱਲੀ ਦਾ ਰਾਜਧਾਨੀ ਨਗਰਾਂ ਵੱਜੋਂ ਵਿਕਾਸ ਹੋਇਆ। ਮੁਗ਼ਲ ਕਾਲ ਸਮੇਂ ਦਿੱਲੀ, ਆਗਰਾ, ਫਤਿਹਪੁਰ ਸੀਕਰੀ ਮੁਗ਼ਲਾਂ ਦੇ ਰਾਜਧਾਨੀ ਨਗਰ ਸਨ।

**ਬੰਦਰਗਾਹ ਨਗਰ :** ਮੱਧਕਾਲੀਨ ਭਾਰਤ ਵਿੱਚ ਬਹੁਤ ਸਾਰੇ ਬੰਦਰਗਾਹ ਨਗਰ ਸਨ ਕਿਉਂਕਿ ਭਾਰਤ ਦੇ ਤਿੰਨ ਪਾਸੇ ਸਮੁੰਦਰ ਲਗਦੇ ਹਨ। ਭਾਰਤ ਦੇ ਪੱਛਮੀ ਸਮੁੰਦਰੀ ਤੱਟ ਉੱਤੇ ਗੋਆ, ਕੋਚੀਨ, ਸੂਰਤ, ਭਰੂਚ, ਸੋਪਾਰਾ ਆਦਿ ਬੰਦਰਗਾਹ ਨਗਰ ਸਥਾਪਤ ਹਨ।

ਮੱਧਕਾਲੀਨ ਯੁੱਗ ਵਿੱਚ ਭਾਰਤ ਦੇ ਪੂਰਬੀ ਸਮੁੰਦਰੀ ਤੱਟ ਉੱਤੇ ਵਿਸ਼ਾਖਾਪਟਨਮ (ਹੁਣ ਆਂਧਰਾ ਪ੍ਰਦੇਸ਼ ਵਿੱਚ ਹੈ) ਅਤੇ ਤਾਮਰਲਿਪਤੀ (ਹੁਣ ਤਾਮਲੁਕ ਬੰਗਾਲ ਵਿੱਚ) ਪ੍ਰਮੁੱਖ ਸਮੁੰਦਰੀ ਬੰਦਰਗਾਹਾਂ ਸਨ।

**ਤੀਰਥ-ਸਥਾਨ :** ਮੱਧਕਾਲੀਨ ਭਾਰਤ ਵਿੱਚ ਨਨਕਾਣਾ ਸਾਹਿਬ (ਅੱਜਕੱਲ ਪਾਕਿਸਤਾਨ ਵਿੱਚ ਹੈ), ਅੰਮ੍ਰਿਤਸਰ, ਕਰੂਕਸ਼ੇਤਰ, ਹਰਿਦੁਆਰ, ਬਦਰੀਨਾਥ, ਕੇਦਾਰਨਾਥ, ਮਥੁਰਾ, ਬਨਾਰਸ, ਜਗਨਨਾਥ ਪੁਰੀ, ਦਵਾਰਕਾ ਪੁਰੀ ਆਦਿ ਤੀਰਥ ਸਥਾਨਾਂ ਵੱਜੋਂ ਪ੍ਰਫੁੱਲਤ ਹੋਏ।

**ਵਪਾਰਕ ਨਗਰ :** ਮੱਧਕਾਲੀਨ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਵਪਾਰਕ ਨਗਰ ਸਥਾਪਤ ਹੋਏ। ਇਹਨਾਂ ਵਿੱਚੋਂ ਦਿੱਲੀ, ਆਗਰਾ, ਸੂਰਤ, ਅਹਿਮਦਨਗਰ, ਅਹਿਮਦਾਬਾਦ, ਗੋਆ, ਦਮਨ ਅਤੇ ਦਿਊ ਆਦਿ ਬਹੁਤ ਪ੍ਰਸਿੱਧ ਹਨ।

***ਵਪਾਰਕ ਨਗਰ ਜਾਂ ਕੇਂਦਰ :*** *ਇਕ ਅਜਿਹਾ ਸਥਾਨ ਜਿੱਥੇ ਵੱਖ-ਵੱਖ ਉਤਪਾਦਨ ਕੇਂਦਰਾਂ ਤੋਂ ਆਉਣ ਵਾਲਾ ਸਮਾਨ ਖਰੀਦਿਆ ਅਤੇ ਵੇਚਿਆ ਜਾਂਦਾ ਹੈ।*

**ਵਪਾਰੀ ਅਤੇ ਕਾਰੀਗਰ :** ਭਾਰਤ ਦੇਸ਼ ਦੀ ਆਰਥਿਕ ਸਥਿਤੀ ਵਿੱਚ ਭਾਰਤੀ ਵਪਾਰੀਆਂ ਅਤੇ ਕਾਰੀਗਰਾਂ ਨੇ ਮਹੱਤਵਪੂਰਨ ਯੋਗਦਾਨ ਦਿੱਤਾ। ਭਾਰਤੀ ਕਾਰੀਗਰ ਕਈ ਕਿਸਮਾਂ ਦਾ ਵਧੀਆ ਮਾਲ ਤਿਆਰ ਕਰਨ ਵਿੱਚ ਨਿਪੁੰਨ ਸਨ। ਉਹ ਕਪੜਾ ਉਦਯੋਗ ਵਿੱਚ ਵੀ ਬਹੁਤ ਨਿਪੁੰਨ ਸਨ। ਉਹਨਾਂ ਦੁਆਰਾ ਤਿਆਰ ਕੀਤਾ ਗਿਆ ਊਨੀ, ਸੂਤੀ ਅਤੇ ਰੇਸ਼ਮੀ ਕਪੜਾ ਸੰਸਾਰ ਭਰ ਵਿੱਚ ਪ੍ਰਸਿੱਧ ਸੀ। ਉਹ ਚਮੜੇ ਦਾ ਸਮਾਨ ਤਿਆਰ ਕਰਨ ਵਿੱਚ ਵੀ ਬਹੁਤ ਨਿਪੁੰਨ ਸਨ।

ਮੱਧਕਾਲੀਨ ਭਾਰਤ ਵਿੱਚ ਧਾਤਾਂ ਦੀਆਂ ਵਸਤੂਆਂ ਬਣਾਉਣ ਦੀ ਕਲਾ ਵੀ ਬਹੁਤ ਪ੍ਰਫੁੱਲਤ ਹੋਈ। ਲੁਹਾਰਾਂ ਅਤੇ ਸੁਨਿਆਰਿਆਂ ਨੇ ਵਧੀਆ ਕਿਸਮ ਦਾ ਮਾਲ ਤਿਆਰ ਕੀਤਾ। ਭਾਰਤ ਦੇ ਵਪਾਰੀਆਂ ਨੇ ਇਸ ਤਿਆਰ ਕੀਤੇ ਮਾਲ ਨੂੰ ਹੋਰ ਦੇਸ਼ਾਂ ਵਿੱਚ ਭੇਜਿਆ। ਸਿੱਟੇ ਵਜੋਂ ਭਾਰਤੀ ਕਾਰੀਗਰਾਂ ਅਤੇ ਵਪਾਰੀਆਂ ਨੇ ਭਾਰਤ ਦੇ ਅਮੀਰ ਬਣਨ ਵਿੱਚ ਸਹਾਇਤਾ ਕੀਤੀ।

ਭਾਰਤ ਦੇ ਵਪਾਰੀਆਂ ਅਤੇ ਕਾਰੀਗਰਾਂ ਨੇ ਆਪਣੇ-ਆਪਣੇ **ਗਿਲਡ** ਸਥਾਪਤ ਕਰ ਲਏ ਸਨ। ਇਹਨਾਂ ਗਿਲਡਾਂ ਨੇ ਅਲੱਗ-ਅਲੱਗ ਪ੍ਰਕਾਰ ਦਾ ਵਧੀਆ ਮਾਲ ਤਿਆਰ ਕਰਨ ਵਿੱਚ ਕਾਰੀਗਰਾਂ ਅਤੇ ਵਪਾਰੀਆਂ ਦੀ ਮਦਦ ਕੀਤੀ ਤਾਂ ਕਿ ਕੋਈ ਹੋਰ ਦੇਸ਼ ਵਪਾਰ ਦੇ ਖੇਤਰ ਵਿੱਚ ਉਹਨਾਂ ਦਾ ਮੁਕਾਬਲਾ ਨਾ ਕਰ ਸਕੇ।

***ਗਿਲਡ :*** *ਇਕ ਅਜਿਹਾ ਸੰਘ ਜਿਸ ਦੇ ਸਾਰੇ ਵਪਾਰੀ ਮੈਂਬਰ ਇਕੋ ਜਿਹਾ ਕਿੱਤਾ ਕਰਦੇ ਹੋਣ।*

## ਲਾਹੌਰ, ਅੰਮ੍ਰਿਤਸਰ ਅਤੇ ਸੂਰਤ ਦਾ ਵਿਸ਼ੇਸ਼ ਅਧਿਐਨ

**ਲਾਹੌਰ** : ਲਾਹੌਰ ਪਾਕਿਸਤਾਨ ਦਾ ਪ੍ਰਸਿੱਧ ਸ਼ਹਿਰ ਹੈ। ਮੁੱਢਲੇ ਮੱਧਕਾਲੀਨ ਯੁੱਗ ਵਿੱਚ ਇਹ ਭਾਰਤ ਦਾ ਪ੍ਰਮੁੱਖ ਵਪਾਰਕ ਅਤੇ ਸਭਿਆਚਾਰਕ ਕੇਂਦਰ ਸੀ। ਭਾਰਤ ਉੱਤੇ ਤੁਰਕਾਂ ਦੇ ਹਮਲਿਆਂ ਸਮੇਂ ਲਾਹੌਰ ਹਿੰਦੂਸ਼ਾਹੀ ਵੰਸ਼ ਦੇ ਸ਼ਾਸਕਾਂ ਦੀ ਰਾਜਧਾਨੀ ਸੀ। ਇਸ ਤੋਂ ਬਾਅਦ ਲਾਹੌਰ ਕੁਤਬਉਦੀਨ ਐਬਕ ਅਤੇ ਇਲਤੁਤਮਿਸ਼ ਦੀ ਰਾਜਧਾਨੀ ਰਿਹਾ। ਇਲਤੁਤਮਿਸ਼ ਨੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ। ਭਾਰਤ ਉੱਤੇ ਬਾਬਰ ਦੇ ਹਮਲੇ ਸਮੇਂ ਦੌਲਤ ਖਾਂ ਲੋਧੀ ਪੰਜਾਬ ਦਾ ਗਵਰਨਰ ਸੀ। ਮੁਗ਼ਲਾਂ ਦੇ ਰਾਜਕਾਲ ਵਿੱਚ ਲਾਹੌਰ ਪੰਜਾਬ ਦੀ ਰਾਜਧਾਨੀ ਸੀ। 1761 ਈ: ਵਿੱਚ ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। 1799 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਤੇ ਅਧਿਕਾਰ ਕਰ ਲਿਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ। 1849 ਈ: ਵਿੱਚ ਅੰਗਰੇਜ਼ਾਂ ਨੇ ਲਾਹੌਰ ਉੱਤੇ ਅਧਿਕਾਰ ਕਰ ਲਿਆ। 1849 ਈ: ਤੋਂ 1947 ਈ: ਤੱਕ ਲਾਹੌਰ ਪੰਜਾਬ ਰਾਜ ਦੀ ਰਾਜਧਾਨੀ ਰਿਹਾ। 1947 ਈ: ਵਿੱਚ ਭਾਰਤ ਦੀ ਵੰਡ ਤੋਂ ਬਾਅਦ ਲਾਹੌਰ ਪਾਕਿਸਤਾਨ ਦਾ ਹਿੱਸਾ ਬਣ ਗਿਆ।

**ਅੰਮ੍ਰਿਤਸਰ** : ਅੰਮ੍ਰਿਤਸਰ ਸਿੱਖਾਂ ਦਾ ਪ੍ਰਸਿੱਧ ਤੀਰਥ-ਸਥਾਨ ਹੈ। ਇਸ ਦੀ ਨੀਂਹ ਸਿੱਖਾਂ ਦੇ ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਦੁਆਰਾ 1574 (ਪੰਦਰਾਂ ਸੌ ਚੁਹੱਤਰ) ਈ: ਵਿੱਚ ਰੱਖੀ ਗਈ ਸੀ। ਸ਼ੁਰੂ ਵਿੱਚ ਅੰਮ੍ਰਿਤਸਰ ਦਾ ਨਾਂ ਰਾਮਦਾਸਪੁਰਾ ਜਾਂ ਚੱਕ ਗੁਰੂ ਰਾਮਦਾਸ ਸੀ। ਗੁਰੂ ਰਾਮਦਾਸ ਜੀ ਨੇ ਚੱਕ ਗੁਰੂ ਰਾਮਦਾਸ ਵਿੱਚ ਅੰਮ੍ਰਿਤਸਰ ਅਤੇ ਸੰਤੋਖਸਰ ਨਾਮੀ ਦੋ ਸਰੋਵਰਾਂ ਦੀ ਖੁਦਾਈ ਦਾ ਕੰਮ ਸ਼ੁਰੂ ਕੀਤਾ ਸੀ। ਪਰੰਤੂ ਉਹਨਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਸੰਪੂਰਨ ਕਰਵਾਇਆ। 1604 ਈ: ਵਿੱਚ ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ **ਗੁਰੂ ਗ੍ਰੰਥ ਸਾਹਿਬ** ਦਾ ਪ੍ਰਕਾਸ਼ ਕੀਤਾ।



*ਚਿੱਤਰ 13.1 ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ*

1609 ਈ: ਵਿੱਚ ਇੱਥੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ **ਸ੍ਰੀ ਅਕਾਲ ਤਖਤ** ਦੀ ਸਥਾਪਨਾ ਕਰਵਾਈ। ਗੁਰੂ ਜੀ ਇੱਥੇ ਬੈਠ ਕੇ ਗੁਰ ਸਿੱਖਾਂ ਤੋਂ ਘੋੜੇ ਅਤੇ ਹਥਿਆਰਾਂ ਦੀ ਭੇਟਾ ਸਵੀਕਾਰ ਕਰਦੇ ਸਨ। ਇੱਥੇ ਬੈਠ ਕੇ ਰਾਜਨੀਤਿਕ ਮਾਮਲਿਆਂ ਤੇ ਵੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਸੀ। ਅੱਜਕੱਲ ਵੀ ਸਿੱਖਾਂ ਦੇ ਰਾਜਨੀਤਿਕ ਫੈਸਲਿਆਂ ਦਾ ਐਲਾਨ ਇੱਥੇ ਹੀ ਕੀਤਾ ਜਾਂਦਾ ਹੈ।

**ਸੂਰਤ** : ਸੂਰਤ ਪ੍ਰਸਿੱਧ ਬੰਦਰਗਾਹ ਅਤੇ ਵਪਾਰਕ ਨਗਰ ਹੈ। ਇਹ ਗੁਜਰਾਤ ਪ੍ਰਾਂਤ ਵਿੱਚ ਸਥਿਤ ਹੈ। ਇਹ ਵੱਡੇ ਉਦਯੋਗਾਂ ਦਾ ਕੇਂਦਰ ਹੈ। ਸ਼ਿਵਾਜੀ ਮਰਾਠਾ ਨੇ ਇਸ ਨੂੰ ਦੋ ਵਾਰੀ ਲੁੱਟਿਆ ਅਤੇ ਉਸ ਦੇ ਹੱਥ ਬਹੁਤ ਸਾਰੀ ਧੰਨ ਦੌਲਤ ਲੱਗੀ ਸੀ। 12ਵੀਂ ਸਦੀ ਵਿੱਚ ਪਾਰਸੀਆਂ ਨੇ ਸੂਰਤ ਉੱਤੇ ਅਧਿਕਾਰ ਕਰ ਲਿਆ ਸੀ। 1512 ਈ: ਵਿੱਚ ਪੁਰਤਗਾਲੀਆਂ ਨੇ ਇਸ ਉੱਤੇ ਕਬਜ਼ਾ ਕਰ ਲਿਆ ਸੀ। 1573 ਈ:ਵਿੱਚ ਅਕਬਰ ਨੇ ਸੂਰਤ ਉੱਤੇ ਅਧਿਕਾਰ ਕਰ ਲਿਆ ਸੀ। ਅਕਬਰ ਦੇ ਅਧੀਨ ਸੂਰਤ ਭਾਰਤ ਦਾ ਪ੍ਰਮੁੱਖ ਵਪਾਰਕ ਸ਼ਹਿਰ ਬਣ ਗਿਆ ਸੀ। 1612 ਈ: ਵਿੱਚ ਅੰਗਰੇਜ਼ਾਂ ਨੇ ਜਹਾਂਗੀਰ ਬਾਦਸ਼ਾਹ ਤੋਂ ਇੱਥੇ ਵਪਾਰ ਕਰਨ ਦੀਆਂ ਰਿਆਇਤਾਂ ਪ੍ਰਾਪਤ ਕਰ ਲਈਆਂ ਸਨ। ਇੱਥੇ ਪੁਰਤਗਾਲੀਆਂ, ਡੱਚਾਂ ਅਤੇ ਫਰਾਂਸੀਸੀਆਂ ਨੇ ਵਪਾਰਕ ਕੇਂਦਰ ਸਥਾਪਤ ਕੀਤੇ ਸਨ। 1759 ਈ: ਵਿੱਚ ਅੰਗਰੇਜ਼ਾਂ ਨੇ ਸੂਰਤ ਦੇ ਕਿਲ੍ਹੇ ਉੱਤੇ ਅਧਿਕਾਰ ਕਰ ਲਿਆ ਸੀ। 1842 ਈ: ਵਿੱਚ ਅੰਗਰੇਜ਼ਾਂ ਨੇ ਸੂਰਤ ਉੱਤੇ ਪੂਰੀ ਤਰ੍ਹਾਂ ਨਾਲ਼ ਕਬਜ਼ਾ ਕਰ ਲਿਆ ਸੀ। ਇੱਥੇ ਖਵਾਜ਼ਾ-ਸਾਹਿਬ ਦੀ ਮਸਜਿਦ ਅਤੇ ਨੌਂ ਸੱਯਦਾਂ ਦੀ ਮਸਜਿਦ ਪ੍ਰਸਿੱਧ ਹੈ। ਇੱਥੇ ਸਵਾਮੀ **ਨਾਰਾਇਣ** ਦਾ ਮੰਦਰ ਅਤੇ ਜੈਨੀਆਂ ਦੇ ਪੁਰਾਣੇ ਮੰਦਰ ਮਹੱਤਵਪੂਰਨ ਹਨ। ਸੂਰਤ ਇਕ ਮਹੱਤਵਪੂਰਨ ਉਦਯੋਗਿਕ ਅਤੇ ਵਪਾਰਕ ਕੇਂਦਰ ਹੈ।

## ਯਾਦ ਰੱਖਣ ਯੋਗ ਨੁਕਤੇ

1. **ਦਰਬਾਰੀ ਰਾਜਧਾਨੀ ਨਗਰ :** ਮੱਧਕਾਲੀਨ ਭਾਰਤ ਵਿੱਚ ਹੜੱਪਾ, ਮੋਹਨਜੋਦੜੋ, ਅਯੋਧਿਆ, ਇੰਦਰਪ੍ਰਸਥ, ਕੋਸ਼ਾਂਬੀ , ਪਾਟਲੀਪੁੱਤਰ, ਵੈਸ਼ਾਲੀ, ਕਾਂਚੀ, ਬਦਾਮੀ, ਕਲਿਆਣੀ, ਵੈਂਗੀ, ਦੇਵਗਿਰੀ, ਮਾਨਖੇਤ ਤੰਜ਼ੋਰ, ਮਦੁਰਾਇ, ਲਾਹੌਰ, ਦਿੱਲੀ, ਆਗਰਾ, ਫਤਿਹਪੁਰ ਸੀਕਰੀ ਆਦਿ ਰਾਜਧਾਨੀ ਨਗਰ ਸਨ।
2. **ਬੰਦਰਗਾਹ ਨਗਰ** : ਮੱਧਕਾਲੀਨ ਭਾਰਤ ਵਿਚ ਗੋਆ, ਕੋਚੀਨ, ਸੂਰਤ, ਭਰੂਚ, ਸੋਪਾਰਾ ਆਦਿ ਬੰਦਰਗਾਹ ਨਗਰ ਸਥਾਪਿਤ ਸਨ।
3. **ਤੀਰਥ-ਸਥਾਨ** : ਮੱਧਕਾਲੀਨ ਭਾਰਤ ਵਿਚ ਨਨਕਾਣਾ ਸਾਹਿਬ (ਹੁਣ ਪਾਕਿਸਤਾਨ), ਅੰਮ੍ਰਿਤਸਰ, ਕਰੂਕਸ਼ੇਤਰ, ਹਰਿਦੁਆਰ, ਬਦਰਿਨਾਥ, ਮਥੁਰਾ, ਬਨਾਰਸ , ਜਨਗਨਾਥ ਪੁਰੀ, ਦਵਾਰਕਾ ਪੁਰੀ ਆਦਿ ਪ੍ਰਸਿੱਧ ਤੀਰਥ-ਸਥਾਨ ਸਨ।
4. **ਵਪਾਰਕ ਨਗਰ** : ਮੱਧਕਾਲੀਨ ਭਾਰਤ ਵਿੱਚ ਦਿੱਲੀ, ਆਗਰਾ, ਸੂਰਤ, ਅਹਿਮਦਨਗਰ, ਅਹਿਮਦਾਬਾਦ, ਗੋਆ, ਦਮਨ ਅਤੇ ਦਿਊ ਆਦਿ ਪ੍ਰਸਿੱਧ ਵਪਾਰਕ ਨਗਰ ਸਨ।

5. ਮੱਧਕਾਲੀਨ ਯੁੱਗ ਵਿੱਚ ਲਾਹੌਰ ਭਾਰਤ ਦਾ ਪ੍ਰਸਿੱਧ ਵਪਾਰਕ ਅਤੇ ਸਭਿਆਚਾਰਕ ਕੇਂਦਰ ਸੀ।

6. ਮੱਧਕਾਲੀਨ ਯੁੱਗ ਤੋਂ ਹੀ ਅੰਮ੍ਰਿਤਸਰ ਸਿੱਖਾਂ ਦਾ ਪ੍ਰਸਿੱਧ ਤੀਰਥ-ਸਥਾਨ ਹੈ।

7. ਮੱਧਕਾਲੀਨ ਯੁੱਗ ਤੋਂ ਹੀ ਸੂਰਤ ਭਾਰਤ ਦੀ ਪ੍ਰਸਿੱਧ ਬੰਦਰਗਾਹ ਅਤੇ ਵਪਾਰਕ ਕੇਂਦਰ ਹੈ।

## ਅਭਿਆਸ

### (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

1. ਕੋਈ ਚਾਰ ਤੀਰਥ ਸਥਾਨਾਂ ਦੇ ਨਾਂ ਲਿਖੋ।
2. ਅੰਮ੍ਰਿਤਸਰ ਸ਼ਹਿਰ ਦੀ ਨੀਂਹ ਕਿਸ ਗੁਰੂ ਸਾਹਿਬਾਨ ਨੇ ਅਤੇ ਕਦੋਂ ਰੱਖੀ ਸੀ ?
3. ਸੂਰਤ ਕਿੱਥੇ ਸਥਿਤ ਹੈ?

### (ਅ) ਹੇਠ ਲਿਖੇ ਖਾਲੀ ਸਥਾਨ ਭਰੋ :

1. ਅੰਮ੍ਰਿਤਸਰ ਦੀ ਨੀਂਹ .................... ਦੁਆਰਾ ਰੱਖੀ ਗਈ ਸੀ।
2. ਸੂਰਤ ਇਕ .................... ਨਗਰ ਹੈ।
3. ਨਨਕਾਣਾ ਸਾਹਿਬ .................... ਵਿੱਚ ਸਥਿਤ ਹੈ।
4. ਭਾਰਤ ਵਿੱਚ ਬਹੁਤ ਸਾਰੇ ਬੰਦਰਗਾਹ .................... ਹਨ।

### (ੲ) ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (×) ਦਾ ਚਿੰਨ ਲਗਾਉ।

1. ਮੋਹਨਜੋਦੜੋ ਸਿੰਧੂ ਘਾਟੀ ਦੇ ਲੋਕਾਂ ਦਾ ਰਾਜਧਾਨੀ ਨਗਰ ਸੀ। ☐
2. 1629 ਈ: ਵਿੱਚ ਸ਼ਾਹਜਹਾਂ ਨੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ। ☐
3. ਸੂਰਤ ਇੱਕ ਮਹੱਤਵਪੂਰਨ ਤੀਰਥ ਸਥਾਨ ਸੀ। ☐
4. ਫਤਿਹਪੁਰ ਸੀਕਰੀ ਮੁਗਲਾਂ ਦਾ ਇਕ ਰਾਜਧਾਨੀ ਨਗਰ ਸੀ। ☐
5. ਮੱਧਕਾਲੀਨ ਕਾਲ ਵਿੱਚ ਲਾਹੌਰ ਇਕ ਵਪਾਰਕ ਨਗਰ ਸੀ। ☐

## ਗਤੀਵਿਧੀ

1. **ਹੇਠ ਲਿਖਿਆਂ ਦੀ ਸੂਚੀ ਬਣਾਉ (ਹਰੇਕ ਦੇ ਚਾਰ-ਚਾਰ)**

   (ੳ) ਰਾਜਧਾਨੀ ਨਗਰ  (ਅ) ਬੰਦਰਗਾਹ-ਨਗਰ

   (ੲ) ਵਪਾਰਕ-ਨਗਰ  (ਸ) ਤੀਰਥ-ਸਥਾਨ ਕੇਂਦਰ



# ਪਾਠ 14 ਕਬੀਲੇ, ਖਾਨਾਬਦੋਸ਼ ਅਤੇ ਸਥਿਰ ਭਾਈਚਾਰੇ

ਮੱਧਕਾਲੀਨ ਯੁੱਗ ਵਿੱਚ ਭਾਰਤੀ ਉਪਮਹਾਂਦੀਪ ਵਿੱਚ ਕਈ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪਰਿਵਰਤਨ ਹੋਏ। ਅਜਿਹਾ ਕਿਵੇਂ ਅਤੇ ਕਿਉਂ ਹੋਇਆ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਜ਼ਰੂਰੀ ਹੈ। ਇਸ ਉਪਮਹਾਂਦੀਪ ਦੇ ਕਈ ਭਾਗਾਂ ਵਿੱਚ ਸਮਾਜ ਕੰਮ ਦੇ ਆਧਾਰ ਤੇ ਕਈ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ। ਅਮੀਰ ਅਤੇ ਗਰੀਬ ਲੋਕਾਂ ਵਿਚਕਾਰ ਫਾਸਲਾ ਵੱਧ ਗਿਆ ਸੀ। ਉਸ ਸਮੇਂ ਦਿੱਲੀ ਸਲਤਨਤ ਅਤੇ ਮੁਗਲ ਸਾਮਰਾਜ ਸਮੇਂ ਸਮਾਜ ਕਈ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ।

## ਕਬਾਇਲੀ ਸਮਾਜ

ਮੱਧਕਾਲੀਨ ਯੁੱਗ ਵਿੱਚ ਭਾਰਤੀ ਉਪਮਹਾਂਦੀਪ ਦੇ ਕਈ ਇਲਾਕਿਆਂ ਵਿੱਚ ਕਈ ਕਬਾਇਲੀ ਸਮਾਜ ਸਥਾਪਤ ਸਨ। ਇਹ ਸਮਾਜ ਸ਼੍ਰੇਣੀਆਂ ਵਿੱਚ ਨਹੀਂ ਵੰਡੇ ਹੋਏ ਸਨ। ਇਹ ਕਬੀਲੇ ਬ੍ਰਾਹਮਣਾਂ ਦੁਆਰਾ ਨਿਰਧਾਰਿਤ ਸਮਾਜਿਕ ਨਿਯਮਾਂ ਅਤੇ ਰੀਤੀ-ਰਿਵਾਜ਼ਾਂ ਦੀ ਪਾਲਣਾ ਨਹੀਂ ਕਰਦੇ ਸਨ। ਹਰੇਕ ਕਬੀਲੇ ਦਾ ਆਪਣਾ ਭਾਈਚਾਰਾ ਹੁੰਦਾ ਸੀ। ਸਾਰੇ ਕਬੀਲਿਆਂ ਦੇ ਲੋਕਾਂ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ ਕਰਨਾ ਹੁੰਦਾ ਸੀ। ਪਰੰਤੂ ਕਈ ਕਬੀਲਿਆਂ ਦੇ ਲੋਕ ਸ਼ਿਕਾਰ ਕਰਨਾ, ਸੰਗ੍ਰਿਹਕ ਜਾਂ ਪਸ਼ੂ ਪਾਲਣ ਦਾ ਕਿੱਤਾ ਕਰਨਾ ਵੀ ਪਸੰਦ ਕਰਦੇ ਸਨ। ਕੁੱਝ ਕਬੀਲਿਆਂ ਦੇ ਲੋਕ ਆਪਣਾ ਜੀਵਨ ਨਿਰਬਾਹ ਕਰਨ ਕਰਕੇ ਇਕ ਥਾਂ ਤੇ ਦੂਜੀ ਥਾਂ ਤੇ ਘੁੰਮਦੇ-ਫਿਰਦੇ ਰਹਿੰਦੇ ਸਨ, ਜਿੰਨਾਂ ਨੂੰ 'ਖਾਨਾਬਦੋਸ਼' ਕਿਹਾ ਜਾਂਦਾ ਸੀ।

ਮੱਧਕਾਲੀਨ ਯੁੱਗ ਵਿੱਚ ਭਾਰਤੀ ਉਪਮਹਾਂਦੀਪ ਵਿੱਚ ਕਈ ਸ਼ਕਤੀਸ਼ਾਲੀ ਕਬੀਲੇ ਜੰਗਲਾਂ, ਪਹਾੜਾਂ ਅਤੇ ਰੇਤੀਲੇ ਇਲਾਕਿਆਂ ਆਦਿ ਵਿੱਚ ਰਹਿੰਦੇ ਸਨ। ਉਹਨਾਂ ਕਬੀਲਿਆਂ ਦੇ ਲੋਕ ਸ਼ਕਤੀਸ਼ਾਲੀ ਸਮਾਜਾਂ ਦੇ ਲੋਕਾਂ ਨਾਲ ਲੜਦੇ-ਝਗੜਦੇ ਰਹਿੰਦੇ ਸਨ। ਪਰੰਤੂ ਫਿਰ ਵੀ ਇਹ ਦੋਵੇ ਸਮਾਜ ਆਪਣੀਆਂ ਕਈ ਜ਼ਰੂਰਤਾਂ ਪੂਰੀਆਂ ਕਰਨ ਲਈ ਇਕ-ਦੂਜੇ ਤੇ ਨਿਰਭਰ ਕਰਦੇ ਸਨ?

## ਕਬਾਇਲੀ ਲੋਕ ਕੌਣ ਸਨ ?

ਮੱਧਕਾਲੀਨ ਯੁੱਗ ਵਿੱਚ ਭਾਰਤੀ ਉਪਮਹਾਂਦੀਪ ਦੇ ਕਬਾਇਲੀ ਲੋਕ ਆਪਣੇ ਬਾਰੇ ਲਿਖਤੀ ਵੇਰਵਾ ਤਿਆਰ ਨਹੀਂ ਕਰਦੇ ਸਨ। ਉਹ ਕੇਵਲ ਆਪਣੇ ਰੀਤੀ-ਰਿਵਾਜ਼ਾਂ ਅਤੇ ਸਮਾਜਿਕ ਪਰੰਪਰਾਵਾਂ ਦੀ ਪਾਲਣਾ ਕਰਦੇ ਸਨ, ਜਿਹੜੀਆਂ ਅੱਗੇ ਪੀੜੀ ਦਰ ਪੀੜੀ ਜਾਰੀ ਰਹਿੰਦੀਆਂ ਸਨ। ਇਹ ਰੀਤੀ-ਰਿਵਾਜ਼ ਅਤੇ ਸਮਾਜਿਕ ਪਰੰਪਰਾਵਾਂ ਕਬਾਇਲੀ ਸਮਾਜ ਦਾ ਇਤਿਹਾਸ ਲਿਖਣ ਲਈ ਇਤਿਹਾਸਕਾਰਾਂ ਦੀ ਮਦਦ ਕਰਦੀਆਂ ਹਨ।

ਮੱਧਕਾਲੀਨ ਯੁੱਗ ਵਿੱਚ ਭਾਰਤੀ ਉਪਮਹਾਂਦੀਪ ਦੇ ਲਗਪਗ ਸਾਰੇ ਹਿੱਸਿਆਂ ਵਿਚ ਕਬਾਇਲੀ ਸਮਾਜ ਦੇ ਲੋਕ ਰਹਿੰਦੇ ਸਨ। ਉਦਾਹਰਣ ਦੇ ਤੌਰ ਤੇ ਮਨੀਪੁਰ, ਮੇਘਾਲਿਆਂ, ਮੱਧ ਪ੍ਰਦੇਸ਼, ਨਾਗਾਲੈਂਡ, ਦਾਦਰਾ ਅਤੇ ਨਗਰ ਹਵੇਲੀ ਆਦਿ ਰਾਜਾਂ ਵਿੱਚ ਕਬੀਲੇ, ਖਾਨਾਬਦੋਸ਼ ਅਤੇ ਘੁਮੱਕੜ ਵਰਗ ਦੇ ਭੀਲ, ਗੌਂਡ, ਅਹੋਮ, ਕੁਈ, ਕੋਲੀ, ਕੁੱਕੀ ਅਤੇ **ਉਰਾਂਵ** ਆਦਿ ਲੋਕ ਰਹਿੰਦੇ ਹਨ। ਪੰਜਾਬ ਦੇ ਕਈ ਭਾਗਾਂ ਵਿੱਚ ਖੋਖਰ, ਗੱਖਰ, ਲੰਗਾਂਹ, ਅਰਘੂਨ ਅਤੇ ਬਲੋਚ ਆਦਿ ਕਬੀਲੇ ਰਹਿੰਦੇ ਸਨ। ਇਹ ਕਬੀਲੇ ਅੱਗੇ ਕਈ ਕੁਲਾਂ ਵਿੱਚ ਵੰਡੇ ਹੋਏ ਸਨ। ਹਰੇਕ ਕੁਲ ਦਾ ਇੱਕ ਮੁੱਖੀਆ ਹੁੰਦਾ ਸੀ। ਉਦਾਹਰਣ ਦੇ ਤੌਰ ਤੇ ਪੱਛਮੀ ਹਿਮਾਲਿਆ ਵਿਚ ਗੱਦੀ ਗਡਰੀਆਂ ਨਾਂ ਕਬੀਲਾ ਰਹਿੰਦਾ ਸੀ।

*ਕੁਲ : ਕਈ ਪਰਿਵਾਰਾਂ ਜਾਂ ਘਰਾਂ ਦੇ ਸਮੂਹ ਨੂੰ ਕੁਲ ਕਿਹਾ ਜਾਂਦਾ ਹੈ ਜਿਹੜਾ ਇਕ ਹੀ ਪੂਰਵਜ ਦੀ ਸੰਤਾਨ ਹੁੰਦਾ ਹੈ।*

ਇਸੇ ਤਰ੍ਹਾਂ ਇਸ ਮਹਾਂਦੀਪ ਦੇ ਉੱਤਰ-ਪੂਰਬੀ ਭਾਗਾਂ ਵਿਚ ਅਹੋਮ, ਨਾਗਾ ਅਤੇ ਕਈ ਹੋਰ ਕਬੀਲੇ ਰਹਿੰਦੇ ਸਨ।

ਬਾਰ੍ਹਵੀਂ ਸਦੀ ਤੱਕ ਅਜੋਕੇ ਬਿਹਾਰ ਅਤੇ ਝਾਰਖੰਡ ਦੇ ਇਲਾਕਿਆਂ ਵਿੱਚ ਇੱਕ ਚੇਰੋ ਨਾਂ ਦੇ ਵੰਸ਼ ਦਾ ਉਥਾਨ ਹੋਇਆ। 1591 ਈ: ਵਿੱਚ ਮੁਗਲ ਬਾਦਸ਼ਾਹ ਅਕਬਰ ਨੇ ਚੇਰੋ ਵੰਸ਼ ਉੱਤੇ ਹਮਲਾ ਕਰਕੇ ਜਿੱਤ ਪ੍ਰਾਪਤ ਕੀਤੀ। ਬਾਅਦ ਵਿਚ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਚੇਰੋ ਵੰਸ਼ ਦੇ ਕਿਲ੍ਹਿਆਂ ਉੱਤੇ ਅਧਿਕਾਰ ਕਰ ਲਿਆ। ਅਜੋਕੇ ਬਿਹਾਰ ਅਤੇ ਝਾਰਖੰਡ ਇਲਾਕਿਆਂ ਵਿੱਚ ਰਹਿੰਦੇ ਕਬੀਲਿਆਂ ਵਿਚੋਂ ਮੁੰਡਾਂ ਅਤੇ ਸੰਥਾਲ ਕਬੀਲੇ ਪ੍ਰਮੁੱਖ ਸਨ।

ਕਰਨਾਟਕ ਅਤੇ ਮਹਾਰਾਸ਼ਟਰ ਦੇ ਪਹਾੜੀ ਖੇਤਰਾਂ ਵਿੱਚ ਕੁਈ, ਬੇਰਾਦ ਆਦਿ ਕਬੀਲੇ ਰਹਿੰਦੇ ਸਨ। ਗੁਜਰਾਤ ਦੇ ਕੁੱਝ ਪ੍ਰਦੇਸ਼ਾਂ ਵਿਚ ਵੀ ਕੋਲੀ ਕਬੀਲੇ ਦੇ ਲੋਕ ਰਹਿੰਦੇ ਸਨ। ਕੋਰਾਗਾ, ਬੇਤਰ, ਮਾਰਵਾੜ ਆਦਿ ਕਬੀਲੇ ਵੀ ਗੁਜਰਾਤ ਦੇ ਕੁੱਝ ਭਾਗਾਂ ਵਿੱਚ ਰਹਿੰਦੇ ਸਨ।

ਮੱਧਕਾਲੀਨ ਯੁੱਗ ਵਿੱਚ ਭਾਰਤੀ ਉਪਮਹਾਂਦੀਪ ਦੇ ਪੱਛਮੀ ਅਤੇ ਮੱਧ ਭਾਗ ਵਿੱਚ ਭੀਲ ਨਾਂ ਦਾ ਕਬੀਲਾ ਰਹਿੰਦਾ ਸੀ। ਛੇਵੀਂ ਸਦੀ ਦੇ ਅੰਤ ਤੱਕ ਦੇ ਕਈ ਲੋਕਾਂ ਨੇ ਖੇਤੀਬਾੜੀ ਅਤੇ ਜ਼ਿਮੀਦਾਰੀ ਦਾ ਕਿੱਤਾ ਕਰਨਾ ਸ਼ੁਰੂ ਕਰ ਦਿੱਤਾ ਸੀ।

ਭੀਲ ਕਬੀਲੇ ਦੇ ਬਹੁਤ ਗਿਣਤੀ ਵਿੱਚ ਲੋਕ ਸ਼ਿਕਾਰੀ-ਸੰਗ੍ਰਿਹਕ ਦਾ ਕਿੱਤਾ ਕਰਦੇ ਸਨ।

ਮੱਧਕਾਲੀਨ ਯੁੱਗ ਵਿੱਚ ਅਜੋਕੇ ਮੱਧ-ਪ੍ਰਦੇਸ਼, ਛੱਤੀਸਗੜ੍ਹ ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਿੱਚ ਗੌਂਡ ਕਬੀਲੇ ਦੇ ਲੋਕ ਰਹਿੰਦੇ ਸਨ।



*ਚਿੱਤਰ 14.1 ਭੀਲ ਕਬੀਲੇ ਦੇ ਲੋਕ ਰਾਤ ਸਮੇਂ ਸ਼ਿਕਾਰ ਕਰਦੇ ਹੋਏ।*

## ਖਾਨਾਬਦੋਸ਼ ਅਤੇ ਘੁਮੱਕੜ ਵਰਗ ਦੇ ਲੋਕਾਂ ਦਾ ਜੀਵਨ

ਮੱਧਕਾਲੀਨ ਯੁੱਗ ਵਿੱਚ ਖਾਨਾਬਦੋਸ਼ ਲੋਕਾਂ ਦਾ ਕਿੱਤਾ ਪਸ਼ੂ ਚਾਰਨਾ ਸੀ। ਉਹ ਪਸ਼ੂਆਂ ਨੂੰ ਚਾਰਨ ਲਈ ਬਹੁਤ ਦੂਰ ਤੱਕ ਲੈ ਜਾਂਦੇ ਸਨ। ਉਹ ਪਸ਼ੂ ਪਾਲਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ। ਉਹ ਪਸ਼ੂਆਂ ਦੇ ਦੁੱਧ ਤੋਂ ਘਿਓ ਤਿਆਰ ਕਰਕੇ ਅਤੇ ਉੱਨ ਆਦਿ ਚੀਜਾਂ ਕਿਸਾਨਾਂ ਨੂੰ ਦੇ ਕੇ ਬਦਲੇ ਵਿਚ ਉਹਨਾਂ ਕੋਲੋ ਅਨਾਜ, ਕੱਪੜਾ, ਬਰਤਨ ਆਦਿ ਚੀਜ਼ਾਂ ਖਰੀਦਦੇ ਸਨ।

*ਕਿਸਾਨ ਆਪਣਾ ਅਨਾਜ ਵੇਚਣ ਲਈ ਪਿੰਡਾਂ ਤੋਂ ਸ਼ਹਿਰਾਂ ਵਿੱਚ ਕਿਵੇਂ ਲਿਜਾਂਦੇ ਹਨ?*

ਉਸ ਸਮੇਂ ਖਾਨਾਬਦੋਸ਼ ਲੋਕ ਆਪਣਾ ਸਮਾਨ ਵੇਚਣ ਲਈ ਪਸ਼ੂਆਂ ਉੱਤੇ ਰੱਖਕੇ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਂਦੇ ਸਨ।

ਮੱਧਕਾਲੀਨ ਯੁਗ ਵਿੱਚ ਖਾਨਾਬਦੋਸ਼ ਲੋਕਾਂ ਦੀਆਂ ਬਹੁਤ ਸਾਰੀਆਂ ਕੁਲਾਂ ਵਿਚੋਂ ਬੰਜਾਰਾ ਕੁਲ ਦੇ ਲੋਕ ਪ੍ਰਸਿੱਧ ਵਪਾਰੀ ਖਾਨਾਬਦੋਸ਼ ਸਨ। ਉਦਾਹਰਣ ਦੇ ਤੌਰ ਤੇ ਦਿੱਲੀ ਸਲਤਨਤ ਦੇ ਸ਼ਾਸਕ ਅਲਾਉਦੀਨ ਖ਼ਿਲਜ਼ੀ ਦੇ ਰਾਜਕਾਲ ਸਮੇਂ ਬੰਜਾਰੇ ਅਨਾਜ਼ ਮੰਡੀਆਂ ਵਿਚ ਲੈ ਕੇ ਜਾਂਦੇ ਸਨ। ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਆਤਮ ਕਥਾ ਵਿੱਚ ਲਿਖਿਆ ਹੋਇਆ ਹੈ ਕਿ ਬੰਜਾਰੇ ਬਲਦਾਂ ਉੱਤੇ ਅਨਾਜ ਰੱਖਕੇ ਸ਼ਹਿਰਾਂ ਵਿਚ ਵੇਚਣ ਲਈ ਲਿਜਾਂਦੇ ਸਨ। ਉਹ ਯੁੱਧ ਸਮੇਂ ਮੁਗਲ ਸੈਨਾ ਲਈ ਖਾਧ-ਸਮੱਗਰੀ ਬੱਲਦਾਂ ਉੱਤੇ ਰੱਖਕੇ ਲਿਜਾਂਦੇ ਸਨ।

ਮੱਧਕਾਲੀਨ ਯੁੱਗ ਵਿਚ ਚਰਵਾਹਾ ਕਬੀਲੇ ਦੇ ਲੋਕ ਗਾਂ, ਘੋੜੇ ਆਦਿ ਪਾਲਤੂ ਜਾਨਵਰਾਂ ਨੂੰ ਪਾਲਕੇ ਵੇਚ ਦਿੰਦੇ ਸਨ। ਇਸ ਦੇ ਇਲਾਵਾ ਕਈ ਹੋਰ ਕਬੀਲਿਆਂ ਦੇ ਲੋਕ ਸਰਕੜੇ ਦੀਆਂ ਚਟਾਈਆਂ, ਬੋਰੀਆਂ ਅਤੇ ਰੱਸੇ ਤਿਆਰ ਕਰਕੇ ਵੇਚਦੇ ਸਨ। ਮਦਾਰੀ ਅਤੇ ਗਾਇਕ ਲੋਕ ਪਿੰਡਾਂ ਅਤੇ ਸ਼ਹਿਰਾਂ ਵਿੱਚ ਆਪਣੀ-ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ।

## ਸਮਾਜਿਕ ਪਰਿਵਰਤਨ-ਨਵੀਆਂ ਜਾਤੀਆਂ ਅਤੇ ਸ਼੍ਰੇਣੀਆਂ ਦਾ ਹੋਂਦ ਵਿੱਚ ਆਉਣਾ

ਮੱਧਕਾਲੀਨ ਯੁੱਗ ਸਮੇਂ ਉਪਮਹਾਂਦੀਪ ਵਿੱਚ ਆਰਥਿਕ ਅਤੇ ਸਮਾਜਿਕ ਪਰਿਵਰਤਨ ਹੋਣ ਕਰਕੇ ਨਵੇਂ ਹੁਨਰ ਵਾਲੇ ਸ਼ਿਲਪਕਾਰਾਂ ਦੀ ਮੰਗ ਕੀਤੀ ਜਾਣ ਲੱਗੀ। ਸਿੱਟੇ ਵਜੋਂ ਸਮਾਜ ਵਿੱਚ ਨਵੀਆਂ ਜਾਤੀਆਂ ਹੋਂਦ ਵਿਚ ਆਈਆਂ।

### ਅਹੋਮ ਅਤੇ ਗੋਂਡ ਲੋਕਾਂ ਬਾਰੇ ਵਿਸ਼ੇਸ਼ ਅਧਿਐਨ

**ਅਹੋਮ** : ਅਹੋਮ ਕਬੀਲੇ ਦੇ ਲੋਕ 13ਵੀਂ ਸਦੀ ਵਿੱਚ ਚੀਨ ਤੋਂ ਅਹੋਮ ਪ੍ਰਦੇਸ਼ (ਆਸਾਮ) ਆਏ ਜੋ ਕਿ ਚੀਨ ਦੇ ਤਾਇ-ਮੰਗੋਲ ਵਰਗ ਨਾਲ ਸੰਬੰਧ ਰਖਦੇ ਸਨ। **ਸੁਫਾਕਾ** ਅਹੋਮ ਵੰਸ਼ ਦਾ ਪਹਿਲਾਂ ਸ਼ਾਸਕ ਸੀ। ਉਸ ਨੇ 1228 ਈ: ਤੋਂ 1268 ਈ: ਤੱਕ ਰਾਜ ਕੀਤਾ। ਉਸ ਨੇ ਆਪਣੇ ਖੇਤਰ ਦੇ ਸਥਾਨਕ ਸ਼ਾਸਕਾਂ ਨੂੰ ਹਰਾਇਆ। ਹੌਲ਼ੀ-ਹੌਲ਼ੀ ਉਸ ਨੇ ਕਚਾਰੀ, ਮੋਰਨ ਅਤੇ ਨਾਗ ਆਦਿ ਸਥਾਨਕ ਵੰਸ਼ਾਂ ਨੂੰ ਵੀ ਹਰਾਇਆ। ਇਸ ਤਰ੍ਹਾਂ ਉਸ ਨੇ ਬ੍ਰਹਮਪੁੱਤਰ ਤਕ ਆਪਣੇ ਰਾਜ ਦੀਆਂ ਹੱਦਾਂ ਦਾ ਵਿਸਥਾਰ ਕੀਤਾ। ਉਸ ਦੀ ਰਾਜਧਾਨੀ ਗੜ੍ਹਗਾਉਂ ਸੀ।

ਅਹੋਮ ਸ਼ਾਸਕ ਸਥਾਨਕ ਤਾਕਤਾਂ, ਮੁਗ਼ਲਾਂ ਅਤੇ ਬੰਗਾਲ ਆਦਿ ਵਿਰੁੱਧ ਲੜੇ। ਮੁਗ਼ਲਾਂ ਨੇ ਅਹੋਮ ਪ੍ਰਦੇਸ਼ (ਆਸਾਮ) 'ਤੇ ਅਧਿਕਾਰ ਕਰਨ ਦੀ ਕਸ਼ਿਸ਼ ਕੀਤੀ ਪਰ ਅਸਫ਼ਲ ਰਹੇ। ਅਖੀਰ ਵਿੱਚ ਔਰੰਗਜ਼ੇਬ ਨੇ ਅਹੋਮ ਸ਼ਾਸਕਾਂ ਦੀ ਰਾਜਧਾਨੀ ਗੋਰਗਾਉਂ ਉੱਤੇ ਜਿੱਤ ਪ੍ਰਾਪਤ ਕਰ ਲਈ। ਪਰੰਤੂ ਉਹ ਇਸ ਨੂੰ ਮੁਗ਼ਲ ਸ਼ਾਸਨ ਅਧੀਨ ਨਾ ਰੱਖ ਸਕਿਆ। ਅਹੋਮਾਂ ਨੇ ਮੁਗ਼ਲਾਂ ਦੇ ਅਧੀਨ ਰਾਜ ਕੀਤਾ। 18ਵੀਂ ਸਦੀ ਵਿੱਚ ਅਹੋਮ ਰਾਜ ਦਾ ਪਤਨ ਹੋਣਾ ਸ਼ੁਰੂ ਹੋ ਗਿਆ।

*ਮੁਗਲਾਂ ਨੇ ਅਹੋਮ ਪ੍ਰਦੇਸ਼ ਉੱਤੇ ਅਧਿਕਾਰ ਕਰਨ ਦੀ ਕੋਸ਼ਿਸ਼ ਕਿਉਂ ਕੀਤੀ ਸੀ?*

ਲਗਪਗ 1818 ਈ: ਵਿੱਚ ਬਰਮਾ (ਮਿਆਮਾਰ) ਦੇ ਲੋਕਾਂ ਨੇ ਅਹੋਮ ਪ੍ਰਦੇਸ਼ (ਆਸਾਮ) ਉੱਤੇ ਹਮਲਾ ਕਰ ਦਿੱਤਾ। ਉਹਨਾਂ ਨੇ ਅਹੋਮ ਰਾਜਾ ਨੂੰ ਆਸਾਮ ਛੱਡਣ ਲਈ ਮਜ਼ਬੂਰ ਕਰ ਦਿੱਤਾ। 1826 ਈ: ਵਿੱਚ ਅੰਗਰੇਜ਼ ਆਸਾਮ ਵਿੱਚ ਆ ਗਏ। ਉਹਨਾਂ ਨੇ ਬਰਮਾ (ਮਿਆਮਾਰ) ਦੇ ਲੋਕਾਂ ਨੂੰ ਹਰਾ ਦਿੱਤਾ ਅਤੇ 1826 ਈ: ਵਿੱਚ ਉਹਨਾਂ ਨਾਲ਼ ਯਾਦਬੂ ਸੰਧੀ ਕਰ ਲਈ। ਇਸ ਤਰ੍ਹਾਂ ਅੰਗਰੇਜ਼ਾਂ ਦਾ ਆਸਾਮ ਦੇਸ਼ 'ਤੇ ਕਬਜ਼ਾ ਹੋ ਗਿਆ।

**ਗੋਂਡ** : ਇਹ ਮੱਧ ਭਾਰਤ ਵਿੱਚ ਇੱਕ ਕਬੀਲਾ ਹੈ। ਇਹ ਪੱਛਮੀ ਉੜੀਸਾ, ਪੂਰਬੀ ਮਹਾਰਾਸ਼ਟਰ, ਛੱਤੀਸਗੜ੍ਹ, ਮੱਧ ਪ੍ਰਦੇਸ਼ ਆਦਿ ਪ੍ਰਾਂਤਾਂ ਵਿੱਚ ਵਸਦੇ ਹਨ। ਇਹਨਾਂ ਪ੍ਰਾਂਤਾਂ ਵਿੱਚ ਗੋਂਡ ਲੋਕਾਂ ਦੀ ਕਾਫ਼ੀ ਗਿਣਤੀ ਹੋਣ ਕਰਕੇ ਇਲਾਕੇ ਨੂੰ **ਗੋਂਡਵਾਨਾ** ਕਿਹਾ ਜਾਂਦਾ ਹੈ।

15ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤਕ ਗੋਂਡਵਾਨਾ ਇਕ ਖੁਸ਼ਹਾਲ **ਇਲਾਕਾ** ਸੀ। ਇਸ ਵਿੱਚ ਬਹੁਤ ਸਾਰੇ ਰਾਜ ਸਥਾਪਤ ਹੋਏ। ਉਹਨਾਂ ਵਿੱਚੋਂ ਰਾਣੀ ਦੁਰਗਾਵਤੀ ਇੱਕ ਮਸ਼ਹੂਰ ਗੋਂਡ ਸ਼ਾਸਕ ਸੀ। ਉਸ ਦਾ ਰਾਜ ਪੰਜ ਸੁਤੰਤਰ ਰਾਜਾਂ ਵਿੱਚੋਂ ਇੱਕ ਸੀ। ਜਬਲਪੁਰ ਉਸ ਦੀ ਰਾਜਧਾਨੀ ਸੀ। ਮੁਗ਼ਲ ਸ਼ਾਸਕ ਅਕਬਰ ਨੇ ਉਸ ਨੂੰ ਆਪਣੀ ਅਧੀਨਤਾ ਸਵੀਕਾਰ ਕਰਨ ਲਈ ਕਿਹਾ ਪਰੰਤੂ ਰਾਣੀ ਦੁਰਗਾਵਤੀ ਨੇ ਅਕਬਰ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਇਸ ਕਰਕੇ ਮੁਗ਼ਲਾਂ ਅਤੇ ਰਾਣੀ ਦੁਰਗਾਵਤੀ ਵਿਚਕਾਰ ਇਕ ਭਿਆਨਕ ਯੁੱਧ ਹੋਇਆ। ਇਸ ਯੁੱਧ ਵਿੱਚ ਰਾਣੀ ਦੁਰਗਾਵਤੀ ਮੁਗ਼ਲਾਂ ਦੇ ਹੱਥੋਂ ਮਾਰੀ ਗਈ।

*ਮੁਗ਼ਲ ਸ਼ਾਸਕ ਗੋਂਡਵਾਨਾ ਉੱਤੇ ਕਬਜ਼ਾ ਕਿਉਂ ਕਰਨਾ ਚਾਹੁੰਦੇ ਸਨ ?*

ਗੋਂਡ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਬਹੁਤ ਘੱਟ ਹੁੰਦੀਆਂ ਹਨ। ਉਹਨਾਂ ਦੇ ਘਰ ਵੀ ਸਧਾਰਨ ਬਣਤਰ ਦੇ ਹਨ। ਇਕ ਨਿਰੀਖਣ ਅਨੁਸਾਰ ਪ੍ਰਾਂਤਾਂ ਦੇ ਹੋਰ ਲੋਕਾਂ ਨਾਲੋਂ ਗੋਡ ਲੋਕ ਬਹੁਤ ਘੱਟ ਗਿਣਤੀ ਵਿੱਚ ਪੜ੍ਹੇ-ਲਿਖੇ ਹੋਏ ਹਨ। ਸਮਾਂ ਬੀਤਣ ਪਿੱਛੋਂ ਗੋਂਡ ਲੋਕ ਹੋਰ ਲੋਕਾਂ ਵਿੱਚ ਸ਼ਾਮਲ ਹੋ ਗਏ।

## ਯਾਦ ਰੱਖਣ ਯੋਗ ਨੁਕਤੇ

1. ਭਾਰਤੀ ਉਪਮਹਾਂਦੀਪ ਦੇ ਲਗਪਗ ਸਾਰੇ ਹਿੱਸਿਆਂ ਵਿੱਚ ਕਬੀਲੇ ਰਹਿੰਦੇ ਸਨ। ਪੰਜਾਬ ਦੇ ਕਈ ਭਾਗਾਂ ਵਿਚ ਖੋਖਰ, ਗੱਖਰ, ਲੰਗਾਂਹ, ਅਰਘੂਨ ਅਤੇ ਬਲੋਚ ਆਦਿ ਕਬੀਲੇ ਰਹਿੰਦੇ ਸਨ।
2. ਕਬਾਇਲੀ ਸਮਾਜ ਸ਼੍ਰੇਣੀਆਂ ਵਿੱਚ ਨਹੀਂ ਵੰਡੇ ਹੋਏ ਸਨ।
3. ਹਰੇਕ ਕਬੀਲੇ ਦਾ ਆਪਣਾ ਭਾਈਚਾਰਾ ਸੀ।
4. ਕਬੀਲਿਆਂ ਦੇ ਲੋਕ, ਖੇਤੀਬਾੜੀ, ਸ਼ਿਕਾਰ ਕਰਨਾ, ਸੰਗ੍ਰਹਿਕ, ਪਸ਼ੂ ਪਾਲਣ ਆਦਿ ਦਾ ਕੰਮ ਕਰਦੇ ਸਨ।
5. ਅਹੋਮ ਕਬੀਲੇ ਨੇ ਅਜੋਕੇ ਆਸਾਮ ਰਾਜ ਵਿੱਚ ਅਹੋਮ ਰਾਜ ਦੀ ਸਥਾਪਨਾ ਕੀਤੀ ਸੀ ਅਤੇ ਲਗਪਗ 600 ਸਾਲ ਰਾਜ ਕੀਤਾ।
6. ਰਾਣੀ ਦੁਰਗਾਵਤੀ ਇਕ ਪ੍ਰਸਿੱਧ ਗੋਂਡ ਸ਼ਾਸਕ ਸੀ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

1. ਕਬੀਲਿਆਂ ਦੇ ਲੋਕਾਂ ਦਾ ਪ੍ਰਮੁੱਖ ਕਿੱਤਾ ਕਿਹੜਾ ਸੀ ?
2. ਖਾਨਾਬਦੋਸ਼ ਤੋਂ ਕੀ ਭਾਵ ਹੈ ?
3. ਕਬਾਇਲੀ ਸਮਾਜ ਦੇ ਲੋਕ ਕਿੱਥੇ ਰਹਿੰਦੇ ਸਨ ?
4. ਮੱਧਕਾਲੀਨ ਯੁੱਗ ਵਿੱਚ ਪੰਜਾਬ ਵਿਚ ਕਿਹੜੇ-ਕਿਹੜੇ ਕਬੀਲੇ ਰਹਿੰਦੇ ਸਨ।
5. ਸੁਫਾਕਾ ਕੌਣ ਸੀ ?

**(ਅ) ਹੇਠ ਲਿਖੇ ਖਾਲੀ ਸਥਾਨ ਭਰੋ —**

1. ਅਹੋਮ ਕਬੀਲੇ ਨੇ ਆਪਣਾ ਰਾਜ ਅਜੋਕੇ .............. ਦੇ ਇਲਾਕਿਆਂ ਵਿੱਚ ਸਥਾਪਿਤ ਕੀਤਾ ਸੀ।
2. 15ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ .............. ਇਕ ਖੁਸ਼ਹਾਲ ਰਾਜ ਸੀ।
3. ਅਹੋਮ ਕਬੀਲੇ ਦੇ ਲੋਕ .............. ਵਰਗ ਨਾਲ ਸੰਬੰਧ ਰੱਖਦੇ ਸਨ।
4. ਰਾਣੀ ਦੁਰਗਾਵਤੀ ਇਕ ਪ੍ਰਸਿੱਧ .............. ਸ਼ਾਸਕ ਸੀ।



## ਪਾਠ 15

# ਧਾਰਮਿਕ ਵਿਕਾਸ

ਇਸ ਪਾਠ ਵਿੱਚ ਅਸੀਂ ਮੱਧਕਾਲੀਨ ਯੁੱਗ (800–1200 ਈ:) ਦੌਰਾਨ ਉਤਪੰਨ ਹੋਏ ਵਿਸ਼ਵਾਸ ਪ੍ਰਥਾਵਾਂ, ਰੀਤੀ-ਰੀਵਾਜਾਂ, ਤੀਰਥ ਸਥਾਨਾਂ ਅਤੇ ਵੱਖ-ਵੱਖ ਧਾਰਮਿਕ ਸੰਪਰਦਾਵਾਂ ਦੇ ਵਿਕਾਸ ਬਾਰੇ ਪੜ੍ਹਾਂਗੇ।

**ਉੱਤਰੀ ਭਾਰਤ ਵਿੱਚ ਧਾਰਮਿਕ ਪ੍ਰਣਾਲੀ ਅਤੇ ਸੰਪਰਦਾਵਾਂ ਦਾ ਵਿਕਾਸ (800-1200 ਈ:) :** ਮੱਧਕਾਲੀਨ ਯੁੱਗ ਵਿੱਚ ਖਾਸ ਕਰਕੇ ਰਾਜਪੂਤ ਲੋਕ ਹਿੰਦੂ ਧਰਮ ਦੇ ਬਹੁਤ ਸਾਰੇ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ। ਇਸ ਕਰਕੇ ਰਾਜਪੂਤ ਸ਼ਾਸਕਾਂ ਦੇ ਰਾਜਕਾਲ ਸਮੇਂ ਹਿੰਦੂ ਧਰਮ ਨੇ ਬਹੁਤ ਉੱਨਤੀ ਕੀਤੀ। ਉੱਤਰੀ ਭਾਰਤ ਵਿੱਚ ਸ਼ੈਵ ਮਤ ਅਤੇ ਵੈਸ਼ਨਵ ਮਤ ਦੋਵੇਂ ਬਹੁਤ ਲੋਕਪ੍ਰਿਯ ਸਨ। ਸ਼ੈਵ ਮਤ ਨੂੰ ਮੰਨਣ ਵਾਲੇ ਲੋਕ ਭਗਵਾਨ ਸ਼ਿਵ ਅਤੇ ਮਾਤਾ ਦੁਰਗਾ ਆਦਿ ਦੀ ਪੂਜਾ ਕਰਦੇ ਸਨ। ਵੈਸ਼ਨਵ ਮਤ ਦੇ ਅਨੁਯਾਈ ਵਿਸ਼ਨੂੰ ਅਤੇ ਉਹਨਾਂ ਦੇ ਦਸ ਅਵਤਾਰਾਂ ਦੀ ਪੂਜਾ ਕਰਦੇ ਸਨ। ਸ਼ਕਤੀ ਮਤ ਦੇ ਅਨੁਯਾਈ ਦੇਵੀ ਪਾਰਵਤੀ, ਦੁਰਗਾ, ਲਕਸ਼ਮੀ, ਸਰਸਵਤੀ, ਚੰਡੀਕਾ ਅਤੇ ਅੰਬਿਕਾ ਆਦਿ ਦੀ ਪੂਜਾ ਕਰਦੇ ਸਨ। ਇਸ ਕਾਲ ਦੌਰਾਨ ਉੱਤਰੀ ਭਾਰਤ ਵਿੱਚ ਬੁੱਧ ਧਰਮ ਅਤੇ ਜੈਨ ਧਰਮ ਦਾ ਪ੍ਰਭਾਵ ਬਹੁਤ ਘੱਟ ਗਿਆ ਸੀ।

**ਦੱਖਣੀ ਭਾਰਤ ਵਿੱਚ ਧਾਰਮਿਕ ਪ੍ਰਣਾਲੀ ਅਤੇ ਸੰਪਰਦਾਵਾਂ ਦਾ ਵਿਕਾਸ (800-1200 ਈ:) :** ਮੱਧਕਾਲੀਨ ਕਾਲ ਦੌਰਾਨ ਦੱਖਣੀ ਭਾਰਤ ਵਿੱਚ ਜ਼ਿਆਦਾਤਰ ਲੋਕ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਸਨ। ਦੱਖਣੀ ਭਾਰਤ ਦੇ ਬਹੁਤ ਸਾਰੇ ਰਾਜੇ ਬੁੱਧ ਧਰਮ ਅਤੇ ਜੈਨ ਧਰਮ ਦੇ ਸਰਪ੍ਰਸਤ ਸਨ। ਇਸ ਸਮੇਂ ਦੌਰਾਨ ਭਾਰਤ ਵਿੱਚ ਈਸਾਈ ਅਤੇ ਇਸਲਾਮ ਧਰਮ ਵੀ ਪ੍ਰਚਲਿਤ ਸਨ। ਇਸ ਦੇ ਇਲਾਵਾ ਮੱਧਕਾਲੀਨ ਕਾਲ ਦੌਰਾਨ ਭਾਰਤ ਵਿੱਚ ਕਈ ਹੋਰ ਧਾਰਮਿਕ ਲਹਿਰਾਂ ਦਾ ਵੀ ਜਨਮ ਹੋਇਆ। ਇਹਨਾਂ ਧਾਰਮਿਕ ਲਹਿਰਾਂ ਦੀ ਅਗਵਾਈ ਅਲਵਾਰਾਂ ਅਤੇ ਨਾਇਨਾਰਾਂ ਨੇ ਕੀਤੀ। ਨਾਇਨਾਰ ਮਤ ਦੇ ਅਨੁਯਾਈ ਸ਼ਿਵਜੀ ਦੀ ਪ੍ਰਸ਼ੰਸਾ ਵਿੱਚ ਭਜਨ ਗਾ ਕੇ ਆਪਣੇ ਮਤ ਦਾ ਪ੍ਰਚਾਰ ਕਰਦੇ ਸਨ। ਜਦੋਂ ਕਿ ਅਲਵਾਰ ਮਤ ਦੇ ਅਨੁਯਾਈ ਭਗਤੀ ਗੀਤ ਗਾ ਕੇ ਵੈਸ਼ਨਵ ਮਤ ਦਾ ਪ੍ਰਚਾਰ ਕਰਦੇ ਸਨ। ਸਾਰੀਆਂ ਧਾਰਮਿਕ ਸੰਪਰਦਾਵਾਂ ਵਿੱਚੋਂ ਲਿੰਗਾਇਤ ਧਾਰਮਿਕ ਸੰਪਰਦਾਇ ਬਹੁਤ ਪ੍ਰਸਿੱਧ ਸੀ। ਇਸ ਧਾਰਮਿਕ ਸੰਪਰਦਾਇ ਦੇ ਅਨੁਯਾਈ **ਸ਼ਿਵਲਿੰਗ** ਦੀ ਪੂਜਾ ਕਰਦੇ ਸਨ। ਮੱਧ ਕਾਲ ਦੌਰਾਨ ਭਾਰਤ ਵਿੱਚ ਕੁੱਝ ਮਹਾਨ ਸੰਤ ਰਹਿੰਦੇ ਸਨ। ਉਹਨਾਂ ਵਿੱਚੋਂ ਸ਼ੰਕਰਾਚਾਰੀਆਂ ਬਹੁਤ ਪ੍ਰਸਿੱਧ ਸਨ। ਉਹਨਾਂ ਨੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਮੁਕਤੀ ਦੀ ਪ੍ਰਾਪਤੀ ਲਈ **ਗਿਆਨ ਮਾਰਗ** ਇੱਕ ਚੰਗਾ ਸਾਧਨ ਹੈ। ਉਹਨਾਂ ਨੇ **'ਅਦਵੈਤ'** ਫਿਲਾਸਫ਼ੀ ਦਾ ਸੰਦੇਸ਼ ਦਿੱਤਾ, ਜਿਸ ਦਾ ਅਰਥ ਹੈ ਕਿ ਪ੍ਰਮਾਤਮਾ ਅਤੇ ਜੀਵ ਆਤਮਾ, ਦੋਵੇ ਇਕ ਹੀ ਹਨ।

ਮੱਧ ਕਾਲ ਦੌਰਾਨ ਦੱਖਣੀ ਭਾਰਤ ਵਿੱਚ ਰਾਮਾਨੁਜ ਵੀ ਭਗਤੀ ਲਹਿਰ ਦੇ ਮਹਾਨ ਸੰਤ ਸਨ। ਉਹ ਇੱਕ ਤਾਮਿਲ ਬ੍ਰਾਹਮਣ ਸਨ। ਉਹਨਾਂ ਨੇ ਆਪਣੇ ਚੇਲਿਆਂ ਨੂੰ ਭਗਤੀ ਮਾਰਗ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਪ੍ਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਮ ਅਤੇ **ਸ਼ਰਧਾ** ਦਾ ਹੋਣਾ ਬਹੁਤ ਜ਼ਰੂਰੀ ਹੈ।

**ਮਾਧਵ** ਦੱਖਣੀ ਭਾਰਤ ਵਿੱਚ ਕ੍ਰਿਸ਼ਨ ਦੀ ਭਗਤੀ ਦਾ ਪ੍ਰਚਾਰ ਕਰਨ ਵਾਲਿਆਂ ਵਿੱਚੋਂ ਇੱਕ ਸਨ। ਉਹਨਾਂ ਨੇ 13ਵੀਂ ਸਦੀ ਵਿੱਚ ਵੈਸ਼ਨਵ ਮਤ ਦਾ ਪ੍ਰਚਾਰ ਕੀਤਾ। ਉਹਨਾਂ ਦਾ ਵਿਸ਼ਵਾਸ ਸੀ ਕਿ **ਗਿਆਨ, ਕਰਮ** ਅਤੇ **ਭਗਤੀ** ਮੁਕਤੀ ਪ੍ਰਾਪਤ ਕਰਨ ਦੇ ਤਿੰਨ ਸਾਧਨ ਹਨ। ਉਹਨਾਂ ਨੇ ਲੋਕਾਂ ਨੂੰ ਪਵਿੱਤਰ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ।

**ਦਿੱਲੀ ਸਲਤਨਤ ਕਾਲ ਸਮੇਂ ਧਾਰਮਿਕ ਪ੍ਰਣਾਲੀ ਅਤੇ ਸੰਪਰਦਾਵਾਂ ਦਾ ਵਿਕਾਸ (1206-1526 ਈ:)** ਦਿੱਲੀ ਸਲਤਨਤ ਕਾਲ ਦੌਰਾਨ ਇਸਲਾਮ ਅਤੇ ਹਿੰਦੂ ਧਰਮ ਦੋ ਪ੍ਰਮੁੱਖ ਧਰਮ ਸਨ।

## ਇਸਲਾਮ ਧਰਮ

ਇਸਲਾਮ ਧਰਮ ਦੇ ਮੋਢੀ, ਹਜ਼ਰਤ ਮੁਹੰਮਦ ਦਾ ਜਨਮ 570 ਈ: ਵਿੱਚ ਮੱਕੇ ਵਿੱਚ ਹੋਇਆ। ਹਜ਼ਰਤ ਮੁਹੰਮਦ ਦੇ ਉੱਤਰਾਧਿਕਾਰੀਆਂ ਨੂੰ ਖਲੀਫ਼ਾ ਕਿਹਾ ਜਾਂਦਾ ਸੀ। ਭਾਰਤ ਵਿੱਚ ਇਸ ਧਰਮ ਦੀ ਸਥਾਪਨਾ 8ਵੀਂ ਸਦੀ ਵਿੱਚ ਸਿੰਧ ਵਿਖੇ ਹੋਈ। 10ਵੀਂ ਸਦੀ ਤੱਕ ਪੰਜਾਬ ਵਿੱਚ ਵੀ ਇਸ ਧਰਮ ਦਾ ਪ੍ਰਸਾਰ ਹੋ ਗਿਆ ਸੀ।

### ਇਸਲਾਮ ਧਰਮ ਦੇ ਪ੍ਰਮੁੱਖ ਮੂਲ ਸਿਧਾਂਤ :

1. ਇੱਕ ਅੱਲਾ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ।
2. ਹਰੇਕ ਮੁਸਲਮਾਨ ਨੂੰ ਹਰ ਰੋਜ਼ ਪੰਜ ਵਾਰੀ ਨਮਾਜ਼ ਪੜ੍ਹਨੀ ਚਾਹੀਦੀ ਹੈ।
3. ਹਰੇਕ ਮੁਸਲਮਾਨ ਨੂੰ ਰਮਜ਼ਾਨ ਦੇ ਮਹੀਨੇ ਰੋਜ਼ੇ ਰੱਖਣੇ ਚਾਹੀਦੇ ਹਨ।
4. ਹਰੇਕ ਮੁਸਲਮਾਨ ਨੂੰ ਆਪਣੀ ਨੇਕ ਕਮਾਈ ਵਿੱਚੋਂ ਜ਼ਕਾਤ (ਦਾਨ) ਦੇਣਾ ਚਾਹੀਦਾ ਹੈ।
   ਇਸ ਸਮੇਂ ਇਸਲਾਮ ਧਰਮ ਉਲਮਾਂ ਅਤੇ ਸੂਫ਼ੀ ਦੋ ਸੰਪਰਦਾਵਾਂ ਵਿੱਚ ਵੰਡਿਆ ਹੋਇਆ ਸੀ।
5. ਹਰੇਕ ਮੁਸਲਮਾਨ ਨੂੰ ਜੀਵਨ ਕਾਲ ਵਿੱਚ ਘੱਟ ਤੋਂ ਘੱਟ ਇੱਕ ਵਾਰ ਮੱਕੇ ਦੀ ਯਾਤਰਾ ਕਰਨੀ ਚਾਹੀਦੀ ਹੈ।

1. **ਉਲਮਾਂ :** ਉਲਮਾਂ ਮੁਸਲਮਾਨਾਂ ਦੇ ਧਾਰਮਿਕ ਨੇਤਾ ਸਨ। ਉਹ ਕੁਰਾਨ, ਹਦੀਸ ਅਤੇ ਦੂਸਰੇ ਧਾਰਮਿਕ ਗ੍ਰੰਥ ਪੜ੍ਹਦੇ ਸਨ। ਉਹ ਮੁਸਲਮਾਨਾਂ ਨੂੰ ਧਾਰਮਿਕ ਅਤੇ ਪਵਿੱਤਰ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਸਨ।

2. **ਸੂਫ਼ੀ :** ਸੂਫ਼ੀ ਮਤ ਦੇ ਅਨੁਯਾਈ ਕੇਵਲ ਇੱਕ ਅੱਲ੍ਹਾ ਵਿੱਚ ਵਿਸ਼ਵਾਸ ਰੱਖਦੇ ਸਨ। ਉਹ ਅੱਲ੍ਹਾ ਦੇ ਬਿਨਾਂ ਕਿਸੇ ਹੋਰ ਪ੍ਰਮਾਤਮਾ ਦੀ ਪੂਜਾ ਨਹੀਂ ਕਰਦੇ ਸਨ। ਉਹ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦੇ ਸਨ। ਉਹ ਜਾਤ-ਪਾਤ ਦੇ ਵਿਰੁੱਧ ਸਨ।

## ਹਿੰਦੂ ਧਰਮ

ਦਿੱਲੀ ਸਲਤਨਤ ਕਾਲ ਦੌਰਾਨ ਹਿੰਦੂ ਧਰਮ ਵਿੱਚ ਹੋਰ ਬਹੁਤ ਸਾਰੇ ਧਾਰਮਿਕ ਮਤ ਜਿਵੇਂ ਕਿ ਸ਼ੈਵ ਮਤ, ਵੈਸ਼ਨਵ ਮਤ ਅਤੇ ਜੋਗੀ ਆਦਿ ਉਤਪੰਨ ਹੋ ਗਏ ਸਨ।

1. **ਸ਼ੈਵ ਮਤ :** ਭਾਰਤ ਵਿੱਚ ਸ਼ੰਕਰਾਚਾਰੀਆਂ ਨੇ 9ਵੀਂ ਸਦੀ ਵਿੱਚ ਸ਼ੈਵ ਮਤ ਦੀ ਸਥਾਪਨਾ ਕੀਤੀ। ਉਹਨਾਂ ਦੇ ਅਨੁਯਾਈਆਂ ਨੂੰ ਸ਼ੈਵ ਕਿਹਾ ਜਾਂਦਾ ਹੈ।

2. **ਵੈਸ਼ਨਵ ਮਤ :** ਮੱਧਕਾਲੀਨ ਭਾਰਤ ਵਿੱਚ ਵੈਸ਼ਨਵ ਮਤ ਭਗਤੀ ਦਾ ਇੱਕ ਹੋਰ ਨਵਾਂ ਰੂਪ ਹੋਂਦ ਵਿੱਚ ਆਇਆ। ਇਸ ਮਤ ਦੇ ਅਨੁਯਾਈ ਭਗਵਾਨ ਵਿਸ਼ਨੂੰ ਜੀ ਦੇ ਅਵਤਾਰ-ਸ਼੍ਰੀ ਰਾਮ ਚੰਦਰ ਜੀ ਅਤੇ ਸ਼੍ਰੀ ਕ੍ਰਿਸ਼ਨ ਜੀ ਦੀ ਪੂਜਾ ਕਰਦੇ ਸਨ। ਸ਼੍ਰੀ ਰਾਮ ਚੰਦਰ ਜੀ ਦੀ ਪੂਜਾ ਕਰਨ ਵਾਲਿਆਂ ਵਿੱਚੋਂ ਰਾਮਾਨੰਦ ਜੀ ਅਤੇ ਸ਼੍ਰੀ ਕ੍ਰਿਸ਼ਨ ਜੀ ਦੀ ਪੂਜਾ ਕਰਨ ਵਾਲਿਆਂ ਵਿੱਚੋਂ ਬੰਗਾਲ ਦੇ ਚੈਤੰਨਯ ਮਹਾਂਪ੍ਰਭੂ ਜੀ ਬਹੁਤ ਪ੍ਰਸਿੱਧ ਸਨ।

**ਮੁਗ਼ਲਾਂ ਦੇ ਅਧੀਨ ਧਾਰਮਿਕ-ਪ੍ਰਣਾਲੀ ਅਤੇ ਸੰਪਰਦਾਵਾਂ ਦਾ ਵਿਕਾਸ (1526-1707 ਈ:) :** ਮੁਸਲਮਾਨ ਇਸਲਾਮ ਧਰਮ ਨੂੰ ਮੰਨਦੇ ਸਨ। ਉਹਨਾਂ ਦਾ ਰਾਜ ਪ੍ਰਬੰਧ ਇਸਲਾਮ ਧਰਮ ਦੇ ਸਿਧਾਂਤਾਂ 'ਤੇ ਆਧਾਰਤ ਸੀ। ਅਕਬਰ ਬਾਦਸ਼ਾਹ ਨੇ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਅਪਨਾਈ। ਉਸ ਨੇ ਗੈਰ-ਮੁਸਲਿਮ ਲੋਕਾਂ ਦੇ ਧਾਰਮਿਕ ਸਥਾਨਾਂ ਦੀ ਉਸਾਰੀ ਕਰਨ ਸੰਬੰਧੀ ਲਗਾਈਆਂ ਗਈਆਂ ਪਾਬੰਦੀਆਂ ਨੂੰ ਖਤਮ ਕਰ ਦਿੱਤਾ। ਇਹ ਵੀ ਕਿਹਾ ਜਾਂਦਾ ਹੈ ਕਿ ਅਕਬਰ ਬਾਦਸ਼ਾਹ ਨੇ ਅੰਮ੍ਰਿਤਸਰ ਦੀ ਯਾਤਰਾ ਕੀਤੀ ਅਤੇ ਸਿੱਖਾਂ ਦੇ ਚੌਥੇ ਗੁਰੂ, ਸ੍ਰੀ ਗੁਰੂ ਰਾਮ ਦਾਸ ਜੀ ਨੂੰ ਇੱਕ ਪੇਸ਼ਕਸ਼ ਕੀਤੀ। ਅਕਬਰ ਅਨੁਸਾਰ ਹਰੇਕ ਧਰਮ ਅੱਛਾ ਹੁੰਦਾ ਹੈ। ਉਹ ਸੂਫ਼ੀ ਸੰਤਾਂ ਦੇ ਉਦਾਰਵਾਦੀ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ 1575 ਈ: ਵਿੱਚ ਫਤਿਹਪੁਰ ਸੀਕਰੀ ਵਿੱਚ ਇੱਕ **ਇਬਾਦਤਖਾਨਾ** ਬਣਾਇਆ। ਉੱਥੇ ਹਰੇਕ ਵੀਰਵਾਰ ਵਾਲੇ ਦਿਨ ਸ਼ਾਮ ਨੂੰ ਇੱਕ ਸਭਾ ਬੁਲਾਈ ਜਾਂਦੀ ਅਤੇ ਧਾਰਮਿਕ ਮਾਮਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ। ਉਸ ਦਾ ਵਿਚਾਰ ਸੀ ਕਿ ਸੱਚ ਨੂੰ ਕਿਸੇ ਥਾਂ 'ਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਉਸ ਨੇ ਵੱਖ-ਵੱਖ ਧਰਮਾਂ ਪਾਰਸੀ, ਜੈਨ, ਹਿੰਦੂ ਅਤੇ ਈਸਾਈ ਵਰਗ ਦੇ ਲੋਕਾਂ ਲਈ **ਇਬਾਦਤਖਾਨੇ** ਦੇ ਦਰਵਾਜ਼ੇ ਖੋਲ ਦਿੱਤੇ ਸਨ। 1579 ਈ: ਵਿੱਚ ਉਸ ਨੇ ਇੱਕ **ਸ਼ਾਹੀ ਫਰਮਾਨ** ਜਾਰੀ ਕੀਤਾ, ਜਿਸ ਵਿੱਚ ਉਸ ਨੇ ਆਪਣੇ ਆਪ ਨੂੰ ਧਾਰਮਿਕ ਮਾਮਲਿਆਂ ਦਾ ਸਰੇਸ਼ਟ ਨਿਰਣਾਇਕ ਹੋਣ ਦਾ ਐਲਾਨ ਕੀਤਾ।

*ਇਬਾਦਤਖਾਨਾ : ਇਕ ਅਜਿਹਾ ਸਥਾਨ, ਜਿੱਥੇ ਅਕਬਰ ਬਾਦਸ਼ਾਹ ਵੱਖ-ਵੱਖ ਧਰਮਾਂ ਦੇ ਵਿਦਵਾਨਾਂ ਨਾਲ ਚਰਚਾ ਕਰਦਾ ਸੀ।*

*ਸ਼ਾਹੀ ਫਰਮਾਨ : ਇਕ ਸ਼ਾਹੀ ਆਦੇਸ਼*

ਅਕਬਰ ਨੇ ਸਾਰੇ ਧਰਮਾਂ ਦੇ ਮੁੱਢਲੇ ਸਿਧਾਤਾਂ ਨੂੰ ਇਕੱਠਾ ਕਰਕੇ ਇੱਕ ਨਵੇਂ ਵਿਸ਼ਵਾਸ (ਧਰਮ) **'ਦੀਨ-ਏ-ਇਲਾਹੀ'** ਦੀ ਨੀਂਹ ਰੱਖੀ। ਅਕਬਰ ਦੀ ਮੌਤ ਪਿੱਛੋਂ ਉਸ ਦੇ ਉੱਤਰਾਧਿਕਾਰੀ ਜਹਾਂਗੀਰ ਅਤੇ ਸ਼ਾਹਜਹਾਂ ਨੇ ਵੀ ਅਕਬਰ ਵਾਲੀ ਧਾਰਮਿਕ ਨੀਤੀ ਨੂੰ ਅਪਣਾਇਆ। ਪਰੰਤੂ ਔਰੰਗਜ਼ੇਬ ਬਾਦਸ਼ਾਹ ਨੇ ਮੁਗਲ ਸਾਮਰਾਜ ਦੀ ਬਹੁ-ਧਾਰਮਿਕ-ਪ੍ਰਣਾਲੀ ਨੂੰ ਬਦਲ ਦਿੱਤਾ, ਜਿਸ ਦਾ ਮੁਗਲ ਸਾਮਰਾਜ 'ਤੇ ਬਹੁਤ ਬੁਰਾ ਅਸਰ ਪਿਆ।

## ਸੂਫ਼ੀ ਲਹਿਰ

ਸੂਫ਼ੀ ਮਤ ਇਸਲਾਮ ਧਰਮ ਦੀ ਇੱਕ ਹੋਰ ਸ਼੍ਰੇਣੀ ਸੀ। ਇਹਨਾਂ ਨੂੰ ਸ਼ੇਖ ਜਾਂ ਪੀਰ ਕਿਹਾ ਜਾਂਦਾ ਸੀ। ਇਸ ਕਾਲ ਦੌਰਾਨ ਉੱਤਰੀ ਭਾਰਤ ਵਿੱਚ ਸੂਫ਼ੀ ਮਤ ਦੇ ਬਹੁਤ ਸਾਰੇ ਸਿਲਸਿਲੇ ਸਥਾਪਤ ਹੋ ਗਏ ਸਨ। ਉਹਨਾਂ ਵਿੱਚੋਂ **ਚਿਸ਼ਤੀ** ਅਤੇ **ਸੁਹਰਾਵਰਦੀ** ਸਿਲਸਿਲੇ ਬਹੁਤ ਮਹੱਤਵਪੂਰਨ ਸਨ। ਅਜ਼ਮੇਰ ਵਿੱਚ ਖਵਾਜਾ **ਮੁਈਨੁੱਦੀਨ ਚਿਸ਼ਤੀ** ਨੇ ਚਿਸ਼ਤੀ ਸਿਲਸਿਲੇ ਅਤੇ ਮੁਲਤਾਨ ਵਿੱਚ **ਮਖਦੂਮ ਬਹਾਉੱਦੀਨ ਜ਼ਕਰੀਆ** ਨੇ **ਸੁਹਰਾਵਰਦੀ** ਸਿਲਸਿਲੇ ਦੀ ਨੀਂਹ ਰੱਖੀ। ਇਹਨਾਂ ਸਿਲਸਿਲਿਆਂ ਦੇ ਧਾਰਮਿਕ ਵਿਸ਼ਵਾਸ ਅਤੇ ਪੱਧਤੀਆਂ ਵੱਖ-ਵੱਖ ਸਨ।

## ਸੂਫ਼ੀ ਸੰਤ

ਸੂਫ਼ੀ ਸੰਤਾਂ ਵਿੱਚੋਂ ਹਜ਼ਰਤ ਖਵਾਜ਼ਾ ਮੁਈਨੁੱਦੀਨ ਚਿਸ਼ਤੀ ਬਹੁਤ ਪ੍ਰਸਿੱਧ ਸੀ। ਉਸ ਦਾ ਜਨਮ ਮੱਧ ਏਸ਼ੀਆ ਵਿੱਚ ਹੋਇਆ ਸੀ। ਉਹ ਭਾਰਤ ਵਿੱਚ ਅਜ਼ਮੇਰ ਵਿੱਖੇ ਰਹਿੰਦੇ ਸਨ। 1236 ਈ: ਵਿੱਚ ਉਹਨਾਂ ਦੀ ਮੌਤ ਹੋ ਗਈ। ਭਾਰਤ ਅਤੇ ਦੂਸਰੇ ਦੇਸਾਂ ਵਿੱਚੋਂ ਹਜਾਰਾਂ ਲੋਕ ਅਜ਼ਮੇਰ ਵਿੱਖੇ ਉਹਨਾਂ ਦੀ **ਦਰਗਾਹ** 'ਤੇ ਤੀਰਥ ਯਾਤਰਾ ਕਰਨ ਲਈ ਆਉਂਦੇ ਹਨ।

ਸ਼ੇਖ ਕੁਤਬਉਦੀਨ ਬਖਤਿਆਰ ਕਾਕੀ, ਸ਼ੇਖ ਫ਼ਰੀਦ ਜਾਂ ਬਾਬਾ ਫ਼ਰੀਦ, ਹਜ਼ਰਤ ਨਿਜਾਮੁਉਦੀਨ ਔਲੀਆ ਅਤੇ ਉਸ ਦੇ ਅਨੁਯਾਈ ਨਸੀਰਉਦੀਨ ਚਿਰਾਂਗੀ ਆਦਿ ਪ੍ਰਸਿੱਧ ਚਿਸ਼ਤੀ ਸੰਤ ਸਨ।

### ਸੂਫ਼ੀਮਤ ਦੇ ਕੁੱਝ ਪ੍ਰਮੁੱਖ ਮੂਲ ਸਿਧਾਂਤ

1. ਉਹ ਇੱਕ ਅੱਲ੍ਹਾ ਨੂੰ ਮੰਨਦੇ ਸਨ।
2. ਅੱਲ੍ਹਾ ਨੂੰ ਪ੍ਰਾਪਤ ਕਰਨ ਲਈ ਉਹ ਪ੍ਰੇਮ ਭਾਵਨਾ ਤੇ ਜ਼ੋਰ ਦਿੰਦੇ ਸਨ।
3. ਉਹ ਸੰਗੀਤ ਵਿੱਚ ਵਿਸ਼ਵਾਸ ਰੱਖਦੇ ਸਨ।
4. ਉਹ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦੇ ਸਨ।
5. ਉਹ ਜਾਤੀ-ਪ੍ਰਥਾ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ।

## ਭਗਤੀ ਲਹਿਰ

ਮੱਧਕਾਲੀਨ ਭਾਰਤ ਵਿੱਚ ਭਗਤੀ ਲਹਿਰ ਸ਼ੁਰੂ ਹੋਈ। ਇਸ ਲਹਿਰ ਦਾ ਪ੍ਰਮੁੱਖ ਉਦੇਸ਼ ਹਿੰਦੂ ਧਰਮ ਵਿੱਚ ਪ੍ਰਚਲਿਤ ਬੁਰਾਈਆਂ ਖਤਮ ਕਰਨਾ ਅਤੇ ਉਸ ਨੂੰ ਇਸਲਾਮ ਧਰਮ ਤੋਂ ਪੈਦਾ ਹੋਏ ਖਤਰੇ ਤੋਂ ਬਚਾਉਣਾ ਸੀ। ਇਸ ਲਹਿਰ ਦੇ ਸਾਰੇ ਪ੍ਰਚਾਰਕ ਮੁਕਤੀ ਪ੍ਰਾਪਤ ਕਰਨ ਲਈ ਭਗਤੀ ਦੇ ਮਹੱਤਵ 'ਤੇ ਜ਼ੋਰ ਦਿੰਦੇ ਸਨ।

## ਭਗਤੀ ਲਹਿਰ ਦੇ ਕੁੱਝ ਮੂਲ ਸਿਧਾਂਤ

1. ਇੱਕ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਣਾ।
2. ਗੁਰੂ 'ਤੇ ਵਿਸ਼ਵਾਸ ਕਰਨਾ।

3. ਆਤਮ-ਸਮਰਪਣ ਕਰਨਾ।
4. ਸ਼ੁੱਧ ਜੀਵਨ ਜੀਊਣਾ।
5. ਜਾਤ-ਪਾਤ ਵਿੱਚ ਵਿਸ਼ਵਾਸ ਨਾ ਕਰਨਾ।
6. ਖੋਖਲੇ ਰੀਤੀ-ਰਿਵਾਜਾਂ ਵਿੱਚ ਵਿਸ਼ਵਾਸ ਨਾ ਕਰਨਾ।

## ਭਗਤੀ ਲਹਿਰ ਦੇ ਮਹਾਨ ਸੰਤ

ਮੱਧਕਾਲੀਨ ਯੁੱਗ ਵਿੱਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਭਗਤੀ ਲਹਿਰ ਦੇ ਸੰਤਾਂ ਦਾ ਜਨਮ ਹੋਇਆ। ਇਹਨਾਂ ਵਿੱਚੋਂ ਸੰਤ ਰਾਮਾਨੁਜ਼, ਰਾਮਾਨੰਦ, ਕਬੀਰ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਚੈਤੰਨਯ ਮਹਾਂਪ੍ਰਭੂ ਆਦਿ ਪ੍ਰਸਿੱਧ ਸਨ।

1. **ਸੰਤ ਰਾਮਾਨੁਜ :** ਰਾਮਾਨੁਜ ਜੀ ਦੱਖਣੀ ਭਾਰਤ ਵਿੱਚ ਵੈਸ਼ਨਵ ਮਤ ਦੇ ਮਹਾਨ ਪ੍ਰਚਾਰਕ ਸਨ। ਉਹ ਇੱਕ ਤਾਮਿਲ ਬ੍ਰਾਹਮਣ ਸਨ। ਉਹ ਆਪਣੇ ਚੇਲਿਆਂ ਨੂੰ ਵਿਸ਼ਨੂੰ ਦੀ ਪੂਜਾ ਕਰਨ ਦਾ ਉਪਦੇਸ਼ ਦਿੰਦੇ ਸਨ। ਉਹਨਾਂ ਨੇ ਉਸ ਸਮੇਂ ਦੇ ਸਮਾਜ ਵਿਚ ਪ੍ਰਚਲਿਤ ਜਾਤ-ਪਾਤ ਅਤੇ ਖੋਖਲੇ ਰੀਤੀ-ਰਿਵਾਜ਼ਾਂ ਅਤੇ ਅੰਧ-ਵਿਸ਼ਵਾਸ ਦਾ ਵਿਰੋਧ ਕੀਤਾ। ਦੱਖਣੀ ਭਾਰਤ ਵਿੱਚ ਉਹਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਅਨੁਯਾਈ ਬਣਾਇਆ।

2. **ਸੰਤ ਰਾਮਾਨੰਦ :** ਰਾਮਾਨੰਦ ਜੀ ਦਾ ਜਨਮ ਪ੍ਰਯਾਗ (ਇਲਾਹਾਬਾਦ) ਵਿਖੇ, ਇੱਕ ਬ੍ਰਾਹਮਣ ਪਰਿਵਾਰ ਵਿੱਚ ਹੋਇਆ। 14ਵੀਂ ਸਦੀ ਵਿੱਚ ਆਪ ਰਾਮ ਭਗਤੀ ਦੇ ਪ੍ਰਸਿੱਧ ਪ੍ਰਚਾਰਕ ਸਨ। ਆਪ **ਰਾਘਵਾਨੰਦ** ਦੇ ਅਨੁਯਾਈ ਸਨ। ਉਹਨਾਂ ਨੇ ਰਾਮ ਅਤੇ ਸੀਤਾ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ। ਰਾਮਾਨੰਦ ਜੀ ਨੇ ਸਮਾਜ ਵਿੱਚ ਪ੍ਰਚਿਲਤ ਅੰਧ-ਵਿਸ਼ਵਾਸਾਂ ਦੀ ਨਿੰਦਿਆ ਕੀਤੀ। ਉਹ ਪਹਿਲੇ ਭਗਤੀ ਸੁਧਾਰਕ ਸਨ, ਜਿਹਨਾਂ ਨੇ ਇਸਤਰੀਆਂ ਨੂੰ ਵੀ ਆਪਣੇ ਮਤ ਵਿੱਚ ਸ਼ਾਮਲ ਕੀਤਾ। ਉਹਨਾਂ ਨੇ ਉੱਤਰੀ ਭਾਰਤ ਵਿੱਚ ਵੀ ਭਗਤੀ ਲਹਿਰ ਦਾ ਪ੍ਰਚਾਰ ਕੀਤਾ।



*ਚਿੱਤਰ 15.1 ਰਾਮਾਨੰਦ ਜੀ*

3. **ਸੰਤ ਕਬੀਰ :** ਸੰਤ ਕਬੀਰ ਜੀ ਭਗਤੀ ਲਹਿਰ ਦੇ ਮਹਾਨ ਪ੍ਰਚਾਰਕ ਸਨ। ਉਹਨਾਂ ਨੇ ਲੋਕਾਂ ਨੂੰ ਇੱਕ ਪ੍ਰਮਾਤਮਾ ਦੀ ਭਗਤੀ ਕਰਨ ਅਤੇ ਆਪਸੀ ਭਾਈਚਾਰਾ ਕਾਇਮ ਕਰਨ ਦਾ ਸੰਦੇਸ਼ ਦਿੱਤਾ।



*ਚਿੱਤਰ 15.2 ਸੰਤ ਕਬੀਰ ਜੀ*

ਉਹਨਾਂ ਨੇ ਸਮਾਜ ਵਿੱਚ ਪ੍ਰਚਲਿਤ ਮੂਰਤੀ ਪੂਜਾ, ਜਾਤ-ਪਾਤ, ਬਾਲ-ਵਿਆਹ ਅਤੇ ਸਤੀ ਪ੍ਰਥਾ ਦੀ ਨਿੰਦਿਆ ਕੀਤੀ। ਕਬੀਰ ਜੀ ਦੇ ਸ਼ਬਦ (ਦੋਹੇ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ਼ ਹਨ।

4. **ਸੰਤ ਨਾਮਦੇਵ :** ਨਾਮਦੇਵ ਜੀ ਮਹਾਰਾਸ਼ਟਰ ਦੇ ਸੱਭ ਤੋਂ ਪ੍ਰਸਿੱਧ ਸੰਤ ਸਨ। ਉਹਨਾਂ ਨੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਪ੍ਰਮਾਤਮਾ ਨਿਰੰਕਾਰ, ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ। ਉਹਨਾਂ ਨੇ ਲੋਕਾਂ ਨੂੰ ਪਵਿੱਤਰ ਮਨੁੱਖੀ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਨੇ ਜਾਤ-ਪਾਤ, ਤੀਰਥ ਯਾਤਰਾ, ਮੂਰਤੀ-ਪੂਜਾ, ਯੱਗ, ਬਲੀ, ਵਰਤ ਰੱਖਣ ਦਾ ਸਖ਼ਤ ਵਿਰੋਧ ਕੀਤਾ। ਉਹਨਾਂ ਨੇ ਮਰਾਠੀ, ਹਿੰਦੀ ਭਾਸ਼ਾਵਾਂ ਵਿੱਚ ਭਜਨਾਂ ਦੀ ਰਚਨਾ ਕੀਤੀ, ਉਹਨਾਂ ਦੇ ਭਜਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਕੀਤਾ ਗਿਆ ਹੈ।

5. **ਸੰਤ ਰਵੀਦਾਸ :** ਸੰਤ ਰਵੀਦਾਸ ਜੀ ਦਾ ਜਨਮ ਬਨਾਰਸ ਵਿੱਚ ਹੋਇਆ ਸੀ। ਉਹ ਇੱਕ ਪ੍ਰਮਾਤਮਾ ਦੀ ਭਗਤੀ ਕਰਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਪ੍ਰਮਾਤਮਾ ਸਰਵ ਵਿਆਪਕ ਹੈ ਅਤੇ ਸਾਰਿਆਂ ਦੇ ਹਿਰਦੇ ਵਿੱਚ ਰਹਿੰਦਾ ਹੈ। ਉਹਨਾਂ ਨੇ ਨਾਮ ਦਾ ਜਾਪ ਕਰਨ ਅਤੇ ਮਨ ਦੀ ਸ਼ੁੱਧੀ 'ਤੇ ਜ਼ੋਰ ਦਿੱਤਾ। ਉਹਨਾਂ ਨੇ ਤੀਰਥ ਯਾਤਰਾ, ਮੂਰਤੀ-ਪੂਜਾ, ਵਰਤ ਰੱਖਣ ਅਤੇ ਜਾਤ-ਪਾਤ ਦਾ ਖੰਡਨ

ਕੀਤਾ। ਉਹਨਾਂ ਦੀ ਈਸ਼ਵਰ ਪ੍ਰਤੀ ਸੱਚੀ ਭਗਤੀ ਅਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਹਨਾਂ ਦੇ ਅਨੁਯਾਈ ਬਣ ਗਏ।

6. **ਚੈਤੰਨਯ ਮਹਾਂਪ੍ਰਭੂ :** ਚੈਤੰਨਯ ਮਹਾਂਪ੍ਰਭੂ ਜੀ ਇੱਕ ਮਹਾਨ ਭਗਤੀ ਸੰਤ ਸਨ। ਉਹਨਾਂ ਦਾ ਜਨਮ 1486 ਈ: ਵਿੱਚ ਬੰਗਾਲ ਦੇ ਨਾਦੀਆ ਨਾਂ ਦੇ ਇੱਕ ਪਿੰਡ ਵਿੱਚ ਹੋਇਆ। ਉਹ ਇੱਕ ਪ੍ਰਮਾਤਮਾ ਦੀ ਭਗਤੀ ਕਰਨ ਵਿੱਚ ਵਿਸ਼ਵਾਸ ਰੱਖਦੇ ਸਨ, ਜਿਸ ਨੂੰ ਉਹ ਕ੍ਰਿਸ਼ਨ ਜੀ ਕਹਿੰਦੇ ਸਨ। ਉਹਨਾਂ ਅਨੁਸਾਰ ਪਰਮਾਤਮਾ ਨਿਰਗੁਣ ਅਤੇ ਸਗੁਣ ਹੈ। ਉਹਨਾਂ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਲੋਕਾਂ ਨੂੰ ਆਪਸੀ ਭਾਈਚਾਰੇ ਅਤੇ ਪ੍ਰੇਮ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਕੀਰਤਨ ਪ੍ਰਥਾ ਸ਼ੁਰੂ ਕੀਤੀ। ਉਹਨਾਂ ਨੇ ਬੰਗਾਲ, ਆਸਾਮ ਅਤੇ ਉੜੀਸਾ ਵਿੱਚ ਵੈਸ਼ਨਵ ਮਤ ਦਾ ਪ੍ਰਚਾਰ ਕੀਤਾ।



*ਚਿੱਤਰ 15.3* ਚੈਤੰਨਯ ਮਹਾਂਪ੍ਰਭੂ

*ਸੰਤ ਨਾਮਦੇਵ ਜਾਂ ਚੈਤੰਨਯ ਮਹਾਂਪ੍ਰਭੂ ਦੇ ਵਿਚਾਰਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ।*

7. **ਮੀਰਾਂ ਬਾਈ :** ਮੀਰਾਂ ਬਾਈ ਸ਼੍ਰੀ ਕ੍ਰਿਸ਼ਨ ਜੀ ਦੀ ਭਗਤ ਸੀ। ਉਹ ਭਗਤੀ ਦੇ ਗੀਤ ਗਾਉਂਦੀ ਸੀ, ਜਿਹੜੇ ਕਿ ਅੱਜਕੱਲ ਵੀ ਬਹੁਤ ਪ੍ਰਸਿੱਧ ਹਨ। ਉਸ ਨੇ ਭਗਵਾਨ ਕ੍ਰਿਸ਼ਨ ਜੀ ਦੀ ਪ੍ਰਸ਼ੰਸਾ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਸਨ। ਉਸ ਨੇ ਭਜਨਾਂ ਦੁਆਰਾ ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕੀਤਾ।



*ਚਿੱਤਰ 15.4 ਮੀਰਾਂ ਬਾਈ*

8. **ਹੋਰ ਵੈਸ਼ਨਵ ਭਗਤ :** ਵੈਸ਼ਨਵ ਭਗਤਾਂ ਦੇ ਇਲਾਵਾ ਜੈ ਦੇਵ, ਤੁਲਸੀਦਾਸ ਅਤੇ ਸੂਰਦਾਸ, ਨਰਸਿੰਹ ਮਹਿਤਾ ਅਤੇ ਸ਼ੰਕਰ ਦੇਵ ਆਦਿ ਵੀ ਭਗਤੀ ਸੰਤ ਸਨ।



*ਚਿੱਤਰ 15.5 ਸੰਤ ਤੁਲਸੀਦਾਸ ਜੀ*

## ਸਿੱਖ ਧਰਮ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਸੰਸਥਾਪਕ ਸਨ। ਸਿੱਖ ਲੋਕ, ਦਸ ਸਿੱਖ ਗੁਰੂਆਂ— ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਗੋਬਿੰਦ ਜੀ, ਸ੍ਰੀ ਗੁਰੂ ਹਰਿ ਰਾਏ ਜੀ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਯਾਈ ਹਨ।

ਸਿੱਖ ਧਰਮ ਦੇ ਧਾਰਮਿਕ ਸਥਾਨਾਂ ਨੂੰ ਸ੍ਰੀ ਗੁਰਦਵਾਰਾ ਸਾਹਿਬ ਕਿਹਾ ਜਾਂਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਹਨਾਂ ਦਾ ਧਾਰਮਿਕ ਗ੍ਰੰਥ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪੰਜ ਕਕਾਰ ਜਿਵੇਂ ਕਿ ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਧਾਰਨ ਕਰਨ ਲਈ ਕਿਹਾ। ਗੁਰੂ ਜੀ ਨੇ ਜੋਤੀ-ਜੋਤਿ ਸਮਾ ਜਾਣ ਤੋਂ ਪਹਿਲਾਂ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਗੁਰੂ ਜੀ ਪਿੱਛੋਂ ਸ੍ਰੀ ਗੁਰੂ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਣ"।

## 1. ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਭਾਰਤ ਦੇ ਭਗਤੀ ਲਹਿਰ ਦੇ ਸੁਧਾਰਕਾਂ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਗੁਰੂ ਜੀ ਨੇ ਸਮਾਜ ਵਿੱਚ ਪ੍ਰਚਲਿਤ ਫਜ਼ੂਲ ਰੀਤੀ-ਰਿਵਾਜਾਂ, ਮੂਰਤੀ ਪੂਜਾ, ਤੀਰਥ ਯਾਤਰਾ ਕਰਨਾ ਆਦਿ ਦੀ ਨਿੰਦਾ ਕੀਤੀ। ਗੁਰੂ ਜੀ ਦੀਆਂ ਸਿੱਖਿਆਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਸੰਸਥਾਪਕ ਸਨ। ਗੁਰੂ ਜੀ ਦਾ ਜਨਮ ਵਿਸਾਖ ਸੁਦੀ ਸੰਮਤ 1526 ਬਿਕਰਮੀ ਜਾਂ 15 ਅਪ੍ਰੈਲ 1469 ਈ: ਵਿੱਚ ਰਾਇ ਭੋਇ ਦੀ ਤਲਵੰਡੀ ਵਿੱਖੇ ਹੋਇਆ ਸੀ। ਜਿਸ ਨੂੰ ਅੱਜਕੱਲ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਜੋ ਕਿ ਹੁਣ ਪਾਕਿਸਤਾਨ ਵਿੱਚ ਸਥਿਤ ਹੈ। ਉਹਨਾਂ ਦੇ ਪਿਤਾ ਮਹਿਤਾ ਕਾਲੂ, ਰਾਇ ਭੋਇ ਦੀ ਤਲਵੰਡੀ ਦੇ ਪਟਵਾਰੀ ਸਨ। ਉਹਨਾਂ ਦੇ ਮਾਤਾ ਜੀ ਦਾ ਨਾਂ ਤ੍ਰਿਪਤਾ ਦੇਵੀ ਸੀ।



*ਚਿੱਤਰ 15.6 ਸ੍ਰੀ ਗੁਰੂ ਨਾਨਕ ਦੇਵ ਜੀ*

ਸ੍ਰੀ ਗੁਰੂ ਨਾਨਕ ਦੇਵ ਜੀ ਸ਼ੁਰੂ ਤੋਂ ਹੀ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਉਹਨਾਂ ਦਾ ਪੜ੍ਹਾਈ ਅਤੇ ਸੰਸਾਰਿਕ ਕੰਮਾਂ ਵਿੱਚ ਮਨ ਨਹੀਂ ਲੱਗਦਾ ਸੀ। ਇਸ ਕਰਕੇ ਆਪ ਜੀ ਦੇ ਪਿਤਾ ਜੀ ਨੇ ਆਪ ਜੀ ਦਾ ਮਨ ਬਦਲਣ ਲਈ ਆਪ ਜੀ ਦਾ ਵਿਆਹ ਬਟਾਲੇ ਦੇ ਨਿਵਾਸੀ ਸ਼੍ਰੀ ਮੂਲ ਚੰਦ ਦੀ ਸੁਪੁੱਤਰੀ ਬੀਬੀ ਸੁਲੱਖਣੀ ਨਾਲ ਕਰ ਦਿੱਤਾ। ਉਸ ਸਮੇਂ ਆਪ ਜੀ ਦੀ ਉਮਰ 14 ਸਾਲ ਦੀ ਸੀ। ਕੁੱਝ ਸਮੇਂ ਬਾਅਦ ਆਪ ਜੀ ਦੇ ਘਰ ਦੋ ਪੁੱਤਰਾਂ—ਸ਼੍ਰੀ ਚੰਦ ਅਤੇ ਲੱਖਮੀ ਦਾਸ ਨੇ ਜਨਮ ਲਿਆ।

ਵਿਆਹ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਭੈਣ ਨਾਨਕੀ ਜੀ ਕੋਲ ਸੁਲਤਾਨਪੁਰ ਚਲੇ ਗਏ। ਉੱਥੇ ਉਹਨਾਂ ਨੂੰ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਵਿੱਚ ਨੌਕਰੀ ਮਿਲ ਗਈ ਸੀ। ਸੁਲਤਾਨਪੁਰ ਵਿਖੇ ਗੁਰੂ ਜੀ ਹਰ ਰੋਜ਼ ਸਵੇਰ ਨੂੰ ਕਾਲ਼ੀ ਬੇਈਂ ਨਦੀ ਵਿੱਚ ਇਸ਼ਨਾਨ ਕਰਨ ਲਈ ਜਾਂਦੇ ਸਨ। ਇੱਕ ਦਿਨ ਜਦ ਉਹ ਕਾਲ਼ੀ ਬੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਤਾਂ ਤਿੰਨ ਦਿਨਾਂ ਤੱਕ ਅਲੋਪ ਰਹੇ। ਇਹਨਾਂ ਤਿੰਨ ਦਿਨਾਂ ਵਿੱਚ ਉਹਨਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਪ੍ਰਾਪਤ ਹੋਣ ਤੋਂ ਬਾਅਦ ਗੁਰੂ ਜੀ ਨੇ ਇਹ ਸ਼ਬਦ ਕਹੇ।

*"ਨਾ ਕੋ ਹਿੰਦੂ, ਨਾ ਕੋ ਮੁਸਲਮਾਨ"*

**ਯਾਤਰਾਵਾਂ** : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਪ੍ਰਾਪਤ ਹੋਣ ਤੋਂ ਪਿੱਛੋਂ ਭਟਕੀ ਹੋਈ ਮਨੁੱਖਤਾ ਨੂੰ ਸਹੀ ਰਾਹ ਵਿਖਾਉਣ ਲਈ ਆਪਣੀਆਂ ਯਾਤਰਾਵਾਂ ਜਾਂ ਉਦਾਸੀਆਂ ਸ਼ੁਰੂ ਕੀਤੀਆਂ। ਗੁਰੂ ਜੀ ਆਪਣੀ ਪਹਿਲੀ ਉਦਾਸੀ ਦੇ ਦੌਰਾਨ ਸਯੱਦਪੁਰ, ਤਾਲੁੰਬਾ, ਕੁਰੂਕਸ਼ੇਤਰ, ਪਾਨੀਪਤ, ਹਰਿਦੁਆਰ, ਬਨਾਰਸ, ਗਯਾ, ਕਾਮਰੂਪ, ਢਾਕਾ ਅਤੇ ਜਗਨਨਾਥਪੁਰੀ ਆਦਿ ਸਥਾਨਾਂ 'ਤੇ ਗਏ। **ਦੂਜੀ ਉਦਾਸੀ** ਦੇ ਦੌਰਾਨ ਉਹਨਾਂ ਨੇ ਪੀਰ ਬੁੱਢਣ ਸ਼ਾਹ, ਰਵਾਲਸਰ, ਜਵਾਲਾਜੀ, ਤਿੱਬਤ, ਸੁਮੇਰ ਪਰਬਤ, ਮਟਨ, ਹਸਨ ਅਬਦਾਲ ਆਦਿ ਦੀ ਯਾਤਰਾ ਕੀਤੀ। **ਤੀਜੀ ਉਦਾਸੀ** ਦੌਰਾਨ ਉਹਨਾਂ ਨੇ ਮੱਕਾ, ਮਦੀਨਾ, ਬਗਦਾਦ ਆਦਿ ਦੀ ਯਾਤਰਾ ਕੀਤੀ। ਉਸ ਤੋਂ ਬਾਅਦ ਉਹ ਕਰਤਾਰਪੁਰ ਆ ਕੇ ਰਹਿਣ ਲੱਗੇ। ਹੁਣ ਉਹ ਬਾਹਰ ਜਾਣ ਦੀ ਬਜਾਏ ਕਦੀ-ਕਦੀ ਪੰਜਾਬ ਦੇ ਹਿੱਸਿਆਂ ਵਿੱਚ ਧਰਮ ਪ੍ਰਚਾਰ ਕਰਦੇ ਰਹੇ।

## ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਸਿੱਖਿਆਵਾਂ

1. ਪਰਮਾਤਮਾ ਇੱਕ ਹੈ।
2. ਪਰਮਾਤਮਾ ਨਿਰਗੁਣ ਅਤੇ ਸਰਗੁਣ ਹੈ।
3. ਪਰਮਾਤਮਾ ਸਰਵ-ਸ਼ਕਤੀਮਾਨ ਅਤੇ ਸਰਵ-ਵਿਆਪਕ ਹੈ।
4. ਪਰਮਾਤਮਾ ਨਿਰੰਕਾਰ ਹੈ।
5. ਪਰਮਾਤਮਾ ਦਿਆਲੂ ਹੈ।
6. ਹਉਮੈ ਦਾ ਤਿਆਗ।
7. ਨਾਮ ਦਾ ਜਾਪ।

8. ਗੁਰੂ ਦਾ ਮਹੱਤਵ।
9. ਭਰਾਤਰੀਭਾਵ ਵਿੱਚ ਵਿਸ਼ਵਾਸ।
10. ਸਦਾਚਾਰ ਉੱਤੇ ਜ਼ੋਰ।
11. ਸੱਚ ਖੰਡ।
12. ਜਾਤ-ਪਾਤ ਦਾ ਖ਼ੰਡਨ।
13. ਖੋਖਲੇ ਰੀਤੀ-ਰਿਵਾਜਾਂ ਦਾ ਖੰਡਨ।

**ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿੱਚ** : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ 18 ਸਾਲ ਕਰਤਾਰਪੁਰ ਵਿੱਚ ਬਤੀਤ ਕੀਤੇ। ਉਹਨਾਂ ਨੇ 1539 ਈ: ਵਿੱਚ ਜੋਤੀ-ਜੋਤਿ ਸਮਾ ਜਾਣ ਤੋਂ ਪਹਿਲਾਂ **ਭਾਈ ਲਹਿਣਾ ਜੀ** ਨੂੰ ਆਪਣਾ ਉੱਤਰਾਧਿਕਾਰੀ ਥਾਪਿਆ।

**ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ** : ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ, ਵਾਰ ਮਾਝ, ਆਸਾ ਦੀ ਵਾਰ, ਸਿੱਧ ਗੋਸ਼ਟ, ਵਾਰ ਮਲਹਾਰ, ਬਾਰਾ ਮਾਹਾ ਅਤੇ ਪੱਟੀ ਆਦਿ ਪ੍ਰਸਿੱਧ ਬਾਣੀਆਂ ਦੀ ਰਚਨਾ ਕੀਤੀ।

## 2. ਸ੍ਰੀ ਗੁਰੂ ਅੰਗਦ ਦੇਵ ਜੀ (1539-1552 ਈ.)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ 1539 ਈ. ਵਿੱਚ ਸਿੱਖਾਂ ਦੇ ਦੂਸਰੇ ਗੁਰੂ ਬਣੇ। ਉਹਨਾਂ ਨੇ ਸਿੱਖ ਪੰਥ ਦੇ ਵਿਕਾਸ ਲਈ ਗੁਰਮੁੱਖੀ ਲਿਪੀ ਨੂੰ ਲੋਕਪ੍ਰਿਯ ਬਣਾਇਆ। ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਕੱਠਾ ਕੀਤਾ। ਸੰਗਤ ਅਤੇ ਪੰਗਤ ਸੰਸਥਾਵਾਂ ਦਾ ਵਿਸਤਾਰ ਕੀਤਾ। ਸਿੱਖ ਪੰਥ ਨੂੰ ਉਦਾਸੀ ਪੰਥ ਤੋਂ ਵੱਖ ਕੀਤਾ। ਗੋਇੰਦਵਾਲ ਸਾਹਿਬ ਦੀ ਸਥਾਪਨਾ ਕਰਕੇ ਸਿੱਖ ਪੰਥ ਦੀ ਮਹਾਨ ਸੇਵਾ ਕੀਤੀ।

## 3. ਸ੍ਰੀ ਗੁਰੂ ਅਮਰਦਾਸ ਜੀ (1552 ਈ. ਤੋਂ 1574 ਈ.)

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਪਿੱਛੋਂ ਸ੍ਰੀ ਗੁਰੂ ਅਮਰਦਾਸ ਜੀ ਚੌਥੇ ਦੇ ਤੀਸਰੇ ਗੁਰੂ ਬਣੇ। ਗੁਰੂ ਜੀ ਨੇ ਸਿੱਖਾਂ ਨੂੰ ਗੋਇੰਦਵਾਲ ਨਾਂ ਦਾ ਇਕ ਨਵਾਂ ਤੀਰਥ ਸਥਾਨ ਦਿੱਤਾ। ਲੰਗਰ ਪ੍ਰਥਾ ਦਾ ਵਿਸਤਾਰ ਕੀਤਾ। ਹਿੰਦੂ ਸਮਾਜ ਦੇ ਖੋਖਲੇ ਰੀਤੀ-ਰਿਵਾਜਾਂ ਦਾ ਵਿਰੋਧ ਕੀਤਾ। ਉਦਾਸੀ ਮਤ ਦਾ ਖੰਡਨ ਕੀਤਾ।

## 4. ਸ੍ਰੀ ਗੁਰੂ ਰਾਮਦਾਸ ਜੀ (1574-1581 ਈ.)

ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋਂ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਬਣੇ। ਉਹਨਾਂ ਨੇ ਸਿੱਖ ਧਰਮ ਦੇ ਵਿਕਾਸ ਲਈ 679 ਸ਼ਬਦਾਂ ਦੀ ਰਚਨਾ ਕੀਤੀ। ਉਹਨਾਂ ਨੇ ਸਿੱਖਾਂ ਵਿੱਚ ਲਾਵਾਂ ਦੁਆਰਾ ਵਿਆਹ ਕਰਨ ਦੀ ਮਰਯਾਦਾ ਸ਼ੁਰੂ ਕੀਤੀ। ਗੁਰੂ ਜੀ ਨੇ ਸੰਗਤ, ਪੰਗਤ ਅਤੇ ਮੰਜੀ ਸੰਸਥਾਵਾਂ ਨੂੰ ਜਾਰੀ ਰੱਖਿਆ। ਗੁਰੂ ਜੀ ਨੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਜਾਤੀ-ਪ੍ਰਥਾ, ਸਤੀ-ਪ੍ਰਥਾ, ਬਾਲ ਵਿਆਹ ਆਦਿ ਦਾ ਵਿਰੋਧ ਕੀਤਾ।

## 5. ਸ੍ਰੀ ਗੁਰੂ ਅਰਜਨ ਦੇਵ ਜੀ (1581-1606 ਈ.)

ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਬਣੇ। ਗੁਰੂ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਤਰਨਤਾਰਨ, ਹਰਗੋਬਿੰਦਪੁਰ ਅਤੇ ਕਰਤਾਰਪੁਰ ਨਗਰਾਂ ਦੀ ਸਥਾਪਨਾ ਅਤੇ ਲਾਹੌਰ ਵਿੱਚ ਬਾਉਲੀ ਦੀ ਉਸਾਰੀ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। ਉਸ ਸਮੇਂ ਦਾ ਮੁਗ਼ਲ ਬਾਦਸ਼ਾਹ ਜਹਾਂਗੀਰ ਸਿੱਖ ਧਰਮ ਦੀ ਵੱਧਦੀ ਹੋਈ ਲੋਕਪ੍ਰਿਯਤਾ ਨੂੰ ਸਹਿਣ ਨਾ ਕਰ ਸਕਿਆ। ਉਸ ਨੇ ਗੁਰੂ ਜੀ ਤੇ ਵਿਦਰੋਹੀ ਰਾਜਕੁਮਾਰ ਖੁਸਰੋ ਦੀ ਮਦਦ ਕਰਨ ਦਾ ਦੋਸ਼ ਲਗਾ ਕੇ ਉਨ੍ਹਾਂ ਤੋਂ ਜੁਰਮਾਨੇ ਦੇ ਰੂਪ ਵਿੱਚ ਦੋ ਲੱਖ ਰੁਪਏ ਮੰਗੇ। ਗੁਰੂ ਜੀ ਨੇ ਇਹ ਜੁਰਮਾਨਾ ਦੇਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਨੂੰ 1606 ਈ. ਵਿੱਚ ਲਾਹੌਰ ਵਿੱਚ ਰਾਵੀ ਨਦੀ ਦੇ ਕੰਢੇ ਦਰਦਨਾਕ ਤਸੀਹੇ ਦਿੱਤੇ ਗਏ। ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ 30 ਮਈ, 1606 ਈ. ਨੂੰ ਸ਼ਹੀਦ ਹੋ ਗਏ।

## 6. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (1606-1645 ਈ.)

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋ ਜਾਣ ਪਿੱਛੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਬਣੇ। ਗੁਰੂ ਜੀ ਨੇ ਨਵੀਂ ਨੀਤੀ ਅਨੁਸਾਰ ਮੀਰੀ ਅਤੇ ਪੀਰੀ ਨਾਂ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਮੀਰੀ ਤਲਵਾਰ ਸੰਸਾਰਿਕ ਸੱਤਾ ਦੀ ਪ੍ਰਤੀਕ ਸੀ ਅਤੇ ਪੀਰੀ ਤਲਵਾਰ ਧਾਰਮਿਕ ਅਗਵਾਈ ਦੀ ਪ੍ਰਤੀਕ ਸੀ। ਸਿੱਖ ਹੁਣ ਸੰਤ-ਸਿਪਾਹੀ ਵਿੱਚ ਪਰਿਵਰਤਿਤ ਹੋ ਗਏ ਸਨ। ਉਹਨਾਂ ਨੇ ਆਪਣੇ ਧਰਮ ਦੀ ਸੁਰੱਖਿਆ ਲਈ ਹਥਿਆਰ ਚੁੱਕ ਲਏ ਸਨ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਵਿਕਾਸ ਲਈ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ, 1645 ਈ. ਨੂੰ ਜੋਤੀ-ਜੋਤਿ ਸਮਾ ਗਏ।

## 7. ਸ੍ਰੀ ਗੁਰੂ ਹਰਿਰਾਏ ਜੀ (1645-1661 ਈ.)

ਸ੍ਰੀ ਗੁਰੂ ਹਰਗੋਬਿੰਦ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋ ਸ੍ਰੀ ਗੁਰੂ ਹਰਿਰਾਏ ਜੀ ਸਿੱਖਾਂ ਦੇ ਸੱਤਵੇਂ ਗੁਰੂ ਬਣੇ। ਉਹਨਾਂ ਨੇ ਸਿੱਖ ਧਰਮ ਦਾ ਵਿਸਤਾਰ ਕਰਨ ਲਈ ਕਈ ਪ੍ਰਚਾਰ ਕੇਂਦਰ ਸਥਾਪਤ ਕੀਤੇ ਅਤੇ ਦੂਰ-ਦੂਰ ਤਕ ਧਰਮ ਪ੍ਰਚਾਰਕ ਭੇਜੇ। ਪਹਿਲੇ ਸਿੱਖ ਗੁਰੂਆਂ ਦੁਆਰਾ ਚਲਾਈ ਗਈ ਸੰਗਤ ਅਤੇ ਪੰਗਤ ਦੀ ਮਰਯਾਦਾ ਨੂੰ ਜਾਰੀ ਰੱਖਿਆ। 6 ਅਕਤੂਬਰ, 1661 ਈ. ਨੂੰ ਸ੍ਰੀ ਗੁਰੂ ਹਰਿਰਾਏ ਦੀ ਜੋਤੀ-ਜੋਤਿ ਸਮਾ ਗਏ।

## 8. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ (1661-1664 ਈ.)

ਸ੍ਰੀ ਗੁਰੂ ਹਰਿਰਾਏ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਬਣੇ। ਉਸ ਸਮੇਂ ਗੁਰੂ ਹਰਿਕ੍ਰਿਸ਼ਨ ਜੀ ਦੀ ਉਮਰ ਸਿਰਫ਼ 5 ਸਾਲ ਸੀ। ਇਸ ਕਾਰਣ ਇਤਿਹਾਸ ਵਿੱਚ ਆਪ ਜੀ ਨੂੰ **ਬਾਲ ਗੁਰੂ** ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਗੁਰੂ ਦੇ ਰੂਪ ਵਿੱਚ ਆਪ ਜੀ ਨੇ ਆਪਣੇ ਸਾਰੇ ਕਰਤਵਾਂ ਦੀ ਬੜੀ ਸੂਝ-ਬੂਝ ਨਾਲ ਪਾਲਣਾ ਕੀਤੀ। ਆਪ ਜੀ ਇੰਨੀ ਛੋਟੀ ਉਮਰ ਵਿੱਚ ਵੀ ਤੇਜ਼ ਬੁੱਧੀ, ਉੱਚ ਵਿਚਾਰ ਅਤੇ ਅਲੌਕਿਕ ਗਿਆਨ ਦੇ ਸਵਾਮੀ ਸਨ। ਆਪ ਜੀ 30 ਮਾਰਚ 1664 ਈ. ਨੂੰ ਦਿੱਲੀ ਵਿੱਚ ਜੋਤੀ-ਜੋਤਿ ਸਮਾ ਗਏ।

### 9. ਸ੍ਰੀ ਗੁਰੂ ਤੇਗ ਬਹਾਦਰ ਜੀ (1664-1675 ਈ.)

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤਿ ਸਮਾ ਜਾਣ ਪਿੱਛੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਂਵੇਂ ਗੁਰੂ ਬਣੇ। ਸਿੱਖ ਧਰਮ ਦਾ ਪ੍ਰਚਾਰ ਕਰਨ ਅਤੇ ਲੋਕਾਂ ਵਿੱਚ ਫੈਲੇ ਅੰਧਵਿਸ਼ਵਾਸ਼ਾਂ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਕਈ ਸਥਾਨਾਂ ਦੀ ਯਾਤਰਾ ਕੀਤੀ। ਉਸ ਸਮੇਂ ਭਾਰਤ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਹ ਬੜਾ ਕੱਟੜ ਸੁੰਨੀ ਮੁਸਲਮਾਨ ਸੀ। ਉਹ ਹਿੰਦੂਆਂ ਨੂੰ ਇਸਲਾਮ ਧਰਮ ਵਿੱਚ ਸ਼ਾਮਲ ਕਰਨਾ ਚਾਹੁੰਦਾ ਸੀ। ਕਸ਼ਮੀਰੀ ਪੰਡਤ ਸਭ ਤੋਂ ਵੱਧ ਉਸ ਦੇ ਅਤਿਆਚਾਰਾਂ ਦਾ ਸ਼ਿਕਾਰ ਹੋਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਦੇ ਧਰਮ ਦੀ ਰੱਖਿਆ ਲਈ 11 ਨਵੰਬਰ, 1675 ਈ. ਨੂੰ ਦਿੱਲੀ ਵਿੱਚ ਆਪਣਾ ਬਲੀਦਾਨ ਦਿੱਤਾ।

### 10. ਸ੍ਰੀ ਗੁਰੂ ਗੋਬਿੰਦ ਸਿੰਘ ਜੀ (1675-1708 ਈ.)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਬਣੇ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਈ. ਨੂੰ ਪਟਨਾ ਵਿੱਚ ਹੋਇਆ ਸੀ। ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਕਲੌਤੇ ਪੁੱਤਰ ਸਨ। ਜਦੋਂ ਉਹ ਗੁਰਗੱਦੀ 'ਤੇ ਬੈਠੇ ਤਾਂ ਉਸ ਸਮੇਂ ਉਹਨਾਂ ਦੀ ਉਮਰ 9 ਸਾਲ ਸੀ।

ਉਸ ਸਮੇਂ ਭਾਰਤ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸ਼ਾਸਨ ਸੀ। ਉਸ ਨੇ ਇਸਲਾਮ ਧਰਮ ਸਵਿਕਾਰ ਨਾ ਕਰਨ ਵਾਲੇ ਬਹੁਤ ਸਾਰੇ ਹਿੰਦੂਆਂ ਦੀ ਹੱਤਿਆ ਕਰਵਾ ਦਿੱਤੀ। ਇਥੋਂ ਤੱਕ ਕਿ 11 ਨਵੰਬਰ, 1675 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਵਾ ਦਿੱਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੇ ਅਤਿਆਚਾਰਾਂ ਨੂੰ ਖਤਮ ਕਰਨ ਲਈ **ਖਾਲਸਾ ਪੰਥ** ਦੀ ਸਾਜਣਾ ਕੀਤੀ। ਗੁਰੂ ਜੀ ਨੇ ਜੋਤੀ-ਜੋਤਿ ਸਮਾ ਜਾਣ ਤੋਂ ਪਹਿਲਾਂ ਸਿੱਖਾਂ ਨੂੰ ਆਦੇਸ਼ ਦਿੱਤਾ ਕਿ "ਉਹ ਗੁਰੂ ਜੀ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਣ"।

#### ਖਾਲਸਾ ਪੰਥ ਦੀ ਸਾਜਣਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵੈਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿੱਚ ਇਕ ਭਾਰੀ ਦੀਵਾਨ ਸਜਾਇਆ। ਇਸ ਦੀਵਾਨ ਵਿੱਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਸਾਹਿਬ ਚੰਦ ਅਤੇ ਭਾਈ ਹਿੰਮਤ ਰਾਏ **ਪੰਜ ਪਿਆਰਿਆਂ** ਦੀ ਚੋਣ ਕੀਤੀ। ਗੁਰੂ ਜੀ ਨੇ ਇਹਨਾਂ ਪੰਜ ਪਿਆਰਿਆਂ ਨੂੰ ਪਹਿਲਾਂ ਖੰਡੇ ਦਾ ਪਾਹੁਲ (ਅੰਮ੍ਰਿਤ) ਛਕਾਇਆ ਅਤੇ ਬਾਅਦ ਵਿੱਚ ਆਪ ਇਹਨਾਂ ਕੋਲੋਂ ਪਾਹੁਲ (ਅੰਮ੍ਰਿਤ) ਛਕਿਆ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ। ਖਾਲਸਾ ਪੰਥ ਦੇ ਨਾਮ ਨਾਲ ਜਾਣਿਆ ਜਾਂਦਾ ਸਿੱਖ ਸਮੁਦਾਇ ਹੁਣ ਇਕ ਰਾਜਨੀਤਿਕ ਸੱਤ੍ਹਾ ਬਣ ਗਿਆ ਹੈ।

### ਖਾਲਸਾ ਪੰਥ ਦੇ ਮੁੱਖ ਨਿਯਮ

1. ਖਾਲਸਾ ਪੰਥ ਦਾ ਮੈਂਬਰ ਬਣਨ ਲਈ ਹਰੇਕ ਵਿਅਕਤੀ ਲਈ ਖੰਡੇ ਦਾ ਪਾਹੁਲ (ਅੰਮ੍ਰਿਤ) ਛਕਣਾ ਜ਼ਰੂਰੀ ਹੈ।
2. ਖਾਲਸਾ ਦੇ ਹਰੇਕ ਪੁਰਸ਼ ਮੈਂਬਰ ਨੂੰ ਆਪਣੇ ਨਾਂ ਦੇ ਨਾਲ 'ਸਿੰਘ' ਅਤੇ ਖਾਲਸਾ ਇਸਤਰੀ 'ਕੌਰ' ਸ਼ਬਦ ਲਗਾਏਗੀ।
3. ਹਰੇਕ ਖਾਲਸਾ ਇਕ ਈਸ਼ਵਰ ਤੋਂ ਇਲਾਵਾ ਹੋਰ ਦੇਵੀ-ਦੇਵਤਿਆਂ ਦੀ ਪੂਜਾ ਨਹੀਂ ਕਰੇਗਾ।
4. ਹਰੇਕ ਖਾਲਸਾ 'ਪੰਜ ਕਕਾਰ' ਕੇਸ, ਕੰਘਾ, ਕੜਾ, ਕੱਛਾ (ਕਛਹਿਰਾ) ਅਤੇ ਕਿਰਪਾਨ ਧਾਰਣ ਕਰੇਗਾ।
5. ਹਰੇਕ ਖਾਲਸਾ ਸ਼ਸਤਰ ਧਾਰਣ ਕਰੇਗਾ ਅਤੇ ਧਰਮ ਯੁੱਧ ਲਈ ਹਮੇਸ਼ਾ ਤਿਆਰ ਰਹੇਗਾ।
6. ਹਰੇਕ ਖਾਲਸਾ ਸਵੇਰੇ ਜਲਦੀ ਉਠਕੇ ਇਸ਼ਨਾਨ ਕਰਨ ਤੋਂ ਬਾਅਦ ਗੁਰਬਾਣੀ ਦਾ ਪਾਠ ਕਰੇਗਾ।
7. ਹਰੇਕ ਖਾਲਸਾ ਤੰਬਾਕੂ ਅਤੇ ਹੋਰ ਨਸ਼ੀਲੀਆਂ ਵਸਤਾਂ ਆਦਿ ਦਾ ਸੇਵਨ ਨਹੀਂ ਕਰੇਗਾ।
8. ਹਰੇਕ ਖਾਲਸਾ ਮਿਹਨਤ ਕਰਕੇ ਆਪਣਾ ਗੁਜਾਰਾ ਕਰੇਗਾ ਅਤੇ ਆਪਣੀ ਆਮਦਨ ਦਾ ਦਸਵਾਂ ਹਿੱਸਾ (1/10) ਧਰਮ ਲਈ ਦਾਨ ਕਰੇਗਾ।
9. ਹਰੇਕ ਖਾਲਸਾ ਇਕ ਦੂਜੇ ਨੂੰ ਮਿਲਦੇ ਸਮੇਂ 'ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਕਹੇਗਾ।
10. ਹਰੇਕ ਖਾਲਸਾ ਜਾਤ-ਪਾਤ ਅਤੇ ਊਚ-ਨੀਚ ਵਿੱਚ ਵਿਸ਼ਵਾਸ ਨਹੀਂ ਰੱਖੇਗਾ।
11. ਹਰੇਕ ਖਾਲਸਾ ਉੱਚ ਨੈਤਿਕ ਚਰਿੱਤਰ ਵਾਲਾ ਹੋਵੇਗਾ।

## ਯਾਦ ਰੱਖਣ ਯੋਗ ਨੁਕਤੇ

1. ਮੱਧਕਾਲੀਨ ਯੁੱਗ ਦੌਰਾਨ ਉੱਤਰੀ ਭਾਰਤ ਵਿੱਚ ਹਿੰਦੂ ਧਰਮ ਦੇ ਨਾਲ-ਨਾਲ ਸ਼ੈਵ ਮਤ ਅਤੇ ਵੈਸ਼ਨਵ ਮਤ ਬਹੁਤ ਲੋਕ-ਪ੍ਰਿਯ ਸਨ।
2. ਮੱਧਕਾਲੀਨ ਯੁੱਗ ਵਿੱਚ ਦੱਖਣੀ ਭਾਰਤ ਵਿੱਚ ਈਸਾਈ, ਇਸਲਾਮ ਧਰਮ, ਅਲਵਾਹ, ਨਾਇਨਾਰ, ਲਿੰਗਾਇਤ ਆਦਿ ਧਾਰਮਿਕ ਸੰਪਰਦਾਇ ਦਾ ਵਿਕਾਸ ਹੋਇਆ।
3. ਇਸਲਾਮ ਧਰਮ ਉਲਮਾਂ ਅਤੇ ਸੂਫ਼ੀ ਦੋ ਸੰਪਰਦਾਵਾਂ ਵਿਚ ਵੰਡਿਆ ਹੋਇਆ ਸੀ।
4. ਚਿਸ਼ਤੀ ਅਤੇ ਸੁਹਰਾਵਰਦੀ ਸੂਫੀ ਮਤ ਦੇ ਦੋ ਪ੍ਰਸਿੱਧ ਸਿਲਸਿਲੇ ਸਨ।
5. ਸੰਤ ਰਾਮਨੁਜ, ਰਾਮਾਨੰਦ, ਕਬੀਰ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਚੈਤੰਨਯ ਮਹਾਂ ਪ੍ਰਭੂ ਆਦਿ ਪ੍ਰਸਿੱਧ ਸੰਤ ਸਨ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ :**

1. ਇੱਕ ਨਵੇਂ ਧਰਮ 'ਦੀਨ-ਏ-ਇਲਾਹੀ' ਦੀ ਸਥਾਪਨਾ ਕਿਸ ਨੇ ਕੀਤੀ ਸੀ ?
2. ਅਦਵੈਤ ਤੋਂ ਤੁਹਾਡਾ ਕੀ ਭਾਵ ਹੈ ?
3. ਇਸਲਾਮ ਧਰਮ ਦੀਆਂ ਦੋ ਪ੍ਰਮੁੱਖ ਸੰਪਰਦਾਵਾਂ ਦੇ ਨਾਂ ਲਿਖੋ।
4. ਚਿਸ਼ਤੀ ਅਤੇ ਸੁਹਰਾਵਰਦੀ ਸਿਲਸਿਲੇ ਦੇ ਸੰਸਥਾਪਕਾਂ ਦੇ ਨਾਂ ਲਿਖੋ।
5. ਰਾਮਾਨੁਜ ਬਾਰੇ ਤੁਸੀਂ ਕੀ ਜਾਣਦੇ ਹੋ ?
6. ਰਾਮਾਨੰਦ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ ਸੀ ?
7. ਚੈਤਨਯ ਮਹਾਂਪ੍ਰਭੂ ਜੀ ਕੌਣ ਸਨ ?
8. ਪੈਗੰਬਰ ਹਜਰਤ ਮੁਹੰਮਦ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ ?
9. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ ?
10. ਗੁਰੂ ਰਵੀਦਾਸ ਜੀ ਦਾ ਜਨਮ ਕਿੱਥੇ ਹੋਇਆ ਸੀ ?

**(ਅ) ਹੇਠ ਲਿਖੇ ਖਾਲੀ ਸਥਾਨ ਭਰੋ :—**

1. .............. ਦੁਆਰਾ ਇਕ ਨਵੇਂ ਧਰਮ ਦੀਨ-ਏ-ਇਲਾਹੀ ਦੀ ਸਥਾਪਨਾ ਕੀਤੀ ਗਈ।
2. ਸੰਤ ਕਬੀਰ .............. ਦੇ ਅਨੁਯਾਈ ਸਨ।
3. ਭਗਤੀ ਸੰਤਾਂ ਨੇ ਲੋਕਾਂ ਦੀ .............. ਵਿਚ ਪ੍ਰਚਾਰ ਕੀਤਾ।
4. ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ .............. ਗੁਰੂ ਸਨ।
5. ਖਵਾਜ਼ਾ ਮੁਈਨੁੱਦੀਨ ਦਾ ਜਨਮ .............. ਵਿਚ ਹੋਇਆ।
6. .............. ਨੇ ਖਾਲਸਾ ਪੰਥ ਦੀ ਸਿਰਜਣਾ 1699 ਈ. ਵਿਚ ਕੀਤੀ।

**(ੲ) ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (✗) ਦਾ ਚਿੰਨ ਲਗਾਓ :—**

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ। ☐
2. ਚਿਸ਼ਤੀ ਅਤੇ ਸੁਹਰਾਵਰਦੀ ਪ੍ਰਸਿੱਧ ਸਿਲਸਿਲੇ ਨਹੀਂ ਸਨ। ☐
3. ਨਿਜ਼ਾਮੁਉੱਦੀਨ ਔਲੀਆ ਦੀ ਦਰਗਾਹ ਅਜਮੇਰ ਵਿਖੇ ਸਥਿਤ ਹੈ। ☐
4. ਚੈਤੰਨਯ ਮਹਾਂਪ੍ਰਭੂ ਅਤੇ ਮੀਰਾਂਬਾਈ ਨੇ ਰਾਮ ਭਗਤੀ ਨੂੰ ਲੋਕ-ਪ੍ਰਿਯ ਬਣਾਇਆ। ☐

5. ਆਲਵਰਾਂ ਨੇ ਸ਼ੈਵ ਮਤ ਦੇ ਭਗਤੀ ਗੀਤਾਂ ਨੂੰ ਲੋਕਪ੍ਰਿਯ ਬਣਾਇਆ।

6. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ ਸੀ।

**(ਸ) ਹੇਠ ਦਰਜ ਕਾਲਮ 'ੳ' ਅਤੇ ਕਾਲਮ 'ਅ' ਦਾ ਸਹੀ ਮਿਲਾਨ ਕਰੋ :**

| | ਕਾਲਮ ੳ | | ਕਾਲਮ ਅ |
|---|---|---|---|
| 1. | ਰਵੀਦਾਸ ਜੀ ਦਾ ਜਨਮ | (ੳ) | 570 ਈ. ਮੱਕੇ ਵਿੱਚ ਹੋਇਆ। |
| 2. | ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ | (ਅ) | ਇਲਾਹਾਬਾਦ ਵਿੱਚ ਹੋਇਆ। |
| 3. | ਰਾਮਾਨੰਦ ਦਾ ਜਨਮ | (ੲ) | ਤਾਮਿਲ ਬ੍ਰਾਹਮਣ ਸਨ। |
| 4. | ਰਾਮਾਨੁਜ ਇਕ | (ਸ) | 1486 ਈ. ਵਿਚ ਬੰਗਾਲ ਦੇ ਨਾਦੀਆਂ ਪਿੰਡ ਵਿੱਚ ਹੋਇਆ। |
| 5. | ਚੈਤੰਨਯ ਮਹਾਂਪ੍ਰਭੂ ਦਾ ਜਨਮ | (ਹ) | ਬਨਾਰਸ ਵਿੱਚ ਹੋਇਆ। |
| 6. | ਪੈਗੰਬਰ ਮੁਹੰਮਦ ਦਾ ਜਨਮ | (ਕ) | 15 ਅਪ੍ਰੈਲ 1469 ਨੂੰ ਰਾਇ ਭੋਇ ਦੀ ਤਲਵੰਡੀ ਵਿੱਖੇ ਹੋਇਆ। |

## ਗਤੀਵਿਧੀ

1. ਭਗਤੀ ਲਹਿਰ ਦੇ ਕਿਸੇ ਚਾਰ ਮਹਾਨ ਸੰਤਾਂ ਦੇ ਚਿੱਤਰ ਆਪਣੀ ਨੋਟ ਬੁੱਕ ਵਿੱਚ ਉਲੀਕੋ। ਉਹਨਾਂ ਦੀਆਂ ਪ੍ਰਮੁੱਖ ਸਿੱਖਿਆਵਾਂ ਬਾਰੇ ਲਿਖੋ।
2. ਕਿਸੇ ਇਕ ਗੁਰਦੁਆਰੇ ਦੀ ਯਾਤਰਾ ਕਰੋ। ਤੁਸੀਂ ਉੱਥੇ ਕੀ ਵੇਖਿਆ ? ਉਸ ਬਾਰੇ ਲਿਖੋ।



ਪਾਠ 16

# ਖੇਤਰੀ ਸਭਿਆਚਾਰ ਦਾ ਵਿਕਾਸ

ਮੱਧਕਾਲੀਨ ਭਾਰਤ ਵਿੱਚ ਸਭਿਆਚਾਰ ਜਿਵੇਂ ਕਿ ਭਾਸ਼ਾ, ਸਾਹਿਤ, ਚਿੱਤਰ ਕਲਾ ਅਤੇ ਸੰਗੀਤ ਆਦਿ ਦਾ ਵਿਕਾਸ ਹੋਇਆ।

## ਮੱਧਕਾਲੀਨ ਯੁੱਗ (800-1200 ਈ:) ਵਿੱਚ ਖੇਤਰੀ ਭਾਸ਼ਾਵਾਂ, ਸਾਹਿਤ, ਚਿੱਤਰ ਕਲਾ ਅਤੇ ਸੰਗੀਤ ਦਾ ਵਿਕਾਸ

### ਭਾਸ਼ਾ

(1) **ਉੱਤਰੀ ਭਾਰਤ :** ਮੱਧਕਾਲੀਨ ਯੁੱਗ ਦੌਰਾਨ ਉੱਤਰੀ ਭਾਰਤ ਵਿੱਚ ਗੁਜਰਾਤੀ, ਬੰਗਾਲੀ ਅਤੇ ਮਰਾਠੀ ਆਦਿ ਭਾਸ਼ਾਵਾਂ ਦਾ ਵਿਕਾਸ ਹੋਇਆ। ਇਹ ਵਿਕਾਸ ਦੀ ਗਤੀ ਉਸ ਸਮੇਂ ਹੋਰ ਵੀ ਤੇਜ ਹੋਈ, ਜਦੋਂ ਭਗਤੀ ਲਹਿਰ ਦੇ ਮਹਾਨ ਸੰਤਾਂ ਨੇ ਖੇਤਰੀ ਭਾਸ਼ਾਵਾਂ ਵਿੱਚ ਭਗਤੀ ਲਹਿਰ ਦਾ ਪ੍ਰਚਾਰ ਕੀਤਾ।

(2) **ਦੱਖਣੀ ਭਾਰਤ :** ਚੋਲ ਸ਼ਾਸਕਾਂ ਦੇ ਰਾਜਕਾਲ ਦੌਰਾਨ ਦੱਖਣੀ ਭਾਰਤ ਵਿੱਚ ਸੰਸਕ੍ਰਿਤ, ਤਮਿਲ, ਤੇਲਗੂ ਅਤੇ ਕੰਨੜ ਭਾਸ਼ਾ ਦੀ ਬਹੁਤ ਉੱਨਤੀ ਹੋਈ। ਇਹਨਾਂ ਭਾਸ਼ਾਵਾਂ ਵਿੱਚ ਸੰਸਕ੍ਰਿਤ ਦੀਆਂ ਬਹੁਤ ਸਾਰੀਆਂ ਸਾਹਿਤਕ ਅਤੇ ਧਾਰਮਿਕ ਰਚਨਾਵਾਂ ਦਾ ਅਨੁਵਾਦ ਕੀਤਾ ਗਿਆ। ਸੰਸਕ੍ਰਿਤ ਵਿੱਚ ਲਿਖੀ ਗਈ **ਰਮਾਇਣ** ਦਾ ਕੰਬਨ ਨੇ ਤਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ।

(3) **ਦਿੱਲੀ ਸਲਤਨਤ (1206-1526 ਈ: ਤਕ) :** ਦਿੱਲੀ ਸਲਤਨਤ ਕਾਲ ਦੌਰਾਨ ਭਗਤੀ ਲਹਿਰ ਦੇ ਕਾਰਨ ਹਿੰਦੀ, ਗੁਜਰਾਤੀ, ਮਰਾਠੀ, ਤੇਲਗੂ, ਤਮਿਲ, ਪੰਜਾਬੀ, ਕੰਨੜ ਆਦਿ ਖੇਤਰੀ ਭਾਸ਼ਾਵਾਂ ਦਾ ਵਿਕਾਸ ਹੋਇਆ। ਬਹੁਤ ਸਾਰੀਆਂ ਪਵਿੱਤਰ ਧਾਰਮਿਕ ਪੁਸਤਕਾਂ ਦਾ ਸੰਸਕ੍ਰਿਤ ਭਾਸ਼ਾ ਤੋਂ ਭਿੰਨ-ਭਿੰਨ ਖੇਤਰੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ। ਸਮਾਂ ਬੀਤਣ ਨਾਲ਼ ਹਿੰਦੀ ਅਤੇ ਫਾਰਸੀ ਭਾਸ਼ਾਵਾਂ ਦੇ ਸੁਮੇਲ ਨਾਲ਼ ਇੱਕ ਨਵੀਂ ਭਾਸ਼ਾ-ਉਰਦੂ ਹੋਂਦ ਵਿੱਚ ਆਈ। ਵਿਜੈਨਗਰ ਰਾਜ ਦੇ ਸ਼ਾਸਨ ਕਾਲ ਦੌਰਾਨ ਵੀ ਸੰਸਕ੍ਰਿਤ ਭਾਸ਼ਾ ਦਾ ਵਿਕਾਸ ਹੁੰਦਾ ਰਿਹਾ।

(4) **ਮੁਗ਼ਲ ਕਾਲ ਦੌਰਾਨ (1526-1707 ਈ:) :** ਮੁਗਲ ਕਾਲ ਨੂੰ ਫਾਰਸੀ ਭਾਸ਼ਾ ਦਾ ਸੁਨਿਹਰੀ ਯੁੱਗ ਕਿਹਾ ਜਾਂਦਾ ਹੈ। ਇਹ ਮੁਗ਼ਲ ਸਾਮਰਾਜ ਦੀ ਸਰਕਾਰੀ ਭਾਸ਼ਾ ਸੀ। ਸਿੱਟੇ ਵਜੋਂ, ਪੰਜਾਬ ਵਿੱਚ ਫ਼ਾਰਸੀ ਭਾਸ਼ਾ ਨੂੰ ਬਹੁਤ ਉਤਸ਼ਾਹਿਤ ਕੀਤਾ ਗਿਆ। ਅਕਬਰ ਬਾਦਸ਼ਾਹ ਨੇ ਰਮਾਇਣ ਅਤੇ ਮਹਾਂਭਾਰਤ ਦਾ ਸੰਸਕ੍ਰਿਤ ਭਾਸ਼ਾ ਤੋਂ ਫ਼ਾਰਸੀ ਭਾਸ਼ਾ ਵਿੱਚ ਅਨੁਵਾਦ ਕਰਵਾਇਆ। ਉਪਰੋਕਤ ਤੋਂ

ਇਲਾਵਾ, ਪੰਜਾਬੀ ਭਾਸ਼ਾ ਦੀ ਵੀ ਮੁਗ਼ਲ ਕਾਲ ਦੌਰਾਨ ਬਹੁਤ ਉੱਨਤੀ ਹੋਈ। ਹਿੰਦੀ ਭਾਸ਼ਾ ਦਾ ਵੀ ਇੱਕ ਮਹੱਤਵਪੂਰਨ ਭਾਸ਼ਾ ਹੋਣ ਵਜੋਂ ਬਹੁਤ ਵਿਕਾਸ ਹੋਇਆ। ਮੁਗ਼ਲ ਕਾਲ ਸਮੇਂ ਹੀ ਉਰਦੂ ਭਾਸ਼ਾ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ।

## ਸਾਹਿਤ

ਮੱਧਕਾਲੀਨ ਭਾਰਤ ਵਿਚ ਸਾਹਿਤ ਨੂੰ ਉਸ ਸਮੇਂ ਦੇ ਸਾਰੇ ਵੰਸ਼ਾਂ ਦੇ ਸ਼ਾਸਕਾਂ ਦੀ ਸਰਪ੍ਰਸਤੀ ਪ੍ਰਾਪਤ ਹੋਣ ਕਾਰਨ ਸਾਹਿਤ ਦੀ ਬਹੁਤ ਉੱਨਤੀ ਹੋਈ।

### ਉੱਤਰੀ ਭਾਰਤ ਵਿੱਚ ਸਾਹਿਤ ਦਾ ਵਿਕਾਸ (800-1200 ਈ:)

ਉੱਤਰੀ ਭਾਰਤ ਵਿੱਚ ਰਾਜਪੂਤ ਸ਼ਾਸਕਾਂ ਦੇ ਰਾਜਕਾਲ ਦੌਰਾਨ ਸਾਹਿਤ ਦਾ ਬਹੁਤ ਵਿਕਾਸ ਹੋਇਆ ਕਿਉਂਕਿ ਇਸ ਨੂੰ ਉਹਨਾਂ ਸਾਰੇ ਸ਼ਾਸਕਾਂ ਦੀ ਸਰਪ੍ਰਸਤੀ ਪ੍ਰਾਪਤ ਸੀ। **ਚੰਦ ਬਰਦਾਈ** ਨੇ **ਪ੍ਰਿਥਵੀ ਰਾਜ ਰਾਸੋ** ਨਾਂ ਦੇ ਗ੍ਰੰਥ ਦੀ ਰਚਨਾ ਕੀਤੀ। ਬੰਗਾਲ ਦੇ ਰਾਜਕਵੀ **ਜੈ ਦੇਵ** ਨੇ 'ਗੀਤ ਗੋਬਿੰਦ' ਨਾਂ ਦਾ ਪ੍ਰਸਿੱਧ ਗ੍ਰੰਥ ਲਿਖਿਆ ਜਿਸ ਵਿੱਚ ਉਸ ਨੇ ਕ੍ਰਿਸ਼ਨ ਅਤੇ ਰਾਧਾ ਦੇ ਪਿਆਰ ਦਾ ਵਰਨਣ ਕੀਤਾ ਹੈ। ਕਲਹਣ ਨੇ ਇਕ ਇਤਿਹਾਸਕ ਪੁਸਤਕ '**ਰਾਜ ਤਰੰਗਣੀ**' ਲਿਖੀ। ਇਸ ਗ੍ਰੰਥ ਤੋਂ ਕਸ਼ਮੀਰ ਦੇ ਉਸ ਸਮੇਂ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ। ਬਿਲਹਣ ਨੇ '**ਵਿਕ੍ਰਮਾਂਕ ਦੇਵ ਚਰਿਤ**' ਨਾਂ ਦੀ ਪ੍ਰਸਿੱਧ ਪੁਸਤਕ ਲਿਖੀ। ਇਸ ਵਿੱਚ **ਚਾਲੁਕਿਆ** ਰਾਜੇ ਵਿਕ੍ਰਮਾਦਿੱਤਯ ਛੇਵੇਂ ਦੇ ਜੀਵਨ ਦਾ ਵਰਨਣ ਕੀਤਾ ਗਿਆ ਹੈ। '**ਕਥਾ ਸਰਿਤਸਾਗਰ**' ਸੰਸਕ੍ਰਿਤ ਭਾਸ਼ਾ ਦੀ ਇੱਕ ਪ੍ਰਸਿੱਧ ਰਚਨਾ ਹੈ। ਇਹ ਇੱਕ ਕਹਾਣੀਆਂ ਦਾ ਸੰਗ੍ਰਹਿ ਹੈ।

### ਦੱਖਣੀ ਭਾਰਤ ਵਿੱਚ ਸਾਹਿਤ ਦਾ ਵਿਕਾਸ (800-1200 ਈ:)

ਚੋਲ ਸ਼ਾਸਕਾਂ ਦੇ ਰਾਜਕਾਲ ਵਿੱਚ ਸਾਹਿਤ ਦੀ ਬਹੁਤ ਉੱਨਤੀ ਹੋਈ। ਇਸ ਸਮੇਂ ਦੌਰਾਨ ਬਹੁਤ ਸਾਰਾ ਸਾਹਿਤ ਤਮਿਲ, ਤੇਲਗੂ ਅਤੇ ਕੰਨੜ ਆਦਿ ਭਾਸ਼ਾਵਾਂ ਵਿੱਚ ਲਿਖਿਆ ਗਿਆ। ਕੰਬਨ ਦੁਆਰਾ ਤਮਿਲ ਭਾਸ਼ਾ ਵਿੱਚ ਲਿਖੀ ਗਈ ਰਮਾਇਣ, ਇਸ ਦੀ ਇੱਕ ਪ੍ਰਸਿੱਧ ਉਦਾਹਰਣ ਹੈ। ਕੰਨੜ ਭਾਸ਼ਾ ਵਿੱਚ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਗਈਆਂ ਸਨ। ਮਹਾਂਭਾਰਤ ਦਾ ਸੰਸਕ੍ਰਿਤ ਤੋਂ ਤੈਲਗੂ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ।

### ਦਿੱਲੀ ਸੁਲਤਾਨਾਂ ਅਧੀਨ ਸਾਹਿਤ ਦਾ ਵਿਕਾਸ (1206-1526 ਈ:)

ਦਿੱਲੀ ਸੁਲਤਾਨਾਂ ਦੇ ਰਾਜਕਾਲ ਵਿੱਚ ਫ਼ਾਰਸੀ ਰਾਜ ਭਾਸ਼ਾ ਸੀ। ਇਸ ਕਰਕੇ ਇਸ ਸਮੇਂ ਦੌਰਾਨ ਇਸ ਭਾਸ਼ਾ ਵਿੱਚ ਬਹੁਤ ਸਾਰੇ ਸਾਹਿਤ ਦੀ ਰਚਨਾ ਕੀਤੀ ਗਈ। **ਅਮੀਰ ਖੁਸਰੋ** ਅਤੇ **ਅਮੀਰ ਹੁਸੈਨ ਦੇਹਲਵੀਂ** ਆਦਿ ਪ੍ਰਸਿੱਧ ਫ਼ਾਰਸੀ ਕਵੀਆਂ ਨੇ ਫ਼ਾਰਸੀ ਭਾਸ਼ਾ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਹਨ। ਇਸ ਭਾਸ਼ਾ ਵਿੱਚ **ਜਿਆਊਦੀਨ ਬਰਨੀ, ਮਿਨਹਾਜ-ਅਲ-ਸਿਰਾਜ** ਵਰਗੇ ਇਤਿਹਾਸਕਾਰ, **ਇਬਨਬਤੂਤਾ** ਆਦਿ ਵਰਗੇ ਯਾਤਰੀਆਂ ਨੇ ਰਾਜਿਆਂ, ਪ੍ਰਮੁੱਖ ਰਾਜਨੀਤਿਕ ਘਟਨਾਵਾਂ ਅਤੇ ਲੋਕਾਂ ਦੇ ਜੀਵਨ ਬਾਰੇ ਲੇਖ ਲਿਖੇ। ਦਿੱਲੀ ਸਲਤਨਤ ਸਮੇਂ ਰਾਮਾਨੁਜ, ਜੈ ਦੇਵ ਆਦਿ ਸੰਸਕ੍ਰਿਤ ਦੇ ਪ੍ਰਸਿੱਧ ਲੇਖਕ ਸਨ।

ਸੰਸਕ੍ਰਿਤ ਦੀਆਂ ਬਹੁਤ ਸਾਰੀਆਂ ਰਚਨਾਵਾਂ (ਪੁਸਤਕਾਂ) ਦਾ **ਖੇਤਰੀ ਭਾਸ਼ਾਵਾਂ**-ਫ਼ਾਰਸੀ ਅਤੇ ਅਰਬੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ। ਅਮੀਰ ਖ਼ੁਸਰੋ ਇੱਕ ਪ੍ਰਸਿੱਧ ਹਿੰਦੀ ਲੇਖਕ ਵੀ ਸੀ।

ਵਿਜੈਨਗਰ ਰਾਜ ਦੇ ਸ਼ਾਸਕਾਂ ਦੇ ਰਾਜਕਾਲ ਦੌਰਾਨ ਵੀ ਸਾਹਿਤ ਨੇ ਬਹੁਤ ਉੱਨਤੀ ਕੀਤੀ। ਉਹਨਾਂ ਨੇ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਤਮਿਲ, ਤੇਲਗੂ, ਕੰਨੜ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਨੂੰ ਸਰਪ੍ਰਸਤੀ ਦਿੱਤੀ। **ਕ੍ਰਿਸ਼ਨ ਦੇਵ ਰਾਏ** ਸੰਸਕ੍ਰਿਤ ਅਤੇ ਤੇਲਗੂ ਭਾਸ਼ਾ ਦਾ ਪ੍ਰਸਿੱਧ ਕਵੀ ਸੀ। ਉਸ ਨੇ **ਅਲਮੁਕਤਾ ਮਾਲਦਾ** ਨਾਂ ਦੀ ਕਵਿਤਾ ਤੇਲਗੂ ਭਾਸ਼ਾ ਵਿੱਚ ਲਿਖੀ।

### ਮੁ.ਗਲ ਸ਼ਾਸਕਾਂ ਅਧੀਨ ਸਾਹਿਤ ਦਾ ਵਿਕਾਸ (1526-1707 ਈ:)

ਮੁਗ਼ਲ ਸ਼ਾਸਕ ਆਪ ਵੀ ਮਹਾਨ ਵਿਦਵਾਨ ਸਨ। ਬਾਬਰ ਨੇ **ਬਾਬਰਨਾਮਾ** ਜਾਂ **ਤੁਜ਼ਕ-ਏ-ਬਾਬਰੀ** ਨਾਂ ਦੀ ਪ੍ਰਸਿੱਧ ਆਤਮਕਥਾ ਲਿਖੀ। ਇਹ ਪੁਸਤਕ ਤੁਰਕੀ ਭਾਸ਼ਾ ਵਿੱਚ ਲਿਖੀ ਗਈ ਸੀ। ਅਕਬਰ ਨੇ ਸਾਹਿਤ ਦੇ ਵਿਕਾਸ ਨੂੰ ਕਾਫ਼ੀ ਉਤਸ਼ਾਹਿਤ ਕੀਤਾ। ਉਸ ਦੇ ਦਰਬਾਰ ਵਿੱਚ ਸ਼ੇਖ ਮੁਬਾਰਕ, ਅਬੁਲ ਫਜ਼ਲ ਅਤੇ ਫ਼ੈਜੀ ਵਰਗੇ ਮਹਾਨ ਵਿਦਵਾਨ ਸਨ। **ਅਬੁਲ ਫਜ਼ਲ** ਨੇ ਆਈਨ-ਏ-ਅਕਬਰੀ ਅਤੇ ਅਕਬਰ ਨਾਮਾ ਨਾਂ ਦੀਆਂ ਪੁਸਤਕਾਂ ਲਿਖੀਆਂ ਸਨ। ਅਕਬਰ ਬਾਦਸ਼ਾਹ ਨੇ **ਰਮਾਇਣ**, **ਮਹਾਂਭਾਰਤ**, **ਰਾਜਤਰੰਗਿਣੀ**, **ਪੰਚਤੰਤਰ** ਆਦਿ ਸੰਸਕ੍ਰਿਤ ਦੀਆਂ ਪ੍ਰਸਿੱਧ ਰਚਨਾਵਾਂ (ਗ੍ਰੰਥ) ਦਾ ਫਾਰਸੀ ਭਾਸ਼ਾ ਵਿੱਚ ਅਨੁਵਾਦ ਕਰਵਾਇਆ।

ਬਾਦਸ਼ਾਹ ਜਹਾਂਗੀਰ ਵੀ ਤੁਰਕੀ, ਹਿੰਦੀ ਅਤੇ ਫਾਰਸੀ ਭਾਸ਼ਾਵਾਂ ਦਾ ਮਹਾਨ ਵਿਦਵਾਨ ਸੀ। ਉਸ ਨੇ ਫਾਰਸੀ ਭਾਸ਼ਾ ਵਿੱਚ **ਤੁਜ਼ਕ-ਏ-ਜਹਾਂਗੀਰੀ** ਨਾਂ ਦੀ ਆਤਮਕਥਾ ਲਿਖੀ। ਉਸ ਨੇ ਵਿਦਵਾਨਾਂ ਦੀ ਵੀ ਸਰਪ੍ਰਸਤੀ ਕੀਤੀ। ਰਾਏ ਮਨੋਹਰ ਦਾਸ, ਭੀਸ਼ਨ ਦਾਸ ਅਤੇ ਕੇਸ਼ਵ ਦਾਸ ਜਹਾਂਗੀਰ ਦੇ ਦਰਬਾਰ ਦੇ ਪ੍ਰਸਿੱਧ ਹਿੰਦੀ ਲੇਖਕ ਸਨ।

ਬਾਦਸ਼ਾਹ **ਸ਼ਾਹਜਹਾਂ** ਸਾਹਿਤ ਦਾ ਪ੍ਰੇਮੀ ਸੀ। ਉਸ ਦੇ ਰਾਜਕਾਲ ਵਿੱਚ ਅਬਦੁਲ ਹਮੀਦ ਲਾਹੌਰੀ ਦਾ **ਪਾਦਸ਼ਾਹਨਾਮਾ** ਅਤੇ ਮੁਹੰਮਦ ਸਦੀਕ ਦਾ **ਸ਼ਾਹਜਹਾਂ ਨਾਮਾ** ਪ੍ਰਸਿੱਧ ਪੁਸਤਕਾਂ ਲਿਖੀਆਂ ਗਈਆਂ। ਉਸ ਨੇ ਹਿੰਦੀ ਸਾਹਿਤ ਦੀ ਵੀ ਸਰਪ੍ਰਸਤੀ ਕੀਤੀ।

ਔਰੰਗਜ਼ੇਬ ਬਾਦਸ਼ਾਹ ਨੇ ਇਸਲਾਮੀ ਕਾਨੂੰਨ 'ਤੇ ਅਧਾਰਤ **ਫ਼ਤਵਾ-ਏ-ਆਲਮਗੀਰੀ** ਪੁਸਤਕ ਲਿਖਵਾਈ। ਖ਼ਾਫ਼ੀ ਖਾਂ ਨੇ **ਮੁੰਤਖਿਬ-ਉਲ-ਲੁਬਾਬ** ਨਾਂ ਦਾ ਪ੍ਰਸਿੱਧ ਇਤਿਹਾਸਕ ਗ੍ਰੰਥ (ਪੁਸਤਕ) ਲਿਖਿਆ।

## ਚਿੱਤਰ ਕਲਾ

### ਰਾਜਪੂਤ-ਯੁੱਗ ਦੌਰਾਨ ਚਿੱਤਰ ਕਲਾ ਦਾ ਵਿਕਾਸ (800-1200 ਈ:)

ਰਾਜਪੂਤ ਸ਼ਾਸਕਾਂ ਦੇ ਰਾਜਕਾਲ ਵਿੱਚ ਕਾਗਜ਼ਾਂ ਉੱਤੇ ਵੀ ਚਿੱਤਰ ਬਣਾਉਣੇ ਸ਼ੁਰੂ ਹੋ ਗਏ ਸਨ। ਇਸ ਯੁਗ ਵਿੱਚ ਚਿੱਤਰ ਕਲਾ ਦੀ ਪਾਲ ਅਤੇ ਅੰਪਭਰੰਸ਼ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਸੀ। ਬੁੱਧ ਧਰਮ ਦੇ ਗ੍ਰੰਥਾਂ ਵਿੱਚੋਂ ਪਾਲ ਸ਼ੈਲੀ ਦੇ ਚਿੱਤਰ ਪ੍ਰਾਪਤ ਹੁੰਦੇ ਹਨ। ਇਹਨਾਂ ਚਿੱਤਰਾਂ ਵਿੱਚ ਸਫ਼ੈਦ, ਕਾਲੇ, ਲਾਲ ਅਤੇ ਨੀਲੇ ਰੰਗਾਂ ਦੀ ਵਰਤੋਂ ਕੀਤੀ ਗਈ ਹੈ। **ਅੰਪਭਰੰਸ਼** ਸ਼ੈਲੀ ਦੇ ਚਿੱਤਰਾਂ ਵਿੱਚ ਲਾਲ ਅਤੇ ਪੀਲੇ ਰੰਗਾਂ ਦੀ ਜ਼ਿਆਦਾ ਮਾਤਰਾ ਵਿੱਚ ਵਰਤੋਂ ਕੀਤੀ ਗਈ ਹੈ। ਇਸ ਸ਼ੈਲੀ ਦੇ ਚਿੱਤਰ ਜੈਨ ਧਰਮ ਅਤੇ ਪੁਰਾਣੇ ਧਾਰਮਿਕ ਗ੍ਰੰਥਾਂ ਵਿੱਚ ਮਿਲਦੇ ਹਨ।

### ਦਿੱਲੀ ਸਲਤਨਤ ਕਾਲ ਵਿੱਚ ਚਿੱਤਰ ਕਲਾ ਦਾ ਵਿਕਾਸ (1206-1526 ਈ:)

ਦਿੱਲੀ ਸਲਤਨਤ ਕਾਲ ਵਿੱਚ ਦੀਵਾਰਾਂ, ਛੱਤਾਂ ਆਦਿ ਉੱਤੇ ਚਿੱਤਰਕਾਰੀ ਕੀਤੀ ਜਾਂਦੀ ਸੀ। ਮੁਹੰਮਦ ਤੁਗਲਕ ਦਾ ਇੱਕ ਚਿੱਤਰ ਇਸ ਸਮੇਂ ਦੀ ਚਿੱਤਰਕਲਾ ਦਾ ਸੁੰਦਰ ਨਮੂਨਾ ਹੈ। ਰਾਜ ਦਰਬਾਰ ਦੇ ਚਿੱਤਰਕਾਰ ਦਿੱਲੀ ਸੁਲਤਾਨਾਂ ਦੀਆਂ ਤਸਵੀਰਾਂ ਬਣਾਉਂਦੇ ਸਨ।

### ਮੁਗ਼ਲ ਕਾਲ ਦੌਰਾਨ ਚਿੱਤਰ ਕਲਾ ਦਾ ਵਿਕਾਸ (1526-1707 ਈ:)

ਮੁਗ਼ਲ ਸ਼ਾਸਕ ਚਿੱਤਰਕਲਾ ਦੇ ਮਹਾਨ ਸਰਪ੍ਰਸਤ ਸਨ। ਇਸ ਕਰਕੇ ਮੁਗ਼ਲਾਂ ਦੇ ਰਾਜਕਾਲ ਸਮੇਂ ਇਸ ਕਲਾ ਦਾ ਬਹੁਤ ਵਿਕਾਸ ਹੋਇਆ।

ਮੁਗ਼ਲ ਸ਼ਾਸਕ **ਬਾਬਰ** ਅਤੇ **ਹੁਮਾਯੂੰ** ਚਿੱਤਰਕਲਾ ਵਿੱਚ ਬਹੁਤ ਦਿਲਚਸਪੀ ਰੱਖਦੇ ਸਨ। ਹੁਮਾਯੂੰ ਨੇ ਦੋ ਪ੍ਰਸਿੱਧ ਚਿੱਤਰਕਾਰ ਅਬਦੁਲ ਸਮਦ ਅਤੇ ਸੱਯਦ ਅਲੀ ਨੂੰ ਈਰਾਨ ਤੋਂ ਆਪਣੇ ਨਾਲ਼ ਦਿੱਲੀ ਲਿਆਂਦਾ ਸੀ। **ਅਕਬਰ** ਨੇ ਚਿੱਤਰਕਲਾ ਦੇ ਵਿਕਾਸ ਲਈ ਇੱਕ ਵੱਖਰੇ ਵਿਭਾਗ ਦੀ ਸਥਾਪਨਾ ਕੀਤੀ। ਇਸ ਵਿਭਾਗ ਨੇ ਪੁਸਤਕਾਂ ਨੂੰ ਚਿੱਤਰਿਤ ਕਰਨ ਦੇ ਨਾਲ਼-ਨਾਲ਼ ਬਾਦਸ਼ਾਹਾਂ ਦੀਆਂ ਤਸਵੀਰਾਂ ਵੀ ਬਣਾਈਆਂ। **ਦਸਵੰਤ** ਅਤੇ **ਬਾਸਵਾਨ** ਅਕਬਰ ਦੇ ਦਰਬਾਰ ਦੇ ਦੋ ਪ੍ਰਸਿੱਧ ਚਿੱਤਰਕਾਰ ਸਨ।

**ਜਹਾਂਗੀਰ** ਆਪ ਵੀ ਇਕ ਚੰਗਾ ਚਿੱਤਰਕਾਰ ਸੀ। ਉਸ ਦੇ ਰਾਜਕਾਲ ਦੌਰਾਨ ਸੂਖਮ ਚਿੱਤਰਕਾਰੀ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ। ਉਸਤਾਦ ਮਨਸੂਰ, ਅਬੁਲ ਹਸਨ, ਫ਼ਾਰੂਖ ਬੇਗ, ਮਾਧਵ ਆਦਿ ਜਹਾਂਗੀਰ ਦੇ ਦਰਬਾਰ ਦੇ ਪ੍ਰਸਿੱਧ ਚਿੱਤਰਕਾਰ ਸਨ।

## ਸੰਗੀਤ

### ਮੱਧਕਾਲੀਨ ਯੁਗ ਵਿੱਚ ਉੱਤਰੀ ਅਤੇ ਦੱਖਣੀ ਭਾਰਤ ਵਿੱਚ ਸੰਗੀਤ ਦਾ ਵਿਕਾਸ (800-1200 ਈ:)

ਇਸ ਸਮੇਂ ਦੌਰਾਨ ਰਾਜਪੂਤ ਸ਼ਾਸਕਾਂ ਅਧੀਨ ਸੰਗੀਤ ਕਲਾ ਦਾ ਬਹੁਤ ਵਿਕਾਸ ਹੋਇਆ। ਉੱਤਰੀ, ਦੱਖਣੀ ਭਾਰਤ ਦੇ ਰਾਜਪੂਤ ਸ਼ਾਸਕ ਅਤੇ ਚੋਲ ਸ਼ਾਸਕ ਸੰਗੀਤ ਵਿੱਚ ਬਹੁਤ ਰੁੱਚੀ ਰੱਖਦੇ ਸਨ। ਉਹਨਾਂ ਦੇ ਦਰਬਾਰ ਵਿੱਚ ਸੰਗੀਤਕਾਰਾਂ ਦਾ ਬਹੁਤ ਸਤਿਕਾਰ ਅਤੇ ਮਾਣ ਕੀਤਾ ਜਾਂਦਾ ਸੀ। ਇਸ ਯੁੱਗ ਦੌਰਾਨ **ਰਾਗ ਸਿਸਟਮ** 'ਤੇ ਅਧਾਰਤ ਭਾਰਤੀ ਕਲਾਸੀਕਲ ਸੰਗੀਤ ਆਪਣੀ ਚਰਮ ਸੀਮਾਂ 'ਤੇ ਸੀ। ਉਸ ਸਮੇਂ ਸੰਗੀਤ ਦੇ ਦੋ-ਹਿੰਦੋਸਤਾਨੀ ਸੰਗੀਤ ਸਕੂਲ ਅਤੇ ਕਰਨਾਟਕ ਸੰਗੀਤ ਸਕੂਲ ਸਨ।

ਉਪਰੋਕਤ ਦੇ ਇਲਾਵਾ ਸਾਡੇ ਲੋਕ ਗੀਤ ਸਾਡੇ ਸੰਗੀਤ ਦੇ ਅਮੀਰ ਵਿਰਸੇ 'ਤੇ ਚਾਨਣਾ ਪਾਉਂਦੇ ਹਨ।

### ਦਿੱਲੀ ਸਲਤਨਤ ਕਾਲ ਵਿੱਚ ਸੰਗੀਤ ਦਾ ਵਿਕਾਸ (1206-1526 ਈ:)

ਸੰਗੀਤ ਨੇ ਦਿੱਲੀ ਸਲਤਨਤ ਦੇ ਰਾਜਕਾਲ ਵਿੱਚ ਬਹੁਤ ਉੱਨਤੀ ਕੀਤੀ, ਕਿਉਂਕਿ ਦਿੱਲੀ ਦੇ ਸੁਲਤਾਨ ਸੰਗੀਤ ਦੇ ਬਹੁਤ ਪ੍ਰੇਮੀ ਸਨ। ਇਸ ਕਾਲ ਵਿੱਚ ਅਮੀਰ ਖੁਸਰੋ ਸੰਗੀਤ ਸ਼ਾਸਤਰ ਦਾ ਵਿਦਵਾਨ ਅਤੇ ਕਵੀ ਸੀ। ਉਸ ਨੇ ਤਬਲੇ ਅਤੇ ਸਿਤਾਰ ਦੀ ਖੋਜ ਕੀਤੀ। ਕਹਿੰਦੇ ਹਨ ਕਿ ਮੁਹੰਮਦ

ਤੁਗਲਕ ਦੇ ਰਾਜ ਦਰਬਾਰ ਵਿੱਚ 1200 ਸੰਗੀਤਕਾਰ ਸਨ। ਫਿਰੋਜ਼ ਤੁਗਲਕ ਤਾਂ ਹਰੇਕ ਸ਼ੁਕਰਵਾਰ ਵਾਲੇ ਦਿਨ ਇੱਕ ਸੰਗੀਤ ਸਭਾ ਬੁਲਾਉਂਦਾ ਸੀ। ਸੂਫ਼ੀ ਸੰਤਾਂ ਅਤੇ ਭਗਤਾਂ ਦੀ ਵੀ ਸੰਗੀਤ ਵਿੱਚ ਬਹੁਤ ਰੁੱਚੀ ਸੀ। ਗਵਾਲੀਅਰ ਦਾ ਰਾਜਪੂਤ ਰਾਜਾ ਮਾਨ ਸਿੰਘ ਸੰਗੀਤ ਪ੍ਰੇਮੀ ਸੀ। ਉਸ ਦੇ ਦਰਬਾਰ ਵਿੱਚ **ਬੈਜੂ** ਅਤੇ **ਪਾਂਡਵੀ** ਦੋ ਪ੍ਰਸਿੱਧ ਸੰਗੀਤਕਾਰ ਸਨ, ਜਿੰਨਾਂ ਨੇ ਸੰਗੀਤ ਸ਼ਾਸਤਰ **ਮੀਮਾਂਸਾ** ਅਤੇ **ਸੰਗੀਤ ਰਾਜ** ਨਾਂ ਦੇ ਦੋ ਗ੍ਰੰਥ ਲਿਖੇ।

### ਮੁਗ਼ਲ ਕਾਲ ਵਿੱਚ ਸੰਗੀਤ ਦਾ ਵਿਕਾਸ (1526-1707 ਈ:)

ਔਰੰਗਜ਼ੇਬ ਦੇ ਇਲਾਵਾ ਸਾਰੇ ਮੁਗ਼ਲ ਬਾਦਸ਼ਾਹ ਸੰਗੀਤ ਦੇ ਪ੍ਰੇਮੀ ਸਨ। ਇਸ ਲਈ ਉਹਨਾਂ ਦੇ ਰਾਜਕਾਲ ਵਿੱਚ ਸੰਗੀਤ ਕਲਾ ਦਾ ਬਹੁਤ ਵਿਕਾਸ ਹੋਇਆ। ਬਾਬਰ ਅਤੇ ਹੁਮਾਯੂੰ ਸੰਗੀਤ ਦੇ ਮਹਾਨ ਪ੍ਰੇਮੀ ਸਨ। ਹੁਮਾਯੂੰ ਹਫ਼ਤੇ ਵਿੱਚ ਦੋ ਦਿਨ ਅਲਗ ਬੈਠ ਕੇ ਸੰਗੀਤ ਸੁਣਦਾ ਹੁੰਦਾ ਸੀ।

ਅਕਬਰ ਸੰਗੀਤ ਕਲਾ ਵਿੱਚ ਬਹੁਤ ਦਿਲਚਸਪੀ ਲੈਂਦਾ ਸੀ। ਉਹ ਆਪ ਇੱਕ ਗਾਇਕ ਸੀ। ਉਸ ਨੂੰ ਸੰਗੀਤ ਦੇ ਸੁਰ ਅਤੇ ਤਾਲ ਦਾ ਪੂਰਾ ਗਿਆਨ ਸੀ। ਉਸ ਦੇ ਦਰਬਾਰ ਵਿੱਚ **ਤਾਨਸੇਨ** ਵਰਗੇ ਉਚਕੋਟੀ ਦੇ ਗਾਇਕ ਸਨ। ਉਸ ਨੇ ਬਹੁਤ ਸਾਰੇ ਰਾਗ ਅਤੇ ਰਾਗਨੀਆਂ ਲਿਖੀਆਂ। ਤਾਨਸੇਨ ਦੇ ਇਲਾਵਾ ਬੈਜੂ ਬਾਵਰਾ ਅਤੇ ਸੂਰਦਾਸ ਉਚਕੋਟੀ ਦੇ ਗਾਇਕ ਸਨ। ਜਹਾਂਗੀਰ ਅਤੇ ਸ਼ਾਹਜਹਾਂ ਬਾਦਸ਼ਾਹ ਵੀ ਸੰਗੀਤ ਕਲਾ ਦੇ ਪ੍ਰੇਮੀ ਸਨ। ਉਹਨਾਂ ਨੇ ਬਹੁਤ ਸਾਰੇ ਦਰਬਾਰੀ ਸੰਗੀਤਕਾਰ ਰੱਖੇ। ਮੁਗ਼ਲਕਾਲ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ-ਰਾਗਨੀਆਂ ਦੇ ਅਨੁਸਾਰ **ਆਦਿ ਗ੍ਰੰਥ ਸਾਹਿਬ** ਦੀ ਰਚਨਾ ਕੀਤੀ ਸੀ।

### ਪੰਜਾਬ ਦੇ ਸਭਿਆਚਾਰ ਦਾ ਵਿਸ਼ੇਸ਼ ਅਧਿਐਨ

ਮੱਧਕਾਲੀਨ ਪੰਜਾਬ ਵਿੱਚ ਪੰਜਾਬੀ ਸਭਿਆਚਾਰ ਜਿਵੇਂ ਕਿ ਭਾਸ਼ਾ, ਸਾਹਿਤ, ਚਿੱਤਰਕਲਾ ਅਤੇ ਸੰਗੀਤ ਆਦਿ ਦਾ ਬਹੁਤ ਵਿਕਾਸ ਹੋਇਆ।

#### ਭਾਸ਼ਾ ਅਤੇ ਸਾਹਿਤ

**(1) ਬਾਬਾ ਫਰੀਦ ਸ਼ਕਰਗੰਜ਼, 1173-1265 ਈ: :** ਬਾਬਾ ਫਰੀਦ ਸ਼ਕਰਗੰਜ਼ ਜੀ ਪੰਜਾਬ ਦੇ ਸੂਫੀ ਸੰਤ ਸਨ। ਉਹਨਾਂ ਨੂੰ ਪੰਜਾਬੀ ਸਾਹਿਤ ਦੇ ਮੋਢੀ ਕਿਹਾ ਜਾਂਦਾ ਹੈ। ਉਹਨਾਂ ਨੇ ਆਪਣੀ ਬਾਣੀ ਦੀ ਰਚਨਾ ਲਹਿੰਦੀ ਜਾਂ ਮੁਲਤਾਨੀ ਭਾਸ਼ਾ ਵਿੱਚ ਕੀਤੀ ਜੋ ਕਿ ਆਮ ਲੋਕਾਂ ਦੀ ਬੋਲੀ ਸੀ। ਉਹਨਾਂ ਦੇ 112 ਸ਼ਲੋਕ ਅਤੇ 4 ਸ਼ਬਦਾਂ ਨੂੰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ। ਨਿਰਸੰਦੇਹ ਬਾਬਾ ਫਰੀਦ ਜੀ ਨੇ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ।

**(2) ਸ੍ਰੀ ਗੁਰੂ ਨਾਨਕ ਦੇਵ ਜੀ, 1469-1539 ਈ: :** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਸਾਹਿਤ ਦੇ ਇੱਕ ਨਵੇਂ ਯੁੱਗ ਦਾ ਅਰੰਭ ਕੀਤਾ। ਕਿਉਂਕਿ ਉਹਨਾਂ ਦੁਆਰਾ ਰਚਿਆ ਗਿਆ ਪੰਜਾਬੀ ਸਾਹਿਤ ਸਾਰੇ ਪੱਖਾਂ ਤੋਂ ਮਹਾਨ ਸੀ। ਗੁਰੂ ਨਾਨਕ ਦੇਵ ਜੀ ਦੁਆਰਾ ਰਚੀਆਂ ਗਈਆਂ

ਬਾਣੀਆਂ ਵਿੱਚੋਂ ਜਪੁਜੀ ਸਾਹਿਬ, ਆਸਾ ਦੀ ਵਾਰ, ਸਿੱਧ ਗੋਸ਼ਟੀ ਜਾਂ ਗੋਸ਼ਟ, ਬਾਬਰ-ਬਾਣੀ ਆਦਿ ਮਹੱਤਵਪੂਰਣ ਹਨ। ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੰਜਾਬੀ ਸਾਹਿਤ ਨੂੰ ਇੱਕ ਅਮਰ ਦੇਣ ਹੈ।

**(3) ਸ੍ਰੀ ਗੁਰੂ ਅਰਜਨ ਦੇਵ ਜੀ, 1563-1606 ਈ: :** ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿੱਚ **ਆਦਿ ਗ੍ਰੰਥ ਸਾਹਿਬ** ਦੀ ਰਚਨਾ ਕੀਤੀ। ਇਸ ਆਦਿ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰ ਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਸ਼ਾਮਲ ਕੀਤਾ ਗਿਆ। ਬਾਅਦ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਇਸ ਵਿੱਚ ਦਰਜ਼ ਕੀਤਾ ਗਿਆ। ਸਿੱਖ ਗੁਰੂਆਂ ਦੇ ਇਲਾਵਾ **ਆਦਿ ਗ੍ਰੰਥ** ਸਾਹਿਬ ਵਿੱਚ ਹਿੰਦੂ ਭਗਤਾਂ ਅਤੇ ਸੂਫ਼ੀ ਸੰਤਾਂ ਅਤੇ ਕੁਝ ਭੱਟਾਂ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਸਾਰੀ ਬਾਣੀ ਵਿੱਚ ਪ੍ਰਮਾਤਮਾ ਦੀ ਪ੍ਰਸ਼ੰਸਾ ਕੀਤੀ ਗਈ ਹੈ। ਆਦਿ ਗ੍ਰੰਥ ਸਾਹਿਬ ਨੂੰ ਪੰਜਾਬੀ ਸਾਹਿਤ ਵਿੱਚ ਸਰਵ-ਉੱਚ ਸਥਾਨ ਪ੍ਰਾਪਤ ਹੈ।

**(4) ਭਾਈ ਗੁਰਦਾਸ ਜੀ, 1551-1637 ਈ: :** ਭਾਈ ਗੁਰਦਾਸ ਜੀ ਇੱਕ ਮਹਾਨ ਕਵੀ ਸਨ। ਉਹਨਾਂ ਨੇ ਪੰਜਾਬੀ ਭਾਸ਼ਾ ਵਿੱਚ 39 ਵਾਰਾਂ ਦੀ ਰਚਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਵਾਰਾਂ ਨੂੰ **ਸ੍ਰੀ ਗੁਰੂ ਗ੍ਰੰਥ ਸਾਹਿਬ** ਦੀ ਕੁੰਜੀ ਕਹਿ ਕੇ ਸਨਮਾਨਿਤ ਕੀਤਾ। ਵਾਸਤਵ ਵਿੱਚ, ਭਾਈ ਗੁਰਦਾਸ ਜੀ ਦੀ ਪੰਜਾਬੀ ਸਾਹਿਤ ਅਤੇ ਸਿੱਖ ਫਿਲਾਸਫ਼ੀ ਨੂੰ ਮਹਾਨ ਦੇਣ ਹੈ।

**(5) ਸ੍ਰੀ ਗੁਰੂ ਗੋਬਿੰਦ ਸਿੰਘ ਜੀ, 1666-1708 ਈ: :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਚ ਕੋਟੀ ਦੇ ਕਵੀ ਅਤੇ ਸਾਹਿਤਕਾਰ ਸਨ। ਉਹਨਾਂ ਦੀਆਂ ਰਚਨਾਵਾਂ ਜਿਵੇਂ ਕਿ ਜਾਪ ਸਾਹਿਬ, ਬਚਿੱਤਰ ਨਾਟਕ, ਜ਼ਫ਼ਰਨਾਮਾ, ਚੰਡੀ ਦੀ ਵਾਰ ਅਤੇ ਅਕਾਲ ਉਸਤਤ ਆਦਿ ਬਹੁਤ ਮਹਤੱਵਪੂਰਨ ਹਨ ਜੋ ਕਿ **ਦਸਮ ਗ੍ਰੰਥ ਸਾਹਿਬ** ਵਿੱਚ ਦਰਜ ਹਨ। ਨਿਰਸੰਦੇਹ **'ਚੰਡੀ ਦੀ ਵਾਰ'** ਪੰਜਾਬੀ ਸਾਹਿਤ ਦੀ ਇਕ ਸਦੀਵੀ ਰਚਨਾ ਹੈ।

**(6) ਸ਼ਾਹ ਹੁਸੈਨ, 1538-1593 ਈ: :** ਸ਼ਾਹ ਹੁਸੈਨ ਇੱਕ ਪ੍ਰਸਿੱਧ ਪੰਜਾਬੀ ਸੂਫ਼ੀ ਕਵੀ ਸੀ। ਉਸ ਨੇ 165 ਕਾਫ਼ੀਆਂ ਦੀ ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਇੱਕ ਮਹਾਨ ਦੇਣ ਦਿੱਤੀ।

**(7) ਬੁੱਲ੍ਹੇ ਸ਼ਾਹ, 1680-1758 ਈ: :** ਬੁੱਲ੍ਹੇ ਸ਼ਾਹ ਪੰਜਾਬੀ ਸਾਹਿਤ ਦਾ ਇਕ ਪ੍ਰਸਿੱਧ ਕਵੀ ਸੀ। ਉਸ ਨੇ ਕਾਫ਼ੀਆਂ, ਸਿਹਰਫ਼ੀਆਂ, ਦੋਹਰੇਂ, ਅਠਵਾਰਾਂ, ਬਾਰਮਾਹ ਆਦਿ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ। ਪ੍ਰੰਤੂ ਉਸ ਦੁਆਰਾ ਰਚੀਆਂ ਗਈਆਂ ਕਾਫ਼ੀਆਂ ਬਹੁਤ ਪ੍ਰਸਿੱਧ ਹਨ। ਅਸਲ ਵਿੱਚ ਉਸ ਦੀ ਪੰਜਾਬੀ ਸਾਹਿਤ ਨੂੰ ਮਹਾਨ ਦੇਣ ਹੈ।

**(8) ਦਾਮੋਦਰ :** ਦਾਮੋਦਰ ਮਹਾਨ ਮੁਗਲ ਬਾਦਸ਼ਾਹ ਅਕਬਰ ਦਾ ਸਮਕਾਲੀਨ ਸੀ। ਉਸ ਨੇ ਲਹਿੰਦੀ ਜਾਂ ਮੁਲਤਾਨੀ ਪੰਜਾਬੀ ਬੋਲੀ ਵਿੱਚ **'ਹੀਰ ਰਾਂਝੇ'** ਕਿੱਸੇ ਦੀ ਰਚਨਾ ਕੀਤੀ। ਇਸ ਵਿੱਚ ਉਸ ਨੇ ਆਪਣੇ ਸਮੇਂ ਦੇ ਪੇਂਡੂ ਸਭਿਆਚਾਰ ਦਾ ਵਰਨਣ ਕੀਤਾ ਹੈ।

**(9) ਵਾਰਿਸ ਸ਼ਾਹ, 1710-1798 ਈ: :** ਵਾਰਿਸ ਸ਼ਾਹ ਨੂੰ ਪੰਜਾਬੀ ਕਿੱਸਾ ਕਾਵਿ ਵਿੱਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਸ ਨੇ **ਹੀਰ** ਨਾਂ ਦੇ ਪੰਜਾਬੀ ਕਿੱਸੇ ਦੀ ਰਚਨਾ ਕੀਤੀ ਜੋ ਕਿ ਪੰਜਾਬੀ ਸਾਹਿਤ ਨੂੰ ਇੱਕ ਮਹੱਤਵਪੂਰਨ ਦੇਣ ਹੈ।

**(10) ਸ਼ਾਹ ਮੁਹੰਮਦ, 1782-1862 ਈ: :** ਉਸ ਨੇ **ਜੰਗਨਾਮਾ** ਨਾਂ ਦੀ ਰਚਨਾ ਲਿਖੀ। ਸ਼ਾਹ ਮੁਹੰਮਦ ਨੇ ਆਪਣੀ ਰਚਨਾ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦੀ ਚੜ੍ਹਤ ਜਿਸ ਨੂੰ ਉਸ ਨੇ ਆਪਣੇ ਅੱਖੀ ਦੇਖਿਆ ਸੀ, ਦੀ ਬਹੁਤ ਪ੍ਰਸ਼ੰਸਾ ਕੀਤੀ ਹੈ। ਵਾਸਤਵ, ਵਿੱਚ ਇਹ ਰਚਨਾ ਪੰਜਾਬੀ ਸਾਹਿਤ ਨੂੰ ਇੱਕ ਅਮੁੱਲੀ ਦੇਣ ਹੈ।

### ਚਿੱਤਰਕਲਾ

ਸਾਨੂੰ ਸਿੱਖ ਗੁਰੂ ਸਾਹਿਬਾਨ ਨਾਲ਼ ਸੰਬੰਧਤ ਬਹੁਤ ਸਾਰੇ ਚਿੱਤਰ ਪੁਰਾਣੇ ਗ੍ਰੰਥਾਂ ਜਾਂ ਗੁਰਦੁਆਰਿਆਂ ਦੀਆਂ ਦੀਵਾਰਾਂ ਅਤੇ ਰਾਜ ਮਹਿਲਾਂ ਵਿੱਚ ਬਣੇ ਹੋਏ ਮਿਲੇ ਹਨ। ਉਦਾਹਰਣ ਵਜੋਂ, ਗੋਇੰਦਵਾਲ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੇ ਉਨ੍ਹਾਂ 22 ਸਿੱਖਾਂ ਦੇ ਚਿੱਤਰ ਮਿਲੇ ਹਨ, ਜਿੰਨ੍ਹਾਂ ਨੂੰ ਮੰਜੀ ਪ੍ਰਥਾ ਅਧੀਨ ਗੁਰੂ ਸਾਹਿਬ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਨਿਯੁਕਤ ਕੀਤਾ ਸੀ। ਇਹ ਚਿੱਤਰ ਉਸ ਸਮੇਂ ਦੀ ਚਿੱਤਰਕਲਾ ਦੇ ਵਿਕਾਸ 'ਤੇ ਚਾਨਣਾ ਪਾਉਂਦੇ ਹਨ।

## ਯਾਦ ਰੱਖਣ ਯੋਗ ਨੁਕਤੇ

1. ਮੱਧਕਾਲੀਨ ਭਾਰਤ ਵਿਚ ਗੁਜਰਾਤੀ, ਬੰਗਾਲੀ, ਮਰਾਠੀ, ਸੰਸਕ੍ਰਿਤ, ਤਮਿਲ, ਤੇਲਗੂ, ਕੰਨੜ, ਹਿੰਦੀ, ਪੰਜਾਬੀ ਆਦਿ ਭਾਸ਼ਾਵਾਂ ਦਾ ਵਿਕਾਸ ਹੋਇਆ।
2. ਮੱਧਕਾਲੀਨ ਭਾਰਤ ਵਿੱਚ ਪ੍ਰਿਥਵੀਰਾਜ ਰਾਸੋ, ਗੀਤ ਗੋਬਿੰਦ, ਰਾਜ ਤਰੰਗਣੀ, ਵਿਕ੍ਰਮਾਂਕ ਦੇਵ ਚਰਿਤ, ਕਥਾ ਸਰਿਤਸਾਗਰ, ਬਾਬਰਨਾਮਾ, ਆਇਨੇ-ਏ-ਅਕਬਰੀ, ਅਕਬਰਨਾਮਾ, ਤੁਜ਼ਕ-ਏ-ਜਹਾਂਗੀਰੀ, ਬਾਦਸ਼ਾਹਨਾਮਾ, ਸ਼ਾਹਜਹਾਂ ਨਾਮਾ, ਫਤਵਾ-ਏ-ਆਲਮਗੀਰੀ ਮੁੰਤਖਿਬ-ਉਲ-ਲੁਬਾਬ ਆਦਿ ਸਾਹਿਤ ਦਾ ਵਿਕਾਸ ਹੋਇਆ।
3. ਮੱਧਕਾਲੀਨ ਯੁੱਗ ਵਿੱਚ ਰਾਗ ਸਿਸਟਮ 'ਤੇ ਅਧਾਰਤ ਭਾਰਤੀ ਕਲਾਸੀਕਲ ਸੰਗੀਤ ਦਾ ਬਹੁਤ ਵਿਕਾਸ ਹੋਇਆ। ਮੁਹੰਮਦਬਿਨ ਤੁਗਲਕ ਦੇ ਦਰਬਾਰ ਵਿਚ 1200 ਸੰਗੀਤਕਾਰ ਸਨ। ਅਕਬਰ ਦੇ ਦਰਬਾਰ ਵਿਚ ਤਾਨਸੇਨ ਇੱਕ ਪ੍ਰਸਿੱਧ ਸੰਗੀਤਕਾਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ-ਰਾਗਨੀਆਂ ਅਨੁਸਾਰ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਬੈਜੂ ਅਤੇ ਪਾਂਡਵੀ ਪ੍ਰਸਿੱਧ ਸੰਗੀਤਾਕਾਰਾਂ ਨੇ ਮੀਮਾਂਸਾ ਅਤੇ ਸੰਗੀਤ ਰਾਜ ਨਾਂ ਦੇ ਗ੍ਰੰਥ ਲਿਖੇ ਗਏ।
4. ਮੱਧਕਾਲੀਨ ਪੰਜਾਬ ਵਿੱਚ ਬਾਬਾ ਫਰੀਦ ਸ਼ਕਰਗੰਜ਼ ਨੇ ਆਪਣੀ ਬਾਣੀ ਦੀ ਰਚਨਾ ਲਹਿੰਦੀ ਜਾਂ ਮੁਲਤਾਨੀ ਭਾਸ਼ਾ ਵਿਚ ਕੀਤੀ। ਇਸ ਯੁੱਗ ਵਿਚ ਪੰਜਾਬ ਵਿਚ ਆਦਿ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਨੇ 39 ਵਾਰਾਂ, ਗੁਰੂ ਗੋਬਿੰਦ ਸਿੰਘ ਜੀ ਨੇ, ਜਾਪ ਸਾਹਿਬ, ਬਚਿੱਤਰ ਨਾਟਕ, ਜ਼ਫਰਨਾਮਾ, ਚੰਡੀ ਦੀ ਵਾਰ, ਅਕਾਲ ਉਸਤਤ, ਦਸਮ ਗ੍ਰੰਥ ਸਾਹਿਬ, ਬੁੱਲੇਸ਼ਾਹ ਦੀਆਂ ਕਾਫੀਆਂ, ਸਿਹਰਫੀਆਂ ਦੋਹਰੇ, ਅਠਵਾਰਾ, ਦਮੋਦਰ ਦੇ ਹੀਰ-ਰਾਂਝਾਂ ਕਿੱਸਾ, ਵਾਰਿਸ ਸ਼ਾਹ ਦੀ ਹੀਰ, ਸ਼ਾਹ ਮੁਹੰਮਦ ਦਾ ਜੰਗਨਾਮਾ ਪੰਜਾਬੀ ਸਾਹਿਤ ਨੂੰ ਇਕ ਅਮੁੱਲੀ ਦੇਣ ਹਨ।

# ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

1. ਮੱਧਕਾਲੀਨ ਯੁੱਗ (800-1200 ਈ:) ਵਿੱਚ ਉੱਤਰੀ ਭਾਰਤ ਵਿੱਚ ਕਿਹੜੀਆਂ ਭਾਸ਼ਾਵਾਂ ਦਾ ਵਿਕਾਸ ਹੋਇਆ ?
2. ਦਿੱਲੀ ਸਲਤਨਤ ਕਾਲ ਦੌਰਾਨ ਖੇਤਰੀ ਭਾਸ਼ਾਵਾਂ ਦਾ ਵਿਕਾਸ ਕਿਉਂ ਹੋਇਆ ਸੀ ?
3. ਪੰਜਾਬੀ ਸਾਹਿਤ ਦਾ ਮੋਢੀ ਜਾਂ ਸੰਸਥਾਪਕ ਕੌਣ ਸੀ ?
4. ਭਾਈ ਗੁਰਦਾਸ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ?
5. ਚਾਰ ਪ੍ਰਸਿੱਧ ਕਵੀਆਂ ਦੇ ਨਾਂ ਦੱਸੋ, ਜਿੰਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ।
6. ਆਦਿ ਗ੍ਰੰਥ ਸਾਹਿਬ ਦਾ ਸੰਖੇਪ ਵਰਨਣ ਕਰੋ।

**(ਅ) ਹੇਠ ਲਿਖੇ ਖਾਲੀ ਸਥਾਨ ਭਰੋ :**

1. ............ ਦੁਆਰਾ 'ਗੀਤ ਗੋਬਿੰਦ' ਲਿਖਿਆ ਗਿਆ ਸੀ।
2. ............ ਦੁਆਰਾ 1604 ਈ: ਵਿੱਚ ਆਦਿ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ ਸੀ।
3. ............ ਦੁਆਰਾ ਪ੍ਰਿਥਵੀ ਰਾਜ ਰਾਸੋ ਲਿਖੀ ਗਈ ਸੀ।
4. ਕ੍ਰਿਸ਼ਨਦੇਵ ਰਾਏ ਸੰਸਕ੍ਰਿਤ ਅਤੇ ਹਿੰਦੀ ਭਾਸ਼ਾਵਾਂ ਦਾ ਪ੍ਰਸਿੱਧ ............ ਸੀ।
5. ਅਮੀਰ ਖੁਸਰੋਂ ਸੰਗੀਤ ਸ਼ਾਸਤਰ ਦਾ ............ ਅਤੇ ............ ਸੀ।

**(ੲ) ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (×) ਦਾ ਚਿੰਨ ਲਗਾਓ :**

1. ਦਿੱਲੀ ਸਲਤਨਤ ਕਾਲ ਵਿੱਚ ਰਾਮਾਨੁਜ ਅਤੇ ਜੈਦੇਵ ਸੰਸਕ੍ਰਿਤ ਭਾਸ਼ਾ ਦੇ ਪ੍ਰਸਿੱਧ ਲੇਖਕ ਸਨ। ☐
2. ਅਬੁਲ ਫਜ਼ਲ ਨੇ ਆਇਨ-ਏ-ਅਕਬਰੀ ਨਹੀਂ ਲਿਖੀ ਸੀ। ☐
3. ਤਾਨਸੇਨ ਅਕਬਰ ਦੇ ਦਰਬਾਰ ਦਾ ਪ੍ਰਸਿੱਧ ਗਾਇਕ ਸੀ। ☐
4. ਮੁਹੰਮਦ ਤੁਗਲਕ ਦਾ ਚਿੱਤਰ ਮੱਧਕਾਲੀਨ ਚਿੱਤਰ ਕਲਾ ਦਾ ਇਕ ਪ੍ਰਸਿੱਧ ਨਮੂਨਾ ਹੈ। ☐
5. ਰਾਜਪੂਤ ਕਾਲ ਦੌਰਾਨ ਸੰਗੀਤ ਦਾ ਵਿਕਾਸ ਨਹੀਂ ਹੋਇਆ ਸੀ। ☐

(ਸ) ਜੋੜੇ ਬਣਾਓ :

| | ਕਾਲਮ ੳ | | ਕਾਲਮ ਅ |
|---|---|---|---|
| (1) | ਜੈ ਦੇਵ | (ੳ) | ਵਿਕ੍ਰਮਾਂਕ ਦੇਵ ਚਰਿਤ |
| (2) | ਕਲਹਣ | (ਅ) | ਆਇਨ-ਏ-ਅਕਬਰੀ |
| (3) | ਬਿਲਹਣ | (ੲ) | ਰਾਜ ਤਰੰਗਣੀ |
| (4) | ਅਬੁਲ ਫਜ਼ਲ | (ਸ) | ਗੀਤ ਗੋਬਿੰਦ |
| (5) | ਔਰੰਗਜ਼ੇਬ | (ਹ) | ਫਾਤਵਾ-ਏ-ਆਲਮਗੀਰੀ |

## ਗਤੀਵਿਧੀ

1. ਮੱਧਕਾਲੀਨ ਪੰਜਾਬ ਦੇ ਚਾਰ ਸਾਹਿਤਕਾਰਾਂ ਦੇ ਚਿੱਤਰ ਆਪਣੀ ਨੋਟ ਬੁਕ ਵਿਚ ਚਿਪਕਾਓ ਅਤੇ ਉਹਨਾਂ ਬਾਰੇ ਲਿਖੋ।

ਪਾਠ 17

# 18ਵੀਂ ਸਦੀ ਵਿੱਚ ਭਾਰਤ

18ਵੀਂ ਸਦੀ ਵਿੱਚ ਮੁਗਲ ਸਾਮਰਾਜ ਖੇਰੂੰ-ਖੇਰੂੰ ਹੋਣਾ ਸ਼ੁਰੂ ਹੋ ਗਿਆ ਅਤੇ ਉੱਤਰੀ ਅਤੇ ਦੱਖਣੀ ਭਾਰਤ ਵਿੱਚ ਬਹੁਤ ਸਾਰੇ ਸੁਤੰਤਰ ਰਾਜ ਸਥਾਪਤ ਹੋ ਗਏ ਸਨ। ਦੱਖਣੀ ਭਾਰਤ ਵਿੱਚ ਮਰਾਠਿਆਂ, ਹੈਦਰਾਬਾਦ ਦੇ ਨਿਜ਼ਾਮਾਂ, ਮੈਸੂਰ ਦੇ ਹੈਦਰਅਲੀ ਅਤੇ ਟੀਪੂ ਸੁਲਤਾਨ ਨੇ ਆਪਣੇ-ਆਪਣੇ ਸੁਤੰਤਰ ਰਾਜ ਸਥਾਪਤ ਕਰ ਲਏ ਸਨ। ਉੱਤਰੀ ਭਾਰਤ ਵਿੱਚ ਬੰਗਾਲ, ਅਵਧ, ਰੁਹੇਲਖੰਡ, ਮਥੁਰਾ ਅਤੇ ਪੰਜਾਬ ਵਰਗੇ ਨਵੇਂ ਰਾਜਾਂ ਦੀ ਸਥਾਪਨਾ ਹੋਈ।




*ਨਕਸ਼ਾ ਚਿੱਤਰ 17.1 : 18ਵੀਂ ਸਦੀ ਵਿੱਚ ਨਵੇਂ ਰਾਜਾਂ ਦੀ ਸਥਾਪਨਾ*

## ਉੱਤਰਕਾਲੀਨ ਮੁਗਲ

ਔਰੰਗਜ਼ੇਬ ਦੀ ਮੌਤ (1707 ਈ:) ਤੋਂ ਬਾਅਦ ਜਿਹੜੇ ਸ਼ਾਸਕਾਂ ਨੇ ਰਾਜ ਕੀਤਾ, ਉਹਨਾਂ ਨੂੰ **'ਉੱਤਰਕਾਲੀਨ ਮੁਗਲ'** ਕਿਹਾ ਜਾਂਦਾ ਹੈ। ਉਹ ਇੰਨੇ ਸ਼ਕਤੀਹੀਣ ਸਨ ਕਿ ਸਾਮਰਾਜ ਦੇ ਦੂਰ ਦੇ ਪ੍ਰਾਂਤਾਂ ਨੂੰ ਇਕੱਠਾ ਨਾ ਰੱਖ ਸਕੇ।

### ਬਹਾਦਰ ਸ਼ਾਹ (1707-1712 ਈ:)

ਬਹਾਦਰ ਸ਼ਾਹ ਨੇ 6 ਸਾਲ ਰਾਜ ਕੀਤਾ, ਪਰੰਤੂ ਉਹ ਮਰਾਠਾ ਅਤੇ ਸਿੱਖ ਸ਼ਕਤੀਆਂ ਦੇ ਉਥਾਨ 'ਤੇ ਕਾਬੂ ਨਾ ਪਾ ਸਕਿਆ। ਉਸ ਦੀ 1712 ਈ: ਵਿੱਚ ਮੌਤ ਹੋ ਗਈ।

### ਜਹਾਂਦਾਰ ਸ਼ਾਹ (1712-1713 ਈ:)

ਬਹਾਦਰ ਸ਼ਾਹ ਪਹਿਲੇ ਦੀ ਮੌਤ ਪਿੱਛੋਂ ਉਸ ਦਾ ਪੁੱਤਰ **ਜਹਾਂਦਾਰ ਸ਼ਾਹ** ਰਾਜ ਗੱਦੀ 'ਤੇ ਬੈਠਿਆ। ਉਸ ਨੇ ਕੁੱਝ ਮਹੀਨੇ ਹੀ ਰਾਜ ਕੀਤਾ। ਉਸ ਦੇ ਰਾਜਕਾਲ ਦੌਰਾਨ ਦੋ ਭਰਾ ਹੁਸੈਨ ਅਲੀ ਅਤੇ ਅਬਦੁਲ ਬਹੁਤ ਸ਼ਕਤੀਸ਼ਾਲੀ ਹੋ ਗਏ ਸਨ। ਉਹ ਜਹਾਂਦਾਰ ਸ਼ਾਹ ਨੂੰ ਆਪਣੇ ਹੱਥਾਂ ਵਿੱਚ ਕਠਪੁੱਤਲੀ ਬਣਾਉਣਾ ਚਾਹੁੰਦੇ ਸਨ। ਪਰੰਤੂ ਉਸ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਉਹਨਾਂ ਨੇ ਉਸ ਦਾ ਕਤਲ ਕਰ ਦਿੱਤਾ।

### ਫ਼ਾਰੁਖਸੀਅਰ (1713-1719 ਈ:)


ਚਿੱਤਰ 17.2 ਬਹਾਦਰ ਸ਼ਾਹ ਜ਼ਫ਼ਰ

ਜਹਾਂਦਾਰ ਦੀ ਮੌਤ ਤੋਂ ਪਿਛੋਂ ਉਸ ਦਾ ਭਤੀਜਾ ਫ਼ਾਰੁਖਸੀਅਰ ਦਿੱਲੀ ਦਾ ਬਾਦਸ਼ਾਹ ਬਣਿਆ। ਉਹ ਕੇਵਲ ਨਾਂ ਦਾ ਹੀ ਰਾਜਾ ਸੀ। ਹੁਸੈਨ ਅਲੀ ਅਤੇ ਅਬਦੁਲ ਦੋ ਭਰਾਵਾਂ ਦੁਆਰਾ ਹੀ ਸਾਮਰਾਜ ਦਾ ਰਾਜ ਪ੍ਰਬੰਧ ਚਲਾਇਆ ਜਾਂਦਾ, ਜਿੰਨਾਂ ਨੂੰ **ਸੱਯਦ ਭਰਾ** ਕਿਹਾ ਜਾਂਦਾ ਸੀ। 1719 ਈ: ਵਿੱਚ ਜਦੋਂ ਉਸ ਨੇ ਸਯੱਦ ਭਰਾਵਾਂ ਕੋਲੋਂ ਆਜ਼ਾਦ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੀ ਮਾਰ ਦਿੱਤਾ ਗਿਆ। ਮੁਹੰਮਦ ਸ਼ਾਹ ਅਗਲਾ ਪ੍ਰਸਿੱਧ ਸ਼ਾਸਕ ਸੀ, ਜਿਸ ਨੇ 1719 ਈ: ਤੋਂ 1748 ਈ: ਤਕ ਰਾਜ ਕੀਤਾ। ਮੁਹੰਮਦ ਸ਼ਾਹ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਜਲਦੀ ਹੀ ਸਯੱਦ ਭਰਾਵਾਂ ਦਾ ਖ਼ਾਤਮਾ ਕਰ ਦਿੱਤਾ। ਪਰੰਤੂ ਉਸ ਦੇ ਸ਼ਕਤੀਸ਼ਾਲੀ ਗਵਰਨਰਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸੁਤੰਤਰ ਰਾਜ ਸਥਾਪਤ ਕਰ ਲਏ ਸਨ। ਇਸੇ ਸਮੇਂ ਵਿੱਚ ਸਿੱਖਾਂ, ਮਰਾਠਿਆਂ, ਜਾਟਾਂ ਅਤੇ ਰਾਜਪੂਤਾਂ ਨੇ ਮੁਗਲਾਂ ਵਿਰੁੱਧ ਵਿਦਰੋਹ ਕਰ ਦਿੱਤਾ। ਬਹਾਦਰ ਸ਼ਾਹ ਜ਼ਫ਼ਰ ਅਖ਼ੀਰਲਾ ਮੁਗ਼ਲ ਬਾਦਸ਼ਾਹ ਸੀ। ਉਸ ਨੂੰ 1858 ਈ: ਵਿੱਚ ਅੰਗਰੇਜ਼ਾਂ ਨੇ ਗੱਦੀ ਤੋਂ ਉਤਾਰ ਕੇ ਮੁਗ਼ਲ ਸਾਮਰਾਜ ਦਾ ਅੰਤ ਕਰ ਦਿੱਤਾ।

## ਨਵੇਂ ਰਾਜਨੀਤਿਕ ਸੰਗਠਨ

ਮੱਧਕਾਲੀਨ ਯੁੱਗ ਵਿੱਚ ਮੁਹੰਮਦ ਸ਼ਾਹ ਤੋਂ ਬਾਅਦ ਪ੍ਰਦੇਸ਼ਿਕ ਰਾਜ ਬਹੁਤ ਸ਼ਕਤੀਸ਼ਾਲੀ ਬਣ ਗਏ ਸਨ।

## 1. ਬੰਗਾਲ :

18ਵੀਂ ਸਦੀ ਵਿੱਚ ਬੰਗਾਲ ਮੁਗਲਾਂ ਤੋਂ ਸੁਤੰਤਰ ਹੋਣ ਵਾਲਾ ਪਹਿਲਾ ਰਾਜ ਸੀ। 1717 ਈ: ਵਿੱਚ ਮੁਰਸ਼ਦ ਕੁਲੀ ਖਾਂ ਮੁਗਲਾਂ ਅਧੀਨ ਬੰਗਾਲ ਅਤੇ ਉੜੀਸਾ ਦਾ ਸੂਬੇਦਾਰ ਬਣਿਆ। ਵਾਸਤਵ ਵਿੱਚ ਉਹ ਸੁਤੰਤਰ ਰੂਪ ਵਿੱਚ ਰਾਜ ਕਰਦਾ ਸੀ। ਉਸ ਨੇ ਢਾਕਾ ਦੀ ਬਜਾਏ **ਮੁਰਸ਼ਦਾਬਾਦ** ਨੂੰ ਆਪਣੀ ਰਾਜਧਾਨੀ ਬਣਾਇਆ। ਉਹ ਇਕ ਯੋਗ ਅਤੇ ਸਮਝਦਾਰ ਸ਼ਾਸਕ ਸੀ। ਉਸ ਦੀ ਮੌਤ ਤੋਂ ਬਾਅਦ 1727 ਈ: ਵਿੱਚ ਸ਼ੁਜਾਉਦੀਨ ਉਸ ਦਾ ਉਤਰਾਧਿਕਾਰੀ ਬਣਿਆ। ਸ਼ੁਜਾਉਦੀਨ 1733 ਈ: ਵਿੱਚ ਬੰਗਾਲ ਅਤੇ ਉੜੀਸਾ ਦਾ ਨਵਾਂ ਸ਼ਾਸਕ ਬਣਿਆ। ਉਸ ਦੇ ਰਾਜ ਵਿੱਚ ਪੂਰੀ ਤਰ੍ਹਾਂ ਸ਼ਾਂਤੀ ਸੀ। ਉਸ ਦੀ 1739 ਈ: ਵਿੱਚ ਮੌਤ ਹੋ ਗਈ।

ਸ਼ੁਜਾਉਦੀਨ ਦੀ ਮੌਤ ਤੋਂ ਪਿੱਛੋਂ ਉਸ ਦਾ ਪੁੱਤਰ ਸਰਫ਼ਰਾਜ ਖਾਨ ਉਸ ਦਾ ਉਤਰਾਧਿਕਾਰੀ ਬਣਿਆ। ਉਹ ਇੱਕ ਅਯੋਗ ਸ਼ਾਸਕ ਸੀ। ਉਹ ਅਲੀਵਰਦੀ ਖਾਨ ਦੁਆਰਾ 1740 ਈ: ਦੀ ਲੜਾਈ ਵਿੱਚ ਮਾਰਿਆ ਗਿਆ। ਅਲੀਵਰਦੀ ਖਾਨ 1740 ਈ: ਵਿੱਚ ਬੰਗਾਲ, ਬਿਹਾਰ ਅਤੇ ਉੜੀਸਾ ਦਾ ਨਵਾਂ ਸ਼ਾਸਕ ਬਣਿਆ। ਅਲੀਵਰਦੀ ਖਾਨ ਤੋਂ ਬਾਅਦ 1756 ਈ: ਵਿੱਚ **ਸਿਰਾਜ-ਉਦ-ਦੌਲਾ** ਬੰਗਾਲ ਦਾ ਸ਼ਾਸਕ ਬਣਿਆ। ਬੰਗਾਲ ਦੇ ਸ਼ਾਸਕਾਂ ਨੇ ਰਾਜ ਪ੍ਰਬੰਧ ਵਿੱਚ ਲੋੜੀਂਦੇ ਸੁਧਾਰ ਕੀਤੇ ਅਤੇ ਖੇਤੀਬਾੜੀ, ਉਦਯੋਗ ਅਤੇ ਵਪਾਰ ਨੂੰ ਉੱਨਤ ਕੀਤਾ। ਉਹਨਾਂ ਸ਼ਾਸਕਾਂ ਨੇ ਰਾਜ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਸਥਾਪਤ ਕੀਤੀ।

## ਅਵਧ

**ਸਆਦਤ ਖਾਨ** 1722 ਈ: ਵਿੱਚ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਅਧੀਨ ਅਵਧ ਦਾ ਸੂਬੇਦਾਰ ਬਣਿਆ। ਉਸ ਨੇ ਰਾਜ ਦੀ ਆਰਥਿਕ ਸਥਿਤੀ ਵਿੱਚ ਲੋੜੀਂਦੇ ਸੁਧਾਰ ਕੀਤੇ ਅਤੇ ਖੇਤੀ-ਬਾੜੀ ਵਲ ਖਾਸ ਧਿਆਨ ਦਿੱਤਾ। ਉਸ ਦੀ 1739 ਈ: ਵਿੱਚ ਮੌਤ ਹੋ ਗਈ।

ਸਆਦਤ ਖਾਨ ਦੀ ਮੌਤ ਪਿੱਛੋਂ **ਸਫ਼ਦਰ ਜੰਗ** ਅਵਧ ਦਾ ਨਵਾਂ ਸ਼ਾਸਕ ਬਣਿਆ। ਉਸ ਨੇ 1754 ਈ: ਤੱਕ ਰਾਜ ਕੀਤਾ। ਉਹ ਮੁਗਲ ਬਾਦਸ਼ਾਹ ਦਾ ਮੁੱਖ ਵਜ਼ੀਰ ਵੀ ਰਿਹਾ। 1754 ਈ: ਵਿੱਚ ਉਸ ਦੀ ਮੌਤ ਹੋ ਗਈ।

1754 ਈ: ਵਿੱਚ ਸ਼ੁਜਾ-ਉਦ-ਦੌਲਾ ਲਖਨਊ ਦਾ ਸ਼ਾਸਕ ਬਣਿਆ। ਉਸ ਨੇ 1774 ਈ: ਵਿੱਚ ਰੁਹੇਲਖੰਡ ਦੇ ਇਲਾਕੇ ਜਿੱਤ ਲਏ। 1775 ਈ. ਵਿੱਚ ਉਸ ਦੀ ਮੌਤ ਹੋ ਗਈ।

**ਸ਼ੁਜਾ-ਉਦ-ਦੌਲਾ** ਤੋਂ ਪਿਛੋਂ **ਆਸਫ਼-ਉਦ-ਦੌਲਾ** ਅਵਧ ਦਾ ਸ਼ਾਸਕ ਬਣਿਆ। ਕੁਝ ਸਮੇਂ ਬਾਅਦ ਅੰਗਰੇਜ਼ ਗਵਰਨਰ ਜਨਰਲ ਵਾਰਨ ਹੇਸਟਿੰਗਜ਼ ਨੇ ਆਸਫ਼-ਉਦ-ਦੌਲਾ ਨੂੰ ਫੈਜਾਬਾਦ ਦੀ ਸੰਧੀ ਕਰਨ ਲਈ ਮਜ਼ਬੂਰ ਕਰ ਦਿੱਤਾ। ਉਸ ਨੂੰ ਅਵਧ ਵਿੱਚ ਰੱਖੀ ਗਈ ਅੰਗਰੇਜ਼ੀ ਫੌਜ ਬਦਲੇ ਦਿੱਤੀ ਜਾਣ ਵਾਲੀ ਰਕਮ ਨੂੰ ਵਧਾਉਣ ਲਈ ਵੀ ਮਜ਼ਬੂਰ ਕੀਤਾ ਗਿਆ। 1797 ਈ: ਵਿੱਚ ਆਸਫ਼-ਉਦ-ਦੌਲਾ ਦੀ ਮੌਤ ਹੋ ਗਈ।

## ਹੈਦਰਾਬਾਦ

**ਨਿਜ਼ਾਮ-ਉਲ-ਮੁਲਕ** ਜਿਸ ਦਾ ਆਰੰਭਕ ਨਾਂ **ਚੀਨ ਕਿਲਿਚ ਖਾਨ** ਸੀ, ਉਹ ਹੈਦਰਾਬਾਦ ਰਾਜ ਦਾ ਸੰਸਥਾਪਕ ਸੀ। ਉਹ ਮੁਗਲ ਸ਼ਾਸਕ, ਮੁਹੰਮਦ ਸ਼ਾਹ ਦਾ ਮੁੱਖ ਵਜ਼ੀਰ ਸੀ। ਉਸ ਨੇ ਹੈਦਰਾਬਾਦ ਨੂੰ

ਆਪਣੀ ਰਾਜਧਾਨੀ ਘੋਸ਼ਿਤ ਕੀਤਾ। ਮੁਗਲ ਬਾਦਸ਼ਾਹ ਨੇ ਨਿਜ਼ਾਮ-ਉਲ-ਮੁਲਕ ਨੂੰ ਦੱਖਣ ਦਾ ਸੂਬੇਦਾਰ ਮੰਨ ਲਿਆ ਅਤੇ ਉਸ ਨੂੰ **'ਆਸਫ ਜ਼ਾਹ'** ਦੀ ਉਪਾਧੀ ਦਿੱਤੀ। ਭਾਵੇਂ ਇਹ ਸਭ ਕੁਝ ਕੇਵਲ ਦਿਖਾਵਾ ਹੀ ਸੀ, ਪਰੰਤੂ ਹੁਣ ਉਹ ਹੈਦਰਾਬਾਦ ਦਾ ਅਸਲ ਸ਼ਾਸਕ ਬਣ ਗਿਆ ਸੀ। ਉਹ ਅਤੇ ਉਸ ਦੇ ਉਤਰਾਧਿਕਾਰੀ **ਆਸਫ ਜਾਹ** ਵੰਸ਼ ਨਾਲ ਸੰਬੰਧ ਰਖਦੇ ਸਨ ਅਤੇ ਉਨ੍ਹਾਂ ਨੂੰ ਹੈਦਰਾਬਾਦ ਦੇ ਨਿਜ਼ਾਮ ਕਿਹਾ ਜਾਂਦਾ ਸੀ।

## ਮੈਸੂਰ



*ਚਿੱਤਰ 17.3 ਹੈਦਰ ਅਲੀ*

**ਹੈਦਰ ਅਲੀ :** ਹੈਦਰ ਅਲੀ 1761 ਈ: ਵਿੱਚ ਮੈਸੂਰ ਦਾ ਸ਼ਾਸਕ ਬਣਿਆ। ਆਪਣੇ ਸ਼ਾਸਨ ਕਾਲ ਦੇ ਦੌਰਾਨ ਹੈਦਰ ਅਲੀ ਨੇ ਮੈਸੂਰ ਵਿੱਚ ਚੰਗਾ ਸ਼ਾਸਨ ਪ੍ਰਬੰਧ ਸਥਾਪਤ ਕੀਤਾ। ਉਹ ਦੂਸਰੇ ਧਰਮਾਂ ਦਾ ਵੀ ਸਤਿਕਾਰ ਕਰਦਾ ਸੀ। ਉਸ ਨੇ ਬਹੁਤ ਸਾਰੇ ਇਲਾਕਿਆਂ ਨੂੰ ਜਿੱਤ ਕੇ ਮੈਸੂਰ ਨੂੰ ਇਕ ਸ਼ਕਤੀਸ਼ਾਲੀ ਰਾਜ ਬਣਾਇਆ। ਉਸ ਨੇ ਬਹੁਤ ਸਾਰੇ ਹਿੰਦੂਆਂ ਨੂੰ ਉਚ ਆਹੁਦਿਆਂ ਤੇ ਨਿਯੁੱਕਤ ਕੀਤਾ। ਉਸ ਨੇ ਮਰਾਠਿਆਂ, ਹੈਦਰਾਬਾਦ ਦੇ ਨਿਜ਼ਾਮ, ਕਰਨਾਟਕ ਦੇ ਸ਼ਾਸਕਾਂ ਅਤੇ ਅੰਗਰੇਜ਼ਾਂ ਨਾਲ ਬਹੁਤ ਸਾਰੀਆਂ ਲੜਾਈਆਂ ਲੜੀਆਂ। ਹੈਦਰ ਅਲੀ ਅਤੇ ਅੰਗਰੇਜ਼ਾਂ ਵਿਚਕਾਰ ਦੋ ਲੜਾਈਆਂ ਹੋਈਆਂ, ਜਿਨ੍ਹਾਂ ਨੂੰ **ਐਂਗਲੋ-ਮੈਸੂਰ ਯੁੱਧ'** ਕਿਹਾ ਜਾਂਦਾ ਹੈ। ਪਹਿਲੇ ਐਂਗਲੋ-ਮੈਸੂਰ ਯੁੱਧ ਵਿੱਚ ਹੈਦਰ ਅਲੀ ਨੇ ਅੰਗਰੇਜ਼ਾਂ ਨੂੰ ਬੁਰੀ ਤਰ੍ਹਾਂ ਹਰਾਇਆ। 1780 ਈ: ਵਿੱਚ ਉਹਨਾਂ ਦਰਮਿਆਨ ਦੂਸਰਾ ਐਂਗਲੋ-ਮੈਸੂਰ ਯੁੱਧ ਹੋਇਆ। ਇਹ ਯੁੱਧ ਅਜੇ ਚਲ ਹੀ ਰਿਹਾ ਸੀ ਕਿ 1782 ਈ: ਵਿੱਚ ਹੈਦਰ ਅਲੀ ਦੀ ਮੌਤ ਹੋ ਗਈ।



*ਚਿੱਤਰ 17.4 ਟੀਪੂ ਸੁਲਤਾਨ*

**ਟੀਪੂ ਸੁਲਤਾਨ :** ਹੈਦਰ ਅਲੀ ਦਾ ਪੁੱਤਰ ਟੀਪੂ ਸੁਲਤਾਨ ਉਸ ਦਾ ਉੱਤਰਾਧਿਕਾਰੀ ਬਣਿਆ। ਉਹ ਆਪਣੇ ਪਿਤਾ ਵਾਂਗ ਇਕ ਯੋਗ ਸ਼ਾਸਕ ਸੀ। ਉਸ ਨੂੰ **'ਮੈਸੂਰ ਦਾ ਟਾਇਗਰ'** ਕਿਹਾ ਜਾਂਦਾ ਸੀ। ਉਹ ਇਕ ਮਹਾਨ ਦੇਸ਼ ਭਗਤ ਸੀ। ਉਸ ਨੇ ਸ਼ਾਸਨ ਪ੍ਰਬੰਧ ਵਿੱਚ ਬਹੁਤ ਸੁਧਾਰ ਕੀਤਾ। ਉਹ ਭਾਰਤ ਵਿੱਚੋਂ ਅੰਗਰੇਜ਼ਾਂ ਦੇ ਅੱਤਿਆਚਾਰੀ ਸ਼ਾਸਨ ਦਾ ਅੰਤ ਕਰਨਾ ਚਾਹੁੰਦਾ ਸੀ। ਇਸ ਕਰਕੇ ਉਸ ਨੇ ਆਪਣੀ ਫੌਜ ਦੇ ਹਥਿਆਰਾਂ ਦਾ ਆਧੁਨਿਕੀਕਰਣ ਕੀਤਾ ਅਤੇ ਆਧੁਨਿਕ ਸੈਨਾ ਤਿਆਰ ਕੀਤੀ। ਉਸ ਨੇ ਰਾਜ ਦੇ ਉਦਯੋਗ ਅਤੇ ਵਪਾਰ ਨੂੰ ਉੱਨਤ ਕੀਤਾ। ਉਹ 1799 ਈ: ਵਿੱਚ ਅੰਗਰੇਜ਼ਾਂ ਨਾਲ ਮੈਸੂਰ ਦੇ ਚੌਥੇ ਯੁੱਧ ਵਿੱਚ ਮਾਰਿਆ ਗਿਆ।

## ਮਰਾਠੇ

ਔਰੰਗਜ਼ੇਬ ਦੇ ਰਾਜਕਾਲ ਵਿੱਚ ਹੀ ਸ਼ਿਵਾਜੀ ਨੇ ਮਹਾਂਰਾਸ਼ਟਰ ਵਿੱਚ ਇਕ ਸੁਤੰਤਰ ਮਰਾਠਾ ਰਾਜ ਦੀ ਸਥਾਪਨਾ ਕੀਤੀ। ਬਾਲਾਜ਼ੀ ਵਿਸ਼ਵਨਾਥ ਮਰਾਠਿਆਂ ਦਾ ਪਹਿਲਾਂ ਪੇਸ਼ਵਾ (ਪ੍ਰਧਾਨਮੰਤਰੀ) ਬਣਿਆ। ਪੇਸ਼ਵਿਆਂ ਦੀ ਅਗਵਾਈ ਹੇਠ ਮਰਾਠਾ ਰਾਜ ਦਾ ਬਹੁਤ ਵਿਸਥਾਰ ਹੋਇਆ।

## ਸ਼ਿਵਾਜੀ

ਸ਼ਿਵਾਜੀ ਨੇ ਮਰਾਠਾ ਵੰਸ਼ ਦੀ ਸਥਾਪਨਾ ਕੀਤੀ। ਸ਼ਿਵਾਜੀ ਦਾ ਜਨਮ 20 ਅਪ੍ਰੈਲ, 1627 ਈ: ਨੂੰ ਸ਼ਿਵਨੇਰ ਦੇ ਕਿਲ੍ਹੇ ਵਿੱਚ ਪੂਨਾ ਵਿਖੇ ਹੋਇਆ। ਉਸ ਦੇ ਪਿਤਾ ਸ਼ਾਹਜੀ ਭੌਂਸਲੇ ਇਕ ਵੱਡੇ ਜਗੀਰਦਾਰ ਸਨ ਅਤੇ ਉਹ ਬੀਜਾਪੁਰ ਦੇ ਸੁਲਤਾਨ ਦੇ ਦਰਬਾਰ ਵਿੱਚ ਇਕ ਉੱਚੀ ਪਦਵੀ ਤੇ ਨਿਯੁੱਕਤ ਸਨ। ਸ਼ਿਵਾਜੀ ਦੀ ਮਾਤਾ ਦਾ ਨਾ **ਜੀਜਾ ਬਾਈ** ਸੀ। ਸ਼ਿਵਾਜੀ ਉੱਤੇ ਜੀਜਾਬਾਈ, ਦਾਦਾ ਕੋਂਡਦੇਵ ਅਤੇ ਗੁਰੂ ਰਾਮਦਾਸ ਦਾ ਬੜਾ ਪ੍ਰਭਾਵ ਪਿਆ।

ਸ਼ਿਵਾਜੀ ਇਕ ਦੇਸ਼ ਭਗਤ ਸਨ। ਉਹ ਭਾਰਤ ਵਿੱਚੋਂ ਮੁਸਲਮਾਨਾਂ ਦੇ ਅੱਤਿਆਚਾਰੀ ਰਾਜ ਦਾ ਅੰਤ ਕਰਕੇ ਇਕ ਸੁਤੰਤਰ ਹਿੰਦੂ ਰਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ। 1646 ਈ: ਵਿੱਚ ਜਦੋਂ ਬੀਜਾਪੁਰ ਦੇ ਸੁਲਤਾਨ ਅਲੀ ਆਦਿਲ ਸ਼ਾਹ ਬਿਮਾਰ ਹੋ ਗਏ ਤਾਂ ਸ਼ਿਵਾਜੀ ਨੇ ਤੋਰਨ ਦੇ ਕਿਲ੍ਹੇ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਤੋਂ ਬਾਅਦ ਉਸ ਨੇ 1648 ਈ: ਵਿੱਚ ਪੁਰੰਧਰ, ਕੋਂਡਾਨਾ, ਕੋਂਕਣ, ਕਲਿਆਣੀ ਅਤੇ ਸਿੰਘਗੜ੍ਹ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। 1648 ਈ: ਵਿੱਚ ਦਾਦੋ ਜੀ ਕੋਂਡਦੇਵ ਦੀ ਮੌਤ ਤੋਂ ਬਾਅਦ ਉਸ ਨੇ ਪੂਨਾ ਉੱਤੇ ਵੀ ਕਬਜ਼ਾ ਕਰ ਲਿਆ।



*ਚਿੱਤਰ 17.5 ਸ਼ਿਵਾਜੀ ਮਰਾਠਾ*

1659 ਈ: ਵਿੱਚ ਬੀਜਾਪੁਰ ਦੇ ਸੁਲਤਾਨ ਨੇ ਅਫ਼ਜਲ ਖਾਨ ਦੇ ਅਧੀਨ ਸ਼ਿਵਾਜੀ ਦੇ ਵਿਰੁੱਧ ਇਕ ਸੈਨਾ ਭੇਜੀ। ਪਰੰਤੂ ਉਹ ਸ਼ਿਵਾਜੀ ਨੂੰ ਪਕੜ ਨਾ ਸਕਿਆ। ਇਸ ਕਰਕੇ ਉਸ ਨੇ ਸ਼ਿਵਾਜੀ ਨੂੰ ਸੰਧੀ 'ਤੇ ਦਸਤਖਤ ਕਰਨ ਲਈ ਪ੍ਰਤਾਪਗੜ੍ਹ ਦੇ ਕਿਲ੍ਹੇ ਵਿੱਚ ਬੁਲਾਇਆ। ਜਦੋਂ ਉਹ ਇਕ ਦੂਜੇ ਨੂੰ ਮਿਲਣ ਲੱਗੇ ਤਾਂ ਅਫ਼ਜਲ ਖਾਨ ਨੇ ਸ਼ਿਵਾਜੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਸ਼ਿਵਾਜੀ ਨੇ ਹੀ ਉਸ ਨੂੰ ਮਾਰ ਦਿੱਤਾ। ਅੰਤ ਵਿੱਚ ਸੁਲਤਾਨ ਨੇ ਸ਼ਿਵਾਜੀ ਨਾਲ ਸੰਧੀ ਕਰ ਲਈ ਅਤੇ ਉਸ ਨੂੰ ਇਕ ਸੁਤੰਤਰ ਸ਼ਾਸਕ ਮੰਨ ਲਿਆ।

## ਮੁਗਲਾਂ ਨਾਲ਼ ਸੰਬੰਧ

ਔਰੰਗਜ਼ੇਬ ਸ਼ਿਵਾਜੀ ਦੇ ਵਧਦੇ ਪ੍ਰਭਾਵ ਨੂੰ ਸਹਿਣ ਨਾ ਕਰ ਸਕਿਆ। ਉਸ ਨੇ ਸ਼ਿਵਾਜੀ ਦੇ ਵਿਰੁੱਧ ਦੱਖਣੀ ਭਾਰਤ ਦੇ ਸੂਬੇਦਾਰ ਸ਼ਾਇਸਤਾ ਖਾਂ ਦੀ ਅਗਵਾਈ ਹੇਠ ਇਕ ਸੈਨਾ ਪੂਨੇ ਵਿਖੇ ਭੇਜੀ। ਸ਼ਾਇਸਤਾ ਖਾਂ ਨੇ ਸ਼ਿਵਾਜੀ ਮਰਾਠੇ ਦੇ ਕਈ ਇਲਾਕੇ, ਕਿਲ੍ਹੇ ਅਤੇ ਪੂਨੇ 'ਤੇ ਅਧਿਕਾਰ ਕਰ ਲਿਆ। 1663 ਈ: ਵਿੱਚ ਇਕ ਰਾਤ ਨੂੰ ਸ਼ਿਵਾਜੀ ਆਪਣੇ 400 ਸੈਨਿਕਾਂ ਸਮੇਤ ਇਕ ਬਰਾਤ ਦੇ ਰੂਪ ਵਿੱਚ ਪੂਨੇ ਵਿੱਚ ਦਾਖਲ ਹੋ ਗਏ। ਉਹਨਾਂ ਨੇ ਅੱਧੀ ਰਾਤ ਨੂੰ ਸ਼ਾਇਸਤਾ ਖਾਨ 'ਤੇ ਹਮਲਾ ਕਰ ਦਿੱਤਾ। ਪਰੰਤੂ ਸ਼ਾਇਸਤਾ ਖਾਨ ਆਪਣੀ ਜਾਨ ਬਚਾ ਕੇ ਭੱਜ ਗਿਆ। ਇਸ ਹਮਲੇ ਵਿੱਚ ਸ਼ਾਇਸਤਾ ਖਾਨ ਦਾ ਪੁੱਤਰ ਅਬਦੁਲ ਫਤਿਹ ਅਤੇ ਬਹੁਤ ਸਾਰੇ ਮੁਗ਼ਲ ਸੈਨਿਕ ਮਾਰੇ ਗਏ।

1667 ਈ: ਵਿੱਚ ਜਦੋਂ ਸ਼ਿਵਾਜੀ ਅਤੇ ਉਸ ਦਾ ਪੁੱਤਰ ਔਰੰਗਜ਼ੇਬ ਨੂੰ ਮਿਲਣ ਲਈ ਆਗਰਾ ਪਹੁੰਚੇ ਤਾਂ ਔਰੰਗਜ਼ੇਬ ਨੇ ਉਹਨਾਂ ਨੂੰ ਕੈਦੀ ਬਣਾ ਲਿਆ। ਪਰੰਤੂ ਸ਼ਿਵਾਜੀ ਅਤੇ ਉਸ ਦਾ ਪੁੱਤਰ ਮਠਿਆਈ ਦੀਆਂ ਟੋਕਰੀਆਂ ਵਿੱਚ ਬੈਠ ਕੇ ਜੇਲ੍ਹ ਵਿੱਚੋਂ ਬਚਕੇ ਨਿਕਲ ਗਏ।

ਸ਼ਿਵਾਜੀ ਨੇ ਆਪਣੇ ਆਪ ਨੂੰ ਇਕ ਸੁਤੰਤਰ ਸ਼ਾਸਕ ਘੋਸ਼ਿਤ ਕਰ ਦਿੱਤਾ ਅਤੇ **'ਛੱਤਰਪਤੀ' ਦੀ ਉਪਾਧੀ** ਧਾਰਨ ਕੀਤੀ। 1680 ਈ: ਵਿੱਚ ਸ਼ਿਵਾਜੀ ਦੀ ਮੌਤ ਹੋ ਗਈ।

## ਸ਼ਿਵਾਜੀ ਦੇ ਉੱਤਰਾਧਿਕਾਰੀ

ਸ਼ਿਵਾਜੀ ਦੀ ਮੌਤ ਪਿੱਛੋ, ਉਸ ਦਾ ਪੁੱਤਰ ਸ਼ੰਭਾਜੀ 1689 ਈ: ਵਿੱਚ ਇਕ ਨਵਾਂ ਸ਼ਾਸਕ ਬਣਿਆ। ਪਰੰਤੂ ਉਹ ਅਯੋਗ ਨਿਕਲਿਆ। ਔਰੰਗਜ਼ੇਬ ਦੇ ਹੁਕਮ ਅਨੁਸਾਰ ਸ਼ੰਭਾਜੀ ਨੂੰ ਕੈਦ ਕਰਨ ਪਿੱਛੋਂ 1689 ਈ: ਵਿੱਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਸ਼ੰਭਾਜੀ ਦੇ ਮਗਰੋਂ, ਉਸ ਦੇ ਭਰਾ ਰਾਜਾ ਰਾਮ ਨੂੰ ਸ਼ਾਸਕ ਬਣਾਇਆ ਗਿਆ। ਉਸ ਨੇ ਮੁਗਲਾਂ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖਿਆ। 1707 ਈ: ਵਿੱਚ ਰਾਜਾ ਰਾਮ ਦੀ ਮੌਤ ਹੋ ਗਈ। ਉਸ ਦੀ ਮੌਤ ਪਿੱਛੋਂ ਉਸ ਦੀ ਵਿਧਵਾ ਰਾਣੀ **ਤਾਰਾਬਾਈ** ਆਪਣੇ 4 ਸਾਲਾਂ ਦੇ ਪੁੱਤਰ ਸ਼ਿਵਾਜੀ ਦੂਜੇ ਦੀ ਸਰਪ੍ਰਸਤ ਬਣਕੇ ਸ਼ਾਸਨ ਕਰਨ ਲੱਗੀ। ਉਹ ਬੜੀ ਬਹਾਦਰ ਇਸਤਰੀ ਸੀ। 1707 ਈ: ਵਿੱਚ ਔਰੰਗਜ਼ੇਬ ਦੀ ਮੌਤ ਪਿੱਛੋਂ 1708 ਈ: ਵਿੱਚ ਸ਼ਾਹੂ ਸ਼ਾਸਕ ਬਣਨ ਵਿੱਚ ਕਾਮਯਾਬ ਹੋਇਆ। ਉਸ ਨੇ ਬਾਲਾਜੀ ਵਿਸ਼ਵਨਾਥ ਨੂੰ ਆਪਣਾ ਪੇਸ਼ਵਾ ਨਿਯੁੱਕਤ ਕੀਤਾ। ਹੌਲੀ-ਹੌਲੀ ਰਾਜ ਦੀਆਂ ਸਾਰੀਆਂ ਸ਼ਕਤੀਆਂ ਬਾਲਾਜੀ ਵਿਸ਼ਵਨਾਥ ਕੋਲ ਆ ਗਈਆਂ। 1720 ਈ: ਵਿੱਚ ਉਸ ਦੀ ਮੌਤ ਹੋ ਗਈ।

ਬਾਲਾ ਜੀ ਵਿਸ਼ਵਾਨਾਥ ਦੇ ਮਗਰੋਂ ਉਸ ਦਾ ਪੁੱਤਰ ਬਾਜੀ ਰਾਓ 1720 ਈ: ਵਿੱਚ ਪੇਸ਼ਵਾ ਬਣਿਆ। 1739 ਈ: ਵਿੱਚ ਉਸ ਨੇ ਪੁਰਤਗਾਲੀਆਂ ਦੀਆਂ ਸਾਲਸੇਟ, ਬਾਸੀਨ ਅਤੇ ਥਾਨਾ ਬਸਤੀਆਂ ਉੱਤੇ ਕਬਜਾ ਕਰ ਲਿਆ।

1740 ਈ: ਵਿੱਚ ਬਾਜ਼ੀ ਰਾਓ ਪਹਿਲੇ ਦੀ ਮੌਤ ਤੋਂ ਬਾਅਦ ਬਾਲਾਜੀ ਬਾਜੀ ਰਾਓ ਤੀਸਰਾ ਪੇਸ਼ਵਾ ਬਣਿਆ। ਅਹਿਮਦਸ਼ਾਹ ਅਬਦਾਲੀ ਨੇ 1761 ਈ: ਵਿੱਚ ਪਾਣੀਪਤ ਦੀ ਤੀਜੀ ਲੜਾਈ ਵਿੱਚ ਮਰਾਠਿਆਂ ਨੂੰ ਹਰਾ ਦਿੱਤਾ। ਪੇਸ਼ਵਾ ਇਸ ਹਾਰ ਨੂੰ ਸਹਿਣ ਨਾ ਕਰ ਸਕਿਆ ਅਤੇ ਉਸ ਦੀ ਮੌਤ ਹੋ ਗਈ।

*ਔਰੰਗਜ਼ੇਬ ਦੇ ਸ਼ਾਸਨਕਾਲ ਵਿੱਚ ਕਿਹੜੀਆਂ ਰਾਜਨੀਤਿਕ ਸ਼ਕਤੀਆਂ ਨੇ ਮੁਗਲਾਂ ਨਾਲ ਲੰਬਾ ਸਮਾਂ ਸੰਘਰਸ਼ ਕੀਤਾ?*

ਮਾਧਵ ਰਾਓ 1761 ਈ: ਵਿੱਚ ਚੌਥਾ ਪੇਸ਼ਵਾ ਬਣਿਆ। ਮਾਧਵ ਰਾਓ ਦੀ ਮੌਤ ਪਿੱਛੋਂ ਨਰਾਇਣ ਰਾਓ, ਮਾਧਵ ਰਾਓ ਨਰਾਇਣ ਅਤੇ ਬਾਜੀ ਰਾਓ ਦੂਜਾ ਪੇਸ਼ਵੇ ਦੇ ਅਹੁਦੇ 'ਤੇ ਰਹੇ। 1818 ਈ: ਵਿੱਚ ਅੰਗਰੇਜ਼ ਗਵਰਨਰ ਜਨਰਲ ਲਾਰਡ ਹੇਸਟਿੰਗਜ਼ ਨੇ ਮਰਾਠਿਆਂ ਦੇ ਆਖਰੀ ਪੇਸ਼ਵਾ ਬਾਜੀ ਰਾਓ ਦੂਜੇ ਨੂੰ ਹਰਾ ਕੇ ਮਰਾਠਾ ਸਾਮਰਾਜ ਦਾ ਅੰਤ ਕਰ ਦਿੱਤਾ।

## ਰਾਜਪੂਤ

ਮੁਗ਼ਲਾਂ ਅਤੇ ਰਾਜਪੂਤਾਂ ਦੇ ਮਿੱਤਰਤਾਪੂਰਣ ਸਬੰਧ ਸਨ, ਪਰੰਤੂ ਔਰੰਗਜ਼ੇਬ ਦੇ ਰਾਜਕਾਲ ਸਮੇਂ ਉਹ ਅਲੱਗ-ਅਲੱਗ ਹੋ ਗਏ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਜਦੋਂ ਮੁਗ਼ਲ ਸਾਮਰਾਜ ਦਾ ਪਤਨ ਹੋਣਾ ਸ਼ੁਰੂ ਹੋ ਗਿਆ ਤਾਂ ਉਹ ਸੁਤੰਤਰ ਹੋ ਗਏ। ਅੰਬਰ ਦਾ (ਜਿਸ ਨੂੰ ਜੈਪੁਰ ਕਿਹਾ ਜਾਂਦਾ ਹੈ)

ਸ਼ਾਸਕ ਸਵਾਏ ਰਾਜਾ ਜੈ ਸਿੰਘ ਪ੍ਰਸਿੱਧ ਰਾਜਪੂਤ ਸ਼ਾਸਕ ਸੀ। ਉਸ ਨੇ ਸਾਇੰਸ ਵਿਸ਼ੇ ਦੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ। ਉਸ ਨੇ ਜੈਪੁਰ ਨੂੰ ਸੁੰਦਰ 'ਗੁਲਾਬੀ ਸ਼ਹਿਰ' ਬਣਾਇਆ। ਉਸ ਨੇ ਦਿੱਲੀ, ਜੈਪੁਰ, ਉਜੈਨ ਅਤੇ ਮਥੁਰਾ ਵਿਖੇ ਕਈ ਜੰਤਰ-ਮੰਤਰ ਬਣਾਏ।



*ਚਿੱਤਰ 17.6 ਮਹਾਰਾਜਾ ਸਵਾਏ ਜੈ ਸਿੰਘ ਦੁਆਰਾ ਬਣਾਏ ਗਏ ਜੰਤਰ-ਮੰਤਰ*

### ਜਾਟ

ਔਰੰਗਜ਼ੇਬ ਦੇ ਅੱਤਿਆਚਾਰਾਂ ਕਾਰਨ ਮਥੁਰਾ ਦੇ ਜਾਟਾਂ ਨੇ ਗੋਕਲ ਦੀ ਅਗਵਾਈ ਹੇਠ ਮੁਗਲਾਂ ਵਿਰੁੱਧ ਵਿਦਰੋਹ ਸ਼ੁਰੂ ਕਰ ਦਿੱਤਾ। ਉਸ ਤੋਂ ਪਿੱਛੋਂ ਜਾਟਾਂ ਨੇ ਰਾਜਾਰਾਮ ਅਤੇ ਫਿਰ ਚੂੜਾਮਨ ਦੀ ਅਗਵਾਈ ਹੇਠ ਸੰਘਰਸ਼ ਜਾਰੀ ਰੱਖਿਆ। ਚੂੜਾਮਨ ਮੁਗਲ ਬਾਦਸ਼ਾਹ ਕੋਲੋਂ 1500 ਜਾਤ ਅਤੇ 500 ਸਵਾਰ ਦੀ ਮਨਸਬਦਾਰੀ ਪ੍ਰਾਪਤ ਕਰਨ ਵਿੱਚ ਸਫ਼ਲ ਹੋਇਆ। ਉਸ ਦੇ ਉਤਰਾਧਿਕਾਰੀ **ਬਦਨ ਸਿੰਘ** ਨੇ ਆਪਣੀ ਸੈਨਾ ਨੂੰ ਸ਼ਕਤੀਸ਼ਾਲੀ ਬਣਾਇਆ। ਉਸ ਨੇ ਆਪਣੇ ਰਾਜ ਵਿੱਚ ਕਈ ਕਿਲ੍ਹੇ ਬਣਾਏ। ਉਸ ਨੇ **ਭਰਤਪੁਰ** ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਆਗਰਾ, ਮੇਰਠ, ਅਲੀਗੜ੍ਹ ਅਤੇ ਹਰਿਆਣਾ ਦੇ ਇਲਾਕਿਆਂ 'ਤੇ ਕਬਜ਼ਾ ਕਰਕੇ ਆਪਣੇ ਰਾਜ ਦਾ ਵਿਸਤਾਰ ਕੀਤਾ।

## ਸਿੱਖਾਂ ਬਾਰੇ ਵਿਸ਼ੇਸ਼ ਅਧਿਐਨ

### ਸ੍ਰੀ ਗੁਰੂ ਗੋਬਿੰਦ ਸਿੰਘ ਜੀ :

18ਵੀਂ ਸਦੀ ਦੌਰਾਨ ਸਿੱਖਾਂ ਅਤੇ ਮੁਗਲਾਂ ਵਿਚਾਲੇ ਇੱਕ ਲੰਬਾ ਸੰਘਰਸ਼ ਹੋਇਆ। ਇਸ ਸਮੇਂ ਦੌਰਾਨ ਮੁਗਲਾਂ ਨੇ ਸਿੱਖਾਂ ਉੱਤੇ ਬਹੁਤ ਅੱਤਿਆਚਾਰ ਕੀਤੇ। ਮੁਗਲਾਂ ਦੇ ਅੱਤਿਆਚਾਰਾਂ ਦਾ ਖਾਤਮਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿੱਚ **ਖਾਲਸਾ ਪੰਥ** ਦੀ ਸਿਰਜਨਾ ਕੀਤੀ। ਇਸ ਨਾਲ ਇਕ ਬਹਾਦਰ ਕੌਮ ਦਾ ਜਨਮ ਹੋਇਆ, ਜਿਸ ਨੇ ਮੁਗ਼ਲ ਸਾਮਰਾਜ ਦਾ ਅੰਤ ਕਰ ਦਿੱਤਾ। 18ਵੀਂ ਸਦੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮੁਗਲਾਂ ਵਿਚਾਲੇ ਆਨੰਦਪੁਰ ਸਾਹਿਬ ਦੀ ਪਹਿਲੀ ਅਤੇ ਦੂਜੀ, ਚਮਕੌਰ ਸਾਹਿਬ ਅਤੇ ਖਿਦਰਾਨਾ ਦੀਆਂ ਲੜਾਈਆਂ ਹੋਈਆਂ। ਗੁਰੂ ਜੀ ਨੇ ਮੁਗਲਾਂ ਵਿਰੁੱਧ ਚਮਕੌਰ ਸਾਹਿਬ ਦੀ ਮਹਾਨ ਲੜਾਈ ਲੜੀ। ਇਸ ਲੜਾਈ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ। 1706 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਨਾ ਜਾਂ ਮੁਕਤਸਰ ਦੀ ਲੜਾਈ ਵਿੱਚ ਮੁਗਲਾਂ ਨੂੰ ਬੁਰੀ ਤਰ੍ਹਾਂ ਹਰਾਇਆ।



ਚਿੱਤਰ 17.7 ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਬੰਦਾ ਸਿੰਘ ਬਹਾਦਰ

ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ, 1670 ਈ: ਨੂੰ ਜੰਮੂ ਦੇ ਪੁੰਛ ਜ਼ਿਲ੍ਹੇ ਦੇ ਇਕ ਪਿੰਡ ਰਾਜ਼ੌਰੀ ਵਿੱਚ ਹੋਇਆ। ਉਸ ਦਾ ਮੁੱਢਲਾ ਨਾਂ **ਲਛਮਣ ਦਾਸ** ਸੀ। 1708 ਈ: ਵਿੱਚ ਨੰਦੇੜ ਵਿਖੇ ਉਸ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਹੋਈ। ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਿੱਚ ਜਾ ਕੇ ਸਿੱਖਾਂ ਦੀ ਮਦਦ ਨਾਲ ਮੁਗਲਾਂ ਦੇ ਅੱਤਿਆਚਾਰਾਂ ਦਾ ਬਦਲਾ ਲੈਣ ਲਈ ਹੁਕਮ ਦਿੱਤਾ। ਪੰਜਾਬ ਵਿੱਚ ਪਹੁੰਚਣ ਤੇ ਕਾਫੀ ਗਿਣਤੀ ਵਿੱਚ ਸਿੱਖ ਬੰਦਾ ਸਿੰਘ ਬਹਾਦਰ ਨਾਲ ਰਲ ਗਏ। ਬੰਦਾ ਸਿੰਘ ਬਹਾਦਰ ਨੇ 1709 ਈ: ਵਿੱਚ ਕੈਥਲ ਤੋਂ ਆਪਣੀਆਂ ਜਿੱਤਾਂ ਦੀ ਸ਼ੁਰੂਆਤ ਕੀਤੀ। ਇਸ ਤੋਂ ਪਿੱਛੋਂ ਉਸ ਨੇ ਸਮਾਣਾ, ਕਪੂਰੀ ਅਤੇ ਸਢੌਰਾ 'ਤੇ ਜਿੱਤ ਪ੍ਰਾਪਤ ਕੀਤੀ। ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ



ਚਿੱਤਰ 17.8 ਬੰਦਾ ਸਿੰਘ ਬਹਾਦਰ

ਸਾਹਿਬਜ਼ਾਦਿਆਂ— ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ **ਨਵਾਬ ਵਜ਼ੀਰ ਖਾਨ** ਨੂੰ ਹਰਾਇਆ ਅਤੇ **ਚਪੜਚਿੜੀ** ਦੇ ਸਥਾਨ 'ਤੇ ਉਸ ਨੂੰ ਮਾਰ ਦਿੱਤਾ। ਇਸ ਤੋਂ ਕੁਝ ਸਮਾਂ ਪਿੱਛੋਂ ਬੰਦਾ ਸਿੰਘ ਬਹਾਦਰ ਨੇ ਸਹਾਰਨਪੁਰ, ਬੇਹਾਤ, ਜਲਾਲਾਬਾਦ, ਕਰਨਾਲ, ਪਾਨੀਪਤ, ਅੰਮ੍ਰਿਤਸਰ, ਗੁਰਦਾਸਪੁਰ, ਕਲਾਨੌਰ ਅਤੇ ਪਠਾਨਕੋਟ 'ਤੇ ਜਿੱਤ ਪ੍ਰਾਪਤ ਕੀਤੀ। ਉਸ ਨੇ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ। ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚ ਸਿੱਖ ਰਾਜ ਦੀ ਸਥਾਪਨਾ ਕੀਤੀ। 1715 ਈ: ਵਿੱਚ ਮੁਗਲਾਂ ਨੇ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਉਹਨਾਂ ਨੂੰ ਦਿੱਲੀ ਭੇਜ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਨੂੰ ਕਤਲ ਕਰਨ ਤੋਂ ਪਹਿਲਾਂ ਉਸ ਦੇ ਤਿੰਨ ਸਾਲ ਦੇ ਪੁੱਤਰ **ਅਜੈ ਸਿੰਘ** ਨੂੰ ਉਸ ਦੇ ਸਾਹਮਣੇ ਕਤਲ ਕੀਤਾ ਗਿਆ। ਇਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੂੰ 9 ਜੂਨ, 1716 ਈ: ਨੂੰ ਸ਼ਹੀਦ ਕੀਤਾ ਗਿਆ।

### ਅਬਦੁਸ ਸਮੱਦ ਖਾਂ

ਫ਼ਰੁਖਸੀਅਰ ਨੇ 1716 ਈ: ਵਿੱਚ ਅਬਦੁਸ ਸਮੱਦ ਖਾਂ ਨੂੰ ਪੰਜਾਬ ਦਾ ਸੂਬੇਦਾਰ ਨਿਯੁੱਕਤ ਕਰ ਦਿੱਤਾ। ਉਸ ਨੇ ਆਪਣੇ ਸ਼ਾਸਨ ਕਾਲ ਵਿੱਚ ਅਣਗਿਣਤ ਸਿੱਖਾਂ ਦਾ ਕਤਲ ਕਰ ਦਿੱਤਾ। ਇਸ ਕਰਕੇ ਮੁਗਲ ਬਾਦਸ਼ਾਹ ਫ਼ਰੁਖਸੀਅਰ ਨੇ ਉਸ ਨੂੰ **'ਰਾਜ ਦੀ ਤਲਵਾਰ'** ਦਾ ਖਿਤਾਬ ਦਿੱਤਾ।

### ਜ਼ਕਰੀਆ ਖਾਂ

1726 ਈ: ਵਿੱਚ ਅਬਦੁਸ ਸਮੱਦ ਖਾਂ ਦੇ ਪੁੱਤਰ ਜ਼ਕਰੀਆ ਖਾਂ ਨੂੰ ਪੰਜਾਬ ਦਾ ਸੂਬੇਦਾਰ ਬਣਾਇਆ ਗਿਆ। ਉਸ ਨੇ ਸਿੱਖਾਂ ਦਾ ਦਮਨ ਕਰਨ ਲਈ ਸਖ਼ਤ ਨੀਤੀ ਅਪਨਾਈ। ਉਸ ਨੇ ਬਹੁ ਗਿਣਤੀ ਵਿੱਚ ਸਿੱਖਾਂ ਨੂੰ ਮਰਵਾ ਦਿੱਤਾ। ਉਸ ਨੇ ਭਾਈ ਮਨੀ ਸਿੰਘ, ਮਹਿਤਾਬ ਸਿੰਘ, ਭਾਈ ਤਾਰੂ ਸਿੰਘ ਅਤੇ ਹਕੀਕਤ ਰਾਏ ਵਰਗੇ ਪ੍ਰਸਿੱਧ ਵਿਅਕਤੀਆਂ ਨੂੰ ਸ਼ਹੀਦ ਕਰਵਾ ਦਿੱਤਾ।

### ਯਾਹੀਆ ਖਾਂ

1745 ਈ: ਵਿੱਚ ਜ਼ਕਰੀਆ ਖਾਂ ਦਾ ਪੁੱਤਰ ਯਾਹੀਆ ਖਾਂ ਪੰਜਾਬ ਦਾ ਸੂਬੇਦਾਰ ਬਣਿਆ। ਉਸ ਨੇ ਸਿੱਖਾਂ ਪ੍ਰਤੀ ਦਮਨਕਾਰੀ ਨੀਤੀ ਜਾਰੀ ਰੱਖੀ। ਯਾਹੀਆ ਖਾਂ ਨੇ **ਕਾਹਨੂੰਵਾਲ** (**ਗੁਰਦਾਸਪੁਰ**) ਵਿਖੇ ਸਿੱਖਾਂ ਉੱਤੇ ਅਚਾਨਕ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ 7000 ਸਿੱਖ ਮਾਰੇ ਗਏ ਅਤੇ 3000 ਨੂੰ ਕੈਦ ਕਰ ਲਿਆ ਗਿਆ। ਇਸ ਘਟਨਾ ਨੂੰ **'ਛੋਟਾ ਘੱਲੂਘਾਰਾ'** ਆਖਿਆ ਜਾਂਦਾ ਹੈ।

### ਮੀਰ ਮੰਨੂ

1748 ਈ: ਵਿੱਚ ਮੀਰ ਮੰਨੂੰ ਪੰਜਾਬ ਦਾ ਨਵਾਂ ਸੂਬੇਦਾਰ ਬਣਿਆ। ਉਸ ਨੇ ਬਹੁਗਿਣਤੀ ਵਿੱਚ ਸਿੱਖਾਂ ਦਾ ਕਤਲ ਕਰਵਾਇਆ। ਪਰੰਤੂ ਮੀਰ ਮੰਨੂੰ ਸਿੱਖਾਂ ਵੱਲ ਪੂਰਾ ਧਿਆਨ ਨਾ ਦੇ ਸਕਿਆ। ਇਸ ਕਰਕੇ ਸਿੱਖਾਂ ਨੇ ਆਪਣੀ ਸ਼ਕਤੀ ਨੂੰ ਵਧੇਰੇ ਸੰਗਠਿਤ ਕੀਤਾ।

### ਅਹਿਮਦ ਸ਼ਾਹ ਅਬਦਾਲੀ

ਅਹਿਮਦ ਸ਼ਾਹ ਅਬਦਾਲੀ ਅਫਗਾਨਿਸਤਾਨ ਦਾ ਸ਼ਾਸਕ ਸੀ। ਉਸ ਨੇ ਪੰਜਾਬ ਉੱਤੇ ਅੱਠ ਵਾਰ ਹਮਲਾ ਕੀਤਾ। ਇਹਨਾਂ ਹਮਲਿਆਂ ਨੇ ਸਿੱਖਾਂ ਨੂੰ ਆਪਸ ਵਿੱਚ ਸੰਗਠਿਤ ਹੋਣ ਲਈ ਸੁਨਿਹਰੀ ਮੌਕਾ ਪ੍ਰਦਾਨ ਕੀਤਾ। 1765 ਈ: ਵਿੱਚ ਸਿੱਖਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ। ਪਰੰਤੂ ਉਹਨਾਂ ਦਾ ਕੋਈ ਨੇਤਾ ਨਹੀਂ ਸੀ। ਇਸ ਕਰਕੇ ਉਹਨਾਂ ਨੇ ਆਪਣੇ ਆਪ ਨੂੰ ਜੱਥਿਆਂ ਵਿੱਚ ਸੰਗਠਿਤ ਕੀਤਾ। ਇਹਨਾਂ ਜੱਥਿਆਂ ਨੂੰ ਮਿਸਲਾਂ ਕਿਹਾ ਜਾਂਦਾ ਸੀ, ਜਿਨ੍ਹਾਂ ਦੀ ਗਿਣਤੀ 12 ਸੀ। 18ਵੀਂ ਸਦੀ ਦੇ ਅੰਤ ਵਿੱਚ **ਸ਼ੁਕਰਚੱਕੀਆ** ਮਿਸਲ ਦੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਇਕੱਠਾ ਕਰਕੇ ਪੰਜਾਬ ਵਿੱਚ ਸੁਤੰਤਰ ਰਾਜ ਦੀ ਸਤਾਪਨਾ ਕੀਤੀ।



*ਚਿੱਤਰ 17.9 ਮਹਾਰਾਜਾ ਰਣਜੀਤ ਸਿੰਘ*

### ਯਾਦ ਰੱਖਣ ਯੋਗ ਨੁਕਤੇ

1. 18ਵੀਂ ਸਦੀ ਵਿਚ ਭਾਰਤ ਵਿੱਚ ਬੰਗਾਲ, ਅਵਧ, ਹੈਦਰਾਬਾਦ, ਮੈਸੂਰ, ਮਰਾਠਾ, ਸਿੱਖ ਰਾਜ ਆਦਿ ਨਵੇਂ ਰਾਜਾਂ ਦੀ ਸਥਾਪਨਾ ਹੋਈ।
2. 18ਵੀਂ ਸਦੀ ਵਿੱਚ ਬੰਗਾਲ ਮੁਗਲਾਂ ਤੋਂ ਸੁਤੰਤਰ ਹੋਣ ਵਾਲਾ ਪਹਿਲਾ ਰਾਜ ਸੀ।
3. ਨਿਜ਼ਾਮ-ਉਲ-ਮੁਲਕ ਨੇ ਆਸਫ ਜਾਹ ਦੀ ਉਪਾਧੀ ਪ੍ਰਾਪਤ ਕੀਤੀ।
4. ਹੈਦਰਅਲੀ 1761 ਈ. ਵਿੱਚ ਮੈਸੂਰ ਦਾ ਸ਼ਾਸਕ ਬਣਿਆ।
5. ਟੀਪੂ ਸੁਲਤਾਨ ਨੂੰ ਮੈਸੂਰ ਦਾ ਟਾਇਗਰ ਕਿਹਾ ਜਾਂਦਾ ਹੈ।
6. ਸ਼ਿਵਾਜੀ ਮਰਾਠਾ ਨੇ ਛੱਤਰਪਤੀ ਦੀ ਉਪਾਧੀ ਧਾਰਣ ਕੀਤੀ।
7. ਰਾਜਪੂਤ ਸ਼ਾਸਕ ਸਵਾਏ ਰਾਜਾ ਜੈ ਸਿੰਘ ਨੇ ਜੈਪੁਰ ਨੂੰ ਗੁਲਾਬੀ ਸ਼ਹਿਰ ਬਣਾਇਆ।
8. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਖਾਲਸਾ ਪੰਥ ਦੀ ਸਿਰਜਨਾ ਕੀਤੀ।
9. ਬੰਦਾ ਸਿੰਘ ਬਹਾਦਰ ਦਾ ਮੁਢਲਾ ਨਾਂ ਲਛਮਣ ਦਾਸ ਸੀ।

# ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

1. 18ਵੀਂ ਸਦੀ ਵਿੱਚ ਸਥਾਪਤ ਹੋਈਆਂ ਕਿਸੇ ਚਾਰ ਖੇਤਰੀ ਤਾਕਤਾਂ ਦੇ ਨਾਂ ਲਿਖੋ।
2. 18ਵੀਂ ਸਦੀ ਵਿੱਚ ਅਵਧ ਦੇ ਉਥਾਨ ਦਾ ਸੰਖੇਪ ਵਰਨਣ ਕਰੋ।
3. 18ਵੀਂ ਸਦੀ ਵਿੱਚ ਸਿੱਖ ਕਿਸ ਤਰ੍ਹਾਂ ਸ਼ਕਤੀਸ਼ਾਲੀ ਬਣੇ ?
4. ਹੈਦਰ ਅਲੀ ਅਤੇ ਟੀਪੂ ਸੁਲਤਾਨ ਨੇ ਮੈਸੂਰ ਨੂੰ ਕਿਵੇਂ ਇਕ ਤਾਕਤਵਾਰ ਰਾਜ ਬਣਾਇਆ ?
5. ਸ਼ਿਵਾਜੀ ਨੇ ਮਰਾਠਾ ਸਾਮਰਾਜ ਦੀ ਸਥਾਪਨਾ ਕਰਨ ਵਿੱਚ ਕੀ ਭੂਮਿਕਾ ਅਦਾ ਕੀਤਾ ?

**(ਅ) ਹੇਠ ਲਿਖੇ ਖਾਲੀ ਸਥਾਨ ਭਰੋ :**

1. ਮੁਹੰਮਦ ਸ਼ਾਹ ਨੇ ............ ਤੱਕ ਰਾਜ ਕੀਤਾ।
2. ਮੁਰਸ਼ਦ ਕੁਲੀ ਖਾਂ ............ ਦਾ ਸ਼ਾਸਕ ਸੀ।
3. ਹੈਦਰ ਅਲੀ ............ ਦਾ ਸ਼ਾਸਕ ਸੀ।
4. ਸਆਦਤ ਖਾਨ ............ ਈ: ਵਿੱਚ ਅਵਧ ਦਾ ਸੂਬੇਦਾਰ ਬਣਿਆ।
5. ਸ਼ਿਵਾਜੀ ............ ਸਾਮਰਾਜ ਦਾ ਸੰਸਥਾਪਕ ਸੀ।
6. ਗੋਕਲ ............ ਦਾ ਨੇਤਾ ਸੀ।
7. ਬੰਦਾ ਸਿੰਘ ਬਹਾਦਰ ਦਾ ਮੁੱਢਲਾ ਨਾਂ ............ ਸੀ।

**(ੲ) ਹੇਠ ਲਿਖੇ ਵਾਕਾਂ ਤੇ ਸਹੀ (✓) ਜਾਂ ਗਲਤ (×) ਦਾ ਚਿੰਨ ਲਗਾਓ :—**

1. ਫਰੁਖਸੀਅਰ ਦਿੱਲੀ ਦਾ ਸ਼ਾਸਕ ਬਣਿਆ। ☐
2. ਮੁਰਸ਼ਦ ਕੁਲੀ ਖਾਂ ਅਵਧ ਦਾ ਸੂਬੇਦਾਰ ਸੀ। ☐
3. ਨਿਜ਼ਾਮ ਉਲ-ਮੁਲਕ ਹੈਦਰਾਬਾਦ ਰਿਆਸਤ ਦਾ ਸੰਸਥਾਪਕ ਸੀ। ☐
4. ਰਾਜਾ ਰਾਮ ਸ਼ਿਵਾਜੀ ਦਾ ਉਤਰਾਧਿਕਾਰੀ ਬਣਿਆ। ☐
5. 1740 ਈ: ਵਿੱਚ ਬਾਲਾਜੀ ਰਾਓ ਤੀਜਾ ਪੇਸ਼ਵਾ ਬਣਿਆ। ☐
6. ਬਦਨ ਸਿੰਘ ਗੋਕਲ ਦਾ ਉੱਤਰਾਧਿਕਾਰੀ ਸੀ। ☐
7. ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚ ਸਿੱਖ ਰਾਜ ਦੀ ਸਥਾਪਨਾ ਕੀਤੀ। ☐

**(ਸ) ਕਾਲਮ 'ੳ' ਅਤੇ ਕਾਲਮ 'ਅ' ਦਾ ਸਹੀ ਮਿਲਾਨ ਕਰੋ :**

| ਕਾਲਮ ੳ | | ਕਾਲਮ ਅ | |
|---|---|---|---|
| (1) | ਬਹਾਦਰ ਸ਼ਾਹ ਦੀ | (ੳ) | 1739 ਈ: ਵਿੱਚ ਮੌਤ |
| (2) | ਸ਼ੁਜਾਉਦੀਨ ਦੀ | (ਅ) | 20 ਅਪ੍ਰੈਲ, 1627 ਈ: |
| (3) | ਹੈਦਰ ਅਲੀ ਦੀ | (ੲ) | 1712 ਈ: |
| (4) | ਟੀਪੂ ਸੁਲਤਾਨ ਨੂੰ | (ਸ) | ਮੈਸੂਰ ਦਾ ਟਾਇਗਰ |
| (5) | ਸ਼ਿਵਾਜੀ ਦਾ ਜਨਮ | (ਹ) | 1782 ਈ: ਵਿੱਚ ਮੌਤ ਹੋ ਗਈ ਸੀ। |
| (6) | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ | (ਕ) | 27 ਅਕਤੂਬਰ 1670 ਈ: ਵਿੱਚ ਹੋਇਆ। |
| (7) | ਬੰਦਾ ਸਿੰਘ ਬਹਾਦਰ ਦਾ ਜਨਮ | (ਖ) | 1699 ਈ: ਵਿੱਚ ਖਾਲਸਾ ਪੰਥ ਦੀ ਸਿਰਜਣਾ ਕੀਤੀ। |

**ਗਤੀਵਿਧੀ**

ਭਾਰਤ ਦੇ ਨਕਸ਼ੇ ਵਿੱਚ 18ਵੀਂ ਸਦੀ ਵਿੱਚ ਮੁਗਲ ਸਾਮਰਾਜ ਦੌਰਾਨ ਸੁਤੰਤਰ ਹੋਏ ਰਾਜ ਦਰਸਾਓ।

# ਯੂਨਿਟ-III

# ਨਾਗਰਿਕ ਸ਼ਾਸਤਰ

## ਲੋਕਤੰਤਰ ਅਤੇ ਸਮਾਨਤਾ





# ਇਕਾਈ 3

# ਸਮਾਜਿਕ ਅਤੇ ਰਾਜਨੀਤਿਕ ਜੀਵਨ

## ਲੋਕਤੰਤਰ ਅਤੇ ਸਮਾਨਤਾ

ਲੋਕਤੰਤਰ ਅਤੇ ਸਮਾਨਤਾ ਦੀ ਇਕਾਈ ਵਿੱਚ ਲੋਕਤੰਤਰੀ ਸਮਾਜ ਦੀਆਂ ਸਮਾਜਿਕ ਅਤੇ ਰਾਜਨੀਤਿਕ ਜੀਵਨ ਦੀਆਂ ਮੂਲ ਧਾਰਨਾਵਾਂ ਤੇ ਚਾਨਣ ਪਾਇਆ ਗਿਆ ਹੈ। ਇਸ ਇਕਾਈ ਰਾਹੀਂ ਲੋਕਤੰਤਰ ਪ੍ਰਣਾਲ਼ੀ ਦੀ ਬਦਲਦੀ ਹੋਈ ਨੁਹਾਰ ਅਤੇ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪੱਖਾਂ ਦੀ ਅੰਤਰਨਿਰਭਰਤਾ ਦੇ ਪ੍ਰਭਾਵ ਬਾਰੇ ਦੱਸਿਆ ਗਿਆ ਹੈ। ਲੋਕਤੰਤਰੀ ਸੰਸਥਾਵਾਂ ਅਤੇ ਆਦਰਸ਼ਾਂ ਦੀ ਅਸਲੀ ਕਾਰਗੁਜ਼ਾਰੀ ਬਾਰੇ ਵੀ ਲੋੜੀਂਦਾ ਗਿਆਨ ਦਿੱਤਾ ਗਿਆ ਹੈ।

ਵਿਦਿਆਰਥੀ ਨੂੰ ਲੋਕਤੰਤਰੀ ਰਾਜ ਅਤੇ ਨਾਗਰਿਕ ਦੇ ਆਪਸੀ ਸੰਬੰਧਾਂ ਨੂੰ ਸਮਝਾਉਂਦੇ ਹੋਏ ਵੱਖ-ਵੱਖ ਸੰਗਠਨਾਂ ਅਤੇ ਸੰਸਥਾਵਾਂ ਜਿਹਾ ਕਿ ਸਰਕਾਰ, ਨੌਕਰਸ਼ਾਹੀ ਅਤੇ ਮੀਡੀਏ ਤੋਂ ਜਾਣੂ ਕਰਵਾਇਆ ਗਿਆ ਹੈ। ਸਮਾਜ ਵਿੱਚ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਲਿੰਗ ਸਮਾਨਤਾ ਦੀ ਭੂਮਿਕਾ ਨੂੰ ਸਮਝਾਉਂਦੇ ਹੋਏ ਸਮਾਜ ਵਿੱਚ ਔਰਤ ਦੀ ਭੂਮਿਕਾ ਨੂੰ ਉਘਾੜਨ ਲਈ ਵੀ ਗਿਆਨ ਸ਼ਾਮਿਲ ਕੀਤਾ ਗਿਆ।

ਇਸੇ ਤਰ੍ਹਾਂ ਲੋਕਤੰਤਰੀ ਰਾਜ ਦੇ ਆਰਥਿਕ ਵਿਕਾਸ ਲਈ ਨੇੜੇ ਸਥਿਤ ਬਜ਼ਾਰਾਂ ਦੀ ਭੂਮਿਕਾ, ਖ਼ਾਸ ਕਰਕੇ ਥੋਕ ਅਤੇ ਪ੍ਰਚੂਨ ਵਿੱਚ ਵਾਪਰ ਰਹੀ ਅਸਲੀ ਕਾਰਗੁਜ਼ਾਰੀ ਬਾਰੇ ਅਧਿਐਨ ਕਰਨ ਦਾ ਸੁਝਾਅ ਦਿੱਤਾ ਗਿਆ ਹੈ।

ਇਸ ਭਾਗ ਵਿੱਚ ਵਿਚਾਰੀਆਂ ਗਈਆਂ ਧਾਰਨਾਵਾਂ ਰਾਹੀਂ ਵਿਦਿਆਰਥੀਆਂ ਦਾ ਲੋੜੀਂਦਾ ਮਾਨਸਿਕ ਵਿਕਾਸ ਹੋਵੇਗਾ। ਜਿਸ ਨਾਲ਼ ਉਹ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪੱਖਾਂ ਦੀ ਸਮਾਨਤਾ ਅਤੇ ਅੰਤਰ-ਨਿਰਭਰਤਾ, ਪ੍ਰਤੀਨਿਧੀ ਸਰਕਾਰ, ਲਿੰਗ ਸਮਾਨਤਾ, ਕਾਨੂੰਨ ਦਾ ਰਾਜ, ਵਿਗਿਆਪਨ ਆਦਿ ਦੇ ਮਹੱਤਵ ਨੂੰ ਸਮਝਦੇ ਹੋਏ ਦੇਸ਼ ਦੇ ਜ਼ਿੰਮੇਵਾਰ ਅਤੇ ਚੇਤੰਨ ਨਾਗਰਿਕ ਬਣਨਗੇ।



# ਪਾਠ 18

# ਲੋਕਤੰਤਰ ਅਤੇ ਸਮਾਨਤਾ

ਭਾਰਤ ਇੱਕ ਲੋਕਤੰਤਰੀ ਗਣਰਾਜ ਹੈ। ਲੋਕਤੰਤਰ, ਸਰਕਾਰ ਦੀ ਇੱਕ ਕਿਸਮ ਹੈ। ਜਿਸ ਲੋਕਤੰਤਰੀ ਸਰਕਾਰ ਵਾਲ਼ੇ ਰਾਜ ਦਾ ਮੁਖੀ ਚੁਣਿਆ ਹੋਇਆ ਹੋਵੇ ਤਾਂ ਉਸ ਨੂੰ ਗਣਤੰਤਰ ਰਾਜ ਕਿਹਾ ਜਾਂਦਾ ਹੈ। ਭਾਰਤ, ਰਾਜ ਦਾ ਮੁਖੀ ਰਾਸ਼ਟਰਪਤੀ ਚੁਣਿਆ ਹੋਇਆ ਹੈ, ਇਸੇ ਲਈ ਸਾਡੇ ਦੇਸ਼ ਦੀ ਸਰਕਾਰ ਨੂੰ ਲੋਕਤੰਤਰੀ ਗਣਰਾਜ ਕਿਹਾ ਜਾਂਦਾ ਹੈ। ਲੋਕਤੰਤਰੀ ਦੇਸ਼ ਵਿੱਚ ਦੇਸ਼ ਦਾ ਸ਼ਾਸਨ ਚਲਾਉਣ ਦੀ ਸ਼ਕਤੀ ਸਾਰੇ ਲੋਕਾਂ ਦੇ ਕੋਲ਼ ਹੁੰਦੀ ਹੈ। ਸ਼ਾਸਨ ਚਲਾਉਣ ਲਈ ਸਾਰਿਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਹਿੱਸਾ ਲੈਣ ਦਾ ਅਧਿਕਾਰ ਹੈ ਭਾਵੇਂ ਉਹ ਹਿੱਸਾ ਲੈਣ ਜਾਂ ਨਾ। ਜਦੋਂ ਦੇਸ਼ ਦੇ ਲੋਕ ਆਪਣੇ ਪ੍ਰਤੀਨਿਧ ਚੁਣ ਕੇ ਭੇਜਦੇ ਹਨ ਉਹ ਅਸਿੱਧੇ ਤੌਰ ਤੇ ਹਿੱਸਾ ਲੈਂਦੇ ਹਨ ਅਤੇ ਜਿਹੜੇ ਚੁਣੇ ਹੋਏ ਪ੍ਰਤੀਨਿਧ ਸਰਕਾਰ ਦੀਆਂ ਨੀਤੀਆਂ ਬਣਾਉਂਦੇ ਹਨ ਉਹ ਸਿੱਧੇ ਤੌਰ ਤੇ ਹਿੱਸਾ ਲੈਂਦੇ ਹਨ। ਲੋਕਤੰਤਰ ਵਿੱਚ ਸਰਕਾਰ ਦੀਆਂ ਨੀਤੀਆਂ ਦਾ ਫ਼ੈਸਲਾ ਲੋਕਾਂ ਦੀ ਇੱਛਾ ਅਨੁਸਾਰ ਕੀਤਾ ਜਾਂਦਾ ਹੈ। ਇਸੇ ਲਈ ਹੀ ਚੋਣਾਂ ਅਤੇ ਲੋਕਮਤ (ਲੋਕ ਇੱਛਾ) ਲੋਕਤੰਤਰ ਦੀਆਂ ਮਹੱਤਵਪੂਰਨ ਸੰਸਥਾਵਾਂ ਹਨ।

ਲੋਕਤੰਤਰੀ ਦੇਸ਼ ਵਿੱਚ ਲੋਕ ਚੋਣਾਂ ਰਾਹੀਂ ਆਪਣੇ ਪ੍ਰਤੀਨਿਧ ਚੁਣ ਕੇ ਸਰਕਾਰ ਬਣਾਉਂਦੇ ਹਨ ਅਤੇ ਇਸ ਤੇ ਕੰਟਰੋਲ ਕਰਦੇ ਹਨ। ਕੰਮ ਠੀਕ ਨਾ ਕਰਨ ਦੀ ਹਾਲਤ ਵਿੱਚ ਅਜਿਹੀ ਸਰਕਾਰ ਨੂੰ ਅਗਲੀਆਂ ਚੋਣਾਂ ਵਿੱਚ ਬਦਲਿਆ ਜਾ ਸਕਦਾ ਹੈ। ਲੋਕਤੰਤਰੀ ਸਰਕਾਰ ਵਾਲ਼ੇ ਦੇਸ਼ ਵਿੱਚ ਦੇਸ਼ ਦੇ ਮੁਖੀ ਦੋ ਤਰ੍ਹਾਂ ਦੇ ਹੁੰਦੇ ਹਨ—ਨਾਂ ਮਾਤਰ ਮੁੱਖੀ ਅਤੇ ਅਸਲੀ ਮੁਖੀ। ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਦਾ ਨਾਂ ਮਾਤਰ ਮੁਖੀ ਰਾਸ਼ਟਰਪਤੀ ਹੈ ਅਤੇ ਰਾਜ ਸਰਕਾਰਾਂ ਦੇ ਮੁਖੀ ਰਾਜਪਾਲ ਹੁੰਦੇ ਹਨ। ਜਦੋਂ ਕਿ ਕੇਂਦਰੀ ਅਤੇ ਰਾਜ ਸਰਕਾਰ ਦੇ ਅਸਲੀ ਮੁਖੀ ਕਰਮਵਾਰ ਪ੍ਰਧਾਨ-ਮੰਤਰੀ ਅਤੇ ਮੁੱਖ-ਮੰਤਰੀ ਹਨ।

ਕੁੱਝ ਲੋਕਤੰਤਰੀ ਰਾਜਾਂ ਦੇ ਮੁਖੀ ਲੋਕਾਂ ਦੁਆਰਾ ਚੁਣੇ ਨਹੀਂ ਜਾਂਦੇ, ਉਹਨਾਂ ਦਾ ਅਹੁਦਾ ਜੱਦੀ ਹੁੰਦਾ ਹੈ। ਅਜਿਹੇ ਦੇਸ਼ ਦਾ ਮੁਖੀ ਰਾਜਾ ਜਾਂ ਰਾਣੀ ਹੁੰਦੇ ਹਨ ਜਿਹਾ ਕਿ ਇੰਗਲੈਂਡ ਵਿੱਚ ਹੈ। ਅਜਿਹੇ ਲੋਕਤੰਤਰੀ ਦੇਸ਼ ਨੂੰ ਰਾਜਤੰਤਰੀ ਲੋਕ-ਰਾਜ ਕਿਹਾ ਜਾਂਦਾ ਹੈ।

## ਲੋਕਤੰਤਰ ਦਾ ਅਰਥ

ਲੋਕਤੰਤਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ। ਭਾਵ ਉੱਥੇ ਦਾ ਸ਼ਾਸ਼ਨ ਲੋਕਾਂ ਦੀ ਮਰਜ਼ੀ ਅਨੁਸਾਰ ਹੀ ਚਲਾਇਆ ਜਾਂਦਾ ਹੈ। ਕਾਨੂੰਨੀ ਤੌਰ ਤੇ ਵੀ ਸ਼ਾਸਨ ਚਲਾਉਣ ਦੀ ਸ਼ਕਤੀ ਲੋਕਾਂ ਦੇ ਹੱਥ ਵਿੱਚ ਹੁੰਦੀ ਹੈ। ਇਬਰਾਹਿੰਮ ਲਿੰਕਨ ਦੇ ਸ਼ਬਦਾਂ ਵਿੱਚ ਲੋਕਤੰਤਰੀ ਸਰਕਾਰ "ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ" ਹੁੰਦੀ ਹੈ। ਆਧੁਨਿਕ ਸਮੇਂ ਵਿੱਚ ਜਨਸੰਖਿਆ ਦੇ ਵੱਧਣ ਕਾਰਨ ਸਾਰੇ ਲੋਕ ਸਿੱਧੇ

ਤੌਰ ਤੇ ਸਰਕਾਰ ਦੇ ਕੰਮਾਂ ਵਿੱਚ ਭਾਵ ਕਾਨੂੰਨ ਬਣਾਉਣ ਵਿੱਚ ਹਿੱਸਾ ਨਹੀਂ ਲੈ ਸਕਦੇ। ਇਸ ਲਈ ਦੇਸ਼ ਦੇ ਸਾਰੇ ਬਾਲਗ ਵੋਟਰ, ਵੋਟਾਂ ਪਾਕੇ ਆਪਣੇ ਪ੍ਰਤੀਨਿਧ ਚੁਣਦੇ ਹਨ। ਉਹੀ ਪ੍ਰਤੀਨਿਧ ਕੇਂਦਰੀ ਅਤੇ ਰਾਜ ਪੱਧਰ ਤੇ ਕਾਨੂੰਨ ਬਣਾਉਂਦੇ ਅਤੇ ਕਾਨੂੰਨ ਨੂੰ ਲਾਗੂ ਕਰਨ ਦਾ ਕੰਮ ਕਰਦੇ ਹਨ। ਲੋਕਤੰਤਰੀ ਦੇਸ਼ ਵਿੱਚ "ਕਾਨੂੰਨ ਦਾ ਰਾਜ" (Rule of law) ਹੁੰਦਾ ਹੈ, ਕਾਨੂੰਨ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾ ਦੁਆਰਾ ਬਣਾਏ ਜਾਂਦੇ ਹਨ। ਲੋਕਤੰਤਰੀ ਸਰਕਾਰ ਲੋਕਾਂ ਦੁਆਰਾ ਬਣਾਈ ਜਾਂਦੀ ਹੈ ਅਤੇ ਲੋਕ ਭਲਾਈ ਲਈ ਹੀ ਕੰਮ ਕਰਦੀ ਹੈ।


*ਚਿੱਤਰ 18.1 ਇਬਰਾਹਿਮ ਲਿੰਕਨ*

## ਲੋਕਤੰਤਰ ਦਾ ਆਰੰਭ

ਲੋਕਤੰਤਰ ਦਾ ਆਰੰਭ ਯੂਨਾਨ ਦੇ ਸ਼ਹਿਰ ਏਥਨਜ਼ (Athens) ਵਿੱਚ ਹੋਇਆ। ਉੱਥੇ ਲੋਕਤੰਤਰ ਲਗਪਗ ਢਾਈ ਹਜ਼ਾਰ ਸਾਲ ਪੁਰਾਣਾ ਹੈ। ਕਿਹਾ ਜਾਂਦਾ ਹੈ ਕਿ ਏਥਨਜ਼ ਸ਼ਹਿਰ ਦੇ ਲੋਕ ਸਾਲ ਵਿੱਚ ਕਈ ਵਾਰੀ ਇਕੱਠੇ ਹੋ ਕੇ ਸਭਾ ਕਰਦੇ ਸਨ। ਜਿੱਥੇ ਸਿੱਧੇ ਲੋਕਾਂ ਦੁਆਰਾ ਹੀ ਰਾਜਪ੍ਰਬੰਧ ਚਲਾਉਣ ਦੇ ਫ਼ੈਸਲੇ ਲਏ ਜਾਂਦੇ ਸਨ। ਅਜਿਹੀ ਲੋਕਤੰਤਰੀ ਸਰਕਾਰ ਨੂੰ ਸਿੱਧਾ ਲੋਕਤੰਤਰ ਕਿਹਾ ਜਾਂਦਾ ਹੈ। ਉਸ ਸਮੇਂ ਲੋਕਾਂ ਦੀ ਗਿਣਤੀ ਬਹੁਤ ਹੀ ਘੱਟ ਸੀ ਅਤੇ ਸਾਰੇ ਇੱਕ ਥਾਂ ਇਕੱਠੇ ਹੋ ਕੇ ਫ਼ੈਸਲੇ ਕਰ ਸਕਦੇ ਸਨ ਜੋ ਕਿ ਹੁਣ ਸੰਭਵ ਨਹੀਂ ਹੈ।

ਆਧੁਨਿਕ ਲੋਕਤੰਤਰ ਦੀ ਸਥਾਪਨਾ ਪਹਿਲਾਂ ਯੂਰਪ ਦੇ ਦੇਸ਼ਾਂ ਵਿੱਚ ਹੋਈ ਸੀ। ਸਤ੍ਹਾਰਵੀਂ ਸਦੀ ਵਿੱਚ ਇੰਗਲੈਂਡ ਦੀ ਸ਼ਾਨਦਾਰ ਕ੍ਰਾਂਤੀ ਅਤੇ ਅਠ੍ਹਾਰਵੀਂ ਸਦੀ ਦੀ ਫਰਾਂਸ ਦੀ ਕ੍ਰਾਂਤੀ ਸਮੇਂ ਲੋਕਤੰਤਰ ਦੇ ਨਵੇਂ ਸਿਧਾਂਤ "ਕਾਨੂੰਨ ਦਾ ਰਾਜ" ਦਾ ਵਿਕਾਸ ਹੋਇਆ ਜਿਸ ਅਨੁਸਾਰ ਸਰਕਾਰ ਲੋਕਾਂ ਦੁਆਰਾ ਬਣਾਏ ਕਾਨੂੰਨ ਰਾਹੀਂ ਚਲਾਈ ਜਾਣੀ ਚਾਹੀਦੀ ਹੈ। ਹੌਲ਼ੀ-ਹੌਲ਼ੀ ਜਦੋਂ ਇਹ ਮਹਿਸੂਸ ਕੀਤਾ ਗਿਆ ਕਿ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧ ਆਪਣੇ ਕੰਮ ਲਈ ਲੋਕਾਂ ਪ੍ਰਤੀ ਜ਼ਿੰਮੇਵਾਰ ਹੋਣ ਤਾਂ ਪ੍ਰਤੀਨਿਧੀਆਂ ਦੀ ਜ਼ਿੰਮੇਵਾਰੀ ਦੇ ਸਿਧਾਂਤ ਦਾ ਵਿਕਾਸ ਹੋਇਆ। ਪਰੰਤੂ ਉਦੋਂ ਤੱਕ ਪ੍ਰਤੀਨਿਧੀਆਂ ਦੀ ਚੋਣ ਵਿੱਚ ਵੋਟ ਪਾਉਣ ਦਾ ਅਧਿਕਾਰ ਕੇਵਲ ਅਮੀਰ ਲੋਕਾਂ ਨੂੰ ਹੀ ਪ੍ਰਾਪਤ ਸੀ। ਲੋਕਤੰਤਰ ਦਾ ਮੁੱਢਲਾ ਸਿਧਾਂਤ ਸਮਾਨਤਾ ਅਤੇ ਸੁਤੰਤਰਤਾ ਹੈ ਇਸ ਲਈ ਹੌਲ਼ੀ-ਹੌਲ਼ੀ ਸਮੇਂ ਦੀ ਲੋੜ ਅਨੁਸਾਰ ਔਰਤਾਂ ਨੂੰ ਵੀ ਵੋਟ ਪਾਉਣ ਦਾ ਅਧਿਕਾਰ ਦੇ ਦਿੱਤਾ ਗਿਆ। ਜਦੋਂ ਵੋਟ ਪਾਉਣ ਦਾ ਅਧਿਕਾਰ ਸਾਰੇ ਬਾਲਗਾਂ ਨੂੰ ਮਿਲ਼ ਜਾਵੇ ਤਾਂ ਇਸ ਨੂੰ **ਸਵ** ਵਿਆਪਕ ਮਤ-ਅਧਿਕਾਰ ਕਿਹਾ ਜਾਂਦਾ ਹੈ ਜੋ ਕਿ ਸਮਾਨਤਾ ਦੇ ਸਿਧਾਂਤ ਅਨੁਸਾਰ ਜ਼ਰੂਰੀ ਹੈ।

ਉਨ੍ਹੀਵੀਂ ਅਤੇ ਵੀਹਵੀਂ ਸਦੀ ਵਿੱਚ ਲੋਕਤੰਤਰੀ ਰਾਜਾਂ ਵਿੱਚ 'ਸਮਾਨਤਾ ਦੇ ਅਧਿਕਾਰ' ਨੇ ਜ਼ੋਰ ਪਕੜਿਆ ਜੋ ਕਿ ਪਹਿਲਾਂ ਕੇਵਲ ਰਾਜਨੀਤਕ ਖੇਤਰ ਤੱਕ ਹੀ ਸੀਮਤ ਸੀ। ਸਮੇਂ ਦੀ ਲੋੜ ਅਨੁਸਾਰ ਆਰਥਿਕ ਅਤੇ ਸਮਾਜਿਕ ਖੇਤਰ ਵਿੱਚ ਵੀ ਸਮਾਨਤਾ ਦੇ ਅਧਿਕਾਰ ਦੀ ਵੀ ਮੰਗ ਕੀਤੀ ਜਾਣ ਲੱਗੀ। ਇਸ ਤਰ੍ਹਾਂ ਹੌਲ਼ੀ-ਹੌਲ਼ੀ ਜਿਹਨਾਂ ਲੋਕਤੰਤਰੀ ਸਿਧਾਂਤਾਂ ਦਾ ਵਿਕਾਸ ਹੋਇਆ ਉਹ

ਹਨ-ਕਾਨੂੰਨ ਦਾ ਰਾਜ, ਪ੍ਰਤੀਨਿਧੀਆਂ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ, ਵਿਆਪਕ ਬਾਲਗ ਮਤ ਅਧਿਕਾਰ ਅਤੇ ਰਾਜਨੀਤਕ ਅਤੇ ਆਰਥਿਕ ਸਮਾਨਤਾ।




*ਚਿੱਤਰ 18.2 ਲੋਕ-ਤੰਤਰ ਪ੍ਰਣਾਲੀ ਦੀ ਇਕ ਝਲਕ*

ਲੋਕਤੰਤਰ ਦੇ ਵਿਕਾਸ ਸਮੇਂ ਸਿੱਧੇ ਲੋਕਤੰਤਰ ਤੋਂ ਇਸਦਾ ਰੂਪ ਪ੍ਰਤੀਨਿਧੀ ਲੋਕਤੰਤਰ ਵਿੱਚ ਬਦਲ ਗਿਆ। ਸ਼ਾਸਨ ਕਰਨ ਵਾਲ਼ੇ ਲੋਕਾਂ ਦੀ ਗਿਣਤੀ ਵੱਧਦੀ ਗਈ ਜਿਸ ਲਈ ਕਿਸੇ ਵੀ ਸ਼ਹਿਰ ਜਾਂ ਦੇਸ਼ ਦੇ ਸਾਰੇ ਲੋਕ ਇੱਕ ਥਾਂ ਤੇ ਇਕੱਠੇ ਹੋ ਕੇ ਦੇਸ਼ ਦੇ ਸ਼ਾਸਨ ਸਬੰਧੀ ਕਾਨੂੰਨ ਨਹੀਂ ਬਣਾ ਸਕਦੇ ਸਨ। ਸਵ ਵਿਆਪਕ ਮਤ ਅਧਿਕਾਰ ਨਾਲ ਵੋਟਰਾਂ ਦੀ ਗਿਣਤੀ ਬਹੁਤ ਵਧ ਗਈ। ਇਸ ਲਈ ਲੋਕ ਚੋਣਾਂ ਰਾਹੀਂ ਆਪਣੇ ਪ੍ਰਤੀਨਿਧ ਚੁਣ ਕੇ ਭੇਜਣ ਲੱਗੇ। ਜਿਹੜੇ ਕਾਨੂੰਨ ਬਣਾਉਂਦੇ ਅਤੇ ਲਾਗੂ ਕਰਦੇ ਸਨ। ਅਜਿਹੇ ਲੋਕਤੰਤਰ ਨੂੰ ਅਸਿੱਧਾ ਜਾਂ ਪ੍ਰਤੀਨਿਧੀ ਲੋਕਤੰਤਰ ਕਿਹਾ ਜਾਂਦਾ ਹੈ।

*ਸਵਿਟਜ਼ਰਲੈਂਡ ਹੀ ਅਜਿਹਾ ਦੇਸ਼ ਹੈ ਜਿੱਥੇ ਅਜੇ ਵੀ ਸਿੱਧਾ ਜਾਂ ਪ੍ਰਤੱਖ ਲੋਕ-ਤੰਤਰ ਹੈ।*

ਲੋਕਤੰਤਰੀ ਸਮਾਜ ਵਿੱਚ ਕਿਸੇ ਵੀ ਅਧਾਰ ਤੇ ਕਿਸੇ ਨਾਲ਼ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਕਾਨੂੰਨ ਦੀ ਨਜ਼ਰ ਵਿੱਚ ਅਮੀਰ, ਗ਼ਰੀਬ, ਆਦਮੀ, ਔਰਤ ਸਭ ਬਰਾਬਰ ਹਨ। ਹਰੇਕ ਵਿਅਕਤੀ ਨੂੰ ਆਪਣੇ ਵਿਅਕਤੀਤਵ ਦਾ ਪੂਰਨ ਵਿਕਾਸ ਕਰਨ ਦਾ ਅਧਿਕਾਰ ਹੈ। ਜ਼ਾਤ-ਪਾਤ ਜਾਂ

ਜਨਮ ਦੇ ਅਧਾਰ ਤੇ ਕਿਸੇ ਨੂੰ ਵੱਧ ਸਹੂਲਤਾਂ ਪ੍ਰਾਪਤ ਨਹੀਂ ਹੁੰਦੀਆਂ।ਪਰ ਸਰਕਾਰ ਆਰਥਿਕ ਅਤੇ ਸਮਾਜਿਕ ਤੌਰ 'ਤੇ ਪੱਛੜੇ ਲੋਕਾਂ ਲਈ ਵਿਸ਼ੇਸ਼ ਸਹੂਲਤਾਂ ਦੀ ਵਿਵਸਥਾ ਕਰ ਸਕਦੀ ਹੈ।ਲੋਕਤੰਤਰੀ ਸਮਾਜ ਵਿੱਚ ਅਜਿਹੇ ਵਿਤਕਰੇ ਨਹੀਂ ਹੁੰਦੇ ਕਿਉਂਕਿ ਸਭ ਲੋਕ ਸਮਾਨ ਹਨ। ਜੇਕਰ ਆਰਥਿਕ ਅਤੇ ਸਮਾਜਿਕ ਪੱਖੋਂ ਸਭ ਲੋਕ ਬਰਾਬਰ ਹੋਣਗੇ ਤੱਦ ਹੀ ਉਹ ਸਾਰੇ ਰਾਜਨੀਤਕ ਪੱਖੋਂ ਸਮਾਨ ਹੋ ਸਕਦੇ ਹਨ। ਇਸੇ ਲਈ ਲੋਕਤੰਤਰ ਸਰਕਾਰ ਦੀ ਇੱਕ ਕਿਸਮ ਨਹੀਂ ਸਗੋਂ ਇੱਕ ਜੀਵਨ ਜਾਂਚ ਹੈ।

## ਲੋਕਤੰਤਰੀ ਸਰਕਾਰ ਦੇ ਵੱਖ-ਵੱਖ ਰੂਪ

ਪ੍ਰਤੀਨਿਧੀ ਲੋਕਤੰਤਰੀ ਸਰਕਾਰ ਨੂੰ ਅੱਗੇ ਦੋ ਮੁੱਖ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ।

(ੳ) (i) ਪ੍ਰਧਾਨਾਤਮਕ ਸਰਕਾਰ (ii) ਸੰਸਦਾਤਮਕ ਸਰਕਾਰ

(ਅ) (i) ਇਕਾਤਮਕ ਸਰਕਾਰ (ii) ਸੰਘਾਤਮਕ ਸਰਕਾਰ

ਲੋਕਤੰਤਰੀ ਸਰਕਾਰ ਦੀ ਪਹਿਲੀ ਵੰਡ (ੳ) ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਦੇ ਆਪਸੀ ਸੰਬੰਧਾਂ ਤੇ ਨਿਰਭਰ ਕਰਦੀ ਹੈ। ਸੰਸਦਾਤਮਕ ਸਰਕਾਰ ਵਿੱਚ ਸੰਸਦ ਭਾਵ ਵਿਧਾਨਪਾਲਿਕਾ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ। ਰਾਸ਼ਟਰਪਤੀ ਨਾਂ ਮਾਤਰ ਦਾ ਮੁਖੀ ਹੁੰਦਾ ਹੈ। ਜਦ ਕਿ ਸਰਕਾਰ ਦੀ ਅਸਲੀ ਸ਼ਕਤੀ ਪ੍ਰਧਾਨਮੰਤਰੀ ਕੋਲ਼ ਹੁੰਦੀ ਹੈ। ਮੰਤਰੀ ਪ੍ਰੀਸ਼ਦ ਦੇ ਸਾਰੇ ਮੈਂਬਰ ਸੰਸਦ ਭਾਵ ਵਿਧਾਨ-ਪਾਲਿਕਾ ਵਿੱਚੋਂ ਹੀ ਲਏ ਜਾਂਦੇ ਹਨ। ਇਸ ਲਈ ਸੰਸਦਾਤਮਕ ਸਰਕਾਰ ਵਿੱਚ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿੱਚ ਆਪਸੀ ਤਾਲਮੇਲ ਹੁੰਦਾ ਹੈ। ਇਸ ਤਰ੍ਹਾਂ ਦੀ ਸਰਕਾਰ ਇੰਗਲੈਂਡ ਅਤੇ ਭਾਰਤ ਵਿੱਚ ਕਾਰਜਰੱਤ ਹੈ।

ਪ੍ਰਧਾਨਾਤਮਕ ਸਰਕਾਰ ਵਿੱਚ ਦੇਸ਼ ਦੀ ਕਾਰਜਪਾਲਿਕਾ ਦਾ ਮੁਖੀ—ਰਾਸ਼ਟਰਪਤੀ ਲੋਕਾਂ ਦੁਆਰਾ ਸਿੱਧਾ ਚੁਣਿਆ ਜਾਂਦਾ ਹੈ। ਉਹ ਦੇਸ਼ ਦਾ ਅਸਲੀ ਸ਼ਾਸਕ ਹੁੰਦਾ ਹੈ। ਰਾਸ਼ਟਰਪਤੀ ਅਤੇ ਮੰਤਰੀ ਮੰਡਲ ਦੇ ਮੰਤਰੀ ਇੱਕੋ ਰਾਜਨੀਤਕ ਪਾਰਟੀ ਦੇ ਨਹੀਂ ਹੁੰਦੇ। ਅਜਿਹੀ ਪ੍ਰਧਾਨਾਤਮਕ ਲੋਕਤੰਤਰੀ ਸਰਕਾਰ ਅਮਰੀਕਾ ਵਿੱਚ ਹੈ। ਉੱਥੇ ਦਾ ਰਾਸ਼ਟਰਪਤੀ ਭਾਰਤੀ ਰਾਸ਼ਟਰਪਤੀ ਨਾਲ਼ੋਂ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ।

ਲੋਕਤੰਤਰੀ ਸਰਕਾਰ ਦਾ ਦੂਜਾ ਰੂਪ (ਅ) ਕੇਂਦਰੀ ਅਤੇ ਰਾਜ ਸਰਕਾਰ ਵਿੱਚ ਸ਼ਕਤੀਆਂ ਦੀ ਵੰਡ ਤੇ ਅਧਾਰਤ ਹੁੰਦਾ ਹੈ। ਇਸ ਅਧਾਰ ਤੇ ਲੋਕਤੰਤਰੀ ਸਰਕਾਰ ਦੋ ਤਰ੍ਹਾਂ ਦੀ ਸੰਘਾਤਮਕ ਅਤੇ ਇਕਾਤਮਕ ਹੁੰਦੀ ਹੈ। ਸੰਘਾਤਮਕ ਕਿਸਮ ਦੀ ਸਰਕਾਰ ਵਿੱਚ ਸੰਵਿਧਾਨ ਲਿਖਤੀ ਅਤੇ ਕਠੋਰ ਹੁੰਦਾ ਹੈ। ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਜਾਂਦੀ ਹੈ। ਹਰੇਕ ਰਾਜ ਦੀ ਆਪਣੀ ਸਰਕਾਰ ਹੁੰਦੀ ਹੈ। ਭਾਰਤ ਵੀ ਇੱਕ ਸੰਘਾਤਮਕ, ਲੋਕਤੰਤਰੀ ਦੇਸ਼ ਹੈ। ਇਕਾਤਮਕ ਕਿਸਮ ਦੇ ਲੋਕਤੰਤਰੀ ਦੇਸ਼ ਵਿੱਚ ਰਾਜਾਂ ਅਤੇ ਕੇਂਦਰ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਜਾਂਦੀ ਹੈ ਪਰ ਰਾਜਾਂ ਦੇ ਮੁਕਾਬਲੇ ਵਿੱਚ ਕੇਂਦਰ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ। ਸਾਡੇ ਭਾਰਤ ਦਾ ਸੰਵਿਧਾਨ ਭਾਵੇਂ ਸੰਘਾਤਮਕ ਹੈ ਪਰ ਕਿਸੇ ਅੰਦਰੂਨੀ ਜਾ ਬਾਹਰੀ ਸੰਕਟ ਸਮੇਂ ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਵਧ ਜਾਣ ਕਾਰਨ ਦੇਸ਼ ਦਾ ਪ੍ਰਬੰਧਕੀ ਢਾਂਚਾ ਇਕਾਤਮਕ ਹੋ ਜਾਂਦਾ ਹੈ।

### ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ

ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਨੂੰ ਸਭ ਤੋਂ ਵਧੀਆ ਸਰਕਾਰ ਮੰਨਿਆ ਜਾਂਦਾ ਹੈ। ਪਰੰਤੂ ਇੱਕ ਸਫ਼ਲ ਲੋਕਤੰਤਰੀ ਰਾਜ ਵਿੱਚ ਲੋਕਤੰਤਰੀ ਸਰਕਾਰ ਦੀ ਸਫ਼ਲਤਾ ਲਈ ਅੱਗੇ ਲਿਖੀਆਂ ਕੁਝ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ।

1. **ਸੂਝਵਾਨ ਨਾਗਰਿਕ :** ਲੋਕਤੰਤਰੀ ਸਰਕਾਰ ਦਾ ਇੱਕ ਮੂਲ ਅਧਾਰ 'ਲੋਕ ਇੱਛਾ' ਹੈ ਜਿਸ ਦੇ ਅਧਾਰ ਤੇ ਸਰਕਾਰ ਚਲਾਈ ਜਾਂਦੀ ਹੈ। ਇਸ ਲਈ ਲੋਕਾਂ ਦਾ ਸੂਝਵਾਨ ਹੋਣਾ ਬਹੁਤ ਜ਼ਰੂਰੀ ਹੈ। ਇਸ ਦਾ ਭਾਵ ਬਹੁਤ ਪੜ੍ਹੇ ਲਿਖੇ ਹੋਣਾ ਨਹੀਂ ਸਗੋਂ ਰਾਜਨੀਤਕ ਤੌਰ ਤੇ ਪਰਪੱਕ ਹੋਣਾ ਹੈ। ਅਜਿਹੇ ਲੋਕ ਹੀ ਆਪਣੇ ਸੂਝਵਾਨ ਪ੍ਰਤੀਨਿਧੀਆਂ ਦੀ ਚੋਣ ਕਰਕੇ ਦੇਸ਼ ਦੀ ਸ਼ਾਸਨਪ੍ਰਣਾਲ਼ੀ ਨੂੰ ਵਧੀਆ ਢੰਗ ਨਾਲ ਚਲਾ ਅਤੇ ਪ੍ਰਤੀਨਿਧਾਂ ਦੀ ਕਾਰਵਾਈ ਤੇ ਕੰਟਰੋਲ ਕਰ ਸਕਦੇ ਹਨ।

2. **ਸਮਝਦਾਰ ਅਤੇ ਸੂਝਵਾਨ ਨੇਤਾ :** ਜੇਕਰ ਸਰਕਾਰ ਸਮਝਦਾਰ ਪੜ੍ਹੇ ਲਿਖੇ ਅਤੇ ਚੇਤੰਨ ਨੇਤਾਵਾਂ ਦੁਆਰਾ ਚਲਾਈ ਜਾਵੇਗੀ ਤਾਂ ਸਰਕਾਰ ਕਾਬਲ ਹੋਵੇਗੀ। ਸੂਝਵਾਨ ਵੋਟਰ ਹੀ ਸਮਝਦਾਰ ਅਤੇ ਈਮਾਨਦਾਰ ਨੇਤਾਵਾਂ ਦੀ ਚੋਣ ਕਰ ਸਕਦੇ ਹਨ, ਜੋ ਆਪਣੇ ਦੇਸ਼ ਦੀ ਜ਼ਿੰਮੇਵਾਰੀ ਨੂੰ ਸੁਚੱਜਤਾ ਨਾਲ਼ ਨਿਭਾ ਸਕਣ।

3. **ਅਨੁਸ਼ਾਸਤ ਨਾਗਰਿਕ ਅਤੇ ਸਿਧਾਂਤਾਂ 'ਤੇ ਆਧਾਰਿਤ ਰਾਜਨੀਤਕ ਦਲ :** ਲੋਕਤੰਤਰ ਵਿੱਚ ਲੋਕਾਂ ਦਾ ਰਾਜ ਹੋਣ ਕਰਕੇ ਲੋਕਾਂ ਦਾ ਅਨੁਸ਼ਾਸ਼ਿਤ ਹੋਣਾ ਬਹੁਤ ਜ਼ਰੂਰੀ ਹੈ। ਤਦ ਹੀ ਉਹ ਸਰਕਾਰ ਦੇ ਗ਼ਲਤ ਕੰਮਾਂ ਦੀ ਵਿਰੋਧਤਾ ਕਰਕੇ ਠੀਕ ਤਰ੍ਹਾਂ ਕੰਮ ਕਰਨ ਲਈ ਮਜ਼ਬੂਰ ਕਰ ਸਕਦੇ ਹਨ। ਲੋਕਾਂ ਵਿੱਚ ਦੂਜਿਆਂ ਦੇ ਵਿਚਾਰਾਂ ਪ੍ਰਤੀ ਆਦਰ ਹੋਣਾ ਵੀ ਜ਼ਰੂਰੀ ਹੈ।

ਲੋਕਾਂ ਦੇ ਰਾਜਨੀਤਕ ਵਿਚਾਰਾਂ ਦੀ ਭਿੰਨਤਾ ਦੇ ਅਧਾਰ ਤੇ ਰਾਜਨੀਤਕ ਦਲ ਬਣਦੇ ਹਨ। ਲੋਕਤੰਤਰੀ ਰਾਜ ਵਿੱਚ ਲੋਕਾਂ ਦੇ ਪ੍ਰਤੀਨਿਧ ਚੁਣਾਵ ਰਾਹੀਂ ਚੁਣੇ ਜਾਂਦੇ ਹਨ। ਚੋਣ ਕਰਨ, ਕਰਾਉਣ ਲਈ ਰਾਜਨੀਤਕ ਦਲ ਬਹੁਤ ਮਹੱਤਵਪੂਰਨ ਹੁੰਦੇ ਹਨ। ਰਾਜਨੀਤਕ ਦਲ ਲੋਕਾਂ ਨੂੰ ਸਰਕਾਰ ਦੇ ਕੰਮਾਂ ਬਾਰੇ ਦੱਸ ਕੇ ਲੋਕ-ਮੱਤ ਬਣਾਉਣ ਵਿੱਚ ਮਦਦ ਕਰਦੇ ਹਨ। ਇਸ ਲਈ ਰਾਜਨੀਤਕ ਦਲਾਂ ਦਾ ਚੇਤੰਨ ਅਤੇ ਅਨੁਸ਼ਾਸਿਤ ਹੋਣਾ ਬਹੁਤ ਜ਼ਰੂਰੀ ਹੈ।

4. **ਸਮਾਜਿਕ ਅਤੇ ਆਰਥਿਕ ਸਮਾਨਤਾ :** ਸਮਾਨਤਾ ਲੋਕਤੰਤਰ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਹੈ। ਲੋਕਤੰਤਰੀ ਰਾਜ ਵਿੱਚ ਜੇਕਰ ਸਾਰੇ ਨਾਗਰਿਕ ਸਮਾਜਿਕ ਅਤੇ ਆਰਥਿਕ ਪੱਖੋਂ ਸਮਾਨ ਨਾ ਹੋਣ ਤਾਂ ਅਜਿਹਾ ਦੇਸ਼ ਸਫ਼ਲ ਲੋਕਤੰਤਰ ਨਹੀਂ ਹੋ ਸਕਦਾ। ਇਸੇ ਲਈ ਲੋਕਤੰਤਰੀ ਸਮਾਜ ਵਿੱਚ ਲਿੰਗ ਜਾਤ ਪਾਤ, ਧਰਮ ਅਤੇ ਭਾਸ਼ਾ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ।

5. **ਸਹਿਣਸ਼ੀਲਤਾ :** ਲੋਕਤੰਤਰੀ ਰਾਜ ਵਿੱਚ ਬਹੁ-ਮਤ (ਸੱਤਾਧਾਰੀ) ਦਲ ਦਾ ਰਾਜ ਹੁੰਦਾ ਹੈ। ਸੱਤਾਧਾਰੀ ਦਲ ਦਾ ਖੁੱਲ੍ਹ ਦਿਲਾ ਹੋਣਾ ਬਹੁਤ ਜ਼ਰੂਰੀ ਹੈ। ਵਿਰੋਧੀ ਦਲ ਨੂੰ ਚਾਹੀਦਾ ਹੈ ਕਿ ਸੱਤਾਧਾਰੀ ਦਲ ਦੀਆਂ ਕਮੀਆਂ ਅਤੇ ਮਜ਼ਬੂਰੀਆਂ ਨੂੰ ਸਹਿਨਸ਼ੀਲਤਾ ਨਾਲ਼ ਵਿਚਾਰੇ ਕਿਉਂਕਿ ਸਹਿਨਸ਼ੀਲਤਾ ਲੋਕਤੰਤਰ ਦੀ ਸਫ਼ਲਤਾ ਲਈ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਹੈ।

## ਲੋਕਤੰਤਰ ਸਰਕਾਰ ਹਰਮਨ ਪਿਆਰੀ ਕਿਉਂ ?

ਅੱਜ ਦੇ ਯੁਗ ਵਿੱਚ ਵਧੇਰੇ ਦੇਸ਼ਾਂ ਵਿੱਚ ਲੋਕਤੰਤਰੀ ਕਿਸਮ ਦੀ ਸਰਕਾਰ ਹੀ ਹੈ। ਆਧੁਨਿਕ ਸਮੇਂ ਵਿੱਚ ਮਨੁੱਖੀ ਅਧਿਕਾਰਾਂ ਦਾ ਬਹੁਤ ਮਹੱਤਵ ਹੈ। ਲੋਕਤੰਤਰੀ ਸਰਕਾਰ ਦੇ ਮੁੱਖ ਸਿਧਾਂਤ-ਕਾਨੂੰਨ ਦਾ ਰਾਜ-ਮਨੁੱਖੀ ਸੁਤੰਤਰਤਾ ਅਤੇ ਸਮਾਨਤਾ ਅਤੇ ਪ੍ਰਤੀਨਿਧਾਂ ਦਾ ਲੋਕਾਂ ਪ੍ਰਤੀ ਜ਼ਿੰਮੇਵਾਰ ਹੋਣਾ

ਆਦਿ ਹਨ। ਜਿਸ ਦੇਸ਼ ਵਿੱਚ ਕਾਨੂੰਨ ਦਾ ਰਾਜ ਹੁੰਦਾ ਹੈ ਉੱਥੇ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹੁੰਦੇ ਹਨ। ਕਾਨੂੰਨ, ਲੋਕਾਂ ਦੇ ਪ੍ਰਤੀਨਿਧਾਂ ਦੁਆਰਾ ਲੋਕਾਂ ਦੇ ਲਈ ਹੀ ਬਣਾਏ ਜਾਂਦੇ ਹਨ। ਇਸ ਲਈ ਆਧੁਨਿਕ ਯੁਗ ਵਿੱਚ ਲੋਕਤੰਤਰ ਨੂੰ ਹਰਮਨ ਪਿਆਰਾ ਬਣਾਉਣ ਵਾਲ਼ੇ ਤੱਥ ਹੇਠ ਲਿਖੇ ਹਨ :

1. **ਰਸਮੀ ਸਮਾਨਤਾ :** ਅਜਿਹੀ ਸਰਕਾਰ ਵਾਲ਼ੇ ਦੇਸ਼ ਵਿੱਚ ਅਮੀਰੀ-ਗ਼ਰੀਬੀ, ਧਰਮ ਜਾਂ-ਜ਼ਾਤ ਦੇ ਆਧਾਰ ਤੇ ਲੋਕਾਂ ਨਾਲ਼ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਂਦਾ। ਕਾਨੂੰਨ ਦੀ ਨਜ਼ਰ ਵਿੱਚ ਸਭ ਸਮਾਨ ਹੁੰਦੇ ਹਨ। ਇਸੇ ਲਈ ਤਾਨਾਸ਼ਾਹੀ ਸਰਕਾਰ ਨਾਲੋਂ ਲੋਕਤੰਤਰੀ ਸਰਕਾਰ ਵਧੇਰੇ ਹਰਮਨ ਪਿਆਰੀ ਹੈ।

2. **ਸੁਤੰਤਰਤਾ :** ਲੋਕਤੰਤਰੀ ਰਾਜ ਵਿੱਚ ਲੋਕ ਹਰ ਪੱਖੋਂ ਸੁਤੰਤਰ ਹੁੰਦੇ ਹਨ। ਉਹ ਕੋਈ ਵੀ ਕਿਤਾ ਅਪਨਾਉਣ, ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਅਤੇ ਦੇਸ਼ ਦੇ ਕਿਸੇ ਵੀ ਖੇਤਰ ਵਿੱਚ ਵਸਣ ਜਾਂ ਕੋਈ ਵੀ ਧੰਦਾ ਅਪਨਾਉਣ ਲਈ ਸੁਤੰਤਰ ਹੁੰਦੇ ਹਨ। ਜਦ ਕਿ ਤਾਨਾਸ਼ਾਹੀ ਰਾਜ ਵਿੱਚ ਲੋਕਾਂ ਨੂੰ ਤਾਨਾਸ਼ਾਹ ਰਾਜੇ ਦੇ ਹੁਕਮਾਂ ਅਨੁਸਾਰ ਚਲਣਾ ਪੈਂਦਾ ਹੈ।

3. **ਫ਼ੈਸਲਾ ਕਰਨ ਦੀ ਕਾਰਜਵਿਧੀ :** ਲੋਕਤੰਤਰੀ ਸਰਕਾਰ ਵਾਲ਼ੇ ਦੇਸ਼ ਵਿੱਚ ਰਾਜ ਪ੍ਰਬੰਧ ਚਲਾਉਣ ਲਈ ਫ਼ੈਸਲੇ ਲੈਣ ਦਾ ਇੱਕ ਖ਼ਾਸ ਢੰਗ ਹੁੰਦਾ ਹੈ। ਸ਼ਾਸਨ ਸੱਤਾ-ਲੋਕਾਂ ਦੇ ਹੱਥ ਵਿੱਚ ਹੁੰਦੀ ਹੈ। ਲੋਕ ਆਪਣੇ ਪ੍ਰਤੀਨਿਧ ਚੁਣ ਕੇ ਕਾਨੂੰਨ ਬਣਾਉਣ ਵਾਲ਼ੀ ਵਿਧਾਨਪਾਲਿਕਾ (ਰਾਜ ਪੱਧਰ) ਅਤੇ ਸੰਸਦ (ਕੇਂਦਰੀ-ਪੱਧਰ) ਵਿੱਚ ਭੇਜਦੇ ਹਨ। ਜਿਹੜੇ ਦੇਸ਼ ਦਾ ਸ਼ਾਸਨ ਚਲਾਉਣ ਲਈ ਕਨੂੰਨ ਬਣਾਉਂਦੇ ਹਨ। ਸੰਸਦ ਅਤੇ ਰਾਜ ਵਿਧਾਨਪਾਲਿਕਾ ਵਿੱਚ ਬਹੁਮਤ ਪ੍ਰਾਪਤ ਦਲ ਦੀ ਸਰਕਾਰ ਬਣਾਈ ਜਾਂਦੀ ਹੈ ਜੋ ਕਿ ਲੋਕਾਂ ਦੀ ਇੱਛਾ ਅਨੁਸਾਰ ਦੇਸ਼ ਦਾ ਸ਼ਾਸਨ ਚਲਾਉਂਦੀ ਹੈ। ਜੇਕਰ ਕੋਈ ਸਰਕਾਰ ਲੋਕਾਂ ਦੀ ਇੱਛਾ ਅਨੁਸਾਰ ਕੰਮ ਨਾ ਕਰੇ ਤਾਂ ਅਗਲੀਆਂ ਚੋਣਾਂ ਵਿੱਚ ਬਦਲੀ ਜਾ ਸਕਦੀ ਹੈ।

4. **ਨਾਗਰਿਕਾਂ ਦੀ ਸਰਗਰਮ ਭਾਗੀਦਾਰੀ :** ਲੋਕਤੰਤਰ ਵਿੱਚ ਸਾਰੇ ਬਾਲਗ ਵੋਟਰ ਦੇਸ਼ ਦੀ ਕਿਸੇ ਵੀ ਕਾਨੂੰਨ ਬਣਾਉਣ ਵਾਲ਼ੀ ਸੰਸਥਾ ਲਈ ਚੋਣ ਲੜ ਸਕਦੇ ਹਨ ਅਤੇ ਚੋਣ ਸਮੇਂ ਆਪਣਾ ਵੋਟ ਮਰਜ਼ੀ ਨਾਲ਼ ਪਾ ਸਕਦੇ ਹਨ। ਦੇਸ਼ ਦੇ ਸ਼ਾਸਨ ਵਿੱਚ ਸਾਰੇ ਬਰਾਬਰ ਦੇ ਹੱਕਦਾਰ ਹਨ। ਜਦਕਿ ਤਾਨਾਸ਼ਾਹੀ ਰਾਜਾਂ ਵਿੱਚ ਅਜਿਹਾ ਨਹੀਂ ਹੁੰਦਾ। ਇਸੇ ਲਈ ਆਧੁਨਿਕ ਸਮੇਂ ਵਿੱਚ ਲੋਕ-ਤੰਤਰੀ ਸਰਕਾਰ ਵਧੇਰੇ ਹਰਮਨ ਪਿਆਰੀ ਹੈ।

5. **ਮਤਭੇਦ ਦੂਰ ਕਰਨਾ :** ਲੋਕਤੰਤਰੀ ਦੇਸ਼ ਵਿੱਚ ਕਿਸੇ ਤੇ ਵੀ ਆਪਣੀ ਸੋਚ ਜਾਂ ਵਿਚਾਰ ਨੂੰ ਠੋਸਿਆ ਨਹੀਂ ਜਾਂਦਾ। ਹਰੇਕ ਇਨਸਾਨ ਦੇ ਵਿਚਾਰਾਂ ਦਾ ਆਦਰ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਸਤਾਧਾਰੀ ਦਲ, ਵਿਰੋਧੀ ਦਲ ਦੇ ਸੁਝਾਵਾਂ ਅਥਵਾ ਸਰਕਾਰ ਦੇ ਕੰਮਾਂ ਨੂੰ ਵੀ ਉਦਾਰਤਾ ਨਾਲ਼ ਸਵੀਕਾਰ ਕਰਦਾ ਹੈ। ਇਸੇ ਤਰ੍ਹਾਂ ਲੋਕਤੰਤਰ ਵਿੱਚ ਵਿਚਾਰਕ ਮਤਭੇਦਾਂ ਨੂੰ ਉਦਾਰਤਾ ਸਹਿਤ ਸਤਿਕਾਰਿਆ ਜਾਂਦਾ ਹੈ।

6. **ਮਨੁੱਖੀ ਸ਼ਾਨ ਵਿੱਚ ਵਾਧਾ ਕਰਨਾ :** ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ ਲੋਕਤੰਤਰੀ ਸਰਕਾਰ ਦੇ ਮੁੱਖ ਬੁਨਿਆਦੀ ਸਿਧਾਂਤ ਹਨ, ਜਿਨ੍ਹਾਂ ਦੇ ਅਧਾਰ ਤੇ ਫ਼ਰਾਂਸ ਵਿੱਚ ਲੋਕ-ਤੰਤਰ ਦਾ ਮੁੱਢ ਬਝਿਆ। ਲੋਕਤੰਤਰ ਵਿੱਚ ਕੇਵਲ ਰਾਜਨੀਤਕ ਸੁਤੰਤਰਤਾ ਅਤੇ ਸਮਾਨਤਾ ਹੀ ਨਹੀਂ ਹੁੰਦੀ ਸਗੋਂ ਆਰਥਿਕ ਸਮਾਨਤਾ ਸਥਾਪਤ ਕਰਨ ਲਈ ਸਰਕਾਰ ਸਾਰੇ ਦੇਸ਼ ਵਾਸੀਆਂ ਨੂੰ ਰੋਜ਼ੀ ਕਮਾਉਣ ਦੇ

ਸਮਾਨ ਅਵਸਰ ਦਿੰਦੀ ਹੈ। ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਲਈ ਨੌਕਰੀਆਂ ਵਿੱਚ ਕੁੱਝ ਪ੍ਰਤੀਸ਼ਤ, ਰਾਖਵਾਂਕਰਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਲੋਕਤੰਤਰੀ ਦੇਸ਼ ਵਿੱਚ ਮਨੁੱਖੀ ਸ਼ਾਨ ਅਤੇ ਗੌਰਵ ਵਿੱਚ ਵਾਧਾ ਕਰਨ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਹੈ।

ਉਪਰੋਕਤ ਸਾਰੇ ਤੱਥਾਂ ਦੇ ਆਧਾਰ ਤੇ ਸ਼ਾਸਨ ਦੀਆਂ ਬਾਕੀ ਪ੍ਰਨਾਲ਼ੀਆਂ ਨਾਲ਼ੋਂ ਲੋਕ-ਤੰਤਰ ਪ੍ਰਣਾਲੀ ਸਭ ਤੋਂ ਵਧ ਹਰਮਨ ਪਿਆਰੀ ਹੈ।

## ਯਾਦ ਰੱਖਣ ਯੋਗ ਨੁਕਤੇ

1. ਲੋਕਤੰਤਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ। ਇਬਰਾਹਿੰਮ ਲਿੰਕਨ ਦੇ ਸ਼ਬਦਾਂ ਵਿੱਚ ਲੋਕਤੰਤਰੀ ਸਰਕਾਰ "ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ" ਹੁੰਦੀ ਹੈ।
2. ਲੋਕਤੰਤਰ ਦਾ ਆਰੰਭ ਯੂਨਾਨ ਦੇ ਸ਼ਹਿਰ ਏਥਨਜ਼ ਵਿੱਚ ਹੋਇਆ।
3. ਲੋਕਤੰਤਰੀ ਦੇ ਸੰਸਦੀ ਨਮੂਨੇ ਵਾਲੀ ਸਰਕਾਰ ਵਾਲੇ ਦੇਸ਼ ਵਿੱਚ ਦੇਸ਼ ਦੇ ਮੁੱਖੀ ਦੋ ਤਰ੍ਹਾਂ ਦੇ ਹੁੰਦੇ ਹਨ, ਨਾਂ-ਮਾਤਰ ਮੁਖੀ ਅਤੇ ਅਸਲੀ ਮੁਖੀ। ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਦਾ ਨਾਂ ਮਾਤਰ ਮੁਖੀ ਰਾਸ਼ਟਰਪਤੀ ਹੈ ਅਤੇ ਰਾਜ ਸਰਕਾਰ ਦਾ ਨਾਂ-ਮਾਤਰ ਮੁਖੀ ਰਾਜਪਾਲ ਹੁੰਦੇ ਹਨ। ਜਦੋਂ ਕਿ ਕੇਂਦਰੀ ਸਰਕਾਰ ਦਾ ਅਸਲੀ ਮੁਖੀ ਪ੍ਰਧਾਨ ਮੰਤਰੀ ਅਤੇ ਰਾਜ ਸਰਕਾਰ ਦਾ ਅਸਲੀ ਮੁਖੀ ਮੁੱਖ ਮੰਤਰੀ ਹੁੰਦਾ ਹੈ।
4. ਸਵ ਵਿਆਪਕ ਬਾਲਗ ਮਤ-ਅਧਿਕਾਰ ਉਹ ਅਧਿਕਾਰ ਹੈ ਜਿਸ ਵਿੱਚ ਵੋਟ ਪਾਉਣ ਦਾ ਅਧਿਕਾਰ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਬਾਲਗਾਂ ਨੂੰ ਮਿਲਦਾ ਹੈ ਅਤੇ ਇਹ ਸਮਾਨਤਾ ਤੇ ਸਿਧਾਂਤ ਅਨੁਸਾਰ ਜ਼ਰੂਰੀ ਹੈ।
5. ਸਵਿਟਜ਼ਰਲੈਂਡ ਹੀ ਅਜਿਹਾ ਦੇਸ਼ ਹੈ ਜਿਥੇ ਅਜੇ ਵੀ ਸਿੱਧਾ ਲੋਕਤੰਤਰ ਹੈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਲਿਖੋ :**

1. ਲੋਕਤੰਤਰ ਸਰਕਾਰ ਤੋਂ ਕੀ ਭਾਵ ਹੈ ?
2. 'ਕਾਨੂੰਨ ਦੇ ਰਾਜ' ਤੋਂ ਤੁਸੀਂ ਕੀ ਸਮਝਦੇ ਹੋ ?
3. ਵੋਟ ਦੇ ਅਧਿਕਾਰ ਦਾ ਲੋਕਤੰਤਰ ਵਿੱਚ ਕੀ ਮਹੱਤਵ ਹੈ ?
4. ਲੋਕਤੰਤਰ ਵਿੱਚ ਲੋਕਮਤ ਦਾ ਕੀ ਮਹੱਤਵ ਹੈ ?
5. ਕਿਹੜੇ ਦੇਸ਼ ਵਿੱਚ ਹੁਣ ਵੀ ਪ੍ਰਤੱਖ ਲੋਕਤੰਤਰ ਹੈ ?

## (ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ :

1. ਲੋਕਤੰਤਰ ਦੇ ਹੋਂਦ ਵਿੱਚ ਆਉਣ ਬਾਰੇ ਸੰਖੇਪ ਨੋਟ ਲਿਖੋ।
2. ਲੋਕਤੰਤਰ ਸਰਕਾਰ ਸਭ ਤੋਂ ਪਹਿਲਾਂ ਕਿਹੜੇ ਦੇਸ਼ ਵਿੱਚ ਸਥਾਪਤ ਹੋਈ ?
3. ਲੋਕਤੰਤਰ ਸਰਕਾਰ ਦੇ ਚਾਰ ਵੱਖ-ਵੱਖ ਰੂਪਾਂ ਦੇ ਨਾਂ ਲਿਖੋ।
4. ਲੋਕਤੰਤਰ ਸਰਕਾਰ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਬਾਰੇ ਲਿਖੋ।
5. ਸਮਾਜਿਕ ਅਤੇ ਆਰਥਿਕ ਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ ?
6. ਆਧੁਨਿਕ ਯੁੱਗ ਵਿੱਚ ਲੋਕਤੰਤਰ ਸਰਕਾਰ ਹਰਮਨ ਪਿਆਰੀ ਕਿਉਂ ਹੈ ?

## (ੲ) ਖਾਲੀ ਥਾਂਵਾਂ ਭਰੋ :

1. ਭਾਰਤ ਵਿੱਚ ਦੇਸ਼ ਦਾ ਮੁਖੀਆ (ਰਾਸ਼ਟਰਪਤੀ) ਨਿਸਚਿਤ ਸਮੇਂ ਲਈ ਚੁਣਿਆ ਜਾਂਦਾ ਹੈ। ਇਸ ਲਈ ਭਾਰਤ ਇਕ ............ ਹੈ।
2. ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਦਾ ਨਾਂ-ਮਾਤਰ ਮੁਖੀ ............ ਹੈ ਅਤੇ ਰਾਜ ਸਰਕਾਰ ਦੇ ਨਾਂ- ਮਾਤਰ ਮੁਖੀ ............ ਹੁੰਦੇ ਹਨ।
3. ਲੋਕਤੰਤਰ ਦਾ ਆਰੰਭ ............ ਦੇ ਸ਼ਹਿਰ ............ ਵਿੱਚ ਹੋਇਆ।
4. ............ ਹੀ ਅਜਿਹਾ ਦੇਸ਼ ਹੈ ਜਿੱਥੇ ਅਜੇ ਵੀ ਸਿੱਧਾ ਲੋਕਤੰਤਰ ਹੈ।
5. ਲੋਕਤੰਤਰ ਦੇ ਮੁੱਢਲੇ ਆਦਰਸ਼ ............ ਅਤੇ ............ ਹਨ।

## (ਸ) ਹੇਠ ਲਿਖਿਆਂ ਸਾਹਮਣੇ ਸਹੀ (✓) ਜਾਂ ਗਲਤ (✕) ਦਾ ਨਿਸ਼ਾਨ ਲਗਾਓ :

1. ਭਾਰਤ ਇੱਕ ਲੋਕਤੰਤਰੀ ਗਣਰਾਜ ਹੈ। ☐
2. ਸਵਿਟਜ਼ਰਲੈਂਡ ਹੀ ਅਜਿਹਾ ਦੇਸ਼ ਹੈ ਜਿੱਥੇ ਅਜੇ ਵੀ ਸਿੱਧਾ ਲੋਕਤੰਤਰ ਹੈ। ☐
3. ਸਾਡੇ ਦੇਸ ਵਿੱਚ ਵੋਟ ਪਾਉਣ ਦਾ ਅਧਿਕਾਰ ਕੁਝ ਬਾਲਗਾਂ ਨੂੰ ਹੀ ਪ੍ਰਾਪਤ ਹੈ। ☐
4. ਲੋਕਤੰਤਰੀ ਦੇਸ਼ ਵਿੱਚ ਕਾਨੂੰਨ ਦਾ ਰਾਜ ਹੁੰਦਾ ਹੈ। ☐
5. ਆਧੁਨਿਕ ਲੋਕਤੰਤਰ ਦੀ ਸਥਾਪਨਾ ਪਹਿਲਾਂ ਫਰਾਂਸ ਦੇਸ਼ ਵਿੱਚ ਹੋਈ ਸੀ। ☐

## (ਹ) ਵਿਕਲਪੀ ਪ੍ਰਸ਼ਨ :

1. **ਲੋਕਤੰਤਰੀ ਸਰਕਾਰ, ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ - ਇਹ ਕਿਸ ਦੇ ਕਥਨ ਹਨ।**
   (1) ਇਬਰਾਹਿਮ ਲਿੰਕਨ (2) ਲਾਸਕੀ (3) ਡੇਵਿਡ ਈਸਟਨ
2. **ਆਧੁਨਿਕ ਯੁੱਗ ਵਿੱਚ ਕਿਸ ਸਰਕਾਰ ਨੂੰ ਸੱਭ ਤੋਂ ਵਧੀਆ ਮੰਨਿਆ ਜਾਂਦਾ ਹੈ ?**
   (1) ਤਾਨਾਸ਼ਾਹੀ ਸਰਕਾਰ (2) ਲੋਕਤੰਤਰੀ ਸਰਕਾਰ (3) ਸੈਨਿਕ ਸ਼ਾਸਨ

3. ਸੰਸਦੀ ਲੋਕਤੰਤਰੀ ਸਰਕਾਰਾਂ ਵਾਲੇ ਦੇਸ਼ਾਂ ਵਿੱਚ ਦੇਸ਼ ਦੇ ਮੁੱਖੀ ਕਿੰਨੀ ਤਰ੍ਹਾਂ ਦੇ ਹੁੰਦੇ ਹਨ।

(1) ਚਾਰ (2) ਪੰਜ (3) ਦੋ

## ਗਤੀਵਿਧੀ

1. ਲੋਕਤੰਤਰ ਸਰਕਾਰ ਵਾਲ਼ੇ ਦਸ ਦੇਸ਼ਾਂ ਦੀ ਸੂਚੀ ਬਣਾਓ।
2. ਭਾਰਤੀ ਲੋਕਤੰਤਰ ਦੀ ਕਾਰਗੁਜ਼ਾਰੀ ਬਾਰੇ ਅਧਿਆਪਕ ਨਾਲ਼ ਵਿਚਾਰ ਵਟਾਂਦਰਾ ਕਰੋ।



# ਪਾਠ 19

# ਲੋਕਤੰਤਰ—ਸੰਸਥਾਤਮਕ ਪ੍ਰਤੀਨਿਧਤਾ

ਆਧੁਨਿਕ ਯੁੱਗ ਵਿੱਚ ਵਧੇਰੇ ਦੇਸ਼ਾਂ ਵਿੱਚ ਲੋਕਤੰਤਰੀ ਸਰਕਾਰ ਹੈ। ਤੁਸੀਂ ਜਾਣਦੇ ਹੋ ਕਿ ਲੋਕਤੰਤਰ ਸਰਕਾਰ – 'ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ' ਹੁੰਦੀ ਹੈ ਪਰ ਪੁਰਾਣੇ ਸਮੇਂ ਦੀ ਤਰ੍ਹਾਂ ਹੁਣ ਲੋਕ–ਤੰਤਰ ਸਰਕਾਰ ਸਿੱਧੀ ਕਿਸਮ ਦੀ ਨਹੀਂ ਹੈ। ਹੁਣ ਲੋਕ ਆਪਣਾ ਸ਼ਾਸਨ ਪ੍ਰਬੰਧ ਅਸਿੱਧੇ ਤੌਰ ਭਾਵ ਆਪਣੇ ਦੁਆਰਾ ਚੁਣੇ ਹੋਏ ਪ੍ਰਤੀਨਿਧਾਂ ਰਾਹੀਂ ਚਲਾਉਂਦੇ ਹਨ। ਅਜਿਹੇ ਲੋਕਤੰਤਰ ਨੂੰ ਅਸਿੱਧਾ ਜਾਂ ਪ੍ਰਤੀਨਿਧੀ ਲੋਕਤੰਤਰ ਕਿਹਾ ਜਾਂਦਾ ਹੈ। ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧ ਹੀ ਕਾਨੂੰਨ ਬਣਾਉਂਦੇ ਅਤੇ ਕਾਨੂੰਨ ਨੂੰ ਕਾਰਜਪਾਲਿਕਾ ਰਾਹੀਂ ਲਾਗੂ ਕਰਵਾਉਂਦੇ ਹਨ। ਸਾਡੇ ਦੇਸ਼ ਭਾਰਤ ਵਿੱਚ ਪ੍ਰਤੀਨਿਧੀ ਲੋਕਤੰਤਰ ਹੈ। ਲੋਕਤੰਤਰ ਦੀ ਪ੍ਰਤੀਨਿਧਤਾ ਕਰਨ ਵਾਲ਼ੀਆਂ ਸੰਸਥਾਵਾਂ, ਰਾਜਨੀਤਕ ਦਲ, ਚੋਣਾਂ ਅਤੇ ਸਰਵ–ਵਿਆਪਕ ਮੱਤ ਅਧਿਕਾਰ ਹਨ। ਜਿਹਨਾਂ ਤੋਂ ਬਿਨਾਂ ਲੋਕਤੰਤਰ ਸੰਭਵ ਨਹੀਂ ਹੈ।

ਪ੍ਰਤਿਨਿਧਤਾ ਦਾ ਅਨਿਖੱੜਵਾਂ ਅੰਗ ਚੋਣਾਂ ਹਨ। ਭਾਰਤ ਵਿੱਚ ਚੋਣ ਪ੍ਰਕਿਰਿਆ ਲਈ ਇੱਕ ਸੁਤੰਤਰ ਸੰਸਥਾ ਚੋਣ ਕਮਿਸ਼ਨ ਬਣਾਈ ਗਈ ਹੈ ਜਿਹੜੀ ਸੁਤੰਤਰ ਅਤੇ ਨਿਆਂਪੂਰਣ ਚੋਣਾਂ ਕਰਵਾਉਂਦੀ ਹੈ। ਇਸ ਦਾ ਪ੍ਰਧਾਨ ਚੋਣ ਕਮਿਸ਼ਨਰ ਹੁੰਦਾ ਹੈ। ਜੋ ਕਿ ਭਾਰਤੀ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਚੋਣ ਕਮਿਸ਼ਨ ਦੇਸ਼ ਵਿੱਚ ਹਰ ਪੱਧਰ ਤੇ ਕੇਂਦਰੀ ਸੰਸਦ, ਰਾਜ–ਵਿਧਾਨ ਸਭਾਵਾਂ ਅਤੇ ਸਥਾਨਕ ਨਗਰਪਾਲਿਕਾਵਾਂ, ਪੰਚਾਇਤੀ ਸੰਸਥਾਵਾਂ ਅਤੇ ਨਿਗਮਾਂ ਦੀਆਂ ਚੋਣਾਂ ਕਰਾਉਂਦਾ ਹੈ। ਚੋਣਾਂ ਦਾ ਇੱਕ ਹੋਰ ਅਜਿਹਾ ਅਨਿੱਖੜਵਾਂ ਹਿੱਸਾ ਦੇਸ਼ ਦੇ ਰਾਜਨੀਤਕ ਦਲ ਹੁੰਦੇ ਹਨ, ਜੋ ਲੋਕਾਂ ਦੀਆਂ ਵੱਖ–ਵੱਖ ਤਰ੍ਹਾਂ ਦੀਆਂ ਰਾਜਨੀਤਕ ਵਿਚਾਰਧਾਰਾਵਾਂ ਦਾ ਪ੍ਰਗਟਾਵਾ ਕਰਦੇ ਹਨ। ਇਹ ਰਾਜਨੀਤਕ ਦਲ ਹੀ ਚੋਣਾਂ ਲਈ ਉਮੀਦਵਾਰ ਨਾਮਜ਼ਦ ਕਰਦੇ ਅਤੇ ਪ੍ਰਤੀਨਿਧਾਂ ਦੀ ਚੋਣ ਲੜਨ ਵਿੱਚ ਮੱਦਦ ਕਰਦੇ ਹਨ।

ਹੁਣ ਅਸੀਂ ਲੋਕਤੰਤਰ ਨਾਲ਼ ਸੰਬੰਧਤ ਮਹੱਤਵਪੂਰਨ ਤੱਥਾਂ ਅਤੇ ਸੰਸਥਾਵਾਂ ਦਾ ਅਧਿਐਨ ਕਰਾਂਗੇ ਜਿਨ੍ਹਾਂ ਦਾ ਲੋਕਤੰਤਰ ਨਾਲ਼ ਬਹੁਤ ਗੂੜ੍ਹਾ ਸੰਬੰਧ ਹੈ ਭਾਵ ਜਿਨ੍ਹਾਂ ਤੋਂ ਬਿਨਾਂ ਲੋਕਤੰਤਰ ਸੰਭਵ ਨਹੀਂ ਹੈ।

## (ੳ) ਸਰਬ-ਵਿਆਪਕ ਬਾਲਗ਼ ਮਤ-ਅਧਿਕਾਰ

ਲੋਕਤੰਤਰੀ ਸ਼ਾਸਨ ਪ੍ਰਣਾਲ਼ੀ ਦੀ ਅਸਲੀ ਜਾਨ ਬਾਲਗ਼ ਮਤ–ਅਧਿਕਾਰ ਹੀ ਹੈ। ਵੋਟ ਰਾਹੀਂ ਆਪਣੀ ਮਰਜ਼ੀ ਦਾ ਪ੍ਰਗਟਾਵਾਂ ਕਰਨ ਦੇ ਅਧਿਕਾਰ ਨੂੰ ਹੀ ਮਤ–ਅਧਿਕਾਰ ਕਿਹਾ ਜਾਂਦਾ ਹੈ। ਜਦੋਂ ਦੇਸ਼ ਦੇ ਹਰ ਬਾਲਗ਼ ਨੂੰ ਵੋਟ ਪਾਉਣ ਦਾ ਅਧਿਕਾਰ ਹੋਵੇ ਤਾਂ ਇਸ ਨੂੰ ਸਰਵਵਿਆਪਕ ਬਾਲਗ਼ ਮਤ ਅਧਿਕਾਰ ਕਿਹਾ ਜਾਂਦਾ ਹੈ।

ਆਧੁਨਿਕ ਲੋਕਤੰਤਰੀ ਰਾਜਾਂ ਵਿੱਚ ਵੋਟ ਪਾਉਣ ਦਾ ਇਹ ਅਧਿਕਾਰ ਬਿਨਾਂ ਕਿਸੇ ਵਿਤਕਰੇ ਦੇ ਹਰੇਕ ਬਾਲਗ਼ ਨਾਗਰਿਕ ਨੂੰ ਦਿੱਤਾ ਜਾਂਦਾ ਹੈ। ਕਿਸੇ ਵੀ ਨਾਗਰਿਕ ਨਾਲ਼ ਧਰਮ, ਜਾਤ, ਲਿੰਗ,

ਜਾਇਦਾਦ ਜਾਂ ਵਿੱਦਿਅਕ ਯੋਗਤਾਵਾਂ ਦੇ ਅਧਾਰ ਤੇ ਵੋਟ ਪਾਉਣ ਦਾ ਅਧਿਕਾਰ ਦੇਣ ਲਈ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਭਾਰਤ ਰਾਜ ਵਿੱਚ ਇਸ ਸਮੇਂ ਬਾਲਗ ਨਾਗਰਿਕ ਦੀ ਉਮਰ 18 ਸਾਲ ਹੈ ਜਦ ਕਿ ਕੁੱਝ ਸਮਾਂ ਪਹਿਲਾਂ ਵੋਟਰ ਦੀ ਉਮਰ 21 ਸਾਲ ਹੁੰਦੀ ਸੀ।

ਦੇਸ਼ ਦੇ ਸਾਰੇ ਬਾਲਗ਼ ਨਾਗਰਿਕਾਂ ਨੂੰ ਵੋਟ ਪਾਉਣ ਦਾ ਬਰਾਬਰ ਅਧਿਕਾਰ ਹੈ। ਕੇਵਲ 18 ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਜਾਂ ਮੰਦ-ਬੁੱਧੀ ਅਤੇ ਮੁਲਜ਼ਮ ਕਰਾਰ ਦਿੱਤੇ ਗਏ ਨਾਗਰਿਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ।



*ਚਿੱਤਰ 19.1 ਵੋਟ ਪਾਉਂਦੀ ਔਰਤ*

ਸਰਵਵਿਆਪਕ ਮਤ ਅਧਿਕਾਰ ਦਾ ਇੱਕ ਮਹੱਤਵਪੂਰਨ ਨਿਯਮ ਇੱਕ ਆਦਮੀ- ਇੱਕ ਵੋਟ ਦਾ ਸਿਧਾਂਤ, ਨਾਗਰਿਕਾਂ ਦੀ ਸਮਾਨਤਾ ਤੇ ਅਧਾਰਤ ਹੈ। ਲੋਕਤੰਤਰੀ ਰਾਜ ਵਿੱਚ ਆਦਮੀ, ਔਰਤ, ਅਮੀਰ, ਗ਼ਰੀਬ, ਅਨਪੜ੍ਹ ਅਤੇ ਪੜ੍ਹੇ-ਲਿਖੇ ਨੂੰ ਬਰਾਬਰ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਸਮਾਨਤਾ ਦਾ ਸਿਧਾਂਤ ਸਾਡੀ ਸਰਵਵਿਆਪਕ ਬਾਲਗ਼ ਮਤ ਅਧਿਕਾਰ ਰਾਹੀਂ ਪੂਰੀ ਤਰ੍ਹਾਂ ਅਪਣਾਇਆ ਗਿਆ ਹੈ।

**ਸਰਵਵਿਆਪਕ ਬਾਲਗ਼ ਮਤ ਅਧਿਕਾਰ ਹੇਠਾਂ ਲਿਖੇ ਸਿਧਾਂਤਾਂ 'ਤੇ ਆਧਾਰਿਤ ਹੈ :**

(i) ਰਾਜਨੀਤਕ ਸਮਾਨਤਾ।

(ii) ਲੋਕਤੰਤਰੀ ਸਰਕਾਰ।

(iii) ਸਰਕਾਰ ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ।

## (ਅ) ਚੋਣਾਂ

ਲੋਕਤੰਤਰ ਰਾਜ ਵਿੱਚ ਸ਼ਾਸਨ ਸ਼ਕਤੀ ਲੋਕਾਂ ਦੇ ਪ੍ਰਤੀਨਿਧਾਂ ਕੋਲ਼ ਹੁੰਦੀ ਹੈ। ਚੋਣਾਂ ਰਾਹੀਂ ਲੋਕੀਂ ਆਪਣੇ ਪ੍ਰਤੀਨਿਧ ਚੁਣਦੇ ਹਨ ਜਿਹੜੇ ਸਰਕਾਰ ਬਣਾਉਂਦੇ ਹਨ। ਲੋਕਤੰਤਰ ਵਿੱਚ ਚੋਣਾਂ

ਬਹੁਤ ਹੀ ਮਹੱਤਵਪੂਰਨ ਇਸ ਲਈ ਹਨ ਕਿਉਂਕਿ (i) ਸਾਰੇ ਨਾਗਰਿਕ ਇਕੱਠੇ ਰਾਜਪ੍ਰਬੰਧ ਨਹੀਂ ਚਲਾ ਸਕਦੇ ਇਸ ਲਈ ਪ੍ਰਤੀਨਿੱਧ ਚੁਣਨੇ ਪੈਂਦੇ ਹਨ। (ii) ਚੋਣਾਂ ਰਾਹੀਂ ਲੋਕੀਂ ਸਰਕਾਰ ਨੂੰ ਬਦਲ ਸਕਦੇ ਹਨ। (iii) ਚੋਣਾਂ ਰਾਹੀਂ ਹੀ ਕਾਰਜਪਾਲਿਕਾ ਤੇ ਕੰਟਰੋਲ ਕੀਤਾ ਜਾ ਸਕਦਾ ਹੈ।

ਲੋਕਤੰਤਰੀ ਸਰਕਾਰ ਵਾਲ਼ੇ ਦੇਸ਼ਾ ਵਿੱਚ ਚੋਣਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ-ਆਮ ਅਤੇ ਮੱਧਕਾਲੀਨ ਚੋਣਾਂ। ਜਦੋਂ ਸਾਰੇ ਦੇਸ਼ ਵਿੱਚ ਰਾਜ ਵਿਧਾਨਸਭਾਵਾਂ ਅਤੇ ਲੋਕ ਸਭਾ ਦੀ ਚੋਣ ਨਿਸਚਿਤ ਕਾਰਜਕਾਲ (5 ਸਾਲ) ਪੂਰਾ ਹੋਣ ਤੋਂ ਬਾਅਦ ਹੁੰਦੀ ਹੈ। ਤਾਂ ਉਸ ਨੂੰ ਆਮ ਚੋਣਾਂ ਕਿਹਾ ਜਾਂਦਾ ਹੈ। ਭਾਰਤ ਵਿੱਚ ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਲੋਕ-ਸਭਾ ਦੀਆਂ ਚੋਣਾਂ ਹਰ ਪੰਜ ਸਾਲ ਪਿੱਛੋਂ ਕਰਵਾਈਆਂ ਜਾਂਦੀਆਂ ਹਨ। ਕਈ ਵਾਰੀ ਪ੍ਰਧਾਨ-ਮੰਤਰੀ ਦੀ ਸਲਾਹ ਨਾਲ਼ ਰਾਸ਼ਟਰਪਤੀ ਲੋਕ ਸਭਾ ਨੂੰ ਪੰਜ ਸਾਲ ਤੋਂ ਪਹਿਲਾ ਹੀ ਭੰਗ ਕਰ ਦਿੰਦਾ ਹੈ। ਅਜਿਹੇ ਸਮੇਂ ਕਰਵਾਈਆਂ ਜਾਣ ਵਾਲ਼ੀਆਂ ਚੋਣਾਂ ਨੂੰ ਮੱਧਕਾਲੀਨ ਚੋਣਾਂ ਕਿਹਾ ਜਾਂਦਾ ਹੈ। ਹੁਣ ਤੱਕ 16 ਆਮ ਚੋਣਾਂ ਹੋ ਚੁਕੀਆਂ ਹਨ।

### ਗੁਪਤ-ਮਤਦਾਨ :

ਗੁਪਤ ਮਤਦਾਨ ਲੋਕਤੰਤਰੀ ਚੋਣਾਂ ਦਾ ਮਹੱਤਵਪੂਰਨ ਅਧਾਰ ਹੈ। ਲੋਕ ਆਪਣੇ ਪ੍ਰਤੀਨਿਧੀ ਦੀ ਚੋਣ ਕਰਨ ਸਮੇਂ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਹੀਂ ਚਾਹੁੰਦੇ। ਕੋਈ ਵੀ ਵੋਟਰ ਨਹੀਂ ਚਾਹੁੰਦਾ ਕਿ ਕਿਸੇ ਹੋਰ ਨੂੰ ਪਤਾ ਲੱਗੇ ਕਿ ਉਸ ਨੇ ਕਿਸ ਪ੍ਰਤੀਨਿੱਧ ਦੇ ਹੱਕ ਵਿੱਚ ਵੋਟ ਪਾਈ ਹੈ। ਇਸ ਲਈ ਸੁਤੰਤਰ ਅਤੇ ਨਿਰਪੱਖ (Fair) ਚੋਣਾਂ ਲਈ ਗੁਪਤ ਮਤਦਾਨ ਦਾ ਪ੍ਰਬੰਧ ਕੀਤਾ ਗਿਆ ਹੈ। ਜਦੋਂ ਕੋਈ ਵੋਟਰ ਆਪਣੀ ਵੋਟ ਪਾਉਂਦਾ ਹੈ ਤਾਂ ਉਸ ਨੂੰ ਕਿਸੇ ਨੂੰ ਇਹ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਉਹ ਆਪਣੀ ਵੋਟ ਕਿਸ ਉਮੀਦਵਾਰ ਨੂੰ ਪਾ ਰਿਹਾ ਹੈ। ਇਸੇ ਨੂੰ ਹੀ ਗੁਪਤ ਮਤਦਾਨ ਕਿਹਾ ਜਾਂਦਾ ਹੈ। ਗੁਪਤ ਮਤਦਾਨ ਰਾਹੀਂ ਬਿਨਾਂ ਕਿਸੇ ਬੁਰੇ ਵਿਚਾਰ ਅਤੇ ਨਕਾਰਾਤਮਕ ਸੋਚ ਦੀ ਸਰਕਾਰ ਵਿੱਚ ਲੋੜੀਂਦੀ ਤਬਦੀਲੀ ਕੀਤੀ ਜਾ ਸਕਦੀ ਹੈ।

ਚੋਣਾਂ ਸਮੇਂ ਹਰੇਕ ਚੋਣ ਖੇਤਰ ਦੇ ਉਮੀਦਵਾਰ ਚੁਣਨ ਲਈ, ਚੋਣ ਬੂਥ ਬਣਾਏ ਜਾਂਦੇ ਹਨ। ਜਿੱਥੇ ਚੋਣਾਂ ਦੀ ਕਾਰਵਾਈ ਇੱਕ ਰੀਟ੍ਰਨਿੰਗ ਅਫ਼ਸਰ ਦੇ ਅਧੀਨ ਕੀਤੀ ਜਾਂਦੀ ਹੈ। ਬਾਲਗ਼ ਨਾਗਰਿਕਾਂ ਦੇ ਨਾਂ ਵੋਟਰ ਸੂਚੀ ਵਿੱਚ ਦਰਜ ਹੁੰਦੇ ਹਨ। ਉਹ ਵਾਰੀ ਸਿਰ ਬੂਥ ਤੇ ਜਾ ਕੇ ਆਪਣੇ ਵੋਟ ਪਹਿਚਾਣ ਕਾਰਡ ਨਾਲ਼ ਲਿਜਾ ਕੇ ਦਿਖਾਉਂਦੇ ਹਨ। ਉਸ ਤੋਂ ਪਿੱਛੋਂ ਆਪਣੀ ਉਂਗਲ਼ੀ 'ਤੇ ਨਿਸ਼ਾਨ ਲਗਵਾ ਕੇ ਮਰਜ਼ੀ ਦੇ ਉਮਦੀਵਾਰ ਦੇ ਨਾਂ ਸਾਹਮਣੇ ਮੋਹਰ ਲਗਾ ਕੇ ਆਪਣੀ ਵੋਟ ਪਰਚੀ, ਵੋਟ ਬਾਕਸ ਵਿੱਚ ਪਾ ਦਿੰਦੇ ਹਨ। ਅੱਜ-ਕੱਲ੍ਹ ਇਲੈਕਟਰਾਨਿਕ ਮਸ਼ੀਨਾਂ ਦੇ ਬਟਨ ਦਬਾ ਕੇ ਵੀ ਵੋਟ ਪਾਈ ਜਾਂਦੀ ਹੈ। ਵੋਟ ਪਾਉਣ ਵੇਲ਼ੇ ਕਿਸੇ ਨੂੰ ਪਤਾ ਨਹੀਂ ਲੱਗ ਸਕਦਾ ਕਿ ਵੋਟਰ ਨੇ ਵੋਟ, ਕਿਸ ਉਮੀਦਵਾਰ ਨੂੰ ਪਾਈ ਹੈ। ਇਸੇ ਕਿਰਿਆ ਨੂੰ ਗੁਪਤ ਮਤਦਾਨ ਕਿਹਾ ਜਾਂਦਾ ਹੈ।

## ਚੋਣ-ਪ੍ਰਕਿਰਿਆ

ਹਰੇਕ ਦੇਸ਼ ਦੀ ਚੋਣ ਪ੍ਰਣਾਲ਼ੀ ਦਾ ਆਪਣਾ ਹੀ ਢੰਗ (Procedure) ਹੁੰਦਾ ਹੈ। ਭਾਰਤ ਵਿੱਚ ਵੀ ਚੋਣ ਪ੍ਰਕਿਰਿਆ ਦਾ ਖ਼ਾਸ ਢੰਗ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ :-

1. **ਚੋਣ ਦੀ ਤਰੀਕ ਦਾ ਐਲਾਨ :** ਆਮ ਚੋਣ ਸਮੇਂ ਦੇਸ਼ ਦੇ ਰਾਸ਼ਟਰਪਤੀ ਜਾਂ ਰਾਜ ਦੇ ਰਾਜਪਾਲ (ਗਵਰਨਰ) ਲੋਕਾਂ ਲਈ ਚੋਣ ਦਾ ਐਲਾਨ ਕਰਦੇ ਹਨ। ਜਿਸ ਆਦੇਸ਼ ਦੇ ਆਧਾਰ ਤੇ ਚੋਣ ਕਮਿਸ਼ਨ ਚੋਣ ਦੀ ਤਰੀਕ ਦਾ ਐਲਾਨ ਕਰਦੇ ਹਨ।

2. **ਉਮੀਦਵਾਰਾਂ ਦੀ ਚੋਣ :** ਕਾਨੂੰਨੀ ਤੌਰ ਤੇ 25 ਸਾਲ ਤੋਂ ਵੱਧ ਉਮਰ ਵਾਲਾ ਕੋਈ ਵੀ ਨਾਗਰਿਕ ਚੋਣ ਲੜ ਸਕਦਾ ਹੈ । ਉਸ ਦਾ ਨਾਂ ਵੋਟਰ ਸੂਚੀ ਵਿੱਚ ਦਰਜ ਹੋਣਾ ਜਰੂਰੀ ਹੈ। ਵੱਖ-ਵੱਖ ਰਾਜਨੀਤਕ ਦਲ ਉਮੀਦਵਾਰਾਂ ਦੇ ਨਾਂ ਨਾਮਜ਼ਦ ਕਰਦੇ ਹਨ, ਜਿਹੜੇ ਉਹਨਾਂ ਦੇ ਅਨੁਸਾਰ ਹੀ ਕਿਸੇ ਖੇਤਰ ਤੋਂ ਚੋਣ ਜਿੱਤ ਸਕਦੇ ਹਨ।

3. **ਨਾਮਜ਼ਦਗੀ ਪੱਤਰ ਭਰਨਾ, ਛਾਣਬੀਣ ਕਰਨਾ ਅਤੇ ਨਾਮਜ਼ਦਗੀ ਪੱਤਰ ਵਾਪਸ ਲੈਣਾ :** ਰਾਜਨੀਤਕ ਦਲਾਂ ਦੁਆਰਾ ਚੁਣੇ ਗਏ ਮੈਂਬਰ ਆਪਣੇ ਨਾਮਜ਼ਦਗੀ ਦਾ ਪੱਤਰ ਭਰਦੇ ਹਨ। ਰੀਟ੍ਰਨਿੰਗ ਅਫ਼ਸਰ ਇਹਨਾਂ ਪੱਤਰਾਂ ਦੀ ਪੜਤਾਲ ਕਰਨ ਉਪਰੰਤ ਮਨਜ਼ੂਰ ਜਾਂ ਰੱਦ ਕਰਦਾ ਹੈ। ਮਨਜ਼ੂਰ ਹੋਏ ਨਾਮਜ਼ਦ ਪੱਤਰਾਂ ਵਾਲ਼ੇ ਉਮੀਦਵਾਰ ਫਿਰ ਵੀ ਸੋਚ ਕੇ ਵੋਟਾਂ ਪੈਣ ਤੋਂ ਕੁਝ ਸਮਾਂ ਪਹਿਲਾਂ ਤੱਕ ਆਪਣਾ ਨਾਂ ਵਾਪਸ ਲੈ ਸਕਦੇ ਹਨ। ਇਸ ਤੋਂ ਪਿੱਛੋਂ ਚੋਣ ਲੜਨ ਵਾਲ਼ੇ ਉਮੀਦਵਾਰਾਂ ਦੀ ਅੰਤਮ ਸੂਚੀ ਤਿਆਰ ਕੀਤੀ ਜਾਂਦੀ ਹੈ। ਜਿਸ ਦੇ ਆਧਾਰ ਤੇ ਵੋਟ ਪੱਤਰੀ ਤੇ ਉਮੀਦਵਾਰਾਂ ਦੇ ਚੋਣ ਨਿਸ਼ਾਨ ਅਤੇ ਨਾਂ ਛਾਪੇ ਜਾਂਦੇ ਹਨ।

4. **ਚੋਣ ਨਿਸ਼ਾਨ :** ਰਾਸ਼ਟਰੀ ਦਲਾਂ ਦੇ ਪੱਕੇ ਚੋਣ ਨਿਸ਼ਾਨ ਹੁੰਦੇ ਹਨ। ਬਾਕੀ ਦੇ ਉਮੀਦਵਾਰਾਂ ਨੂੰ ਵੀ ਚੋਣ ਤੋਂ ਕੁਝ ਦਿਨ ਪਹਿਲਾਂ ਚੋਣ ਨਿਸ਼ਾਨ ਸੌਂਪੇ ਜਾਂਦੇ ਹਨ। ਜਿਸ ਦੇ ਅਧਾਰ ਤੇ ਵੋਟਰ ਉਹਨਾਂ ਦੇ ਨਿਸ਼ਾਨ ਤੇ ਮੋਹਰ ਲਾ ਕੇ ਵੋਟ ਪਾਉਂਦੇ ਹਨ। ਇਹਨਾਂ ਚੋਣ ਨਿਸ਼ਾਨਾਂ ਦੀ ਹੋਂਦ ਅਨਪੜ੍ਹ ਲੋਕਾਂ ਲਈ ਬਹੁਤ ਜ਼ਰੂਰੀ ਹੈ।

5. **ਚੋਣ-ਮਨੋਰਥ ਪੱਤਰ (Election-Manifesto) :** ਹਰੇਕ ਰਾਜਨੀਤਕ ਦਲ ਆਪਣੇ ਉਮੀਦਵਾਰ ਲਈ ਚੋਣ ਮਨੋਰਥ ਪੱਤਰ ਜਾਰੀ ਕਰਦੇ ਹਨ ਜਿਸ ਵਿੱਚ ਉਹ ਜਿੱਤਣ ਉਪਰੰਤ ਵੋਟਰਾਂ ਨਾਲ਼ ਕੁਝ ਕਰਨ ਦੇ ਵਾਇਦੇ ਅਤੇ ਪ੍ਰੋਗਰਾਮ ਛਪਵਾਉਂਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਵੋਟਰਾਂ ਨੂੰ ਰਾਜਨੀਤਕ ਦਲ ਦੇ ਪ੍ਰੋਗਰਾਮਾਂ ਅਤੇ ਜਿੱਤਣ ਉਪਰੰਤ ਅਪਣਾਈਆਂ ਜਾਣ ਵਾਲ਼ੀਆਂ ਨੀਤੀਆਂ ਬਾਰੇ ਪਤਾ ਲੱਗਦਾ ਹੈ।

6. **ਚੋਣ ਮੁਹਿੰਮ :** ਉਮੀਦਵਾਰਾਂ ਨੂੰ ਜਿਤਾਉਣ ਲਈ ਰਾਜਨੀਤਕ ਦਲ ਲੋਕਾਂ ਨੂੰ ਵਧੀਆ ਕਾਰਗੁਜ਼ਾਰੀ ਲਈ ਯਕੀਨ ਦਿਵਾਉਣ ਲਈ ਕਈ ਢੰਗ ਵਰਤਦੇ ਹਨ। ਚੋਣ ਮੁਹਿੰਮ ਦੇ ਵੱਖਰੇ-ਵੱਖਰੇ ਢੰਗ ਜਿਹਾ ਕਿ ਪੋਸਟਰ ਲਗਾਉਣਾ, ਮੀਟਿੰਗ ਕਰਨਾ, ਘਰ-ਘਰ ਜਾ ਕੇ ਲੋਕਾਂ ਨੂੰ ਵੋਟ ਦੇਣ ਲਈ ਕਹਿਣਾ ਆਦਿ ਹਨ। ਇਸ ਤਰ੍ਹਾਂ ਦਾ ਪ੍ਰਚਾਰ ਕਰਨ ਵਾਲ਼ੀ ਸਾਰੀ ਕਾਰਵਾਈ ਨੂੰ ਚੋਣ ਮੁਹਿੰਮ ਕਿਹਾ ਜਾਂਦਾ ਹੈ। ਵੋਟਾਂ ਪੈਣ ਤੋਂ 48 ਘੰਟੇ ਪਹਿਲਾਂ ਅਜਿਹਾ ਪ੍ਰਚਾਰ ਬੰਦ ਕਰਨਾ ਜ਼ਰੂਰੀ ਹੈ।

7. **ਵੋਟਾਂ ਦੀ ਗਿਣਤੀ ਅਤੇ ਨਤੀਜੇ :** ਹਰ ਖੇਤਰ ਵਿੱਚ ਵੋਟਾਂ ਪੈ ਚੁੱਕਣ ਪਿੱਛੋਂ ਵੋਟਾਂ ਵਾਲ਼ੇ ਬਕਸੇ ਕੁਝ ਚੋਣ ਸੈਂਟਰਾਂ ਵਿੱਚ ਇਕੱਠੇ ਕੀਤੇ ਜਾਂਦੇ ਹਨ। ਸਾਰੇ ਦੇਸ਼ ਜਾਂ ਰਾਜ ਵਿੱਚ ਜਿਸ ਦਿਨ ਵੋਟਾਂ ਪੈ ਜਾਣ, ਉਸ ਤੋਂ ਪਿੱਛੋਂ ਰਾਜਨੀਤਕ ਦਲਾਂ ਦੇ ਨੁਮਾਇੰਦਿਆਂ ਦੇ ਸਾਹਮਣੇ ਵੋਟਾਂ ਦੀ ਗਿਣਤੀ ਕਰ ਕੇ ਦੂਜਿਆਂ ਦੇ ਮੁਕਾਬਲੇ ਵੱਧ ਵੋਟਾਂ ਪ੍ਰਾਪਤ ਕਰਨ ਵਾਲ਼ੇ ਉਮੀਦਵਾਰ ਨੂੰ(ਬਹੁਮਤ ਪ੍ਰਾਪਤ ਕਰਨ ਵਾਲ਼ੇ ਉਮੀਦਵਾਰ) ਨੂੰ ਜੇਤੂ ਐਲਾਨ ਕੀਤਾ ਜਾਂਦਾ ਹੈ।

ਹਰੇਕ ਲੋਕ-ਸਭਾ ਦੇ ਮੈਂਬਰ ਭਾਵ ਐੱਮ.ਪੀ. ਜਾਂ ਰਾਜ ਦੀ ਵਿਧਾਨ ਸਭਾ ਦੇ ਐੱਮ.ਐੱਲ.ਏ.

ਇਸੇ ਵਿਧੀ ਅਨੁਸਾਰ ਚੁਣੇ ਜਾਂਦੇ ਹਨ। ਚੋਣ ਸਮੇਂ ਇੱਕ-ਇੱਕ ਸਿਵਲ ਅਧਿਕਾਰੀ ਹਰੇਕ ਚੋਣ ਕੇਂਦਰ ਦਾ ਰੀਟਰਨਿੰਗ ਅਫ਼ਸਰ ਬਣਾਇਆ ਜਾਂਦਾ ਹੈ। ਇਸ ਦੀ ਨਿਗਰਾਨੀ ਹੇਠ ਹੀ ਚੋਣ ਹਲਕੇ ਦੀ ਚੋਣ ਦੀ ਸਾਰੀ ਕਾਰਵਾਈ ਕੀਤੀ ਜਾਂਦੀ ਹੈ।

## (ੲ) ਰਾਜਨੀਤਕ ਦਲ

ਲੋਕਾਂ ਦਾ ਅਜਿਹਾ ਸਮੂਹ ਜਿਨ੍ਹਾਂ ਦੀ ਦੇਸ਼ ਦੇ ਰਾਜਨੀਤਕ ਮੁੱਦਿਆਂ ਬਾਰੇ ਇੱਕੋ ਜਿਹੀ ਰਾਇ ਜਾਂ ਵਿਚਾਰਧਾਰਾ ਹੋਵੇ, ਨੂੰ ਰਾਜਨੀਤਕ ਦਲ ਕਿਹਾ ਜਾਂਦਾ ਹੈ। ਕਿਸੇ ਵੀ ਮਨੁੱਖ ਨੂੰ ਕਿਸੇ ਰਾਜਨੀਤਕ ਦਲ ਵਿੱਚ ਦਾਖ਼ਲ ਹੋਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ, ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਰਾਜਨੀਤਕ ਦਲ ਅਜਿਹੇ ਸਮੂਹ ਨੂੰ ਕਿਹਾ ਜਾਂਦਾ ਹੈ ਜਿਸ ਦਾ ਉਦੇਸ਼ ਲੋਕਤੰਤਰੀ ਪ੍ਰਕਿਰਿਆ ਰਾਹੀਂ ਰਾਜਨੀਤਕ ਸ਼ਕਤੀ ਗ੍ਰਹਿਣ ਕਰਨਾ ਹੈ। ਰਾਜਨੀਤਕ ਸ਼ਕਤੀ ਤੋਂ ਸਾਡਾ ਭਾਵ ਹੈ ਰਾਜ ਤੇ ਸ਼ਾਸਨ ਚਲਾਉਣ ਦੀ ਸ਼ਕਤੀ। ਥੋੜ੍ਹੇ ਸ਼ਬਦਾਂ ਵਿੱਚ ਰਾਜਨੀਤਕ ਦਲ ਅਜਿਹੇ ਲੋਕਾਂ ਦਾ ਸਮੂਹ ਹੁੰਦਾ ਹੈ ਜਿਹੜੇ ਇੱਕੋ ਜ਼ਿਹੇ ਵਿਚਾਰਾਂ ਕਾਰਨ ਆਪਣੀ ਮਰਜ਼ੀ ਨਾਲ਼ ਇਕੱਠੇ ਹੁੰਦੇ ਹਨ। ਜਿਨ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ ਬਾਰੇ ਵਿਚਾਰ ਆਮ ਤੌਰ ਤੇ ਇੱਕ-ਦੂਜੇ ਨਾਲ਼ ਮਿਲਦੇ ਹੋਣ। ਅਜਿਹੇ ਰਾਜਨੀਤਕ ਸਮੂਹ ਕੁਝ ਸੰਗਠਤ ਨਿਯਮਾਂ ਤੇ ਅਧਾਰਤ ਹੁੰਦੇ ਹਨ। ਦੇਸ਼ ਦੇ ਰਾਜਨੀਤਕ ਦਲਾਂ ਕੋਲੋਂ ਰਾਸ਼ਟਰੀ ਹਿਤ ਦੇ ਵਿਕਾਸ ਦੀ ਆਸ ਕੀਤੀ ਜਾਂਦੀ ਹੈ।


ਰਾਜਨੀਤਕ ਦਲਾਂ ਦਾ ਲੋਕਤੰਤਰ ਵਿੱਚ ਬਹੁਤ ਮਹੱਤਵ ਹੈ। ਵਧੇਰੇ ਲੋਕਾਂ ਦਾ ਵਿਚਾਰ ਹੈ ਕਿ ਲੋਕਤੰਤਰ, ਰਾਜਨੀਤਕ ਦਲਾਂ ਤੋਂ ਬਗ਼ੈਰ ਸੰਭਵ ਨਹੀਂ ਹੈ। ਲੋਕਤੰਤਰ ਵਿੱਚ ਹਰੇਕ ਦਲ ਆਪਣੀ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਰਾਜਨੀਤਕ ਦਲ ਜਨਤਾ ਦੇ ਸਾਹਮਣੇ ਆਪਣੇ ਪ੍ਰੋਗਰਾਮ ਅਤੇ ਨੀਤੀਆਂ ਰੱਖਦੇ ਹਨ। ਸੱਤਾਧਾਰੀ ਦਲ ਆਪਣੇ ਪ੍ਰੋਗਰਾਮ ਅਤੇ ਨੀਤੀਆਂ ਦਾ ਪੱਖ ਪੂਰਦਾ ਹੈ ਪਰੰਤੂ ਵਿਰੋਧੀ ਦਲ ਉਸ ਦੇ ਕੰਮਾਂ ਦੀ ਅਲੋਚਨਾ ਕਰਦਾ ਹੈ। ਇਸ ਤਰ੍ਹਾਂ ਲੋਕਤੰਤਰ ਵਿੱਚ ਵਿਰੋਧੀ ਦਲ ਦਾ ਮਹੱਤਵ ਵੀ ਸੱਤਾਧਾਰੀ ਦਲ ਜਿੰਨਾਂ ਹੀ ਹੈ।

**ਰਾਜਨੀਤਕ ਦਲ ਦੇ ਕੰਮ :** ਰਾਜਨੀਤਕ ਦਲਾਂ ਦਾ ਸਭ ਤੋਂ ਮਹੱਤਵਪੂਰਨ ਕੰਮ ਚੋਣ ਲੜਨਾ ਹੈ। ਜਿਸ ਦਾ ਉਦੇਸ਼ ਸ਼ਾਸਨ ਸ਼ਕਤੀ ਪ੍ਰਾਪਤ ਕਰਨਾ ਅਤੇ ਸਾਂਭਣਾ ਹੈ। ਚੋਣ ਲੜਨ ਲਈ ਦਲ ਆਪਣੇ ਉਮੀਦਵਾਰ ਚੁਣਦੇ ਹਨ। ਇਸ ਤੋਂ ਬਿਨਾਂ ਰਾਜਨੀਤਕ ਦਲ ਜਨਤਾ ਨੂੰ ਰਾਸ਼ਟਰੀ ਮੁੱਦਿਆਂ ਬਾਰੇ ਅਤੇ ਸਰਕਾਰ ਦੀ ਭੂਮਿਕਾ ਬਾਰੇ ਸਿੱਖਿਆ ਦਿੰਦੇ ਹਨ। ਹਰੇਕ ਦਲ ਲੋਕਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਦੀਆਂ ਨੀਤੀਆਂ ਸੱਭ ਤੋਂ ਵਧੀਆ ਹਨ। ਜਿਸ ਨਾਲ਼ ਲੋਕਰਾਇ ਦਲ ਦੇ ਹੱਕ ਵਿੱਚ ਬਣਦੀ ਹੈ। ਸੱਤਾਧਾਰੀ ਭਾਵ ਜੇਤੂ ਦਲ ਸਰਕਾਰ ਚਲਾਉਣ ਦੀ ਜ਼ਿੰਮੇਵਾਰੀ ਸੰਭਾਲ਼ਦਾ ਅਤੇ ਆਪਣੇ ਕੰਮਾਂ ਲਈ ਲੋਕਾਂ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਜਿਹੜੇ ਦਲ ਹਾਰ ਜਾਂਦੇ ਹਨ, ਉਹ ਵਿਰੋਧੀ ਦਲ ਬਣ ਜਾਂਦੇ ਹਨ ਅਤੇ ਸਰਕਾਰ ਦੀਆਂ ਨੀਤੀਆਂ ਦੀ ਅਲੋਚਨਾ ਕਰਕੇ ਉਹਨਾਂ ਨੂੰ ਸੁਧਾਰਨ ਦੇ ਸੁਝਾਅ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਵਿਰੋਧੀ ਦਲ ਲੋਕਤੰਤਰ ਵਿੱਚ ਜਨਤਾ ਦੇ ਹਿੱਤਾਂ ਦਾ ਰਖਵਾਲ਼ਾ ਹੁੰਦਾ ਹੈ।

ਹਰੇਕ ਦੇਸ਼ ਵਿੱਚ ਇੱਕ ਦਲ, ਦੋ ਦਲ ਜਾਂ ਬਹੁ-ਦਲ ਪ੍ਰਣਾਲ਼ੀ ਹੁੰਦੀ ਹੈ ਜਿਵੇਂ ਕਿ ਇੰਗਲੈਂਡ ਅਤੇ ਅਮਰੀਕਾ ਵਿੱਚ ਦੋ ਦਲ ਅਤੇ ਭਾਰਤ ਵਿੱਚ ਬਹੁ-ਦਲ ਪ੍ਰਣਾਲ਼ੀ ਹੈ।

## ਭਾਰਤ ਵਿੱਚ ਰਾਜਨੀਤਕ ਦਲ

ਭਾਰਤ ਵਿੱਚ ਰਾਜਨੀਤਕ ਦਲ ਦੋ ਪੱਧਰੀ ਹੁੰਦੇ ਹਨ-ਰਾਸ਼ਟਰੀ ਦਲ ਅਤੇ ਖੇਤਰੀ ਦਲ। ਇਸ ਵੇਲ਼ੇ 7 ਰਾਸ਼ਟਰੀ ਰਾਜਨੀਤਕ ਪਾਰਟੀਆਂ/ਦਲ ਹਨ। ਰਾਸ਼ਟਰੀ ਰਾਜਨੀਤਕ ਦਲ ਜਿਵੇਂ ਕਿ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ ਇੰਡੀਆ (CPM) ਅਜਿਹੇ ਦਲ ਹਨ ਜਿਹੜੇ ਸਾਰੇ ਭਾਰਤ ਵਿੱਚ ਕੰਮ ਕਰਦੇ ਹਨ। ਜਿਨ੍ਹਾਂ ਦਲਾਂ ਦਾ ਪ੍ਰਭਾਵ ਇੱਕ ਦੋ ਰਾਜਾਂ ਤੱਕ ਸੀਮਿਤ ਹੁੰਦਾ ਹੈ, ਉਨ੍ਹਾਂ ਨੂੰ ਖੇਤਰੀ ਦਲ ਕਿਹਾ ਜਾਂਦਾ ਹੈ ਜਿਵੇਂ ਕਿ ਪੰਜਾਬ ਦਾ ਸ਼੍ਰੋਮਣੀ ਅਕਾਲੀ ਦਲ ਹੈ।

<table>
<tr><th colspan="4">ਰਾਸ਼ਟਰੀ ਦਲ</th></tr>
<tr><th>ਪਾਰਟੀ ਨਿਸ਼ਾਨ</th><th>ਰਾਸ਼ਟਰੀ ਦਲ</th><th>ਪਾਰਟੀ ਨਿਸ਼ਾਨ</th><th>ਰਾਸ਼ਟਰੀ ਦਲ</th></tr>
<tr><td></td><td>ਇੰਡੀਅਨ ਨੈਸ਼ਨਲ ਕਾਂਗਰਸ</td><td></td><td>ਭਾਰਤੀ ਜਨਤਾ ਪਾਰਟੀ</td></tr>
<tr><td></td><td>ਬਹੁਜਨ ਸਮਾਜ ਪਾਰਟੀ</td><td></td><td>ਕਮਿਊਨਿਸਟ ਪਾਰਟੀ ਆਫ ਇੰਡੀਆ</td></tr>
<tr><th colspan="4">ਪੰਜਾਬ ਰਾਜ ਖੇਤਰੀ ਦਲ</th></tr>
<tr><th colspan="2">ਪਾਰਟੀ ਨਿਸ਼ਾਨ</th><th colspan="2">ਖੇਤਰੀ ਦਲ</th></tr>
<tr><td colspan="2"></td><td colspan="2">ਸ਼੍ਰੋਮਣੀ ਅਕਾਲੀ ਦਲ</td></tr>
</table>

*ਚਿੱਤਰ 19.2 ਚੋਣ ਨਿਸ਼ਾਨ ਰਾਸ਼ਟਰੀ ਤੇ ਖੇਤਰੀ ਦਲ ਚੋਣ ਨਿਸ਼ਾਨ*

## ਰਾਸ਼ਟਰੀ ਦਲ-ਕਾਂਗਰਸ

ਇੰਡੀਅਨ ਨੈਸ਼ਨਲ ਕਾਂਗਰਸ ਭਾਰਤ ਦਾ ਸਭ ਤੋਂ ਪੁਰਾਣਾ ਰਾਸ਼ਟਰੀ ਦਲ ਹੈ। ਇਸ ਦੀ ਸਥਾਪਨਾ 1885 ਵਿੱਚ ਹੋਈ ਸੀ। ਭਾਰਤ ਦੀ ਆਜ਼ਾਦੀ ਦੀ ਜੱਦੋ-ਜਹਿਦ ਵਿੱਚ ਇਸਦਾ ਬੜਾ ਯੋਗਦਾਨ ਹੈ। ਇਸ ਸਮੇਂ ਇਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਹੈ। 1947 ਤੋਂ ਪਿੱਛੋਂ ਵੀ ਇਸ ਦਲ ਦੀ ਸਰਕਾਰ ਕੇਂਦਰ ਵਿੱਚ ਬਣਦੀ ਰਹੀ ਹੈ।

**ਇਸ ਦਲ ਦੇ ਚੋਣ ਮਨੋਰਥ ਪੱਤਰ ਵਿੱਚ ਦਿੱਤੀਆਂ ਮੁੱਖ ਨੀਤੀਆਂ ਅਤੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ :-**

1. ਸਭ ਤੋਂ ਵੱਧ ਮਹੱਤਵਪੂਰਨ ਨੀਤੀ ਅਮੀਰੀ ਅਤੇ ਗ਼ਰੀਬੀ ਵਿੱਚ ਅੰਤਰ ਘਟਾਉਣ ਦੀ ਹੈ। ਇਹ ਦਲ ਲੋਕਤੰਤਰੀ ਸਮਾਜਵਾਦ ਦਾ ਚਾਹਵਾਨ ਹੈ।

2. ਧਰਮ ਦੇ ਅਧਾਰ ਤੇ ਕੋਈ ਵਿਤਕਰਾ ਨਾ ਹੋਵੇ ਅਤੇ ਸਭ ਧਰਮਾਂ ਦਾ ਬਰਾਬਰ ਸਨਮਾਨ ਕੀਤਾ ਜਾਵੇ।
3. ਖੇਤੀਬਾੜੀ ਅਧਾਰਿਤ ਕਾਰਖ਼ਾਨਿਆਂ ਦੇ ਵਿਕਾਸ ਅਤੇ ਖੇਤੀਬਾੜੀ ਦੇ ਵਿਕਾਸ ਲਈ ਸਿੰਚਾਈ ਦੇ ਸਾਧਨਾਂ ਵਿੱਚ ਸੁਧਾਰ ਕਰਨਾ।
4. ਪੇਂਡੂ ਪੱਧਰ ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਕੇ ਗ਼ਰੀਬੀ ਨੂੰ ਘਟਾਉਣਾ।
5. ਵਿਦੇਸ਼ਾਂ ਨਾਲ਼ ਮਿੱਤਰਤਾ ਦੇ ਸੰਬੰਧ ਕਾਇਮ ਕਰਨਾ ਅਤੇ ਸ਼ਾਂਤਮਈ ਢੰਗ ਨਾਲ਼ ਮਤਭੇਦ ਦੂਰ ਕਰਨਾ।
6. ਭਾਰਤ ਦੀ ਆਰਥਿਕ ਸਥਿਤੀ ਸੁਧਾਰਨ ਲਈ ਵਿਦੇਸ਼ੀ ਵਪਾਰ ਵਿੱਚ ਵਾਧਾ ਕਰਨਾ ਆਦਿ।

## ਸ਼੍ਰੋਮਣੀ ਅਕਾਲੀ ਦਲ—ਪੰਜਾਬ

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸੰਨ 1920 ਵਿੱਚ ਹੋਈ ਸੀ। ਇਸ ਦਲ ਦਾ ਸ਼ੁਰੂ ਵਿੱਚ ਉਦੇਸ਼ ਪਵਿੱਤਰ ਗੁਰੂ ਸਥਾਨਾਂ ਭਾਵ ਗੁਰੂਦਵਾਰਿਆ ਨੂੰ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਅਤੇ ਉਹਨਾਂ ਦੀ ਪਵਿੱਤਰਤਾ ਬਣਾਕੇ ਰੱਖਣਾ ਸੀ। ਅਜ਼ਾਦੀ ਤੋਂ ਪਿਛੋਂ ਅਕਾਲੀ ਦਲ ਨੇ ਪੰਜਾਬ ਅਤੇ ਨੇੜਲੇ ਰਾਜਾਂ ਦੀ ਰਾਜਨੀਤੀ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਦਲ ਮੋਟੇ ਤੌਰ 'ਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਨੂੰ ਆਪਣਾ ਮਨੋਰਥ ਐਲਾਨਦਾ ਹੈ। ਸ਼੍ਰੋਮਣੀ ਅਕਾਲੀ ਦਲ ਸਮਾਨ ਵਿਚਾਰਧਾਰਾ ਵਾਲ਼ੇ ਦਲਾਂ ਨਾਲ਼ ਮਿਲ਼ ਕੇ ਦੇਸ਼ ਵਿੱਚ ਨਵੇਂ ਸਮਾਜਿਕ ਅਤੇ ਆਰਥਿਕ ਵਿਵਸਥਾ ਦੀ ਸਥਾਪਨਾ ਕਰਨ ਦਾ ਦਾਅਵਾ ਵੀ ਕਰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਗੁੱਟ ਅਤੇ ਭਾਰਤੀ ਜਨਤਾ ਪਾਰਟੀ ਨੇ ਮਿਲ ਕੇ ਕੇਂਦਰ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਨੂੰ ਵੱਖਰਾ ਰੂਪ ਦੇ ਕੇ ਇੱਕ ਨਵਾਂ ਅਧਿਆਇ ਸ਼ੁਰੂ ਕੀਤਾ ਸੀ।

ਇਸ ਦਲ ਦੇ ਮੁੱਖ ਉਦੇਸ਼ ਗੁਰਮਤ ਰਹਿਤ ਮਰਿਆਦਾ ਦਾ ਪ੍ਰਚਾਰ ਕਰਨਾ। ਗੁਰੂਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਕਰਨਾ। ਨਿਆਂ ਰਾਹੀਂ ਆਰਥਿਕ ਪ੍ਰਬੰਧ ਕਰਨਾ। ਗੁਰਮਤ ਦੇ ਵਿਸ਼ਵਾਸ ਦੇ ਅਨੁਸਾਰ ਅਨਪੜ੍ਹਤਾ ਅਤੇ ਜ਼ਾਤ-ਪਾਤ ਦੇ ਭੇਦ ਨੂੰ ਦੂਰ ਕਰਨਾ ਐਲਾਨੇ ਗਏ ਹਨ।

## ਵਿਰੋਧੀ ਦਲ ਦੀ ਭੂਮਿਕਾ

ਭਾਰਤੀ ਸੰਸਦ ਜਾਂ ਰਾਜ-ਵਿਧਾਨਪਾਲਿਕਾ ਵਿੱਚ ਸਾਰੇ ਐਮ.ਪੀ. ਜਾਂ ਐੱਮ.ਐੱਲ.ਏ. ਇੱਕ ਦਲ ਵਿੱਚੋਂ ਨਹੀਂ ਹੁੰਦੇ। ਸੱਤਾਧਾਰੀ ਦਲ ਤੋਂ ਬਿਨਾਂ ਦੂਜੇ ਵਿਰੋਧੀ ਦਲਾਂ ਦੇ ਪ੍ਰਤੀਨਿੱਧ ਸਰਕਾਰ ਦੀਆਂ ਨੀਤੀਆਂ ਬਣਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸੱਤਾਧਾਰੀ ਦਲ ਤੋਂ ਬਿਨਾਂ ਜਿਹੜੇ ਦਲ ਦੇ ਮੈਂਬਰ ਵਿਧਾਨਪਾਲਿਕਾ ਵਿੱਚ ਸਭ ਤੋਂ ਵੱਧ ਹੁੰਦੇ ਹਨ। ਉਸ ਨੂੰ ਸਰਕਾਰੀ ਤੌਰ ਤੇ ਵਿਰੋਧੀ ਦਲ ਮੰਨਿਆ ਜਾਂਦਾ ਹੈ। ਵਿਰੋਧੀ ਦਲ ਸੱਤਾਧਾਰੀ ਦਲ ਜਿੰਨਾ ਹੀ ਮਹੱਤਵਪੂਰਨ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਜੇਕਰ ਲੋਕਤੰਤਰ ਵਿੱਚ ਵਿਰੋਧੀ ਦਲ ਖ਼ਤਮ ਹੋ ਜਾਵੇ ਤਾਂ ਲੋਕਤੰਤਰ ਵੀ ਖ਼ਤਮ ਹੋ ਜਾਵੇਗਾ। ਜੇਕਰ ਵਿਰੋਧੀ ਦਲ ਨੂੰ ਸ਼ਾਂਤੀ ਅਤੇ ਲੋਕਤੰਤਰੀ ਢੰਗ ਨਾਲ਼ ਕੰਮ ਕਰਨ ਦਿੱਤਾ ਜਾਵੇ ਤਾਂ ਲੋਕਤੰਤਰ ਮਜ਼ਬੂਤ ਹੁੰਦਾ ਹੈ। ਵਿਰੋਧੀ ਦਲ ਸੱਤਾਧਾਰੀ ਦਲ ਨੂੰ ਉਸ ਦੀਆਂ ਕਮੀਆਂ ਅਤੇ ਊਣਤਾਈਆਂ ਬਾਰੇ ਚੇਤੰਨ ਕਰਦਾ ਹੈ। ਵਿਰੋਧੀ ਦਲ ਸੰਸਦ ਵਿੱਚ ਸਰਕਾਰ ਦੀ ਅਲੋਚਨਾ ਹੀ ਨਹੀਂ ਕਰਦਾ ਸਗੋਂ ਸਹੀ ਲੋਕਰਾਇ ਵੀ ਬਣਾਉਂਦਾ ਹੈ। ਇਸ ਦੀ ਅਲੋਚਨਾ ਤੋਂ ਬਿਨਾਂ ਸਰਕਾਰ

ਗੈਰਜ਼ਿੰਮੇਵਾਰ ਅਤੇ ਤਾਨਾਸ਼ਾਹ ਬਣ ਸਕਦੀ ਹੈ। ਨਵੀਆਂ ਚੋਣਾਂ ਹੋਣ ਤੱਕ ਸਰਕਾਰ ਨੂੰ ਮਨਮਾਨੀਆਂ ਕਰਨ ਤੋਂ ਰੋਕਦਾ ਅਤੇ ਸਰਕਾਰ ਤੇ ਨਿਯੰਤਰਨ ਰੱਖਦਾ ਹੈ। ਵਿਰੋਧੀ ਦਲ ਨਾਗਰਿਕਾਂ ਦੇ ਅਧਿਕਾਰਾਂ ਨੂੰ ਸਰਕਾਰ ਵੱਲੋਂ ਨੁਕਸਾਨ ਨਹੀਂ ਪਹੁੰਚਾਉਣ ਦਿੰਦਾ।

## ਗਠਬੰਧਨ ਵਾਲੀ / ਬਹੁਦਲੀ ਸਰਕਾਰ (Coalition Government)

ਜਦੋਂ ਕਈ ਵਾਰੀ ਆਮ ਚੋਣ ਸਮੇਂ ਕਿਸੇ ਇੱਕ ਦਲ ਨੂੰ ਲੋੜੀਂਦਾ ਬਹੁਮਤ ਪ੍ਰਾਪਤ ਨਾ ਹੋਵੇ ਤਾਂ ਸਭ ਤੋਂ ਵੱਧ ਸੀਟਾਂ ਪ੍ਰਾਪਤ ਕਰਨ ਵਾਲ਼ੇ ਦਲ ਨੂੰ ਸਰਕਾਰ ਬਣਾਉਣ ਲਈ ਦੂਜੇ ਰਾਜਨੀਤਕ ਦਲਾਂ ਦੀ ਸਹਾਇਤਾ ਅਤੇ ਸਹਿਯੋਗ ਦੀ ਲੋੜ ਪੈਂਦੀ ਹੈ। ਕਈ ਦਲਾਂ ਦੇ ਪ੍ਰਤੀਨਿਧੀਆਂ ਤੋਂ ਬਣਾਈ ਗਈ ਸਰਕਾਰ ਨੂੰ ਬਹੁ-ਦਲੀ ਸਰਕਾਰ ਕਿਹਾ ਜਾਂਦਾ ਹੈ।ਭਾਰਤ ਵਿੱਚ ਅਜਿਹੀ ਸਰਕਾਰ ਕੇਂਦਰ ਵਿੱਚ ਪਹਿਲੀ ਵਾਰ ਛੇਵੀਂ ਲੋਕ ਸਭਾ ਚੋਣ ਪਿੱਛੋਂ 1977 ਵਿੱਚ ਬਣਾਈ ਗਈ।ਤੇਰਵੀਂ ਲੋਕ ਸਭਾ ਚੋਣ ਪਿੱਛੋਂ ਵੀ ਸੰਯੁਕਤ ਸਰਕਾਰ ਬਣਾਈ ਗਈ ਜਿਸਦਾ ਕਾਰਜਕਾਲ 1999 ਤੋਂ 2004 ਤੱਕ ਸੀ। ਇਸੇ ਹੀ ਤਰ੍ਹਾਂ ਚੌਦਵੀਂ ਅਤੇ ਪੰਦਰਵੀਂ ਲੋਕ ਸਭਾ ਵਿੱਚ ਵੀ ਬਹੁਦਲੀ ਸਰਕਾਰ ਬਣਾਈ ਗਈ। ਜਿਹੜੀ ਕਿ ਕਾਂਗਰਸ ਦੀ ਅਗਵਾਈ ਵਾਲੇ ਸੰਯੁਕਤ ਪ੍ਰਗਤੀਸ਼ੀਲ ਮੋਰਚੇ ਦੀ ਸਰਕਾਰ ਸੀ ਅਤੇ 16ਵੀਂ ਲੋਕ ਸਭਾ ਵਿੱਚ ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਲੋਕਤੰਤਰੀ ਗਠਬੰਧਨ ਦੀ ਸਰਕਾਰ ਬਣੀ। ਅਜਿਹੀ ਸਰਕਾਰ ਵਿੱਚ ਵੱਖ-ਵੱਖ ਦਲਾਂ ਦੇ ਜੇਤੂ ਉਮੀਦਵਾਰਾਂ ਨੂੰ ਮੰਤਰੀ ਬਣਨ ਦਾ ਮੌਕਾ ਮਿਲ਼ਦਾ ਹੈ ਜਦ ਕਿ ਸਪੱਸ਼ਟ ਬਹੁਮੱਤ ਵਾਲੀ ਸਰਕਾਰ ਵਿੱਚ ਸਾਰੇ ਮੰਤਰੀ ਇਕੋ ਦਲ ਦੇ ਹੁੰਦੇ ਹਨ। ਪਰ ਅਜਿਹੀ ਸਰਕਾਰ ਵਿੱਚ ਵੱਖ-ਵੱਖ ਧਾਰਨਾ ਵਾਲ਼ੇ ਮੰਤਰੀ ਹੋਣ ਕਾਰਨ ਫ਼ੈਸਲੇ ਥੋੜ੍ਹੀ ਦੇਰ ਨਾਲ਼ ਹੋ ਸਕਦੇ ਹਨ।

### ਯਾਦ ਰੱਖਣ ਯੋਗ ਨੁਕਤੇ

1. ਅਸਿੱਧਾ ਜਾਂ ਪ੍ਰਤੀਨਿਧੀ ਲੋਕਤੰਤਰ ਉਹ ਹੁੰਦਾ ਹੈ ਜਿਸ ਵਿੱਚ ਲੋਕ ਆਪਣਾ ਸ਼ਾਸਨ ਪ੍ਰਬੰਧ ਅਸਿੱਧੇ ਤੌਰ ਤੇ ਭਾਵ ਆਪਣੇ ਦੁਆਰਾ ਚੁਣੇ ਹੋਏ ਪ੍ਰਤੀਨਿਧਾਂ ਰਾਹੀ ਚਲਾਉਂਦੇ ਹਨ।
2. ਪ੍ਰਤੀਨਿਧਤਾ ਦਾ ਅਨਿੱਖੜਵਾ ਅੰਗ ਚੋਣਾਂ ਹਨ। ਭਾਰਤ ਵਿੱਚ ਚੋਣ ਪ੍ਰਕਿਰਿਆ ਲਈ ਇੱਕ ਸੁਤੰਤਰ ਸੰਸਥਾ ਚੋਣ ਕਮਿਸ਼ਨ ਬਣਾਈ ਗਈ ਹੈ ਜਿਹੜੀ ਸੁਤੰਤਰ ਅਤੇ ਨਿਆਂਪੂਰਣ ਚੋਣਾਂ ਕਰਵਾਉਂਦੀ ਹੈ।
3. ਭਾਰਤ ਰਾਜ ਵਿੱਚ ਇਸ ਸਮੇਂ ਵੋਟ ਪਾਉਣ ਦੀ ਘੱਟੋ-ਘੱਟ ਉਮਰ 18 ਸਾਲ ਹੈ ਜਦ ਕਿ ਕੁੱਝ ਸਾਲ ਪਹਿਲਾਂ ਵੋਟ ਪਾਉਣ ਦੀ ਘੱਟੋ-ਘੱਟ ਉਮਰ 21 ਸਾਲ ਹੁੰਦੀ ਸੀ।
4. ਗਠਬੰਧਨ ਵਾਲੀ ਸਰਕਾਰ (Coalition Government) ਉਸ ਸਰਕਾਰ ਨੂੰ ਕਿਹਾ ਜਾਂਦਾ ਹੈ ਜੋ ਕਈ ਦਲਾਂ ਦੇ ਪ੍ਰਤੀਨਿਧੀਆਂ ਤੋਂ ਬਣਾਈ ਗਈ ਸਰਕਾਰ ਹੁੰਦੀ ਹੈ। ਭਾਰਤ ਵਿੱਚ ਅਜਿਹੀ ਸਰਕਾਰ ਪਹਿਲੀ ਵਾਰ ਛੇਵੀਂ ਲੋਕ ਸਭਾ ਚੋਣਾਂ ਪਿਛੋਂ 1977 ਵਿੱਚ ਬਣਾਈ ਗਈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਲਿਖੋ :**

1. ਸਰਵਵਿਆਪਕ ਮੱਤ ਅਧਿਕਾਰ ਤੋਂ ਕੀ ਭਾਵ ਹੈ?
2. ਚੋਣ ਪ੍ਰਕਿਰਿਆ ਦੀਆਂ ਕੋਈ ਦੋ ਸਟੇਜਾਂ ਦਾ ਵਰਨਣ ਕਰੋ।
3. ਪ੍ਰਤੀਨਿਧੀ ਸਰਕਾਰ ਕਿਹੜੀ ਸਰਕਾਰ ਨੂੰ ਕਿਹਾ ਜਾਂਦਾ ਹੈ?
4. ਲੋਕਤੰਤਰ ਵਿੱਚ ਪ੍ਰਤਨਿੱਧਤਾ ਦਾ ਕੀ ਮਹੱਤਵ ਹੈ?
5. ਭਾਰਤ ਵਿੱਚ ਵੋਟ ਪਾਉਣ ਦਾ ਅਧਿਕਾਰ ਕਿਸ ਨੂੰ ਹੁੰਦਾ ਹੈ?
6. ਦੋ ਦਲੀ ਅਤੇ ਬਹੁਦਲੀ ਦਲ ਪ੍ਰਣਾਲ਼ੀ ਵਿੱਚ ਕੀ ਅੰਤਰ ਹੈ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ :**

1. ਰਾਜਨੀਤਿਕ ਦਲਾਂ ਦਾ ਪ੍ਰਤੀਨਿਧੀ ਲੋਕਤੰਤਰ ਵਿੱਚ ਕੀ ਮਹੱਤਵ ਹੈ?
2. ਗੁਪਤ ਮੱਤਦਾਨ ਕੀ ਹੁੰਦਾ ਹੈ? ਇਸ ਦਾ ਕੀ ਮਹੱਤਵ ਹੈ?
3. ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਬਾਰੇ ਸੰਖੇਪ ਵਿੱਚ ਲਿਖੋ।
4. ਵਿਰੋਧੀ ਦਲ ਦੇ ਕੰਮਾਂ ਦਾ ਵਰਨਣ ਕਰੋ।
5. ਰਾਜਨੀਤਿਕ ਦਲਾਂ ਦੇ ਕੋਈ ਦੋ ਕੰਮ ਲਿਖੋ।
6. ਲੋਕਤੰਤਰ ਵਿੱਚ ਚੋਣਾਂ ਦਾ ਕੀ ਮਹੱਤਵ ਹੈ?

**(ੲ) ਖਾਲੀ ਥਾਂਵਾਂ ਭਰੋ :**

1. ਸਾਡੇ ਭਾਰਤ ਵਿੱਚ ............ ਲੋਕਤੰਤਰ ਪ੍ਰਣਾਲੀ ਹੈ।
2. ਭਾਰਤ ਵਿੱਚ ਚੋਣ ਪ੍ਰਕਿਰਿਆ ਲਈ ਇੱਕ ਸੁਤੰਤਰ ਸੰਸਥਾ ............ ਬਣਾਈ ਗਈ ਹੈ।
3. ਭਾਰਤ ਵਿੱਚ ਘੱਟੋ-ਘੱਟ ............ ਸਾਲ ਦੀ ਉਮਰ ਵਾਲ਼ੇ ਨਾਗਰਿਕ ਨੂੰ ਵੋਟ ਦਾ ਅਧਿਕਾਰ ਹੁੰਦਾ ਹੈ।
4. ............ ਅਤੇ ............ ਵਿੱਚ ਦੋ-ਦਲ ਅਤੇ ............ ਵਿੱਚ ਬਹੁ-ਦਲ ਪ੍ਰਣਾਲੀ ਹੈ।
5. ਇਕ ਨਾਗਰਿਕ ਇਕ ਵੋਟ ਨਾਗਰਿਕਾਂ ਦੀ ............ ਤੇ ਅਧਾਰਤ ਹੈ।

**(ਜ) ਵਿਕਲਪੀ ਪ੍ਰਸ਼ਨ :**

1. **ਭਾਰਤ ਵਿੱਚ ਬਾਲਗ ਹੋਣ ਦੀ ਉਮਰ ਕਿੰਨੀ ਹੈ ?**

   (1) 18 ਸਾਲ (2) 24 ਸਾਲ (3) 22 ਸਾਲ

2. **ਲੋਕ ਸਭਾ ਦੇ ਮੈਂਬਰਾਂ ਦੀ ਚੋਣ ਕਿੰਨੇ ਸਾਲ ਲਈ ਕੀਤੀ ਜਾਂਦੀ ਹੈ ?**

   (1) ਚਾਰ ਸਾਲ (2) 2 ਸਾਲ (3) ਪੰਜ ਸਾਲ

3. **ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੀ ਸਥਾਪਨਾ ਕਦੋਂ ਹੋਈ ?**

   (1) 1920 (2) 1885 (3) 1960

**(ਹ) ਹੇਠ ਲਿਖਿਆਂ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :**

1. ਭਾਰਤ ਰਾਜ ਵਿੱਚ ਇਸ ਸਮੇਂ ਬਾਲਗ ਨਾਗਰਿਕ ਦੀ ਉਮਰ 18 ਸਾਲ ਹੈ। ☐
2. ਭਾਰਤ ਵਿੱਚ ਦੋ-ਦਲੀ ਰਾਜਨੀਤਿਕ ਦਲ ਪ੍ਰਣਾਲੀ ਹੈ। ☐
3. ਵਿਰੋਧੀ ਦਲ ਸੰਸਦ ਵਿੱਚ ਸਰਕਾਰ ਦੀ ਆਲੋਚਨਾ ਹੀ ਨਹੀਂ ਕਰਦਾ ਸਗੋਂ ਸਹੀ ਲੋਕਰਾਇ ਵੀ ਬਣਾਉਂਦਾ ਹੈ। ☐


## ਗਤੀਵਿਧੀ

1. ਆਪਣੇ ਰਾਜ ਦੇ ਸੱਤਾਧਾਰੀ ਦਲ ਅਤੇ ਵਿਰੋਧੀ ਦਲ ਦੇ ਮੁਖੀਆਂ ਦੇ ਨਾਂ ਲਿਖੋ।
2. ਆਪਣੇ ਚੋਣ ਹਲਕੇ ਤੋਂ ਚੁਣੇ ਗਏ ਐੱਮ.ਐੱਲ.ਏ. ਦਾ ਨਾਂ ਅਤੇ ਇਲਾਕੇ ਵਿੱਚ ਉਸ ਦੁਆਰਾ ਕੀਤੇ ਗਏ ਵਿਕਾਸ ਦੇ ਕੰਮਾਂ ਬਾਰੇ ਅਧਿਆਪਕ ਨਾਲ਼ ਵਿਚਾਰ ਵਟਾਂਦਰਾ ਕਰੋ।

ਪਾਠ 20

# ਰਾਜ ਸਰਕਾਰ


ਭਾਰਤ ਵਿੱਚ ਪ੍ਰਤੀਨਿਧੀ ਲੋਕਤੰਤਰੀ ਸਰਕਾਰ ਹੈ। ਇੰਨੇ ਵੱਡੇ ਦੇਸ਼ ਦੇ ਰਾਜ ਪ੍ਰਬੰਧ ਨੂੰ ਵਧੀਆ ਢੰਗ ਨਾਲ਼ ਚਲਾਉਣ ਲਈ ਇੱਕ ਕੇਂਦਰੀ ਸਰਕਾਰ ਅਤੇ 28 'ਰਾਜ ਸਰਕਾਰਾਂ' ਹਨ। ਕੇਂਦਰੀ ਸਰਕਾਰ ਦੀ ਤਰ੍ਹਾਂ ਰਾਜ ਸਰਕਾਰ ਦੇ ਵੀ ਤਿੰਨ ਅੰਗ-ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ




*ਚਿੱਤਰ 20.1 ਭਾਰਤ ਦਾ ਰਾਜਨੀਤਿਕ ਨਕਸ਼ਾ*

ਹਨ। ਹਰੇਕ ਰਾਜ ਦੀ ਵਿਧਾਨਪਾਲਿਕਾ ਦਾ ਕੰਮ ਕਾਨੂੰਨ ਬਣਾਉਣਾ ਹੈ। ਕਾਰਜਪਾਲਿਕਾ ਉਹਨਾਂ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਨਿਆਂਪਾਲਿਕਾ ਕਾਨੂੰਨ ਦੀ ਉਲੰਘਣਾ ਕਰਨ ਵਾਲ਼ਿਆਂ ਨੂੰ ਸਜਾ ਦਿੰਦੀ ਹੈ। ਰਾਜ ਦੀ ਵਿਧਾਨਪਾਲਿਕਾ ਵਿੱਚ ਮੁੱਖ-ਮੰਤਰੀ ਵਿਧਾਨ-ਸਭਾ ਅਤੇ ਵਿਧਾਨ ਪ੍ਰੀਸ਼ਦ ਮੈਂਬਰ ਅਤੇ ਰਾਜ ਦਾ ਰਾਜਪਾਲ ਸ਼ਾਮਲ ਹੁੰਦੇ ਹਨ। ਜਦ ਕਿ ਕਾਰਜਪਾਲਿਕਾ ਵਿੱਚ ਰਾਜਪਾਲ ਅਤੇ ਉਸ ਦੇ ਕੰਮਾਂ ਵਿੱਚ ਸਹਾਇਤਾ ਕਰਨ ਲਈ ਮੰਤਰੀ ਪ੍ਰੀਸ਼ਦ ਹੁੰਦੀ ਹੈ। ਭਾਰਤੀ ਸੰਵਿਧਾਨ ਰਾਹੀਂ ਕੇਂਦਰ ਅਤੇ ਰਾਜ ਸਰਕਾਰ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਜਿਸ ਅਧੀਨ ਸਾਰੇ ਦੇਸ਼ ਦੇ ਮਹਤੱਵਪੂਰਨ ਵਿਸ਼ੇ ਕੇਂਦਰੀ ਸੂਚੀ ਵਿੱਚ, ਰਾਜ ਦੇ ਮਹੱਤਵਪੂਰਨ ਵਿਸ਼ੇ ਰਾਜ ਸੂਚੀ ਵਿੱਚ ਅਤੇ ਬਾਕੀ ਦੇ ਵਿਸੇ ਸਾਂਝੀ ਸੂਚੀ ਵਿੱਚ ਦਿੱਤੇ ਗਏ ਹਨ। ਰਾਜ ਸਰਕਾਰ ਰਾਜ ਸੂਚੀ ਦੇ 61 ਵਿਸ਼ਿਆਂ ਤੇ ਕਾਨੂੰਨ ਬਣਾਉਂਦੀ ਅਤੇ ਉਹਨਾਂ ਨੂੰ ਆਪਣੇ ਰਾਜ ਵਿੱਚ ਲਾਗੂ ਕਰਦੀ ਹੈ। ਰਾਜਸੂਚੀ ਦੇ ਮਹੱਤਵਪੂਰਨ ਵਿਸ਼ੇ ਖੇਤੀਬਾੜੀ, ਭੂਮੀ-ਕਰ, ਪੁਲਿਸ ਅਤੇ ਸਿੱਖਿਆ ਆਦਿ ਹਨ। ਰਾਜ ਵਿੱਚ ਕਾਨੂੰਨ ਰਾਜ ਵਿਧਾਨਪਾਲਿਕਾ ਦੁਆਰਾ ਬਣਾਏ ਜਾਂਦੇ ਹਨ। ਕਾਰਜਪਾਲਿਕਾ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਕੇਂਦਰੀ ਸਰਕਾਰ ਦੁਆਰਾ ਬਣਾਏ ਗਏ ਕਝ ਕਾਨੂੰਨ ਵੀ ਰਾਜਾਂ ਵਿੱਚ ਲਾਗੂ ਕੀਤੇ ਜਾਂਦੇ ਹਨ।

ਹਰੇਕ ਰਾਜ ਦੀ ਵਿਧਾਨਪਾਲਿਕਾ ਵਿੱਚ ਇੱਕ ਜਾਂ ਦੋ ਸਦਨ ਹੁੰਦੇ ਹਨ। ਜਿਨ੍ਹਾਂ ਰਾਜਾਂ ਵਿੱਚ ਇੱਕ ਸਦਨ ਹੁੰਦਾ ਹੈ ਉਸ ਨੂੰ ਇੱਕ-ਸਦਨੀ ਵਿਧਾਨਪਾਲਿਕਾ ਅਤੇ ਦੋ-ਸਦਨਾਂ ਵਾਲ਼ੀ ਨੂੰ ਦੋ ਸਦਨੀ ਵਿਧਾਨਪਾਲਿਕਾ ਕਿਹਾ ਜਾਂਦਾ ਹੈ। ਰਾਜ ਵਿਧਾਨਪਾਲਿਕਾ ਦੇ ਹੇਠਲੇ ਸਦਨ ਨੂੰ ਵਿਧਾਨ-ਸਭਾ ਅਤੇ ਉਪਰਲੇ ਸਦਨ ਨੂੰ ਵਿਧਾਨ-ਪ੍ਰੀਸ਼ਦ ਕਿਹਾ ਜਾਂਦਾ ਹੈ। ਹੇਠਲਾ ਸਦਨ ਵਿਧਾਨ-ਸਭਾ ਸਾਰੇ ਰਾਜਾਂ



**ਚਿੱਤਰ 20.2** *ਪੰਜਾਬ ਰਾਜ ਵਿਧਾਨ-ਸਭਾ ਚੰਡੀਗੜ੍ਹ*


ਵਿੱਚ ਹੁੰਦਾ ਹੈ। ਕੁਝ ਰਾਜਾਂ ਬਿਹਾਰ, ਕਰਨਾਟਕਾ, ਆਂਧਰਾ-ਪ੍ਰਦੇਸ਼, ਮਹਾਂਰਾਸ਼ਟਰ, **ਉੱਤਰਪ੍ਰਦੇਸ਼, ਤੇਲੰਗਾਨਾ** ਆਦਿ ਵਿੱਚ ਰਾਜ ਵਿਧਾਨਪਾਲਿਕਾ ਵਿੱਚ ਉਪਰਲਾ ਸਦਨ ਵਿਧਾਨ-ਪ੍ਰੀਸ਼ਦ ਵੀ ਹੈ। ਪੰਜਾਬ ਵਿਧਾਨ ਪਾਲਿਕਾ ਇੱਕ-ਸਦਨੀ ਹੈ।

**ਬਣਤਰ :**

ਰਾਜ ਵਿਧਾਨਪਾਲਿਕਾ ਦੇ ਹੇਠਲੇ ਸਦਨ ਭਾਵ ਵਿਧਾਨ-ਸਭਾ ਦੇ ਮੈਂਬਰਾਂ ਨੂੰ ਐੱਮ-ਐੱਲ.ਏ. ਕਿਹਾ ਜਾਂਦਾ ਹੈ। ਇਹ ਮੈਂਬਰ ਸਿੱਧੇ ਲੋਕਾਂ (ਬਾਲਗਾਂ) ਦੁਆਰਾ ਬਾਲਗ਼ ਮੱਤ ਅਧਿਕਾਰ ਦੇ ਅਧਾਰ ਤੇ ਗੁਪਤ ਮਤਦਾਨ ਰਾਹੀਂ ਚੁਣੇ ਜਾਂਦੇ ਹਨ। ਵਿਧਾਨ-ਸਭਾ ਦੀ ਚੋਣ ਸਮੇਂ ਵਿਧਾਨ-ਸਭਾ ਦੇ ਖੇਤਰ ਨੂੰ ਜਨਸੰਖਿਆ ਦੇ ਅਧਾਰ ਤੇ ਚੋਣ ਹਲਕਿਆਂ ਵਿੱਚ ਵੰਡ ਦਿੱਤਾ ਜਾਂਦਾ ਹੈ ਅਤੇ ਹਰੇਕ ਹਲਕੇ ਵਿੱਚੋਂ ਇੱਕ-ਇੱਕ ਮੈਂਬਰ ਚੁਣਿਆ ਜਾਂਦਾ ਹੈ। ਵੱਖ-ਵੱਖ ਰਾਜਾਂ ਵਿੱਚ ਵਿਧਾਨ-ਸਭਾਵਾਂ ਦੇ ਮੈਂਬਰਾਂ ਦੀ ਗਿਣਤੀ ਜਨ ਸੰਖਿਆ ਦੇ ਅਧਾਰ ਦੇ ਵੱਖ-ਵੱਖ ਹੁੰਦੀ ਹੈ। ਸੰਵਿਧਾਨ ਦੁਆਰਾ ਵਿਧਾਨ-ਸਭਾ ਦੇ ਮੈਂਬਰਾਂ ਦੀ ਗਿਣਤੀ ਘੱਟੋ-ਘੱਟ 60 ਅਤੇ ਵੱਧ ਤੋਂ ਵੱਧ 500 ਤੱਕ ਮਿਥੀ ਗਈ ਹੈ। ਪੰਜਾਬ ਵਿਧਾਨ-ਸਭਾ ਦੇ ਮੈਂਬਰਾਂ ਦੀ ਗਿਣਤੀ ਇਸ ਸਮੇਂ 117 ਹੈ।

> ***ਕੀ ਤੁਹਾਨੂੰ ਪਤਾ ਹੈ?***
>
> *ਤੁਹਾਡੇ ਹਲਕੇ ਦਾ ਐੱਮ.ਐੱਲ.ਏ. ਕੌਣ ਹੈ?*

ਰਾਜ ਵਿਧਾਨਪਾਲਿਕਾ ਦੇ ਉਪਰਲੇ ਸਦਨ, ਵਿਧਾਨ-ਪ੍ਰੀਸ਼ਦ ਦੇ ਮੈਂਬਰਾਂ ਦੀ ਚੋਣ ਅਸਿੱਧੇ ਢੰਗ ਨਾਲ਼ ਕੀਤੀ ਜਾਂਦੀ ਹੈ। ਮੋਟੇ ਤੌਰ ਤੇ ਦੱਸਿਆ ਜਾਵੇ ਤਾਂ ਇਸ ਦੇ 5/6 ਹਿੱਸਾ ਮੈਂਬਰਾਂ ਦੀ ਚੋਣ ਅਧਿਆਪਕਾਂ, ਸਥਾਨਕ ਸਰਕਾਰ ਦੇ ਮੈਂਬਰਾਂ, ਵਿਧਾਨਸਭਾ ਦੇ ਮੈਂਬਰਾਂ, ਬੀ.ਏ. ਪਾਸ ਬਾਲਗ਼ਾਂ ਦੁਆਰਾ ਕੀਤੀ ਜਾਂਦੀ ਹੈ। ਬਾਕੀ ਦੇ 1/6 ਹਿੱਸਾ ਰਾਜਪਾਲ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ।




*ਚਿੱਤਰ 20.3 ਰਾਜ ਸਰਕਾਰ ਦੀ ਬਣਤਰ*

**ਅਹੁਦੇਦਾਰ :** ਵਿਧਾਨ-ਸਭਾ ਦਾ ਇੱਕ ਸਪੀਕਰ ਅਤੇ ਇਕ ਡਿਪਟੀ ਸਪੀਕਰ ਹੁੰਦਾ ਹੈ ਜਿਨ੍ਹਾਂ ਦੀ ਚੋਣ ਵਿਧਾਨ-ਸਭਾ ਦੇ ਮੈਂਬਰਾਂ ਦੁਆਰਾ ਆਪਣੇ ਵਿੱਚੋਂ ਕੀਤੀ ਜਾਂਦੀ ਹੈ। ਵਿਧਾਨ-ਸਭਾ ਦਾ ਸਪੀਕਰ, ਸਦਨ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ, ਬਿਲ ਪੇਸ਼ ਕਰਨ ਦੀ ਪ੍ਰਵਾਨਗੀ, ਸਦਨ ਵਿੱਚ ਅਨੁਸ਼ਾਸਨ ਬਣਾ ਕੇ ਰੱਖਣ, ਮੰਤਰੀਆਂ ਅਤੇ ਵਿਧਾਨ ਸਭਾ ਦੇ ਮੈਂਬਰਾਂ ਨੂੰ ਬੋਲਣ ਦੀ ਆਗਿਆ ਦੇਣ ਆਦਿ ਦੇ ਫ਼ਰਜ਼ ਨਿਭਾਉਂਦਾ ਹੈ। ਉਪਰਲੇ ਸਦਨ ਵਿਧਾਨ-ਪ੍ਰੀਸ਼ਦ ਦਾ ਇੱਕ ਪ੍ਰਧਾਨ ਅਤੇ ਉਪ-ਪ੍ਰਧਾਨ ਚੁਣੇ ਜਾਂਦੇ ਹਨ।

**ਕਾਰਜਕਾਲ :** ਵਿਧਾਨ-ਸਭਾ ਦਾ ਕਾਰਜਕਾਲ 5 ਸਾਲ ਦਾ ਹੁੰਦਾ ਹੈ ਪਰੰਤੂ ਕਈ ਵਾਰੀ ਰਾਜਪਾਲ ਮੁੱਖ ਮੰਤਰੀ ਦੀ ਸਲਾਹ ਤੇ ਇਸਦੇ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਹੀ ਭੰਗ ਕਰ ਸਕਦਾ ਹੈ।

ਵਿਧਾਨ-ਪ੍ਰੀਸ਼ਦ ਦਾ ਕਾਰਜਕਾਲ ਛੇ ਸਾਲ ਹੈ। ਹਰ ਦੋ ਸਾਲ ਪਿੱਛੋਂ ਇਸ ਦੇ 1/3 ਮੈਂਬਰ ਸੇਵਾ ਮੁਕਤ ਕਰ ਦਿੱਤੇ ਜਾਂਦੇ ਹਨ ਅਤੇ ਉਹਨਾਂ ਦੀ ਥਾਂ ਤੇ ਹੋਰ ਮੈਂਬਰ ਚੁਣੇ ਜਾਂਦੇ ਹਨ ਪਰੰਤੂ ਵਿਧਾਨ-ਸਭਾ ਦੀ ਤਰ੍ਹਾਂ ਵਿਧਾਨ-ਪ੍ਰੀਸ਼ਦ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਇਹ ਰਾਜ ਸਭਾ ਵਾਂਗ ਇੱਕ ਸਥਾਈ ਸਦਨ ਹੈ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੋਈ ਵੀ ਭਾਰਤੀ ਨਾਗਰਿਕ ਜਿਸ ਦੀ ਉਮਰ 25 ਸਾਲ ਤੋਂ ਵੱਧ ਹੋਵੇ, ਵਿਧਾਨ-ਸਭਾ ਦਾ ਅਤੇ 30 ਸਾਲ ਤੋਂ ਵੱਧ ਉਮਰ ਵਾਲ਼ਾ ਵਿਧਾਨ-ਪ੍ਰੀਸ਼ਦ ਦਾ ਮੈਂਬਰ ਬਣ ਸਕਦਾ ਹੈ।

ਕੇਂਦਰ ਦੀ ਤਰ੍ਹਾਂ ਸਧਾਰਨ ਬਿਲ ਕਾਨੂੰਨ ਬਣਾਉਣ ਲਈ ਦੋਹਾਂ ਸਦਨਾਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਜਦਕਿ ਧੰਨ ਬਿਲ (ਬਜਟ) ਕੇਵਲ ਹੇਠਲੇ ਸਦਨ ਭਾਵ ਵਿਧਾਨ ਸਭਾ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ ਕੋਈ ਵੀ ਬਿਲ ਦੋਹਾਂ ਸਦਨਾਂ ਵਿੱਚ ਪਾਸ ਹੋਣ ਪਿੱਛੋਂ ਰਾਜਪਾਲ ਦੀ ਪ੍ਰਵਾਨਗੀ ਉਪਰੰਤ ਕਾਨੂੰਨ ਬਣਦਾ ਹੈ। ਰਾਜ ਵਿਧਾਨਪਾਲਿਕਾ ਰਾਜ ਦੀਆਂ ਲੋੜਾਂ ਅਨੁਸਾਰ ਰਾਜ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ ਤੇ ਕਾਨੂੰਨ ਬਣਾਉਂਦੀ ਹੈ।

**ਰਾਜ ਵਿਧਾਨਪਾਲਿਕਾ ਦੀਆਂ ਸ਼ਕਤੀਆਂ ਅਤੇ ਕੰਮ :** ਰਾਜ ਵਿਧਾਨਪਾਲਿਕਾ ਹੇਠਾਂ ਲਿਖੇ ਕੰਮ ਕਰਦੀ ਹੈ :-

1. ਰਾਜ ਸੂਚੀ ਵਿੱਚ ਦਿੱਤੇ ਵਿਸ਼ਿਆਂ ਤੇ ਕਾਨੂੰਨ ਬਣਾਉਣਾ ਪਰ ਕਈ ਵਾਰੀ ਕੇਂਦਰੀ ਸਰਕਾਰ ਦਾ ਕਾਨੂੰਨ ਇਸ ਦੇ ਵਿਰੋਧੀ ਹੋਵੇ ਤਾਂ ਕੇਂਦਰੀ ਕਾਨੂੰਨ ਲਾਗੂ ਕੀਤਾ ਜਾਂਦਾ ਹੈ।
2. ਵਿਧਾਨਪਾਲਿਕਾ ਦੇ ਮੈਂਬਰ ਵੱਖ-ਵੱਖ ਵਿਭਾਗਾਂ ਦੇ ਮੰਤਰੀਆਂ ਕੋਲ਼ੋਂ ਉਹਨਾਂ ਦੇ ਵਿਭਾਗਾਂ ਸੰਬੰਧੀ ਪ੍ਰਸ਼ਨ ਪੁੱਛ ਸਕਦੇ ਹਨ ਜਿਨ੍ਹਾਂ ਦਾ ਜਵਾਬ ਸਬੰਧਿਤ ਮੰਤਰੀ ਨੂੰ ਦੇਣਾ ਪੈਂਦਾ ਹੈ।
3. ਇਸ ਦੇ ਮੈਂਬਰ ਸਰਕਾਰ ਵਿਰੁੱਧ ਅਵਿਸਵਾਸ ਦਾ ਮਤਾ ਵੀ ਪਾਸ ਕਰ ਸਕਦੇ ਹਨ।

## ਕਾਰਜਪਾਲਿਕਾ

ਰਾਜ ਕਾਰਜਪਾਲਿਕਾ ਦਾ ਕੰਮ ਵਿਧਾਨਪਾਲਿਕਾ ਦੁਆਰਾ ਬਣਾਏ ਗਏ ਕਾਨੂੰਨਾਂ ਨੂੰ ਲਾਗੂ ਕਰਨਾ ਹੁੰਦਾ ਹੈ।

## ਰਾਜਪਾਲ :

ਰਾਜ ਦੀ ਮੁੱਖ ਕਾਰਜਕਾਰਨੀ ਸ਼ਕਤੀ ਰਾਜਪਾਲ ਕੋਲ਼ ਹੁੰਦੀ ਹੈ। ਉਸ ਦੀ ਨਿਯੁਕਤੀ ਪ੍ਰਧਾਨ-ਮੰਤਰੀ ਦੀ ਸਲਾਹ ਤੇ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਰਾਜਪਾਲ ਦਾ ਕਾਰਜਕਾਲ ਭਾਵੇਂ 5 ਸਾਲ ਹੁੰਦਾ ਹੈ ਪਰ ਉਹ ਰਾਸ਼ਟਰਪਤੀ ਦੀ ਖ਼ੁਸ਼ੀ ਤੱਕ ਆਪਣੇ ਅਹੁਦੇ ਤੇ ਰਹਿ ਸਕਦਾ ਹੈ। ਰਾਸ਼ਟਰਪਤੀ ਰਾਜਪਾਲ ਦੀ ਉਸ ਦੇ ਕਾਰਜਕਾਲ ਸਮੇਂ ਦੌਰਾਨ ਕਿਸੇ ਦੂਸਰੇ ਰਾਜ ਵਿੱਚ ਬਦਲੀ ਵੀ ਕਰ ਸਕਦਾ ਹੈ।

### ਰਾਜ ਦੇ ਰਾਜਪਾਲ ਬਣਨ ਲਈ ਜ਼ਰੂਰੀ ਹੈ ਕਿ ਉਹ :

1. ਭਾਰਤ ਦਾ ਨਾਗਰਿਕ ਹੋਵੇ।
2. ਉਸ ਦੀ ਉਮਰ 35 ਸਾਲ ਤੋਂ ਵੱਧ ਹੋਵੇ।
3. ਉਹ ਮਾਨਸਿਕ ਅਤੇ ਸਰੀਰਕ ਤੌਰ ਤੇ ਠੀਕ ਹੋਵੇ।
4. ਉਹ ਰਾਜ ਜਾਂ ਕੇਂਦਰੀ ਵਿਧਾਨਪਾਲਿਕਾ ਦਾ ਮੈਂਬਰ ਜਾਂ ਸਰਕਾਰੀ ਅਧਿਕਾਰੀ ਨਾ ਹੋਵੇ।

## ਰਾਜਪਾਲ ਦੀਆਂ ਸ਼ਕਤੀਆਂ :

ਕੇਂਦਰ ਵਿੱਚ ਰਾਸ਼ਟਰਪਤੀ ਦੀ ਤਰ੍ਹਾਂ ਰਾਜਪਾਲ ਰਾਜ ਦਾ ਨਾਂ-ਮਾਤਰ ਮੁਖੀਆ ਹੈ। ਰਾਜਪਾਲ ਦੀਆਂ ਸ਼ਕਤੀਆਂ ਵੀ ਰਾਸ਼ਟਰਪਤੀ ਵਾਂਗੂ ਹੀ ਹਨ। ਰਾਜ ਦੇ ਪ੍ਰਬੰਧਕੀ ਕੰਮਾਂ ਦੀ ਅਸਲੀ ਸ਼ਕਤੀ ਮੁੱਖ-ਮੰਤਰੀ ਅਤੇ ਮੰਤਰੀ-ਪ੍ਰੀਸ਼ਦ ਕੋਲ਼ ਹੁੰਦੀ ਹੈ ਪਰੰਤੂ ਰਾਜ ਦੀ ਮਸ਼ੀਨਰੀ ਠੀਕ ਤਰ੍ਹਾਂ ਨਾ ਚਲਣ ਕਾਰਨ ਕਈ ਵਾਰੀ ਰਾਜ ਦਾ ਰਾਜਪ੍ਰਬੰਧ ਰਾਜਪਾਲ ਦੀ ਸਲਾਹ ਤੇ ਰਾਸ਼ਟਰਪਤੀ ਆਪਣੇ ਹੱਥ ਵਿੱਚ ਲੈ ਲੈਂਦਾ ਹੈ। ਰਾਜਪਾਲ ਅਜਿਹੇ ਮੌਕੇ ਤੇ ਰਾਜ ਦਾ ਅਸਲੀ ਮੁਖੀਆ ਬਣ ਜਾਂਦਾ ਹੈ। ਰਾਜਪਾਲ ਦੀਆਂ ਮੁੱਖ ਸ਼ਕਤੀਆਂ ਹੇਠ ਲਿਖੇ ਅਨੁਸਾਰ ਹਨ :-

1. ਰਾਜਪਾਲ, ਰਾਜ ਦਾ ਸੰਵਿਧਾਨਿਕ ਮੁਖੀ ਹੈ। ਰਾਜ ਦਾ ਰਾਜ-ਪ੍ਰਬੰਧ ਉਸ ਦੇ ਨਾਂ ਤੇ ਹੀ ਚਲਾਇਆ ਜਾਂਦਾ ਹੈ। ਉਹ ਬਹੁਮਤ ਦਲ ਦੇ ਨੇਤਾ ਨੂੰ ਰਾਜ ਦਾ ਮੁੱਖ ਮੰਤਰੀ ਨਿਯੁਕਤ ਕਰਦਾ ਹੈ। ਇਸ ਤੋਂ ਬਿਨ੍ਹਾਂ ਬਾਕੀ ਦੇ ਮੰਤਰੀਆਂ, ਰਾਜ ਲੋਕ ਸੇਵਾ ਕਮਿਸ਼ਨ ਦੇ ਪ੍ਰਧਾਨ ਅਤੇ ਹੋਰ ਵੀ ਦੂਜੇ ਮਹੱਤਵਪੂਰਨ ਅਹੁਦਿਆਂ ਦੀ ਨਿਯੁਕਤੀ ਕਰਦਾ ਹੈ।
2. ਰਾਜਪਾਲ ਵਿਧਾਨਪਾਲਿਕਾ ਦੀ ਚੋਣ ਤੋਂ ਪਿੱਛੋਂ ਪਹਿਲੇ ਸੈਸ਼ਨ ਨੂੰ ਸੰਬੋਧਤ ਕਰਦਾ ਹੈ। ਉਹ ਵਿਧਾਨਪਾਲਿਕਾ ਦਾ ਸੈਸ਼ਨ ਬੁਲਾ ਅਤੇ ਭੰਗ ਕਰ ਸਕਦਾ ਹੈ। ਮੰਤਰੀ-ਪ੍ਰੀਸ਼ਦ ਦੀ ਸਲਾਹ ਤੇ ਵਿਧਾਨਸਭਾ ਨੂੰ ਭੰਗ ਵੀ ਕਰ ਸਕਦਾ ਹੈ।
3. ਰਾਜਪਾਲ ਵਿਧਾਨਪਾਲਿਕਾ ਦੁਆਰਾ ਪਾਸ ਕੀਤੇ ਗਏ ਸਾਰੇ ਬਿਲਾਂ ਦੀ ਪ੍ਰਵਾਨਗੀ ਦਿੰਦਾ ਹੈ। ਕਿਸੇ ਵੀ ਮਹੱਤਵਪੂਰਨ ਬਿਲ ਨੂੰ ਲੋੜ ਅਨੁਸਾਰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਸਕਦਾ ਹੈ। ਸਦਨ ਦਾ ਸੈਸ਼ਨ ਨਾ ਹੋਣ ਦੀ ਸੂਰਤ ਵਿੱਚ ਲੋੜ ਅਨੁਸਾਰ ਅਧਿਆਦੇਸ਼ ਜਾਰੀ ਕਰ ਸਕਦਾ ਹੈ ਜੋ ਕਿ ਵਿਧਾਨ ਪਾਲਿਕਾ ਦੇ ਬਣਾਏ ਕਾਨੂੰਨ ਦੀ ਤਰਾਂ ਹੀ ਕੰਮ ਕਰਦਾ ਹੈ। ਰਾਜਪਾਲ ਬਜਟ (ਧਨ ਬਿਲ) ਦੀ ਪ੍ਰਵਾਨਗੀ ਦਿੰਦਾ ਹੈ।
4. ਰਾਜਪਾਲ ਆਪਣੇ ਰਾਜ ਦੇ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਘਟ ਜਾਂ ਮੁਆਫ਼ ਜਾਂ ਮੁਲਤਵੀ ਕਰ ਸਕਦਾ ਹੈ।

5. ਰਾਜਪਾਲ ਕੋਲ਼ ਕੁਝ **ਇੱਛੁਕ ਸ਼ਕਤੀਆਂ** ਵੀ ਹੁੰਦੀਆਂ ਹਨ ਜਿਨ੍ਹਾਂ ਦੀ ਵਰਤੋਂ ਉਹ ਆਪਣੀ ਮਰਜੀ ਨਾਲ਼ ਭਾਵ ਬਿਨਾਂ ਮੰਤਰੀ ਪ੍ਰੀਸ਼ਦ ਦੀ ਸਲਾਹ ਤੋਂ ਕਰ ਸਕਦਾ ਹੈ। ਉਦਾਹਰਨ ਵਜੋਂ ਰਾਜ ਵਿਧਾਨ-ਸਭਾ ਵਿੱਚ ਕਿਸੇ ਦਲ ਨੂੰ ਬਹੁਮਤ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਆਪਣੀ ਮਰਜ਼ੀ ਨਾਲ਼ ਮੁੱਖ-ਮੰਤਰੀ ਦੀ ਨਿਯੁਕਤੀ ਕਰ ਸਕਦਾ ਹੈ ਜਾਂ ਫਿਰ ਰਾਜ ਦੀ ਮਸ਼ੀਨਰੀ ਠੀਕ ਨਾ ਚਲਣ ਦੀ ਹਾਲਤ ਵਿੱਚ ਰਾਜ ਦੀ ਵਿਧਾਨਸਭਾ ਨੂੰ ਭੰਗ ਕਰਨ ਲਈ ਰਾਸ਼ਟਰਪਤੀ ਨੂੰ ਸਲਾਹ ਦੇ ਸਕਦਾ ਹੈ। ਅਜਿਹੇ ਸਮੇਂ ਰਾਜਪਾਲ, ਰਾਜ ਦਾ ਅਸਲੀ ਪ੍ਰਬੰਧਕ ਹੁੰਦਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਰਾਜ ਦਾ ਰਾਜਪਾਲ ਰਾਜ ਸਰਕਾਰ ਨਾਲੋਂ ਵੱਧ ਰਾਸ਼ਟਰਪਤੀ ਦੇ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਉਹ ਰਾਜ ਵਿੱਚ ਕੇਂਦਰੀ ਸਰਕਾਰ ਦੇ ਪ੍ਰਤੀਨਿਧ ਵਜੋਂ ਕੰਮ ਕਰਦਾ ਹੈ। ਜੇਕਰ ਉਹ ਮਹਿਸੂਸ ਕਰੇ ਕਿ ਰਾਜ ਵਿਧਾਨਸਭਾ ਦੁਆਰਾ ਪਾਸ ਕੀਤਾ ਗਿਆ ਕੋਈ ਵੀ ਬਿਲ ਕੇਂਦਰੀ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਹੈ ਤਾਂ ਅਜਿਹੇ ਬਿੱਲ ਨੂੰ ਉਹ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੰਦਾ ਹੈ।

*ਕੀ ਤੁਸੀਂ ਜਾਣਦੇ ਹੋ*

*ਤੁਹਾਡੇ ਰਾਜ ਦਾ ਰਾਜਪਾਲ ਕੌਣ ਹੈ?*

## ਮੁੱਖ-ਮੰਤਰੀ ਅਤੇ ਮੰਤਰੀ-ਪ੍ਰੀਸ਼ਦ :

ਵਿਧਾਨਸਭਾ ਦੀ ਚੋਣ ਪਿੱਛੋਂ ਬਹੁਮਤ ਪ੍ਰਾਪਤ ਕਰਨ ਵਾਲ਼ੇ ਦਲ ਦੇ ਨੇਤਾ ਨੂੰ ਰਾਜ ਦੇ ਰਾਜਪਾਲ ਦੁਆਰਾ ਮੁੱਖ-ਮੰਤਰੀ ਨਿਯੁਕਤ ਕੀਤਾ ਜਾਂਦਾ ਹੈ। ਮੁੱਖ-ਮੰਤਰੀ, ਬਾਕੀ ਮੰਤਰੀਆਂ ਦੀ ਸੂਚੀ ਤਿਆਰ ਕਰਦਾ ਹੈ, ਜਿਨ੍ਹਾਂ ਨੂੰ **ਰਾਜਪਾਲ** ਨਿਯੁਕਤ ਕਰਦਾ ਹੈ। ਗਠਬੰਧਨ ਵਾਲੇ ਮੰਤਰੀ-ਪ੍ਰੀਸ਼ਦ ਵਿੱਚ ਵਿਰੋਧੀ ਦਲਾਂ ਨੂੰ ਯੋਗ ਪ੍ਰਤੀਨਿਧਤਾ ਦੇਣ ਲਈ ਮੁੱਖ-ਮੰਤਰੀ ਕੁਝ ਮੰਤਰੀ, ਵਿਰੋਧੀ ਦਲਾਂ ਵਿੱਚੋਂ ਲੈਂਦਾ ਹੈ। ਜਦ ਕਦੀ ਕਿਸੇ ਇੱਕ ਦਲ ਨੂੰ ਲੋੜੀਂਦਾ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਕੁਝ ਰਾਜਨੀਤਕ ਦਲਾਂ ਦੇ ਮੈਂਬਰ ਇਕੱਠੇ ਹੋ ਕੇ ਆਪਣਾ ਨੇਤਾ ਚੁਣਦੇ ਹਨ ਜਿਸ ਨੂੰ ਮੁੱਖ-ਮੰਤਰੀ ਬਣਾਇਆ ਜਾਂਦਾ ਹੈ। ਅਜਿਹੇ ਸਮੇਂ ਮੰਤਰੀ-ਪ੍ਰੀਸ਼ਦ ਕਈ ਦਲਾਂ ਦੇ ਗਠਜੋੜ ਨਾਲ਼ ਬਣਦਾ ਹੈ। ਅਜਿਹੀ ਸਰਕਾਰ ਨੂੰ ਮਿਲੀ-ਜੁਲੀ ਜਾ ਗਠਬੰਧਨ ਵਾਲੀ ਸਰਕਾਰ ਕਿਹਾ ਜਾਂਦਾ ਹੈ।

ਮੰਤਰੀ ਪ੍ਰੀਸ਼ਦ ਵਿੱਚ ਕਈ ਵਾਰੀ ਅਜਿਹਾ ਮੈਂਬਰ ਵੀ ਮੰਤਰੀ ਚੁਣਿਆ ਜਾ ਸਕਦਾ ਹੈ ਜੋ ਕਿ ਰਾਜ ਵਿਧਾਨਪਾਲਿਕਾ ਦਾ ਮੈਂਬਰ ਨਹੀਂ ਹੁੰਦਾ। ਉਸ ਨੂੰ ਛੇ ਮਹੀਨੇ ਦੇ ਅੰਦਰ-ਅੰਦਰ ਵਿਧਾਨਪਾਲਿਕਾ ਦੇ ਕਿਸੇ ਨਾ ਕਿਸੇ ਸਦਨ ਦਾ ਮੈਂਬਰ ਬਣਨਾ ਪੈਂਦਾ ਹੈ।

**ਕਾਰਜਕਾਲ :** ਮੰਤਰੀ-ਪ੍ਰੀਸ਼ਦ ਦਾ ਕਾਰਜਕਾਲ, ਵਿਧਾਨਸਭਾ ਦੇ ਬਰਾਬਰ ਭਾਵ ਪੰਜ ਸਾਲ ਹੁੰਦਾ ਹੈ। ਕਈ ਵਾਰੀ ਕੇਂਦਰ ਦੀ ਤਰ੍ਹਾਂ ਮੁੱਖ-ਮੰਤਰੀ ਦੁਆਰਾ ਤਿਆਗ-ਪੱਤਰ ਦੇਣ ਜਾਂ ਉਸ ਦੀ ਮੌਤ ਹੋਣ ਕਾਰਨ ਸਾਰੀ ਮੰਤਰੀ ਪ੍ਰੀਸ਼ਦ ਭੰਗ ਹੋ ਜਾਂਦੀ ਹੈ ਇਸ ਤੋਂ ਬਿਨਾਂ ਮੰਤਰੀ-ਪ੍ਰੀਸ਼ਦ ਨੂੰ ਵਿਧਾਨ ਸਭਾ ਵੀ ਅਵਿਸਵਾਸ਼ ਦੇ ਮਤੇ ਦੁਆਰਾ ਹਟਾ ਸਕਦੀ ਹੈ।

ਹਰੇਕ ਰਾਜ ਦੀ ਮੰਤਰੀ-ਪ੍ਰੀਸ਼ਦ ਤਿੰਨ ਤਰ੍ਹਾਂ ਦੇ ਮੰਤਰੀ ਹੁੰਦੇ ਹਨ : 1. ਕੈਬਨਿਟ ਮੰਤਰੀ 2. ਰਾਜ-ਮੰਤਰੀ ਅਤੇ 3. ਉਪ-ਮੰਤਰੀ। ਇਹਨਾਂ ਵਿੱਚੋਂ ਕੈਬਨਿਟ ਮੰਤਰੀ ਕੈਬਨਿਟ ਦੇ ਮੈਂਬਰ ਹੁੰਦੇ ਹਨ ਜਿਨ੍ਹਾਂ ਦੇ ਸਮੂਹ ਨੂੰ 'ਮੰਤਰੀ-ਮੰਡਲ' ਕਿਹਾ ਜਾਂਦਾ ਹੈ। ਮੰਤਰੀ-ਮੰਡਲ ਸਾਰੇ ਮਹੱਤਵਪੂਰਨ ਫ਼ੈਸਲੇ ਕਰਦਾ ਹੈ। ਕੈਬਨਿਟ ਮੰਤਰੀਆਂ ਕੋਲ਼ ਵੱਖਰੇ-ਵੱਖਰੇ ਵਿਭਾਗ ਹੁੰਦੇ ਹਨ। ਰਾਜ-ਮੰਤਰੀ ਅਤੇ ਉਪ-ਮੰਤਰੀ, ਕੈਬਨਿਟ ਮੰਤਰੀਆਂ ਦੀ ਸਹਾਇਤਾ ਕਰਦੇ ਹਨ।

ਰਾਜ ਮੰਤਰੀ ਪ੍ਰੀਸ਼ਦ ਵੀ ਕੇਂਦਰੀ ਮੰਤਰੀ-ਪ੍ਰੀਸ਼ਦ ਦੀ ਤਰ੍ਹਾਂ ਇੱਕ ਟੀਮ ਵਜੋਂ ਕੰਮ ਕਰਦੀ ਹੈ। ਕਿਸੇ ਇੱਕ ਮੰਤਰੀ ਦੇ ਵਿਰੁੱਧ ਵਿਧਾਨਸਭਾ ਵੱਲੋਂ ਨਿੰਦਾ ਪ੍ਰਸਤਾਵ ਪਾਸ ਹੋਣ ਤੇ ਸਾਰੇ ਮੰਤਰੀ ਪ੍ਰੀਸ਼ਦ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ। ਮੰਤਰੀ ਆਪਣੇ ਕੰਮਾਂ ਲਈ ਵਿਧਾਨ-ਸਭਾ ਪ੍ਰਤੀ ਹੀ ਜ਼ਿੰਮੇਵਾਰ ਹੁੰਦੇ ਹਨ। ਜੇਕਰ ਮੁੱਖ-ਮੰਤਰੀ ਅਸਤੀਫ਼ਾ ਦਿੰਦਾ ਹੈ ਤਾਂ ਸਾਰੇ ਮੰਤਰੀ-ਪ੍ਰੀਸ਼ਦ ਦਾ ਅਸਤੀਫ਼ਾ ਮੰਨਿਆ ਜਾਂਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਮੰਤਰੀ ਪ੍ਰੀਸ਼ਦ ਦੇ ਸਾਰੇ ਮੈਂਬਰ ਇਕੱਠੇ ਹੀ ਡੁਬਦੇ ਅਤੇ ਤੈਰਦੇ ਹਨ।

**ਮੁੱਖ ਮੰਤਰੀ ਦੀਆਂ ਸ਼ਕਤੀਆਂ ਅਤੇ ਕੰਮ : ਮੁੱਖ ਮੰਤਰੀ ਰਾਜ ਸਰਕਾਰ ਦਾ ਅਸਲੀ ਮੁੱਖੀ ਹੋਣ ਦੇ ਨਾਤੇ ਹੇਠ ਲਿਖੇ ਕੰਮ ਕਰਦਾ ਹੈ :-**


1. ਮੰਤਰੀ-ਪ੍ਰੀਸ਼ਦ ਬਣਾਉਣ ਵਿੱਚ ਰਾਜਪਾਲ ਦੀ ਮਦਦ ਕਰਦਾ ਹੈ ਅਤੇ ਇਸ ਦੇ ਮੰਤਰੀਆਂ ਦੀ ਗਿਣਤੀ ਨਿਸ਼ਚਤ ਕਰਦਾ ਹੈ।
2. ਕੈਬਨਿਟ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਦਾ ਹੈ ਅਤੇ ਸਰਕਾਰ ਦਾ ਮੁੱਖ ਬੁਲਾਰਾ ਹੁੰਦਾ ਹੈ।
3. ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਅਤੇ ਲੋੜ ਅਨੁਸਾਰ ਉਪ-ਮੰਤਰੀ ਨਿਯੁੱਕਤ ਕਰਦਾ ਹੈ। ਉਹ ਸਰਕਾਰ ਦੇ ਕੁਝ ਵਿਭਾਗਾਂ ਦਾ ਪ੍ਰਬੰਧ ਆਪ ਵੀ ਸੰਭਾਲਦਾ ਹੈ।
4. ਰਾਜ ਵਿਧਾਨਪਾਲਿਕਾ ਅਤੇ ਮੰਤਰੀ-ਪ੍ਰੀਸ਼ਦ ਦਾ ਮੁਖੀ ਹੋਣ ਦੇ ਨਾਤੇ ਰਾਜ ਸਰਕਾਰ ਅਤੇ ਕੇਂਦਰੀ ਸਰਕਾਰ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਉਹ ਕੇਂਦਰੀ ਸਰਕਾਰ ਨਾਲ਼ ਵਧੀਆ ਸੰਬੰਧ ਬਣਾਉਣ ਅਤੇ ਕਾਇਮ ਰੱਖਣ ਦੀ ਕੋਸ਼ਿਸ਼ ਕਰਦਾ ਹੈ।
5. ਰਾਜਪਾਲ ਆਪਣੀਆਂ ਸ਼ਕਤੀਆਂ ਦੀ ਵਰਤੋਂ ਮੁੱਖ-ਮੰਤਰੀ ਦੀ ਸਲਾਹ ਅਨੁਸਾਰ ਕਰਦਾ ਹੈ।
6. ਕਿਸੇ ਵੀ ਮੰਤਰੀ ਕੋਲ਼ੋਂ ਅਸਤੀਫ਼ੇ ਦੀ ਮੰਗ ਕਰ ਸਕਦਾ ਹੈ ਅਤੇ ਮੰਤਰੀਆਂ ਦੇ ਵਿਭਾਗਾਂ ਦੀ ਤਬਦੀਲੀ ਵੀ ਕਰ ਸਕਦਾ ਹੈ।

ਇਸ ਤਰ੍ਹਾਂ ਮੁੱਖ ਮੰਤਰੀ ਰਾਜ ਸਰਕਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

## ਰਾਜ ਦਾ ਰਾਜ-ਪ੍ਰਬੰਧ

ਰਾਜ ਦਾ ਮੁਖੀਆ ਰਾਜਪਾਲ ਹੁੰਦਾ ਹੈ ਜਦਕਿ ਰਾਜ ਸਰਕਾਰ ਦਾ ਮੁਖੀ ਮੁੱਖ ਮੰਤਰੀ ਹੈ। ਮੁੱਖ-ਮੰਤਰੀ, ਮੰਤਰੀ-ਪ੍ਰੀਸ਼ਦ ਦਾ ਮੁਖੀ ਵੀ ਹੁੰਦਾ ਹੈ। ਮੰਤਰੀ ਪ੍ਰੀਸ਼ਦ ਦਾ ਹਰੇਕ ਮੰਤਰੀ ਕਿਸੇ ਇੱਕ ਜਾਂ ਵਧੇਰੇ ਵਿਭਾਗਾਂ ਦੀ ਕਾਰਗੁਜ਼ਾਰੀ ਲਈ ਜ਼ਿੰਮੇਵਾਰ ਹੁੰਦਾ ਹੈ। ਸਿੱਖਿਆ, ਸਿੰਚਾਈ, ਆਵਾਜਾਈ, ਸਿਹਤ ਅਤੇ ਸਫ਼ਾਈ ਆਦਿ ਰਾਜ ਦੇ ਮਹੱਤਵਪੂਰਨ ਵਿਭਾਗ ਹੁੰਦੇ ਹਨ। ਸਰਕਾਰੀ ਅਧਿਕਾਰੀ

ਇਹਨਾਂ ਵੱਖ-ਵੱਖ ਵਿਭਾਗਾਂ ਦੇ ਕੰਮ, ਸੰਬੰਧਤ ਮੰਤਰੀਆਂ ਦੀ ਅਗਵਾਈ ਹੇਠ ਚਲਾਉਂਦੇ ਹਨ। ਹਰੇਕ ਵਿਭਾਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ ਸਕੱਤਰ ਕਿਹਾ ਜਾਂਦਾ ਹੈ ਜੋ ਕਿ ਆਮਤੌਰ ਤੇ ਭਾਰਤੀ ਪ੍ਰਸ਼ਾਸਕੀ ਸੇਵਾਵਾਂ (IAS) ਵਿੱਚੋਂ ਨਿਯੁਕਤ ਕੀਤਾ ਜਾਂਦਾ ਹੈ। ਸਕੱਤਰ ਆਪਣੇ ਵਿਭਾਗ ਦੀਆਂ ਮਹੱਤਵਪੂਰਨ ਨੀਤੀਆਂ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਮੰਤਰੀ ਦਾ ਮੁਖ ਸਲਾਹਕਾਰ ਹੁੰਦਾ ਹੈ। ਵੱਖ-ਵੱਖ ਵਿਭਾਗਾਂ ਦੇ ਸਕੱਤਰਾਂ ਦੇ ਕੰਮ ਦੀ ਦੇਖਭਾਲ਼ ਲਈ ਰਾਜ ਵਿੱਚ ਇੱਕ ਮੁੱਖ ਸਕੱਤਰ ਹੁੰਦਾ ਹੈ।




ਰਾਜ ਦੇ ਮੁਖ-ਦਫ਼ਤਰ ਨੂੰ ਸਕੱਤਰੇਤ ਕਿਹਾ ਜਾਂਦਾ ਹੈ। ਹਰੇਕ ਰਾਜ ਦੀ ਰਾਜਧਾਨੀ ਵਿੱਚ ਇੱਕ ਸਕੱਤਰੇਤ ਹੁੰਦਾ ਹੈ। ਆਮ ਤੌਰ ਤੇ ਸਾਰੇ ਮੰਤਰੀਆਂ ਦੇ ਦਫ਼ਤਰ ਵੀ ਸਕੱਤਰੇਤ ਵਿਖੇ ਹੀ ਹੁੰਦੇ ਹਨ। ਹਰੇਕ ਵਿਭਾਗ ਵਿੱਚ ਸਕੱਤਰ ਤੋਂ ਹੇਠਾਂ ਉਪ-ਸਕੱਤਰ, ਅਧੀਨ ਸਕੱਤਰ, ਡਾਇਰੈਕਟਰ ਅਤੇ

ਉਪ-ਡਾਇਰੈਕਟਰ ਹੁੰਦੇ ਹਨ ਜੋ ਕਿ ਵਿਭਾਗੀ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਕੱਤਰ ਦੀ ਮਦਦ ਕਰਦੇ ਹਨ।

ਉਪਰੋਕਤ ਅਨੁਸਾਰ 'ਭਾਰਤੀ ਸੰਘ' (Union of India) ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ। ਭਾਰਤੀ ਸੰਘ ਵਿੱਚ 28 ਰਾਜ ਅਤੇ 8 ਸੰਘੀ ਖੇਤਰ ਹਨ। ਭਾਰਤ ਦੀ ਰਾਜਧਾਨੀ ਦਿੱਲੀ ਵੀ ਇੱਕ ਸੰਘੀ ਖੇਤਰ ਹੈ, ਇੱਥੇ ਵੀ ਵਿਧਾਨਸਭਾ ਹੈ। ਦਿੱਲੀ ਨੂੰ ਨੈਸ਼ਨਲ ਕੈਪੀਟਲ ਟੈਰੀਟਰੀ ਕਿਹਾ ਜਾਂਦਾ ਹੈ। ਦੇਸ਼ ਦੇ ਅੱਠ ਸੰਘੀ ਖੇਤਰਾਂ ਦਾ ਸਾਸ਼ਨ ਪ੍ਰਬੰਧ ਰਾਸ਼ਟਰਪਤੀ ਦੁਆਰਾ ਪ੍ਰਬੰਧਕਾਂ ਦੀ ਸਹਾਇਤਾ ਨਾਲ਼ ਚਲਾਇਆ ਜਾਂਦਾ ਹੈ।

## (ਅ) ਵਿਸ਼ਾ ਅਧਿਐਨ—ਭੂਮੀ ਸੁਧਾਰ

ਭੂਮੀ ਸੁਧਾਰ ਦਾ ਉਦੇਸ਼ ਭੂਮੀ-ਹੀਣ ਛੋਟੇ ਕਿਸਾਨਾਂ ਅਤੇ ਖੇਤੀ ਕਰਨ ਵਾਲ਼ੇ ਮਜ਼ਦੂਰਾਂ ਨੂੰ ਭੂਮੀ ਦੀ ਮਲਕੀਅਤ ਦਾ ਅਧਿਕਾਰ ਅਤੇ ਜਿਮੀਂਦਾਰੀ ਤੋਂ ਸੁਰੱਖਿਆ ਦੇਣਾ ਹੈ।

ਭਾਰਤੀ ਸੰਵਿਧਾਨ ਦੀ ਧਾਰਾ 39 ਅਨੁਸਾਰ, ਦੇਸ਼ ਨੂੰ ਅਜਿਹੇ ਕਾਨੂੰਨ ਬਣਾਉਣ ਦਾ ਆਦੇਸ਼ ਦਿੱਤਾ ਗਿਆ ਹੈ ਕਿ ਹਰੇਕ ਨਾਗਰਿਕ ਨੂੰ ਰੁਜ਼ਗਾਰ ਪ੍ਰਾਪਤ ਕਰਨ ਦਾ ਅਧਿਕਾਰ ਹੋਵੇ। ਦੇਸ਼ ਦੇ ਕੁਦਰਤੀ ਸਾਧਨਾਂ ਦੀ ਵੰਡ ਸਾਰਿਆਂ ਦੀ ਭਲਾਈ ਲਈ ਹੋਵੇ। ਇਸੇ ਉਦੇਸ਼ ਦੇ ਅਧਾਰ ਤੇ ਹੀ ਭੂਮੀ ਸੁਧਾਰ ਕੀਤੇ ਗਏ ਹਨ।

**ਭੂਮੀ ਸੁਧਾਰ ਅਧੀਨ ਕੇਂਦਰੀ ਸਰਕਾਰ ਨੇ ਹੇਠ ਲਿਖੇ ਕਦਮ ਉਠਾਏ ਹਨ :-**

(ੳ) ਮੌਲਿਕ ਅਧਿਕਾਰਾਂ ਵਿੱਚੋਂ ਜਾਇਦਾਦ ਦਾ ਅਧਿਕਾਰ ਕੱਢ ਦਿੱਤਾ ਗਿਆ ਹੈ।

(ਅ) ਭੂਮੀ ਸੁਧਾਰ ਲਈ ਸਰਕਾਰ ਸੰਵਿਧਾਨ ਵਿੱਚ 13 ਸੋਧਾਂ ਕਰ ਚੁੱਕੀ ਹੈ। ਹਰੇਕ ਪੰਜਸਾਲਾਂ ਯੋਜਨਾ ਵਿੱਚ ਭੂਮੀ-ਸੁਧਾਰ ਦੀ ਲੋੜ ਤੇ ਜ਼ੋਰ ਦਿੱਤਾ ਜਾਂਦਾ ਹੈ।

ਭੂਮੀ ਰਾਜ ਸੂਚੀ ਦਾ ਇੱਕ ਵਿਸ਼ਾ ਹੈ ਇਸ ਲਈ ਰਾਜ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜ਼ਮੀਨ ਦੀ ਮਲਕੀਅਤ ਦੀ ਹੱਦ ਮਿੱਥੀ ਜਾਵੇ ਅਤੇ ਭੂਮੀ-ਹੀਣ ਕਿਸਾਨਾਂ ਵਿੱਚ ਭੂਮੀ ਦੀ ਮੁੜ ਵੰਡ ਕੀਤੀ ਜਾਵੇ। ਜਿਸ ਸੰਬੰਧੀ ਹਰੇਕ ਰਾਜ ਸਰਕਾਰ ਦੁਆਰਾ ਕੁਝ ਕਾਨੂੰਨ ਬਣਾਏ ਗਏ ਹਨ।

**ਭਾਰਤ ਸਰਕਾਰ ਦੁਆਰਾ ਅਜ਼ਾਦੀ ਪਿੱਛੋਂ ਹੇਠ ਲਿਖੇ ਭੂਮੀ ਸੁਧਾਰ ਕੀਤੇ ਗਏ ਹਨ :-**

### 1. ਵਿਚੋਲਿਆਂ ਦਾ ਖ਼ਾਤਮਾ

1950 ਵਿੱਚ ਸਭ ਤੋਂ ਪਹਿਲਾ ਯੂ.ਪੀ, ਸਰਕਾਰ ਦੁਆਰਾ ਵਿਚੋਲਿਆਂ ਦਾ ਖ਼ਾਤਮਾ ਕੀਤਾ ਗਿਆ। ਉਸ ਤੋਂ ਪਿੱਛੋਂ 1972 ਵਿੱਚ ਬਾਕੀ ਰਾਜਾਂ ਨੇ ਵੀ ਜ਼ਿਮੀਦਾਰੀ ਖ਼ਤਮ ਕਰਨ ਲਈ ਕਾਨੂੰਨ ਬਣਾਏ ਜਿਸ ਦੇ ਅਧਾਰ ਤੇ ਖੇਤੀ ਕਰਨ ਵਾਲ਼ੇ ਨੂੰ ਹੀ ਭੂਮੀ ਦਿੱਤੀ ਜਾਂਦੀ ਹੈ। ਇਸ ਦੇ ਨਾਲ਼ 20 ਮਿਲੀਅਨ ਖੇਤੀ ਕਰਨ ਵਾਲ਼ੇ ਭੂਮੀ ਦੇ ਮਾਲਕ ਬਣ ਗਏ ਅਤੇ ਕਰੀਬ 58 ਲੱਖ ਏਕੜ ਜ਼ਮੀਨ ਦੀ ਮੁੜ ਵੰਡ ਕੀਤੀ ਗਈ ਹੈ।

### 2. ਭੂਮੀ ਦੀ ਹੱਦਬੰਦੀ ਸੰਬੰਧੀ ਅਧਿਨਿਯਮ

1961-62 ਵਿੱਚ ਸਾਰੇ ਰਾਜਾਂ ਨੇ ਜ਼ਮੀਨ ਦੀ ਮਲਕੀਅਤ ਸੰਬੰਧੀ ਹੱਦਬੰਦੀ ਕਰ ਦਿੱਤੀ। ਵੱਖ-ਵੱਖ ਰਾਜਾਂ ਵਿੱਚ ਭੂਮੀ ਦੀ ਹੱਦਬੰਦੀ, ਭੂਮੀ ਅਤੇ ਫ਼ਸਲਾਂ ਦੀਆਂ ਕਿਸਮਾਂ ਦੇ ਅਧਾਰ ਤੇ ਵੱਖ-ਵੱਖ ਮਿੱਥੀ ਗਈ ਹੈ। ਭੂਮੀ ਦੀ ਮਲਕੀਅਤ ਦੀਆਂ ਇਕਾਈਆਂ ਵੀ ਵੱਖ-ਵੱਖ ਹਨ। ਕੁਝ ਰਾਜਾਂ ਵਿੱਚ ਭੂਮੀ ਦੀ ਮਲਕੀਅਤ ਨਿੱਜੀ ਪੱਧਰ 'ਤੇ ਅਤੇ ਕੁੱਝ ਵਿੱਚ ਪਰਿਵਾਰਿਕ ਪੱਧਰ ਤੇ ਕੀਤੀ ਗਈ ਹੈ। ਭੂਮੀ ਦੀ ਮਲਕੀਅਤ ਦੀ ਹੱਦਬੰਦੀ, ਭੂਮੀਹੀਣ ਕਿਸਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ, ਅਸਮਾਨਤਾ ਨੂੰ ਘਟਾਉਣ ਅਤੇ ਸਵੈ-ਰੁਜ਼ਗਾਰ ਨੂੰ ਉਤਸਾਹਿਤ ਕਰਨ ਲਈ ਕੀਤੀ ਗਈ ਹੈ।

## ਸੜਕ ਸੁਰੱਖਿਆ

ਬਚਿਉ! ਤੁਸੀਂ ਪਿਛਲੀਆਂ ਜਮਾਤਾਂ ਵਿੱਚ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਚੁਕੇ ਹੋ। ਤੁਸੀਂ ਜਾਣਦੇ ਹੋ ਕਿ ਆਧੁਨਿਕ ਸਮੇਂ ਵਿੱਚ ਸੜਕ ਹਾਦਸਿਆਂ ਦੀ ਗਿਣਤੀ ਵਧਣ ਕਾਰਨ ਹਰੇਕ ਰਾਜ ਸਰਕਾਰ ਦਾ ਇਹ ਅਹਿਮ ਫਰਜ਼ ਹੈ ਕਿ ਸੜਕ ਸੁਰੱਖਿਆ ਨਿਯਮਾਂ ਬਾਰੇ ਨਾਗਰਿਕਾਂ ਨੂੰ ਵੱਧ ਤੋਂ ਵੱਧ ਗਿਆਨ ਦਿੱਤਾ ਜਾਵੇ। ਹੁਣ ਅਸੀਂ ਤੁਹਾਨੂੰ ਦੱਸਾਂਗੇ ਕਿ ਸੜਕ ਹਾਦਸੇ ਕਿਵੇਂ ਅਤੇ ਕਿਉਂ ਹੁੰਦੇ ਹਨ।

### ਸੜਕ ਹਾਦਸਿਆਂ ਦੇ ਕਾਰਨ ਅਤੇ ਸੰਭਾਲ਼ :

ਤੁਸੀਂ ਕਈ ਵਾਰੀ ਸੜਕ ਤੇ ਕਾਰ ਜਾਂ ਬਸ ਵਿੱਚ ਜਾਂਦਿਆਂ ਸੁਣਿਆ ਹੋਵੇਗਾ, "ਇਸ ਥਾਂ ਤੇ ਬਹੁਤ ਸੜਕ ਹਾਦਸੇ ਹੁੰਦੇ ਹਨ", "ਹੁਸ਼ਿਆਰ! ਅੱਗੇ ਤਿੱਖਾ ਮੋੜ ਹੈ", ਅਜਿਹਾ ਸੜਕ ਤੇ ਆਉਣ ਵਾਲ਼ੇ ਵਾਹਨਾਂ ਨੂੰ ਚੇਤੰਨ ਕਰਨ ਲਈ ਲਿਖਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਹਰ ਰੋਜ਼ ਕਿੰਨੇ ਹੀ ਲੋਕ ਕਈ ਤਰ੍ਹਾਂ ਦੇ ਸੜਕ ਹਾਦਸਿਆਂ ਦੇ ਸ਼ਿਕਾਰ ਹੋ ਜਾਂਦੇ ਹਨ ਜਿਨ੍ਹਾਂ ਦੇ ਮੁਖ ਕਾਰਨ ਹੇਠ ਲਿਖੇ ਹਨ :-

1. **ਤੇਜ਼ ਰਫ਼ਤਾਰ :** ਸੜਕ ਤੇ ਚਲਣ ਵਾਲ਼ੇ ਵਾਹਨ-ਚਾਲਕ ਤੇਜ਼ ਰਫ਼ਤਾਰ ਨਾਲ਼ ਵਾਹਨ ਚਲਾਉਂਦੇ ਹਨ। ਭਾਵੇਂ ਸੜਕ ਤੇ ਕਈ ਥਾਂਵਾਂ ਤੇ ਵਾਹਨ ਦੀ ਰਫ਼ਤਾਰ ਦੀ ਹੱਦ ਦੱਸੀ ਗਈ ਹੁੰਦੀ ਹੈ। ਪਰ ਕਈ ਵਾਰੀ ਸੜਕ ਦੀ ਮਾੜੀ ਦਸ਼ਾ ਕਾਰਨ ਜਾਂ ਭਾਰੀ ਟਰੈਫ਼ਿਕ ਕਾਰਨ ਜਾਂ ਮੌਸਮ ਦੀ ਖ਼ਰਾਬੀ ਕਾਰਨ, ਸੜਕ ਦੀ ਖ਼ਰਾਬ ਹਾਲਤ ਅਤੇ ਵਾਹਨ ਚਾਲਕ ਦੀ ਮਾਨਸਿਕ ਜਾਂ ਸਰੀਰਕ ਸਥਿਤੀ ਕਾਰਨ ਹਾਦਸੇ ਹੋ ਜਾਂਦੇ ਹਨ। ਅਜਿਹੇ ਹਾਦਸਿਆਂ ਦਾ ਮੁਖ ਕਾਰਨ ਵਾਹਨਾਂ ਦੀ ਤੇਜ਼ ਰਫ਼ਤਾਰ ਹੀ ਹੁੰਦੀ ਹੈ।

2. **ਲੇਨ ਬਦਲਣ ਨਾਲ਼ :** ਸਾਰੇ ਵਾਹਨ ਚਾਲਕਾਂ ਨੂੰ ਲੇਨ ਦੀ ਸਪੀਡ ਦੇ ਹਿਸਾਬ ਨਾਲ਼ ਚਲਣਾ ਪੈਂਦਾ ਹੈ ਪਰੰਤੂ ਕਈ ਵਾਰੀ ਬਿਨਾਂ ਸਿਗਨਲ ਦਿੱਤੇ ਲੇਨ ਬਦਲ ਕੇ, ਅੱਗੇ ਨਿਕਲਣ ਨਾਲ਼ ਸੜਕ ਹਾਦਸੇ ਹੁੰਦੇ ਹਨ।

3. **ਸਿਗਨਲ ਨੂੰ ਨਾ ਮੰਨਣਾ :** ਟਰੈਫ਼ਿਕ ਲਾਈਟਾਂ ਦੁਆਰਾ ਦਿੱਤੇ ਜਾਂਦੇ ਸਿਗਨਲ ਬਦਲਣ ਸਮੇਂ ਜਦੋਂ ਡਰਾਈਵਰ ਲਾਲ ਲਾਈਟ ਹੋਣ ਦੇ ਡਰ ਨਾਲ਼ ਤੇਜ਼ੀ ਨਾਲ਼ ਚੁਰਾਹੇ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਅਜਿਹੀ ਸਥਿਤੀ ਵਿੱਚ ਹਾਦਸਾ ਹੋਣ ਦਾ ਪੂਰਾ ਡਰ ਹੁੰਦਾ ਹੈ।

4. **ਬੇਧਿਆਨੀ ਦਾ ਸ਼ਿਕਾਰ ਹੋਣਾ :** ਕਈ ਵਾਰੀ ਵਾਹਨ-ਚਾਲਕ ਦੂਜੇ ਵਾਹਨਾਂ ਵਿੱਚ ਲੱਗੇ ਬਹੁਤ ਉੱਚੀ ਸੰਗੀਤ, ਮੋਬਾਈਲ ਦੀ ਵਰਤੋਂ ਜਾਂ ਬਾਹਰੋਂ ਦਿੱਸਣ ਵਾਲ਼ੀ ਚੀਜ਼ ਨਾਲ਼ ਇਕਾਗਰਤਾ ਭੰਗ ਹੋਣ ਕਾਰਨ ਵਾਹਨ ਧਿਆਨ ਨਾਲ਼ ਨਾ ਚਲਾ ਸਕਣ ਤੇ ਹਾਦਸੇ ਦਾ ਕਾਰਨ ਬਣ ਜਾਂਦੇ ਹਨ।

5. **ਵਾਹਨਾਂ ਨੂੰ ਵੱਧ ਸਮਾਨ ਜਾਂ ਸਵਾਰੀਆਂ ਨਾਲ਼ ਲੱਦਣਾ :** ਵਾਹਨ ਚਾਲਕ ਬਹੁਤ ਵਾਰੀ ਆਪਣੇ ਵਾਹਨ— ਸਮਾਨ ਜਾਂ ਵਧੇਰੇ ਸਵਾਰੀਆਂ ਨਾਲ਼ ਲੱਦ ਲੈਂਦੇ ਹਨ ਜਿਸ ਕਾਰਨ ਵਾਹਨ ਉੱਤੇ ਭਾਰ ਵੱਧਣ ਨਾਲ਼ ਦੂਜੇ ਵਾਹਨਾਂ ਨੂੰ ਰਸਤਾ ਸਾਫ਼ ਦਿਖਾਈ ਨਾ ਦੇਣ ਕਾਰਨ ਹਾਦਸਾ ਹੋ ਸਕਦਾ ਹੈ।

6. **ਸਪੱਸ਼ਟ ਦਿਖਾਈ ਨਾ ਦੇਣਾ :** ਵਾਹਨ ਚਾਲਕਾਂ ਨੂੰ ਰਾਤ ਦੇ ਸਮੇਂ ਜਾਂ ਬਾਰਸ਼, ਬਰਫ਼ ਪੈਣ ਜਾਂ ਧੁੰਦ ਦੇ ਕਾਰਨ ਰਸਤਾ ਸਪੱਸ਼ਟ ਤਰ੍ਹਾਂ ਨਜ਼ਰ ਨਹੀਂ ਆਉਂਦਾ। ਵਾਹਨਾਂ ਦੇ ਅੱਗੇ ਲਗੀਆਂ ਲਾਈਟਾਂ ਦਾ ਪ੍ਰਭਾਵ ਵੀ ਘੱਟ ਜਾਂਦਾ ਹੈ। ਜਿਸ ਕਾਰਨ ਰਾਤ ਦੇ ਸਮੇਂ ਜਾਂ ਮੌਸਮ ਦੀ ਖ਼ਰਾਬੀ ਕਾਰਨ ਵੀ ਕਈ ਵਾਰੀ ਸੜਕ ਹਾਦਸਿਆਂ ਦੀ ਗਿਣਤੀ ਵੱਧ ਜਾਂਦੀ ਹੈ।

7. **ਸ਼ਰਾਬ ਪੀ ਕੇ ਚਲਾਉਣਾ :** ਸ਼ਰਾਬ ਪੀਣ ਨਾਲ਼ ਇਨਸਾਨ ਦੀ ਵਾਹਨ ਚਲਾਉਣ ਦੀ ਯੋਗਤਾ ਘੱਟ ਜਾਂਦੀ ਹੈ। ਇਸ ਦੇ ਨਾਲ਼ ਨਜ਼ਰ ਤੇ ਅਸਰ ਪੈਂਦਾ ਹੈ ਅਤੇ ਘੂਕੀ ਚੜ੍ਹਨ ਕਾਰਨ ਡਰਾਈਵਰ ਵਾਹਨ ਸਹੀ ਤਰ੍ਹਾਂ ਨਹੀਂ ਚਲਾ ਸਕਦਾ, ਜੋ ਪੈਦਲ ਚਲਣ ਵਾਲ਼ਿਆਂ ਅਤੇ ਸਾਈਕਲ ਵਾਲ਼ਿਆਂ ਲਈ ਬਹੁਤ ਖਤਰਨਾਕ ਸਥਿਤੀ ਹੁੰਦੀ ਹੈ।

8. **ਛੋਟੀ ਉਮਰ ਦੇ ਬੱਚੇ ਵਾਹਨ ਚਲਾਉਣ :** ਇਸ ਕਾਰਨ ਵੀ ਸੜਕ ਹਾਦਸੇ ਵਧਦੇ ਹਨ। 18 ਸਾਲ ਤੋਂ ਛੋਟੇ ਬੱਚੇ ਵੀ ਕਈ ਵਾਰੀ ਬਿਨਾਂ ਡਰਾਈਵਿੰਗ ਲਾਇਸੈਂਸ ਦੇ ਵਾਹਨ ਚਲਾਉਣ ਲੱਗ ਪੈਂਦੇ ਹਨ ਜੋ ਕਿ ਉਹਨਾਂ ਦੇ ਜੀਵਨ ਲਈ ਅਤੇ ਦੂਜਿਆਂ ਲਈ ਵੀ ਖ਼ਤਰਨਾਕ ਹੈ।

9. **ਗ਼ਲਤ ਢੰਗ ਨਾਲ਼ ਅੱਗੇ ਨਿਕਲਣਾ :** ਇਸ ਨੂੰ ਓਵਰਟੇਕਿੰਗ ਵੀ ਕਿਹਾ ਜਾਂਦਾ ਹੈ। ਗਲਤ ਢੰਗ ਨਾਲ਼ ਅੱਗੇ ਨਿਕਲਣ ਤੇ ਕਈ ਵਾਰੀ ਦੋ ਵਾਹਨਾਂ ਦੇ ਆਹਮੋ-ਸਾਹਮਣੇ ਟਕਰਾ ਜਾਣ ਕਾਰਨ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਹੋ ਜਾਂਦਾ ਹੈ। ਅਜਿਹੇ ਹਾਦਸੇ ਪੈਦਲ ਚਾਲਕਾਂ ਅਤੇ ਸਾਈਕਲ ਚਾਲਕਾਂ ਲਈ ਵੀ ਬਹੁਤ ਖ਼ਤਰੇ ਦਾ ਕਾਰਨ ਹਨ।

10. **ਸੜਕ ਨਿਯਮਾਂ ਦੀ ਉਲੰਘਣਾ ਕਰਨਾ :** ਸੜਕ ਹਾਦਸੇ ਕਈ ਹੋਰ ਸੜਕ ਨਿਯਮਾਂ ਜਿਵੇਂ ਕਿ ਹੈਲਮੈਟ ਨਾ ਪਾਉਣਾ, ਸੀਟ ਬੈਲਟ ਨਾ ਲਗਾਉਣ, ਗ਼ਲਤ ਥਾਂ ਤੇ ਵਾਹਨ ਖੜ੍ਹੇ ਕਰਨ, ਸੜਕ, ਨਿਸ਼ਾਨਾਂ ਨੂੰ ਧਿਆਨ ਵਿੱਚ ਨਾ ਰੱਖਣ, ਵਾਹਨਾਂ ਵਿਚਕਾਰ ਸਹੀ ਫਾਸਲਾ ਨਾ ਰੱਖਣ, ਬਰੇਕ ਫੇਲ਼ ਹੋ ਜਾਣ ਆਦਿ ਕਈ ਅਜਿਹੇ ਕਾਰਨ ਹਨ ਜਿਨ੍ਹਾਂ ਨਾਲ਼ ਹਾਦਸੇ ਹੁੰਦੇ ਸਨ।

11. ਕੁਝ ਹੋਰ ਕਾਰਨ ਇੱਕ ਦਮ ਕਿਸੇ ਪੈਦਲ ਚਲਣ ਵਾਲ਼ੇ ਜਾਂ ਸਾਈਕਲ ਵਾਲੇ ਜਾਂ ਕਿਸੇ ਜਾਨਵਰ ਦਾ ਸੜਕ ਤੇ ਆ ਜਾਣਾ ਆਦਿ ਵੀ ਸੜਕ ਹਾਦਸੇ ਦੇ ਮੁੱਖ ਕਾਰਨ ਹਨ।

ਉੱਪਰ ਲਿਖੇ ਕਾਰਨਾਂ ਨਾਲ਼ ਹੋਣ ਵਾਲ਼ੀਆਂ ਘਟਨਾਵਾਂ ਅਸਲ ਵਿੱਚ ਹਾਦਸੇ ਨਹੀਂ ਹਨ। ਸਗੋਂ ਕਿਸੇ ਨਾ ਕਿਸੇ ਇਨਸਾਨ ਦੀ ਗ਼ਲਤੀ ਕਾਰਨ ਹੀ ਹੁੰਦੇ ਹਨ ਜਿਨ੍ਹਾਂ ਕਾਰਨ ਕਈ ਤਰ੍ਹਾਂ ਦਾ ਦੁੱਖ ਪਹੁੰਚਦਾ ਹੈ ਅਤੇ ਮਾਲੀ ਨੁਕਸਾਨ ਵੀ ਹੁੰਦਾ ਹੈ। ਕਈਆਂ ਦੇ ਮਿੱਤਰ, ਪਿਆਰੇ ਮਾਤਾ-ਪਿਤਾ, ਭੈਣ ਭਰਾ ਦੇ ਜੀਵਨ ਮਿੰਟਾਂ ਵਿੱਚ ਤਬਾਹ ਹੋ ਜਾਂਦੇ ਹਨ। ਇਸ ਲਈ ਇਹ ਸਾਡੇ ਸਾਰਿਆਂ ਦਾ ਨੈਤਿਕ ਫ਼ਰਜ਼ ਹੈ ਕਿ ਅਸੀਂ ਆਪਣੇ ਜੀਵਨ ਨੂੰ ਆਪਣੇ ਲਈ ਅਤੇ ਆਪਣੇ ਪਰਿਵਾਰਾਂ ਲਈ ਜਿਨ੍ਹਾਂ ਨੂੰ ਅਸੀਂ ਬਹੁਤ ਪਿਆਰ ਕਰਦੇ ਹਾਂ, ਸੰਭਾਲ਼ੀਏ।

**ਜੇਕਰ ਕਦੇ ਕੋਈ ਸੜਕ ਹਾਦਸਾ ਹੋ ਜਾਵੇ ਤਾਂ ਸਾਡਾ ਫ਼ਰਜ਼ ਹੈ ਕਿ :-**

1. ਹਾਦਸੇ ਵਿੱਚ ਸ਼ਿਕਾਰ ਹੋਏ ਇਨਸਾਨਾਂ ਦੀ ਮਦਦ ਕਰੋ।
2. ਲੋੜ ਪੈਣ ਤੇ ਹਰ ਤਰ੍ਹਾਂ ਦੀ ਮਦਦ ਕਰੋ।
3. ਲੋੜ ਅਨੁਸਾਰ ਡਾਕਟਰੀ ਸਹਾਇਤਾ ਦਿਉ।
4. ਜ਼ਖ਼ਮੀਆਂ ਨੂੰ ਤੁਰੰਤ ਨੇੜੇ ਦੇ ਹਸਪਤਾਲ ਪਹੁੰਚਾਓ।
5. ਛਾਣਬੀਣ ਵਿੱਚ ਪੁਲਿਸ ਦੀ ਮਦਦ ਕਰੋ।
6. ਲੋਕਾਂ ਦੀ ਭੀੜ ਨੂੰ ਇਕੱਠੇ ਨਾ ਹੋਣ ਦਿਉ।
7. ਜਖ਼ਮੀਆਂ ਨੂੰ ਹੌਂਸਲਾ ਦਿਉ।

ਅਜਿਹਾ ਕਰਨ ਨਾਲ਼ ਤੁਸੀਂ ਹਾਦਸੇ ਵਿੱਚ ਜ਼ਖਮੀ ਹੋਏ ਇਨਸਾਨ ਦੀ ਮਦਦ ਕਰਦੇ ਹੋ। ਇਸ ਦੇ ਨਾਲ਼ ਹੀ ਪੁਲੀਸ ਦੀ ਸਹਾਇਤਾ ਕਰਦੇ ਹੋਏ ਆਪ ਵੀ ਰਾਜ ਸਰਕਾਰ ਦੀ ਕਾਰਗੁਜ਼ਾਰੀ ਨੂੰ ਵਧੀਆ ਢੰਗ ਨਾਲ਼ ਨਿਭਾਉਣ ਵਿੱਚ ਇੱਕ ਚੰਗੇ ਨਾਗਰਿਕ ਦਾ ਫਰਜ਼ ਵੀ ਨਿਭਾਉਂਦੇ ਹੋ।

## ਯਾਦ ਰੱਖਣ ਯੋਗ ਨੁਕਤੇ

1. ਰਾਜ ਸਰਕਾਰ ਦੇ ਕੇਂਦਰੀ ਸਰਕਾਰ ਦੀ ਤਰ੍ਹਾਂ ਹੀ ਤਿੰਨ ਅੰਗ-ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਹਨ।
2. ਵਿਧਾਨਪਾਲਿਕਾ ਦਾ ਕੰਮ ਕਾਨੂੰਨ ਬਣਾਉਣਾ ਹੈ। ਕਾਰਜਪਾਲਿਕਾ ਉਹਨਾਂ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਨਿਆਂਪਾਲਿਕਾ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਿੰਦੀ ਹੈ।
3. ਭਾਰਤੀ ਸੰਵਿਧਾਨ ਰਾਹੀਂ ਕੇਂਦਰ ਅਤੇ ਰਾਜ ਸਰਕਾਰ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ।
4. ਰਾਜ ਸਰਕਾਰ ਰਾਜਸੂਚੀ ਦੇ 61 ਵਿਸ਼ਿਆਂ ਦੇ ਕਾਨੂੰਨ ਬਣਾਉਂਦੀ ਅਤੇ ਉਹਨਾਂ ਨੂੰ ਆਪਣੇ ਰਾਜ ਵਿੱਚ ਲਾਗੂ ਕਰਦੀ ਹੈ।
5. ਹਰੇਕ ਰਾਜ ਦੀ ਵਿਧਾਨਪਾਲਿਕਾ ਵਿੱਚ ਇੱਕ ਜਾਂ ਦੋ ਸਦਨ ਹੁੰਦੇ ਹਨ। ਜਿਹਨਾਂ ਰਾਜਾਂ ਵਿੱਚ ਇਕ ਸਦਨ ਹੁੰਦਾ ਹੈ ਉਸਨੂੰ ਇਕ-ਸਦਨੀ ਵਿਧਾਨਪਾਲਿਕਾ ਅਤੇ ਦੋ-ਸਦਨਾਂ ਵਾਲੀ ਨੂੰ ਦੋ ਸਦਨੀ ਵਿਧਾਨਪਾਲਿਕਾ ਕਿਹਾ ਜਾਂਦਾ ਹੈ।
6. ਰਾਜ ਵਿਧਾਨਪਾਲਿਕਾ ਦੇ ਹੇਠਲੇ ਸਦਨ ਨੂੰ ਵਿਧਾਨਸਭਾ ਅਤੇ ਉਪਰਲੇ ਸਦਨ ਨੂੰ ਵਿਧਾਨ ਪ੍ਰੀਸ਼ਦ ਕਿਹਾ ਜਾਂਦਾ ਹੈ।
7. ਪੰਜਾਬ ਵਿਧਾਨਪਾਲਿਕਾ ਇਕ-ਸਦਨੀ ਹੈ।
8. ਰਾਜ ਵਿਧਾਨਪਾਲਿਕਾ ਦੇ ਹੇਠਲੇ ਸਦਨ ਭਾਵ ਵਿਧਾਨਸਭਾ ਦੇ ਮੈਂਬਰਾਂ ਨੂੰ ਐਮ.ਐਲ.ਏ. ਕਿਹਾ ਜਾਂਦਾ ਹੈ।

9. ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਇਸ ਸਮੇਂ 117 ਹੈ।

10. ਰਾਜਪਾਲ ਰਾਜ ਦਾ ਨਾਂ-ਮਾਤਰ ਮੁੱਖੀਆ ਹੈ ਅਤੇ ਮੁੱਖ-ਮੰਤਰੀ ਅਤੇ ਮੰਤਰੀ ਪ੍ਰੀਸ਼ਦ ਅਸਲੀ ਕਾਰਜਪਾਲਿਕਾ ਹੈ।

11. ਭਾਰਤੀ ਸੰਘ ਵਿੱਚ 28 ਰਾਜ ਅਤੇ 8 ਸੰਘੀ ਖੇਤਰ ਹਨ।

## ਅਭਿਆਸ

### (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ :

1. ਐੱਮ.ਐੱਲ.ਏ. ਚੁਣੇ ਜਾਣ ਲਈ ਕਿਹੜੀਆਂ ਦੋ ਯੋਗਤਾਵਾਂ ਜ਼ਰੂਰੀ ਹਨ ?
2. ਰਾਜਪਾਲ ਨਿਯੁਕਤ ਕੀਤੇ ਜਾਣ ਲਈ ਕਿਹੜੀਆਂ ਯੋਗਤਾਵਾਂ ਜ਼ਰੂਰੀ ਹਨ ?
3. ਕਿਸੇ ਸਰਕਾਰੀ ਵਿਭਾਗ ਦਾ ਕਾਰਜਕਾਰੀ ਮੁਖੀ ਕੌਣ ਹੁੰਦਾ ਹੈ ?
4. ਤੁਹਾਡੇ ਰਾਜ ਦੇ ਮੁਖ-ਮੰਤਰੀ ਅਤੇ ਰਾਜਪਾਲ ਕੌਣ ਹਨ ?
5. ਰਾਜ ਦਾ ਕਾਰਜਕਾਰੀ ਅਧਿਕਾਰੀ ਕੌਣ ਹੁੰਦਾ ਹੈ ?

### (ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ :

1. ਰਾਜਪਾਲ ਦੇ ਕੰਮਾਂ ਬਾਰੇ ਲਿਖੋ।
2. ਰਾਜ ਦੇ ਮੁੱਖ-ਮੰਤਰੀ ਦੇ ਕੰਮਾਂ ਅਤੇ ਸ਼ਕਤੀਆਂ ਦਾ ਵਰਨਣ ਕਰੋ।
3. ਰਾਜ ਵਿਧਾਨ-ਸਭਾ/ਵਿਧਾਨ ਪ੍ਰੀਸ਼ਦ ਦੀ ਚੋਣ ਸੰਬੰਧੀ ਸੰਖੇਪ ਵਿੱਚ ਲਿਖੋ।
4. ਰਾਜ ਦੇ ਪ੍ਰਬੰਧਕੀ ਕੰਮ ਕਿਹੜੇ-ਕਿਹੜੇ ਸਿਵਲ ਅਧਿਕਾਰੀ ਚਲਾਉਂਦੇ ਹਨ ?
5. ਸੜਕ ਹਾਦਸਿਆਂ ਦੇ ਕੋਈ 5 ਮੁੱਖ ਕਾਰਨ ਦੱਸੋ।

### (ੲ) ਖਾਲੀ ਥਾਂਵਾਂ ਭਰੋ :

1. ਵਿਧਾਨ ਸਭਾ ਮੈਂਬਰਾਂ ਦੀ ਵੱਧ ਤੋਂ ਵੱਧ ਗਿਣਤੀ .......... ਹੁੰਦੀ ਹੈ।
2. ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਦੀ ਗਿਣਤੀ ਘੱਟੋ-ਘੱਟ .......... ਹੋ ਸਕਦੀ ਹੈ।

3. ਪੰਜਾਬ ਰਾਜ ਦੇ ਰਾਜਪਾਲ ........... ਹਨ।

4. ਪੰਜਾਬ ਵਿਧਾਨਪਾਲਿਕਾ ........... ਹੈ।

5. ਧਨ ਬਿਲ ਰਾਜ ਦੇ ਵਿਧਾਨਪਾਲਿਕਾ ਦੇ ........... ਸਦਨ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ।

6. ਕਿਸੇ ਵੀ ਬਿਲ ਦਾ ਕਾਨੂੰਨ ਬਣਨ ਲਈ ਅੰਤਿਮ ਪ੍ਰਵਾਨਗੀ ........... ਦੁਆਰਾ ਦਿੱਤੀ ਜਾਂਦੀ ਹੈ।

7. ਰਾਜ ਵਿਧਾਨਪਲਿਕਾ ਦੇ ........... ਸਦਨ ਦੀ ਸਭਾ ਦੀ ਪ੍ਰਧਾਨਗੀ ਸਪੀਕਰ ਕਰਦਾ ਹੈ।

8. ........... ਰਾਜ ਦਾ ਸੰਵਿਧਾਨਿਕ ਮੁਖੀ ਹੈ।

9. ਮੰਤਰੀ ਪ੍ਰੀਸ਼ਦ ਦਾ ਕਾਰਜਕਾਲ ........... ਸਾਲ ਹੁੰਦਾ ਹੈ।

10. ਵਿਧਾਨ ਪ੍ਰੀਸ਼ਦ ਦੇ ........... ਮੈਂਬਰ ਰਾਜਪਾਲ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ।

**(ਸ) ਹੇਠ ਲਿਖਿਆਂ ਸਾਹਮਣੇ ਸਹੀ (✓) ਜਾਂ ਗਲਤ (✗) ਦਾ ਨਿਸ਼ਾਨ ਲਗਾਓ :**

1. ਭਾਰਤ ਵਿੱਚ ਇਕ ਕੇਂਦਰੀ ਸਰਕਾਰ ਅਤੇ 28 ਰਾਜ ਸਰਕਾਰਾਂ ਹਨ ਅਤੇ 8 ਸੰਘੀ ਖੇਤਰ ਹਨ। ☐

2. ਰਾਜ ਵਿਧਾਨਪਾਲਿਕਾ ਦੇ ਹੇਠਲੇ ਸਦਨ ਨੂੰ ਵਿਧਾਨ ਪ੍ਰੀਸ਼ਦ ਕਿਹਾ ਜਾਂਦਾ ਹੈ। ☐

3. ਪੰਜਾਬ ਵਿਧਾਨਪਾਲਿਕਾ ਦੋ-ਸਦਨੀ ਹੈ। ☐

4. ਰਾਜ ਦੀ ਮੁਖ ਕਾਰਜਕਾਰੀ ਸ਼ਕਤੀ ਰਾਜਪਾਲ ਕੋਲ ਹੁੰਦੀ ਹੈ। ☐

5. ਜਾਇਦਾਦ ਦਾ ਅਧਿਕਾਰ ਮੌਲਿਕ ਅਧਿਕਾਰ ਹੈ। ☐

**(ਹ) ਵਿਕਲਪੀ ਪ੍ਰਸ਼ਨ :**

1. **ਭਾਰਤ ਵਿੱਚ ਕਿੰਨੇ ਰਾਜ ਹਨ।**

   (1) 21 (2) 25 (3) 28

2. **ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ਦੱਸੋ ?**

   (1) 117 (2) 60 (3) 105

3. **ਮੁੱਖ-ਮੰਤਰੀ ਦੀ ਨਿਯੁੱਕਤੀ ਕਿਸ ਦੁਆਰਾ ਕੀਤੀ ਜਾਂਦੀ ਹੈ।**

   (1) ਰਾਸ਼ਟਰਪਤੀ ਦੁਆਰਾ (2) ਰਾਜਪਾਲ ਦੁਆਰਾ (3) ਸਪੀਕਰ ਦੁਆਰਾ

## ਗਤੀਵਿਧੀ

1. ਆਪਣੇ ਰਾਜ ਦੇ ਮੁੱਖ ਮੰਤਰੀ ਅਤੇ ਰਾਜਪਾਲ ਦੀਆਂ ਤਸਵੀਰਾਂ ਆਪਣੀ ਕਾਪੀ ਵਿੱਚ ਲਗਾਉ ਅਤੇ ਉਹਨਾਂ ਦੇ ਜੀਵਨ ਸੰਬੰਧੀ ਕੋਈ ਪੰਜ ਮਹੱਤਵਪੂਰਨ ਤੱਥ ਲਿਖੋ।
2. ਤੁਹਾਡੇ ਸਾਹਮਣੇ ਹੋਏ ਕਿਸੇ ਸੜਕ ਹਾਦਸੇ ਦਾ ਵੇਰਵਾ ਲਿਖੋ ਅਤੇ ਦੱਸੋ ਤੁਸੀਂ ਕੀ ਸਹਾਇਤਾ ਕੀਤੀ ਸੀ ?



# ਪਾਠ 21 ਜਨਤਕ ਸੰਚਾਰ (Media) ਅਤੇ ਲੋਕਤੰਤਰ

ਲੋਕਾਂ ਦੇ ਸਮੂਹ ਨੂੰ ਵੱਖ-ਵੱਖ ਢੰਗਾਂ ਨਾਲ਼ ਸੰਪਰਕ ਕਰਨ ਨੂੰ 'ਜਨਤਕ ਸੰਚਾਰ' ਕਿਹਾ ਜਾਂਦਾ ਹੈ। ਇਹ ਢੰਗ-ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ, ਸਿਨੇਮਾ, ਰਾਜਨੀਤਕ ਦਲ, ਚੋਣਾਂ ਅਤੇ ਪ੍ਰੈਸ ਆਦਿ ਹਨ। ਇਹਨਾਂ ਸਾਰਿਆਂ ਸਾਧਨਾਂ ਦੀ ਲੋਕ-ਤੰਤਰੀ ਦੇਸ਼ ਵਿੱਚ ਬਹੁਤ ਹੀ ਮਹਤੱਤਾ ਹੈ। ਮੀਡੀਆ ਦਾ ਸਭ ਤੋਂ ਵੱਧ ਮਹੱਤਵਪੂਰਨ ਮਾਧਿਅਮ ਹੈ ਪ੍ਰੈਸ, ਜਿਸ ਰਾਹੀਂ ਅਖ਼ਬਾਰਾਂ, ਮੈਗਜ਼ੀਨ ਅਤੇ ਪੁਸਤਕਾਂ ਛਪਦੀਆਂ ਹਨ। ਇਹਨਾਂ ਸਾਰੇ ਸਾਧਨਾਂ ਦਾ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਬਹੁਤ ਪ੍ਰਭਾਵ ਪੈਂਦਾ ਹੈ। ਇਸੇ ਲਈ ਪ੍ਰੈਸ ਜਾਂ ਛਪਾਈ ਦੇ ਸਾਧਨਾਂ ਨੂੰ ਲੋਕ-ਤੰਤਰ ਦਾ ਚਾਨਣ ਮੁਨਾਰਾ ਕਿਹਾ ਜਾਂਦਾ ਹੈ।

*ਪ੍ਰੈਸ ਲੋਕਤੰਤਰ ਦਾ ਚਾਨਣ ਮੁਨਾਰਾ ਹੈ।*

ਅਸੀਂ ਜਾਣਦੇ ਹਾਂ ਕਿ ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੈ। ਜਨਤਕ ਸੰਚਾਰ ਲੋਕਾਂ ਨੂੰ ਲੋਕ-ਤੰਤਰ ਦੇਸ਼ ਵਿੱਚ ਹੋ ਰਹੀਆਂ ਘਟਨਾਵਾਂ ਅਤੇ ਵਾਰਦਾਤਾਂ ਬਾਰੇ ਸੂਚਿਤ ਕਰਦਾ ਹੈ ਉੱਥੇ ਲੋਕਾਂ ਨੂੰ ਸਰਕਾਰ ਦੇ ਕੰਮਾਂ ਪ੍ਰਤੀ ਖ਼ਬਰਦਾਰ ਅਤੇ ਹੁਸ਼ਿਆਰ ਵੀ ਬਣਾਈ ਰੱਖਦਾ ਹੈ।

ਮੀਡੀਆ ਦੀ ਅਸਲੀ ਭੂਮਿਕਾ ਸੰਚਾਰ ਕਰਨ ਦੀ ਹੈ। ਇਹ ਸਰਕਾਰ ਦੀ ਪ੍ਰਬੰਧਕੀ ਪ੍ਰਣਾਲ਼ੀ ਦੀ ਭੂਮਿਕਾ ਬਾਰੇ ਸੂਚਨਾ ਲੋਕਾਂ ਤੱਕ ਪਹੁੰਚਾਉਣ ਦਾ ਇੱਕ ਪੜ੍ਹਿਆਂ-ਲਿਖਿਆਂ ਵਾਲ਼ਾ ਮਾਧਿਅਮ ਹੈ। ਮੀਡੀਆ ਰਾਜਨੀਤਕ ਸੂਚਨਾ ਅਤੇ ਜਨਤਕ ਵਾਦ-ਵਿਵਾਦ ਦਾ ਮੁੱਖ ਸਾਧਨ ਹੈ। ਜਨਤਕ ਸੰਚਾਰ ਨਾਗਰਿਕ ਨੂੰ ਜਨਤਕ ਮਾਮਲਿਆਂ ਸੰਬੰਧੀ ਸੁਲ਼ਝੇ ਹੋਏ ਢੰਗ ਨਾਲ਼ ਫ਼ੈਸਲੇ ਲੈਣ ਵਿੱਚ ਸਹਾਇਤਾ ਕਰਦਾ ਹੈ।

*ਜਨਤਕ ਸੰਚਾਰ ਸੂਝਵਾਨ ਭਾਗੀਦਾਰੀ ਵਾਲ਼ੇ ਸਵੈ ਸ਼ਾਸਤ ਨਾਗਰਿਕਾਂ ਦੀ ਕੁੰਜੀ ਹੈ।*

## ਜਨਤਕ ਸੰਚਾਰ ਦੀਆਂ ਮੁੱਖ ਏਜੰਸੀਆਂ :

ਲੋਕਾਂ ਤੱਕ ਸੂਚਨਾ ਦਾ ਪ੍ਰਸਾਰ ਕਰਨ ਅਤੇ ਲੋਕ-ਮੱਤ ਦਾ ਨਿਰਮਾਣ ਕਰਨ ਵਾਲ਼ੇ ਮਾਧਿਅਮ ਦੀਆਂ ਮੁੱਖ ਏਜੰਸੀਆਂ ਹੇਠ ਲਿਖੀਆਂ ਹਨ :-

### 1. ਛਪਾਈ ਮੀਡੀਆ (ਪ੍ਰੈਸ)

ਲੋਕਤੰਤਰੀ ਰਾਜ ਵਿੱਚ ਲੋਕ-ਮੱਤ ਦਾ ਨਿਰਮਾਣ ਕਰਨ ਵਾਲ਼ਾ ਸਭ ਤੋਂ ਵੱਧ ਮਹੱਤਵਪੂਰਨ




*ਚਿੱਤਰ 21.1 ਅਖ਼ਬਾਰਾਂ ਮੀਡੀਆ ਦਾ ਮੁੱਖ ਸਾਧਨ*

ਮਾਧਿਅਮ ਪ੍ਰੈਸ ਹੈ, ਜਿਸ ਦੇ ਵਿੱਚ ਅਖ਼ਬਾਰਾਂ, ਮੈਗਜ਼ੀਨ ਆਦਿ ਹਨ। ਰੋਜ਼ਾਨਾ ਅਖ਼ਬਾਰਾਂ ਅਤੇ ਰਸਾਲੇ, ਕੇਵਲ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੀਆਂ ਸੂਚਨਾਵਾਂ ਹੀ ਨਹੀਂ ਪ੍ਰਦਾਨ ਕਰਦੇ ਸਗੋਂ ਲੋਕਾਂ ਨੂੰ ਵੱਖ-ਵੱਖ ਰਾਜਨੀਤਕ ਦਲਾਂ ਦੀ ਵਿਚਾਰਧਾਰਾ, ਸੰਗਠਨ, ਨੀਤੀਆਂ ਅਤੇ ਸਰਕਾਰੀ ਪ੍ਰੋਗਰਾਮ ਬਾਰੇ ਵੀ ਜਾਣੂ ਕਰਵਾਉਂਦੇ ਹਨ। ਅਖ਼ਬਾਰ ਲੋਕਾਂ ਨੂੰ ਵੱਖ-ਵੱਖ ਪਾਰਟੀਆਂ ਬਾਰੇ ਆਪਣਾ ਮੱਤ ਬਣਾਉਣ ਅਤੇ ਪ੍ਰਗਟਾਉਣ ਲਈ ਅਗਵਾਹੀ ਦਿੰਦੇ ਹਨ। ਲੋਕਤੰਤਰੀ ਸਰਕਾਰ ਵਾਲ਼ੇ ਦੇਸ਼ ਵਿੱਚ ਪ੍ਰੈਸ ਦਾ ਸਰਕਾਰੀ ਪ੍ਰਭਾਵ ਤੋਂ ਸੁਤੰਤਰ ਹੋਣਾ ਅਤਿ ਜ਼ਰੂਰੀ ਹੈ ਤਾਂ ਜੋ ਲੋਕਾਂ ਨੂੰ ਸਰਕਾਰ ਦੀ ਅਸਲੀ ਕਾਰਵਾਈ ਤੇ ਖੁੱਲ੍ਹ ਕੇ ਚਾਨਣਾ ਪਾ ਸਕੇ।

## 2. ਲੋਕ ਸੰਚਾਰ ਦੇ ਬਿਜਲਈ ਸਾਧਨ

ਰੇਡੀਓ, ਟੈਲੀਵਿਜ਼ਨ ਅਤੇ ਕੰਪਿਊਟਰ ਜਨਤਕ ਸੰਚਾਰ ਦੇ ਮਹੱਤਵਪੂਰਨ ਸਾਧਨ ਹਨ ਜਿਹੜੇ ਕਿ ਲੋਕ ਮਤ ਦੇ ਨਿਰਮਾਣ ਅਤੇ ਪ੍ਰਗਟਾਵੇ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਿੱਥੇ ਪ੍ਰੈਸ ਜਾਂ ਛਪਾਈ ਵਾਲ਼ੇ ਸਾਧਨਾਂ ਦੀ ਵਰਤੋਂ ਕੇਵਲ ਪੜ੍ਹੇ ਲਿਖੇ ਨਾਗਰਿਕ ਹੀ ਕਰ ਸਕਦੇ ਹਨ, ਉੱਥੇ ਬਿਜਲਈ ਸਾਧਨਾਂ ਰਾਹੀਂ ਅਨਪੜ੍ਹ ਲੋਕ ਵੀ ਖ਼ਬਰਾਂ ਸੁਣ ਕੇ ਜਾਂ ਵੇਖ ਕੇ ਕਿਸੇ ਵੀ ਵਿਸ਼ੇ ਬਾਰੇ ਆਪਣੇ ਮਤ ਨਿਰਮਾਣ ਕਰਦੇ ਹਨ।

ਇਸੇ ਤਰ੍ਹਾਂ ਟੀ.ਵੀ. ਅਤੇ ਸਿਨੇਮਾ ਵੀ ਲੋਕ ਮਤ ਦੇ ਨਿਰਮਾਣ ਵਿੱਚ ਸਹਾਇਤਾ ਕਰਦੇ ਹਨ। ਇਹ ਸਾਧਨ ਲੋਕਾਂ ਦੇ ਮਨੋਰੰਜਨ ਦੇ ਨਾਲ਼-ਨਾਲ਼ ਸਮਾਜਿਕ ਸਮੱਸਿਆਵਾਂ ਬਾਰੇ ਗਿਆਨ ਪ੍ਰਦਾਨ ਕਰਦੇ ਹਨ। ਅਨਪੜ੍ਹ ਲੋਕ ਇਹਨਾਂ ਬਾਰੇ ਜਬਾਨੀ ਆਪਣੇ ਵਿਚਾਰ ਪ੍ਰਗਟ ਕਰਕੇ ਸਰਕਾਰ ਦੇ ਕੰਮਾਂ ਵਿੱਚ ਦਖ਼ਲਅੰਦਾਜੀ ਕਰਕੇ ਦੇਸ਼ ਦੇ ਪ੍ਰਬੰਧਕੀ ਕੰਮਾਂ ਨੂੰ ਸੁਧਾਰਨ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।

### 3. ਰਾਜਨੀਤਕ ਦਲ

ਲੋਕਤੰਤਰ ਵਿੱਚ ਰਾਜਨੀਤਕ ਦਲ ਵੀ ਮੀਟਿੰਗਾਂ, ਧਰਨੇ ਅਤੇ ਚੋਣ-ਪੱਤਰਾਂ ਰਾਹੀਂ ਦੇਸ਼ ਦੇ ਨਾਗਰਿਕਾਂ ਨੂੰ ਸਰਕਾਰ ਦੇ ਕੰਮਾਂ ਅਤੇ ਕਮਜ਼ੋਰੀਆਂ ਬਾਰੇ ਸਿੱਖਿਅਤ ਕਰਦੇ ਹਨ। ਉਹ ਲੋਕਾਂ ਨੂੰ ਸਮਾਜਿਕ ਸਮੱਸਿਆਵਾਂ ਬਾਰੇ ਜਾਣੂ ਕਰਵਾਉਂਦੇ ਅਤੇ ਉਹਨਾਂ ਬਾਰੇ ਆਪਣਾ ਮੱਤ ਪੇਸ਼ ਕਰਨ ਵਿੱਚ ਮਦਦ ਕਰਦੇ ਹਨ। ਇਸ ਤਰ੍ਹਾਂ ਰਾਜਨੀਤਕ ਦਲ ਲੋਕ ਮਤ ਦਾ ਨਿਰਮਾਣ ਅਤੇ ਪ੍ਰਗਟਾਵਾ ਕਰਨ ਵਿੱਚ ਮਦਦ ਕਰਦੇ ਹਨ।

### 4. ਚੋਣਾਂ

ਚੋਣਾਂ ਦੇ ਸਮੇਂ ਸਾਰੇ ਰਾਜਨੀਤਕ ਦਲ ਚੋਣਾਂ ਜਿੱਤਣ ਲਈ ਲੋਕਾਂ ਨੂੰ ਆਪਣੀਆਂ ਪ੍ਰਾਪਤੀਆਂ, ਸਫ਼ਲਤਾਵਾਂ ਅਤੇ ਦੂਜੇ ਦਲਾਂ ਦੀਆਂ ਕਮਜ਼ੋਰੀਆਂ ਬਾਰੇ ਦੱਸ ਕੇ ਸਿੱਖਿਅਤ ਕਰਦੇ ਹਨ। ਲੋਕੀ ਵੱਖ-ਵੱਖ ਦਲਾਂ ਦੇ ਵਿਚਾਰ ਸੁਣ ਕੇ ਵੱਖ-ਵੱਖ ਮੁੱਦਿਆਂ ਬਾਰੇ ਆਪਣਾ ਸੰਤੁਲਿਤ ਮੱਤ ਬਣਾਉਂਦੇ ਹਨ।

ਉਪਰੋਕਤ ਦੱਸੇ ਸਾਰੇ ਮਾਧਿਅਮਾਂ ਰਾਹੀਂ ਮੀਡੀਆ ਲੋਕ-ਤੰਤਰੀ ਸਰਕਾਰ ਨੂੰ ਸਫ਼ਲ ਬਣਾਉਣ ਵਿੱਚ ਬਹੁਤ ਮਹਤੱਵਪੂਰਨ ਯੋਗਦਾਨ ਪਾਉਂਦਾ ਹੈ।

## ਜਨਤਕ ਸੰਚਾਰ — ਸਦਾਚਾਰ ਅਤੇ ਜ਼ਿੰਮੇਵਾਰੀ

ਮੀਡੀਆ ਕੋਲ਼ੋਂ ਇਹ ਆਸ ਕੀਤੀ ਜਾਂਦੀ ਹੈ ਕਿ ਦੇਸ਼ ਦੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ ਦੀ ਰੋਜ਼ਾਨਾਂ ਖ਼ਬਰਾਂ ਰਾਹੀਂ ਲੋਕਾਂ ਤੱਕ ਸਹੀ ਅਤੇ ਸੱਚੀ-ਸੁਚੀ ਸੂਚਨਾ ਦਾ ਸੰਚਾਰ ਕਰੇ। ਇਸ ਦੀ ਜ਼ਿੰਮੇਵਾਰੀ ਹੈ ਕਿ ਵਿਅਕਤੀਤਵ ਅਤੇ ਸਮਾਜਿਕ ਸੰਗਠਨਾਂ ਦੇ ਸਹੀ ਵਿਚਾਰ ਲੋਕਾਂ ਦੇ ਸਾਹਮਣੇ ਪੇਸ਼ ਕਰੇ। ਜਿਸ ਦੇ ਅਧਾਰ 'ਤੇ ਲੋਕ ਵੱਖ-ਵੱਖ ਵਿਸ਼ਿਆਂ ਅਤੇ ਦਲਾਂ ਬਾਰੇ ਆਪਣਾ ਸਹੀ ਮਤ ਬਣਾ ਅਤੇ ਪ੍ਰਗਟ ਕਰ ਸਕਣ। ਜਨਤਕ ਸੰਚਾਰ ਦੀ ਸਾਰੀ ਕਾਰਵਾਈ ਲੋਕ ਭਲਾਈ ਹਿਤ ਹੋਣੀ ਚਾਹੀਦੀ ਹੈ। ਸੂਚਨਾ ਦਾ ਸੰਚਾਰ ਕਰਨਾ ਹੀ ਜਨਤਕ ਸੰਚਾਰ ਦੀ ਸਮਾਜਿਕ ਜ਼ਿੰਮੇਵਾਰੀ ਹੈ। ਇਹ ਸੰਚਾਰ ਅਜਿਹੇ ਢੰਗ ਨਾਲ਼ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਤੰਤਰੀ ਰਾਜ ਵਿੱਚ ਵੱਸਣ ਵਾਲ਼ੇ ਨਾਗਰਿਕ ਦੇਸ਼ ਦੇ ਸ਼ਾਸਨ ਵਿੱਚ ਆਪਣੀ ਪ੍ਰਭਾਵਸ਼ਾਲੀ ਭਾਗੀਦਾਰੀ ਕਰਦੇ ਹੋਏ ਸਵੈ-ਸ਼ਾਸਤ ਬਣਨ ਦੇ ਕਾਬਲ ਹੋ ਜਾਣ।

### ਮੁੱਢਲੇ ਸਦਾਚਾਰੀ ਨਿਯਮ

ਜਨਤਕ ਸੰਚਾਰ ਲਈ ਲੋਕਤੰਤਰੀ ਰਾਜ ਪ੍ਰਤੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਕੁੱਝ ਸਦਾਚਾਰੀ ਨਿਯਮਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ। ਇਸ ਲਈ ਜਨਤਕ ਸੰਚਾਰ ਦੇ ਉਦੇਸ਼ ਹੇਠ ਲਿਖੇ ਹੋਣੇ ਚਾਹੀਦੇ ਹਨ :-

(ੳ) ਸਚਾਈ ਲੱਭੇ ਅਤੇ ਇਸ ਬਾਰੇ ਜਨਤਾ ਨੂੰ ਸੂਚਿਤ ਕਰੇ।

(ਅ) ਸੂਚਨਾ ਘੱਟ ਤੋਂ ਘੱਟ ਨੁਕਸਾਨਦਾਇਕ ਹੋਵੇ।

(ੲ) ਸੁਤੰਤਰ ਹੋ ਕੇ ਸਹੀ ਵਿਚਾਰ ਜਨਤਾ ਦੇ ਸਾਹਮਣੇ ਪੇਸ਼ ਕਰੇ।

(ਸ) ਸਮਾਜਿਕ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ਼ ਸਮਝੇ ਅਤੇ ਨਿਭਾਏ।

ਇਸ ਤਰ੍ਹਾਂ ਜਨਤਕ ਸੰਚਾਰ ਦੀ ਜ਼ਿੰਮੇਵਾਰੀ ਹੈ ਸਚਾਈ ਤੇ ਚਲਦੇ ਹੋਏ ਲੋਕਤੰਤਰ ਦੀ ਨਿਆਂਪੂਰਵਕ ਅਗਵਾਈ ਕਰਨਾ। ਘਟਨਾਵਾਂ ਦਾ ਸਹੀ ਅਤੇ ਵੇਰਵੇ ਸਹਿਤ ਆਦਾਨ-ਪ੍ਰਦਾਨ ਕਰੇ। ਜਨਤਾ ਦੀ ਤਹਿ ਦਿਲੋਂ ਅਤੇ ਈਮਾਨਦਾਰੀ ਨਾਲ ਸੇਵਾ ਕਰੇ।

### ਵਿਸ਼ਾ ਅਧਿਐਨ—ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ

### ਸੂਚਨਾ ਦਾ ਅਧਿਕਾਰ

ਸੂਚਨਾ ਅਧਿਕਾਰ ਅਧਿਨਿਯਮ ਤੋਂ ਭਾਵ ਹੈ ਕਿ ਲੋਕਾਂ ਨੂੰ ਉਹ ਸਾਰੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਜਿਸ ਦਾ ਪ੍ਰਭਾਵ ਉਹਨਾਂ ਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਪੈਂਦਾ ਹੈ। ਉਦਾਹਰਨ ਵਜੋਂ ਜੇ ਕਿਸੇ ਨਾਗਰਿਕ ਤੇ ਕੋਈ ਮੁਕਦਮਾ ਦਰਜ ਹੁੰਦਾ ਹੈ ਤਾਂ ਉਸ ਨੂੰ ਮੁਕੱਦਮਾ ਦਰਜ ਹੋਣ ਦਾ ਕਾਰਨ ਪਤਾ ਲੱਗਣਾ ਜ਼ਰੂਰੀ ਹੈ। ਲੋਕਤੰਤਰੀ ਦੇਸ਼ ਵਿੱਚ ਹਰੇਕ ਨਾਗਰਿਕ ਨੂੰ ਸਰਕਾਰ ਦੇ ਕੰਮਾਂ, ਖ਼ਰਚਿਆਂ ਅਤੇ ਆਮਦਨੀ ਬਾਰੇ ਜਾਨਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਅਜਿਹਾ ਆਮ ਤੌਰ ਤੇ ਨਹੀਂ ਸੀ ਹੁੰਦਾ ਜਿਸ ਕਾਰਨ ਕੁਝ ਰਾਜ ਸਰਕਾਰਾਂ ਨੇ ਸੂਚਨਾ ਅਧਿਕਾਰ ਸੰਬੰਧੀ ਅਧਿਨਿਯਮ ਬਣਾਏ। ਸਭ ਤੋਂ ਪਹਿਲਾਂ ਅਜਿਹਾ ਅਧਿਨਿਯਮ ਰਾਜਸਥਾਨ ਸਰਕਾਰ ਦੁਆਰਾ ਸਾਲ 2000 ਵਿੱਚ ਪਾਸ ਕੀਤਾ ਗਿਆ ਸੀ। ਜਿਸ ਦੇ ਅਧੀਨ ਸਰਕਾਰ ਦੇ ਕਿਸੇ ਵੀ ਵਿਭਾਗ ਸੰਬੰਧੀ ਹਰ ਤੱਥ ਬਾਰੇ ਜਨਤਾ, ਸਰਕਾਰ ਕੋਲ਼ੋਂ ਸੂਚਨਾ ਪ੍ਰਾਪਤ ਕਰ ਸਕਦੀ ਹੈ। ਸਾਲ 2000 ਤੋਂ ਪਿੱਛੋਂ ਅਜਿਹੇ ਅਧਿਨਿਯਮ, ਮਹਾਰਾਸ਼ਟਰ, ਕਰਨਾਟਕਾ, ਤਾਮਿਲਨਾਡੂ, ਗੋਆ ਅਤੇ ਪੰਜਾਬ ਦੁਆਰਾ ਵੀ ਪਾਸ ਕੀਤੇ ਗਏ ਹਨ।

ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਹਰ ਨਾਗਰਿਕ ਨੂੰ ਸਰਕਾਰ ਦੇ ਕਿਸੇ ਵੀ ਅਧਿਕਾਰੀ ਦੇ ਗ਼ਲਤ ਕੰਮਾਂ ਤੇ ਰੋਕ ਲਗਾਉਣ ਜਾਂ ਨਿਜੀ ਪੱਧਰ ਤੇ ਪੁੱਛ-ਪੜਤਾਲ ਕਰਨ ਵਾਲ਼ਾ ਅਧਿਕਾਰ ਹੈ। ਇਸ ਅਧਿਕਾਰ ਦਾ ਭਾਰਤ ਦੇ ਭ੍ਰਿਸ਼ਟਾਚਾਰ ਨੂੰ ਰੋਕਣ ਤੇ ਬੜਾ ਪ੍ਰਭਾਵ ਪਵੇਗਾ।

### (ਅ) ਇਸ਼ਤਿਹਾਰਬਾਜ਼ੀ

ਜਦੋਂ ਉਤਪਾਦਕ ਕੋਈ ਚੀਜ਼ ਪੈਦਾ ਕਰਦਾ ਜਾਂ ਬਣਾਉਂਦਾ ਹੈ ਤਾਂ ਵਧੇਰੇ ਆਮਦਨ ਪ੍ਰਾਪਤ ਕਰਨ ਲਈ ਉਸ ਦਾ ਉਦੇਸ਼ ਉਸ ਚੀਜ਼ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਭਾਵ ਵੇਚਣਾ ਹੁੰਦਾ ਹੈ। ਕਿਸੇ ਵੀ ਵਸਤੂ ਨੂੰ ਵੱਧ ਤੋਂ ਵੱਧ ਵੇਚਣ ਲਈ ਉਤਪਾਦਕ ਜਾਂ ਵਪਾਰੀ ਇਸ਼ਤਿਹਾਰਬਾਜ਼ੀ ਦਾ ਸਹਾਰਾ ਲੈਂਦਾ ਹੈ। ਕਿਸੇ ਚੀਜ਼ ਦੇ ਜਨਸਮੂਹ ਸੰਚਾਰ ਦਾ ਸਭ ਤੋਂ ਵਧੀਆ ਢੰਗ ਇਸ਼ਤਿਹਾਰਬਾਜ਼ੀ ਭਾਵ ਮਸ਼ਹੂਰੀ ਹੈ ਜਿਸ ਰਾਹੀਂ ਵਸਤੂ ਵੱਧ ਤੋਂ ਵੱਧ ਵਿਕ ਸਕਦੀ ਹੈ। ਇਸ਼ਤਿਹਾਰਾਂ ਦੀ ਵਰਤੋਂ ਵਪਾਰਕ ਅਤੇ ਸਮਾਜਿਕ ਕੰਮਾਂ ਲਈ ਕੀਤੀ ਜਾਂਦੀ ਹੈ।

### ਇਸ਼ਤਿਹਾਰਬਾਜ਼ੀ ਦੇ ਉਦੇਸ਼

ਆਮ ਤੌਰ ਤੇ ਇਸ਼ਤਿਹਾਰ ਕਿਸੇ ਚੀਜ਼ (Product) ਦੇ ਉਪਲੱਬਧ ਹੋਣ ਬਾਰੇ ਸੂਚਨਾ ਦੇਣਾ ਹੈ। ਇਸ਼ਤਿਹਾਰ ਕਿਸੇ ਚੀਜ਼, ਸੇਵਾ ਜਾਂ ਵਿਚਾਰ ਦੇ ਬਾਰੇ ਵੀ ਹੋ ਸਕਦਾ ਹੈ। ਇਸ਼ਤਿਹਾਰਬਾਜ਼ੀ ਕਰਨ ਨਾਲ਼ ਚੀਜ਼ ਦੀ ਮੰਗ ਵਧਦੀ ਹੈ। ਇਸਦੇ ਮੁੱਖ ਉਦੇਸ਼ ਹੇਠ ਲਿਖੇ ਹਨ :-

(ੳ) ਕਿਸੇ ਖ਼ਾਸ ਚੀਜ਼ ਬਾਰੇ ਸੂਚਨਾ ਦੇਣਾ, ਭਾਵ ਚੀਜ਼ ਨੂੰ ਕਿੱਥੋਂ ਖਰੀਦਣਾ ਅਤੇ ਕਿਵੇਂ ਵਰਤਣਾ ਹੈ।

(ਅ) ਲੋਕਾਂ ਨੂੰ ਖਰੀਦਣ ਬਾਰੇ ਪ੍ਰੇਰਿਤ ਕਰਨਾ।

(ੲ) ਕਿਸੇ ਸੰਸਥਾ ਨੂੰ ਲੋਕਾਂ ਦੀਆਂ ਨਜ਼ਰਾਂ ਵਿੱਚ ਉੱਚਾ ਚੁੱਕਣ ਨੂੰ ਸੰਸਥਾਤਮਕ ਇਸ਼ਤਿਹਾਰਬਾਜ਼ੀ ਕਿਹਾ ਜਾਂਦਾ ਹੈ।

**ਇਸ਼ਤਿਹਾਰਬਾਜ਼ੀ ਦੀਆਂ ਕਿਸਮਾਂ : ਇਸ਼ਤਿਹਾਰਾਂ ਦੀਆਂ ਮੁੱਖ ਕਿਸਮਾਂ ਹੇਠ ਲਿਖੀਆਂ ਹਨ :-**

1. ਵਪਾਰਕ ਇਸ਼ਤਿਹਾਰਬਾਜ਼ੀ
2. ਸਮਾਜਿਕ ਇਸ਼ਤਿਹਾਰਬਾਜ਼ੀ

## ਵਪਾਰਕ ਇਸ਼ਤਿਹਾਰਬਾਜ਼ੀ

ਵਧੇਰੇ ਇਸ਼ਤਿਹਾਰ ਵਪਾਰਕ ਹੀ ਹੁੰਦੇ ਹਨ ਜਿਹੜੇ ਕਿ ਖਪਤਕਾਰ ਨਾਲ਼ ਜੁੜੇ ਹੁੰਦੇ ਹਨ। ਖ਼ਪਤਯੋਗ ਚੀਜ਼ਾਂ ਦੇ ਖ਼ਰੀਦਦਾਰ ਹੀ ਖ਼ਪਤਕਾਰਾਂ ਦਾ ਵੱਡਾ ਹਿੱਸਾ ਹਨ। ਖ਼ਪਤਕਾਰ ਕਈ ਕਿਸਮਾਂ ਦੀਆਂ ਚੀਜ਼ਾਂ ਆਪਣੇ ਵਰਤਣ ਲਈ ਜਾਂ ਘਰ ਲਈ ਖਰੀਦਦੇ ਹਨ। ਖਾਣ ਵਾਲ਼ੀਆਂ ਚੀਜ਼ਾਂ ਰਾਸ਼ਨ-ਪਾਣੀ, ਕੱਪੜੇ ਅਤੇ ਬਿਜਲਈ ਵਸਤਾਂ ਜਿਵੇਂ ਕਿ ਰੇਡੀਓ, ਟੀ.ਵੀ. ਫਰਿੱਜ ਆਦਿ ਦੇ ਖਰੀਦਦਾਰ ਗਿਣਤੀ ਵਿੱਚ ਵਧੇਰੇ ਅਤੇ ਜ਼ਿਆਦਾ ਖੇਤਰ ਵਿੱਚ ਫੈਲੇ ਹੋਏ ਹੁੰਦੇ ਹਨ। ਖ਼ਰੀਦਦਾਰ ਨੂੰ




*ਚਿੱਤਰ 21.2 ਵਪਾਰਕ ਇਸ਼ਤਿਹਾਰਬਾਜ਼ੀ ਦੀ ਇੱਕ ਝਲਕ*

ਲੱਖਾਂ ਦੀ ਗਿਣਤੀ ਵਿੱਚ ਖਿੱਚਣ ਲਈ ਵਿਕਰੇਤਾ ਕਈ ਤਰ੍ਹਾਂ ਦੇ ਸਾਧਨਾਂ ਜਿਵੇਂ ਕਿ ਅਖ਼ਬਾਰਾਂ, ਮੈਗਜ਼ੀਨ, ਟੈਲੀਵਿਜ਼ਨ, ਰੇਡੀਓ ਅਤੇ ਰਸਾਲੇ ਆਦਿ ਦੀ ਵਰਤੋਂ ਕਰਦੇ ਹਨ। ਇਹਨਾਂ ਸਾਰਿਆਂ ਵਿੱਚ ਵਪਾਰੀ ਆਪਣੀਆਂ ਵਸਤਾਂ ਦਾ ਇਸ਼ਤਿਹਾਰ ਦਿੰਦੇ ਹਨ।

ਇਸ਼ਤਿਹਾਰ, ਕਿਸੇ ਵੀ ਵਸਤੂ ਲਈ ਖ਼ਰੀਦਦਾਰ ਨੂੰ ਪ੍ਰਭਾਵਤ ਕਰਕੇ ਚੀਜ਼ਾਂ ਦੀ ਵਿਕਰੀ ਦੇ ਵਾਧੇ ਲਈ ਵਰਤਿਆ ਜਾਂਦਾ ਹੈ। ਅਜਿਹੀ ਇਸ਼ਤਿਹਾਰਬਾਜ਼ੀ ਨੂੰ ਖ਼ਪਤਕਾਰ ਇਸ਼ਤਿਹਾਰਬਾਜ਼ੀ ਵੀ ਕਿਹਾ ਜਾਂਦਾ ਹੈ।

ਚੀਜ਼ਾਂ ਦੀ ਵਿਕਰੀ ਦੇ ਸਾਧਨ ਵੱਖ-ਵੱਖ ਹਨ। ਗਲ਼ੀਆਂ ਵਿੱਚ ਹੋਕਾ ਦੇ ਕੇ ਚੀਜ਼ਾਂ ਵੇਚਣ ਦਾ ਢੰਗ ਸਭ ਤੋਂ ਪੁਰਾਣਾ ਹੈ। ਅੱਜ ਵੀ ਗਲ਼ੀਆਂ ਵਿੱਚ ਸਬਜ਼ੀਆਂ, ਫ਼ਲ਼ ਅਤੇ ਹੋਰ ਕਈ ਚੀਜ਼ਾਂ ਵੇਚਣ ਵਾਲ਼ੇ ਇਹ ਢੰਗ ਅਪਣਾਉਂਦੇ ਹਨ। ਅਜਿਹੇ ਵਿਕਰੇਤਾ ਨੂੰ ਫੇਰੀ ਵਾਲੇ ਕਿਹਾ ਜਾਂਦਾ ਹੈ। ਕੁਝ ਵਿਕਰੇਤਾ ਹਰ ਰੋਜ਼ ਸੜਕ ਦੇ ਕਿਨਾਰੇ ਤੇ ਵੱਖ-ਵੱਖ ਚੀਜ਼ਾਂ ਲਗਾ ਕੇ ਵੇਚਦੇ ਹਨ, ਜਿਵੇਂ ਕਿ ਫ਼ਲ਼ ਜਾਂ ਸਬਜ਼ੀਆਂ ਆਦਿ।

## ਸਮਾਜਿਕ ਇਸ਼ਤਿਹਾਰਬਾਜ਼ੀ

ਸਮਾਜਿਕ ਇਸ਼ਤਿਹਾਰਬਾਜ਼ੀ ਉਹ ਇਸ਼ਤਿਹਾਰਬਾਜ਼ੀ ਹੈ ਜਿਸ ਰਾਹੀਂ ਸਮਾਜ ਭਲਾਈ ਲਈ ਵਰਤੀਆਂ ਜਾਂਦੀਆਂ ਕੁਝ ਸੇਵਾਵਾਂ ਸੰਬੰਧੀ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਹ ਇਸ਼ਤਿਹਾਰ ਵੱਖ-ਵੱਖ ਸਮਾਜਿਕ ਮੁੱਦੇ ਪਰਿਵਾਰ-ਨਿਯੋਜਨ, ਪੋਲੀਓ, ਕੈਂਸਰ ਦੀ ਬਿਮਾਰੀ, ਏਡਜ਼, ਭਰੂਣ ਹੱਤਿਆ ਸਮੁਦਾਇਕ ਮਿਲਾਪ, ਕੌਮੀ-ਏਕਤਾ ਅਤੇ ਕੁਦਰਤੀ ਆਫ਼ਤਾਂ ਤੋਂ ਬਚਾਅ ਆਦਿ ਸੰਬੰਧੀ ਹੁੰਦਾ ਹੈ।




*ਚਿੱਤਰ 21.3 ਸੜਕ ਸੁਰੱਖਿਆ-ਵਿਗਿਆਪਨ*

ਸਮਾਜਿਕ ਇਸ਼ਤਿਹਾਰ ਆਮ ਤੌਰ ਤੇ ਵਪਾਰਕ ਜਾਂ ਸਰਕਾਰੀ ਸੰਸਥਾਵਾਂ ਵੱਲੋਂ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਅਤੇ ਸਮਾਜ ਸੇਵਾ ਹਿੱਤ ਕੀਤੇ ਜਾਂਦੇ ਹਨ। ਸਮਾਜਿਕ ਇਸ਼ਤਿਹਾਰ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਬਹੁਤ ਲਾਭਦਾਇਕ ਹੁੰਦੇ ਹਨ। ਅਜਿਹੇ ਕਈ ਇਸ਼ਤਿਹਾਰਾਂ ਰਾਹੀਂ ਲੋਕੀ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਵੀ ਕਰਦੇ ਹਨ।

ਸੜਕਾਂ ਤੇ ਲੱਗੇ ਕਈ ਤਰ੍ਹਾਂ ਦੇ ਸਮਾਜਿਕ ਇਸ਼ਤਿਹਾਰਾਂ ਰਾਹੀਂ ਜਿਵੇਂ ਕਿ ਖ਼ੂਨਦਾਨ, ਨਸ਼ਾਬੰਦੀ, ਕੌਮੀ ਏਕਤਾ, ਭਰੂਣ ਹਤਿਆ, ਦਾਜ ਸਮੱਸਿਆ ਆਦਿ ਬਾਰੇ ਲੋਕਾਂ ਨੂੰ ਲਾਭਦਾਇਕ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ।




*ਚਿੱਤਰ 21.4 ਨਸ਼ਾਬੰਦੀ ਸੰਬੰਧੀ (ਸਮਾਜਿਕ) ਇਸ਼ਤਿਹਾਰ*

ਕਈ ਵਾਰੀ ਤੁਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹੋ ਕਿ ਕਿਸੇ ਬੱਚੇ ਦਾ ਗੁਰਦਾ ਫ਼ੇਲ ਹੋ ਗਿਆ ਹੈ ਪਰ ਉਸ ਦੇ ਪਰਿਵਾਰ ਕੋਲ਼ ਬਿਮਾਰੀ ਦਾ ਇਲਾਜ ਕਰਵਾਉਣ ਲਈ ਪੈਸੇ ਨਹੀਂ ਹਨ। ਅਖ਼ਬਾਰ ਵਿੱਚ ਛਪੇ ਇਸ਼ਤਿਹਾਰ ਦੇ ਅਧਾਰ ਤੇ ਕਈ ਸ਼ਹਿਰੀ ਜਾਂ ਗ਼ੈਰ ਸਰਕਾਰੀ ਸੰਸਥਾਵਾਂ ਅਜਿਹੇ ਪਰਿਵਾਰ ਦੀ ਮਾਲੀ ਸਹਾਇਤਾ ਕਰਦੇ ਹਨ। ਇਸ ਲਈ ਅਜਿਹੇ ਇਸ਼ਤਿਹਾਰ ਸਮਾਜ ਭਲਾਈ ਲਈ ਬਹੁਤ ਹੀ ਲਾਹੇਵੰਦ ਹੁੰਦੇ ਹਨ।




*ਚਿੱਤਰ 21.5 ਪੋਲੀਓ ਟੀਕਾਕਰਣ ਵਿਗਿਆਪਨ (ਸਮਾਜਿਕ)*

ਇਸੇ ਤਰ੍ਹਾਂ ਸਿਹਤ ਵਿਭਾਗ ਵੱਲੋਂ ਕਈ ਬਿਮਾਰੀਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਲੋਕਾਂ ਦੀ ਵਧੀਆ ਸਿਹਤ ਲਈ ਟੀਕਾਕਰਨ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਵੇਂ ਕਿ ਅੱਜ-ਕੱਲ੍ਹ ਪੋਲਿਓ ਦੀ ਬਿਮਾਰੀ ਖ਼ਤਮ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਸਰਕਾਰ ਲੋਕਾਂ ਨੂੰ ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਵੀ ਇਸ਼ਤਿਹਾਰਬਾਜ਼ੀ ਦੀ ਸਹਾਇਤਾ ਲੈਂਦੀ ਹੈ। ਅਜਿਹੇ ਸਭ ਇਸ਼ਤਿਹਾਰ ਸਮਾਜਿਕ ਹੁੰਦੇ ਹਨ।

## ਇਸ਼ਤਿਹਾਰਬਾਜ਼ੀ ਦੇ ਮੁੱਢਲੇ ਨਿਯਮ :

ਜਿੱਥੇ ਵਪਾਰਕ ਅਤੇ ਸਮਾਜਿਕ ਇਸ਼ਤਿਹਾਰਾਂ ਦੇ ਏਨੇ ਲਾਭ ਹਨ ਉੱਥੇ ਇਹਨਾਂ ਦਾ ਸਹੀ ਪ੍ਰਯੋਗ ਕਰਨ ਲਈ ਕੁਝ ਮੁੱਢਲੇ ਨਿਯਮਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ, ਇਹ ਨਿਯਮ ਹਨ :-

1. ਕਿਸੇ ਵੀ ਤਰ੍ਹਾਂ ਦੇ ਇਸ਼ਤਿਹਾਰ ਰਾਹੀਂ ਦੇਸ਼ ਦੇ ਕਾਨੂੰਨਾਂ ਦੀ ਉਲੰਘਣਾ ਨਾ ਕੀਤੀ ਜਾਵੇ।
2. ਇਸ਼ਤਿਹਾਰ ਸਮਾਜਿਕ ਅਤੇ ਨੈਤਿਕ ਕਦਰਾਂ, ਧਾਰਮਿਕ ਨਿਯਮਾਂ, ਸਦਾਚਾਰ ਅਤੇ ਸ਼ਿਸ਼ਟਾਚਾਰ ਦੇ ਵਿਰੁੱਧ ਨਾ ਹੋਣ।

3. ਇਸ਼ਤਿਹਾਰਾਂ ਰਾਹੀਂ ਦੂਸਰੀਆਂ ਚੀਜ਼ਾਂ ਦੇ ਵਿਰੁੱਧ ਗ਼ਲਤ ਜਾਂ ਬੇਬੁਨਿਆਦੀ ਚਰਚਾ ਨਾ ਕੀਤੀ ਜਾਵੇ।
4. ਵਪਾਰਿਕ ਇਸ਼ਤਿਹਾਰਾਂ ਵਿੱਚ ਖ਼ਪਤਕਾਰਾਂ ਨੂੰ ਵਿਕਣ ਵਾਲ਼ੀ ਚੀਜ਼ਾਂ ਦੇ ਭਾਰ, ਗੁਣਾਤਮਿਕਤਾ ਅਤੇ ਕੀਮਤ ਬਾਰੇ ਸਹੀ ਜਾਣਕਾਰੀ ਦੇਣਾ ਜ਼ਰੂਰੀ ਹੈ।

## ਇਸ਼ਤਿਹਾਰਬਾਜ਼ੀ ਅਤੇ ਅਧਿਨਿਯਮ :

ਇਸ਼ਤਿਹਾਰ ਦੇਣ ਵਿੱਚ ਕੋਈ ਅਛਾਈ ਜਾਂ ਬੁਰਾਈ ਨਹੀਂ ਹੈ। ਇਹ ਇੱਕ ਅਜਿਹਾ ਸਾਧਨ ਹੈ ਜਿਸ ਦਾ ਪ੍ਰਯੋਗ ਚੰਗੇ ਜਾਂ ਮਾੜੇ ਢੰਗ ਨਾਲ਼ ਕੀਤਾ ਜਾ ਸਕਦਾ ਹੈ। ਸਰਕਾਰ ਦੁਆਰਾ ਇਸ਼ਤਿਹਾਰ ਦੇ ਵਿਸ਼ਾ-ਵਸਤੂ ਅਤੇ ਪਹੁੰਚ ਨੂੰ ਅਧਿਨਿਯਮਤ ਕਰਨ ਦੀ ਕੋਸ਼ਿਸ਼ ਇਸ ਲਈ ਕੀਤੀ ਜਾ ਰਹੀ ਹੈ ਤਾਂ ਜੋ ਇਸ ਦੀ ਗ਼ਲਤ ਵਰਤੋਂ ਨਾ ਕੀਤੀ ਜਾਵੇ। ਉਦਾਹਰਨ ਵਜੋਂ ਅਮਰੀਕਾ ਵਿੱਚ ਤੰਬਾਕੂ ਦੇ ਇਸ਼ਤਿਹਾਰਾਂ 'ਤੇ ਰੋਕ ਲਗਾਈ ਗਈ ਹੈ।

ਮਨੁੱਖੀ ਵਿਕਾਸ ਦੀ ਕਿਰਿਆ ਲਈ ਇਸ਼ਤਿਹਾਰ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਏਨਾ ਹੀ ਨਹੀਂ ਸਮਾਜ ਦੀ ਭਲਾਈ ਅਤੇ ਉੱਤਮਤਾ ਲਈ ਵੀ ਇਸ਼ਤਿਹਾਰਾਂ ਦੀ ਬੜੀ ਦੇਣ ਹੈ। ਇਸ਼ਤਿਹਾਰ ਲੋਕਾਂ ਨੂੰ ਸਮਾਜ ਭਲਾਈ ਦੇ ਕੰਮਾਂ ਲਈ ਉੱਤੇਜਿਤ ਅਤੇ ਉਤਸ਼ਾਹਿਤ ਕਰਦਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜਨਤਕ ਸੰਚਾਰ ਅਤੇ ਇਸ਼ਤਿਹਾਰਬਾਜ਼ੀ ਦਾ ਲੋਕਤੰਤਰ ਵਿੱਚ ਬਹੁਤ ਹੀ ਮਹੱਤਵ ਹੈ।ਮੀਡੀਆ ਦੇ ਰਾਹੀਂ ਹੀ ਇਸ਼ਤਿਹਾਰਬਾਜ਼ੀ ਦੀ ਕਿਰਿਆ ਸੰਭਵ ਹੋ ਸਕਦੀ ਹੈ। ਚੰਗੇ ਲੋਕਤੰਤਰੀ ਸਮਾਜ ਦੀ ਹੋਂਦ ਲਈ ਇਹ ਦੋਵੇਂ ਅਤਿ ਜ਼ਰੂਰੀ ਹਨ। ਜਨਤਕ ਸੰਚਾਰ ਅਤੇ ਇਸ਼ਤਿਹਾਰਬਾਜ਼ੀ ਦਾ ਕੁਝ ਨੈਤਿਕ ਕਦਰਾਂ ਦੇ ਅਧਾਰ ਤੇ ਕੰਮ ਕਰਨਾ ਦੇਸ਼ ਦੀ ਭਲਾਈ ਅਤੇ ਤਰੱਕੀ ਲਈ ਬਹੁਤ ਜ਼ਰੂਰੀ ਹੈ। ਜਿੰਨੀ ਜ਼ਿੰਮੇਵਾਰੀ ਜਨਤਕ ਸੰਚਾਰ ਦੀ ਵਧੀਆ ਸਮਾਜ ਦੀ ਸਥਾਪਨਾ ਲਈ ਹੈ ਉਸ ਤੋਂ ਵੱਧ ਜ਼ਿੰਮੇਵਾਰੀ ਇਸ਼ਤਿਹਾਰਬਾਜ਼ੀ ਦੇ ਸਾਧਨ ਦਾ ਸਹੀ ਪ੍ਰਯੋਗ ਕਰਦੇ ਹੋਏ ਵਪਾਰਿਕ ਅਤੇ ਸਮਾਜਿਕ ਵਿਗਿਆਪਨ ਰਾਹੀ ਸਮਾਜ ਨੂੰ ਉਤਾਂਹ ਚੁਕਣ ਦੀ ਹੈ ਕਿਉਂਕਿ ਮੀਡੀਆ ਅਤੇ ਇਸ਼ਤਿਹਾਰਬਾਜ਼ੀ ਸਮਾਜ ਤੇ ਮਹੱਤਵਪੂਰਣ ਅਤੇ ਅਸਿੱਧਾ ਪ੍ਰਭਾਵ ਪਾਉਂਦੇ ਹਨ।

## ਯਾਦ ਰੱਖਣ ਯੋਗ ਨੁਕਤੇ

1. ਲੋਕਾਂ ਦੇ ਸਮੂਹ ਨੂੰ ਵੱਖ ਵੱਖ ਢੰਗ ਨਾਲ ਸੰਪਰਕ ਕਰਨ ਨੂੰ ਜਨਤਕ ਸੰਚਾਰ ਕਿਹਾ ਜਾਂਦਾ ਹੈ।
2. ਪ੍ਰੈਸ ਜਾਂ ਛਪਾਈ ਦੇ ਸਾਧਨਾਂ ਨੂੰ ਲੋਕਤੰਤਰ ਦਾ ਚਾਨਣ ਮੁਨਾਰਾ ਕਿਹਾ ਜਾਂਦਾ ਹੈ।
3. ਸੂਚਨਾ ਅਧਿਕਾਰ ਅਧਿਨਿਯਮ ਤੋਂ ਭਾਵ ਹੈ ਕਿ ਲੋਕਾਂ ਨੂੰ ਉਹ ਸਾਰੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਜਿਸ ਦਾ ਪ੍ਰਭਾਵ ਉਹਨਾਂ ਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਪੈਂਦਾ ਹੈ।
4. ਇਸ਼ਤਿਹਾਰਬਾਜ਼ੀ ਦੀ ਵਰਤੋਂ ਵਪਾਰਕ ਅਤੇ ਸਮਾਜਿਕ ਕੰਮਾਂ ਲਈ ਕੀਤੀ ਜਾਂਦੀ ਹੈ।
5. ਇਸ਼ਤਿਹਾਰ, ਕਿਸੇ ਵੀ ਵਸਤੂ ਲਈ ਖਰੀਦਦਾਰ ਨੂੰ ਪ੍ਰਭਾਵਤ ਕਰਕੇ ਚੀਜ਼ਾਂ ਦੀ ਵਿਕਰੀ ਦੇ ਵਾਧੇ ਲਈ ਵਰਤਿਆ ਜਾਂਦਾ ਹੈ। ਅਜਿਹੇ ਇਸ਼ਤਿਹਾਰਾਂ ਨੂੰ ਖਪਤਕਾਰ ਇਸ਼ਤਿਹਾਰਬਾਜ਼ੀ ਵੀ ਕਿਹਾ ਜਾਂਦਾ ਹੈ।
6. ਸਮਾਜਿਕ ਇਸ਼ਤਿਹਾਰ ਉਹ ਇਸ਼ਤਿਹਾਰ ਹੈ ਜਿਸ ਰਾਹੀਂ ਸਮਾਜ ਭਲਾਈ ਲਈ ਵਰਤੀਆਂ ਜਾਂਦੀਆਂ ਕੁਝ ਸੇਵਾਵਾਂ ਸੰਬੰਧੀ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ।

# ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ/ਇਕ ਵਾਕ (1-15 ਸ਼ਬਦਾਂ) ਵਿੱਚ ਦਿਓ :**

1. ਜਨਤਕ ਸੰਚਾਰ ਦੇ ਬਿਜਲਈ ਸਾਧਨਾਂ ਦੇ ਨਾਂ ਲਿਖੋ।
2. "ਸੂਚਨਾ/ਜਾਣਕਾਰੀ ਪ੍ਰਾਪਤ ਕਰਨ ਸੰਬੰਧੀ ਅਧਿਕਾਰ" ਤੋਂ ਤੁਸੀਂ ਕੀ ਸਮਝਦੇ ਹੋ ?
3. ਇਸ਼ਤਿਹਾਰ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?
4. ਇਸ਼ਤਿਹਾਰਬਾਜ਼ੀ ਦੇ ਮੁੱਖ ਉਦੇਸ਼ ਕੀ ਹਨ ?
5. ਸਮਾਜਿਕ ਇਸ਼ਤਿਹਾਰਾਂ ਤੋਂ ਕੀ ਭਾਵ ਹੈ ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ।**

1. ਵਪਾਰਕ ਇਸ਼ਤਿਹਾਰਬਾਜ਼ੀ ਵਿੱਚ ਕੀ ਕੁੱਝ ਹੁੰਦਾ ਹੈ ?
2. ਇਸ਼ਤਿਹਾਰਦਾਤਾ ਆਪਣੀਆਂ ਚੀਜ਼ਾਂ ਪ੍ਰਤੀ ਲੋਕਾਂ ਦਾ ਵਤੀਰਾ ਬਦਲਣ ਲਈ ਕਿਹੜੇ-ਕਿਹੜੇ ਢੰਗ ਅਪਣਾਉਂਦੇ ਹਨ ?
3. ਸਰਵਜਨਕ ਸੇਵਾਵਾਂ ਦੇ ਨਾਲ਼ ਸੰਬੰਧਤ ਦੋ ਵਿਗਿਆਪਨਾਂ ਦੇ ਨਾਂ ਦੱਸੋ।
4. ਇਸ਼ਤਿਹਾਰਬਾਜ਼ੀ ਸੰਬੰਧੀ ਅਧੀਨਿਯਮਾਂ ਦੀ ਜ਼ਰੂਰਤ ਕਿਉਂ ਹੈ ?
5. ਉਹਨਾਂ ਨੈਤਿਕ ਨਿਯਮਾਂ ਦਾ ਵੇਰਵਾ ਦਿਓ ਜਿਨ੍ਹਾਂ ਨੂੰ ਮੀਡੀਆ ਦੁਆਰਾ ਅਪਨਾਉਣਾ ਜ਼ਰੂਰੀ ਹੈ।

**(ੲ) ਖਾਲੀ ਥਾਂਵਾਂ ਭਰੋ :**

1. ਜਨਤਕ ਸੰਚਾਰ ਆਧੁਨਿਕ ਪ੍ਰਣਾਲੀ ਦੇ ਨੁਕਸ ਦੱਸਣ ਲਈ ਇੱਕ .......... ਸਾਧਨ ਹੈ।
2. ਜਨਤਕ ਸੰਚਾਰ ਦੀ ਮੁੱਖ ਭੂਮਿਕਾ .......... ਪ੍ਰਦਾਨ ਕਰਨਾ ਹੈ।
3. .......... ਤੋਂ ਭਾਵ ਹੈ ਕਿ ਆਪਣੀਆਂ ਜ਼ਿੰਮੇਵਾਰੀਆਂ ਨੂੰ ਠੀਕ ਤਰਾਂ ਨਿਭਾਉਣਾ।
4. ਇਸ਼ਤਿਹਾਰ ਆਪਣੇ .......... ਦੇ ਆਧਾਰ ਤੇ ਵੱਖਰੇ-ਵੱਖਰੇ ਹਨ।
5. ਕਿਸੇ ਵਸਤੂ ਦੀ .......... ਨੂੰ ਵਧਾਉਣਾ ਇਸ਼ਤਿਹਾਰਬਾਜ਼ੀ ਦਾ ਮੁੱਖ ਉਦੇਸ਼ ਹੈ।
6. ਉਮੀਦਵਾਰਾਂ ਅਤੇ ਰਾਜਨੀਤਿਕ ਦਲਾਂ ਦੇ ਹੱਕ ਵਿੱਚ .......... ਇਸ਼ਤਿਹਾਰਬਾਜ਼ੀ ਹੁੰਦੀ ਹੈ।

**(ਸ) ਵਿਕਲਪੀ ਪ੍ਰਸ਼ਨ :**

1. **ਜਨਤਕ ਸੰਚਾਰ ਦੇ ਬਿਜਲਈ ਸਾਧਨ ਦਾ ਨਾਂ ਲਿਖੋ ?**

   (1) ਅਖ਼ਬਾਰ (2) ਮੈਗਜੀਨ (3) ਟੈਲੀਵਿਜ਼ਨ

2. **ਇਸ਼ਤਿਹਾਰਬਾਜ਼ੀ ਦੀਆਂ ਮੁੱਖ ਕਿਸਮਾਂ ਕਿੰਨੀਆਂ ਹਨ ?**

   (1) ਦੋ (2) ਚਾਰ (3) ਛੇ

3. **ਕਿਸ ਦੇਸ਼ ਵਿੱਚ ਪ੍ਰੈਸ ਜਾਂ ਛਪਾਈ ਦੇ ਸਾਧਨਾਂ ਨੂੰ ਲੋਕਤੰਤਰ ਦਾ ਚਾਨਣ-ਮੁਨਾਰਾ ਕਿਹਾ ਜਾਂਦਾ ਹੈ।**

   (1) ਅਫ਼ਗਾਨਿਸਤਾਨ (2) ਭਾਰਤ (3) ਚੀਨ

**(ਹ) ਹੇਠ ਲਿਖਿਆਂ ਸਾਹਮਣੇ ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਓ :**

1. ਲੋਕਾਂ ਦੇ ਸਮੂਹ ਨੂੰ ਵੱਖ-ਵੱਖ ਢੰਗ ਨਾਲ ਸੰਪਰਕ ਕਰਨ ਨੂੰ ਜਨਤਕ ਸੰਚਾਰ ਕਿਹਾ ਜਾਂਦਾ ਹੈ। ☐
2. ਪ੍ਰੈਸ ਲੋਕਤੰਤਰ ਦਾ ਚਾਨਣ ਮੁਨਾਰਾ ਹੈ। ☐
3. ਇਸ਼ਤਿਹਾਰਬਾਜ਼ੀ ਦੀਆਂ ਮੁੱਖ ਕਿਸਮਾਂ-ਵਪਾਰਿਕ ਅਤੇ ਸਮਾਜਿਕ ਇਸ਼ਤਿਹਾਰ ਹਨ। ☐

## ਗਤੀਵਿਧੀ

ਸਮਾਜਿਕ ਵਿਗਿਆਪਨ ਸਬੰਧੀ ਅਖ਼ਬਾਰਾਂ ਵਿੱਚ ਕੋਈ 5 ਤਸਵੀਰਾਂ ਕੱਟ ਕੇ ਚਾਰਟ ਤੇ ਲਗਾਓ ਅਤੇ ਉਹਨਾਂ ਦੇ ਮਹੱਤਵ ਬਾਰੇ 5-5 ਸਤਰਾਂ ਲਿਖੋ।